**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets

*Pradeep Singh*
**847-322-5832**
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
Landmark Realty
Powered by eXp REALTY

40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj S.Shergill
*Associate Broker*



Twenty-Second Year of Publication
*ਮਿਡਵੈਸਟ ਐਡੀਸ਼ਨ*
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 05, January 29, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕੈਪਟਨ ਆਪਣੇ ਆਪ ਘਿਰਿਆ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਨ੍ਹੀਂ ਦਿਨੀਂ ਆਪਣੇ ਬਿਆਨਾਂ ਕਾਰਨ ਚਰਚਾ ਵਿਚ ਹੈ। ਆਪਣੇ ਸਿਆਸੀ ਵਿਰੋਧੀਆਂ ਨੂੰ ਪਾਕਿਸਤਾਨੀ ਹਮਾਇਤੀ ਅਤੇ ਆਪਣਾ ਆਪ ਨੂੰ 'ਸੱਚਾ ਰਾਸ਼ਟਰਵਾਦੀ' ਸਾਬਤ ਕਰਨ ਦੇ ਚੱਕਰ ਵਿਚ ਕੈਪਟਨ ਖੁਦ ਹੀ ਘਿਰ ਗਿਆ ਹੈ।



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਉਨ੍ਹਾਂ ਦੀ ਸਰਕਾਰ 'ਚ ਮੁੜ ਮੰਤਰੀ ਬਣਾਉਣ ਲਈ ਪਾਕਿਸਤਾਨ ਤੋਂ ਸਿਫਾਰਸ਼ਾਂ ਆਈਆਂ ਸਨ, ਕਿਉਂਕਿ ਸਿੱਧੂ ਉਥੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਪੁਰਾਣਾ ਦੋਸਤ ਹੈ। ਕੈਪਟਨ ਦਾ ਕਹਿਣਾ ਹੈ ਕਿ ਜਦੋਂ ਪੰਜਾਬ ਸਰਕਾਰ 'ਚੋਂ ਨਵਜੋਤ ਸਿੱਧੂ ਨੂੰ ਹਟਾਇਆ ਗਿਆ ਤਾਂ ਮੈਨੂੰ ਪਾਕਿਸਤਾਨ ਤੋਂ ਸੁਨੇਹੇ ਮਿਲੇ। ਕੈਪਟਨ ਨੇ ਇਹ ਦਾਅਵਾ ਭਾਜਪਾ ਹੈੱਡਕੁਆਰਟਰ 'ਤੇ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਹੈ। ਹੁਣ ਜਿਥੇ ਕੌਮੀ ਮੀਡੀਆ ਵੱਲੋਂ ਕੈਪਟਨ ਨੂੰ ਘੇਰਿਆ ਜਾ ਰਿਹਾ ਹੈ, ਉਥੇ ਵਿਰੋਧੀ ਧਿਰਾਂ ਵੱਲੋਂ ਵੀ ਸਵਾਲ ਕੀਤੇ ਜਾ ਰਹੇ ਹਨ ਕਿ ਗੁਆਂਢੀ ਮੁਲਕ ਵਿਚੋਂ ਕੈਪਟਨ ਨੂੰ ਫੋਨ ਕਰਨ ਵਾਲੇ ਕਿਹੜੇ ਲੋਕ ਸਨ ਤੇ ਉਨ੍ਹਾਂ ਨੇ ਇਸ ਗੰਭੀਰ ਮੁੱਦੇ ਉਤੇ ਹੁਣ ਤੱਕ ਚੁੱਪ ਕਿਉਂ ਧਾਰੀ ਰੱਖੀ। ਸਭ ਤੋਂ ਵੱਡਾ ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਕੈਪਟਨ ਵੱਲੋਂ ਭਾਜਪਾ ਦੇ ਮੰਚ ਤੋਂ ਹੀ ਅਜਿਹਾ ਖੁਲਾਸਾ ਕਿਉਂ ਕੀਤਾ ਗਿਆ?

ਕਾਂਗਰਸ ਤੋਂ ਅਸਤੀਫਾ ਦੇਣ ਤੋਂ ਬਾਅਦ ਕੈਪਟਨ ਆਪਣੀ ਨਵੀਂ ਸਿਆਸੀ ਪਾਰਟੀ 'ਪੰਜਾਬ ਲੋਕ ਕਾਂਗਰਸ' ਬਣਾ ਕੇ ਭਾਜਪਾ ਨਾਲ ਰਲ ਕੇ ਵਿਧਾਨ ਸਭਾ ਚੋਣਾਂ ਲੜ ਰਹੇ ਹਨ। ਭਾਜਪਾ ਨਾਲ ਸਾਂਝ ਤੋਂ ਬਾਅਦ ਕੈਪਟਨ ਵੀ ਭਗਵਾ ਧਿਰ ਦੇ 'ਰਾਸ਼ਟਰਵਾਦ' ਦੇ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਭਾਰ ਰਹੇ ਹਨ। ਭਾਜਪਾ ਵੀ ਹੁਣ ਤੱਕ ਇਹੀ ਦਾਅਵਾ ਕਰ ਰਹੀ ਹੈ ਕਿ ਕੈਪਟਨ ਦੀ ਸੱਚੇ ਰਾਸ਼ਟਰਵਾਦੀ ਵਾਲੀ ਸੋਚ ਉਸ ਨਾਲ (ਭਾਜਪਾ) ਮੇਲ ਖਾਂਦੀ ਹੈ ਤੇ ਉਸ ਨੂੰ ਅਜਿਹੀ ਭਾਈਵਾਲੀ ਉਤੇ ਮਾਣ ਹੈ।

ਕੈਪਟਨ ਸ਼ੁਰੂ ਤੋਂ ਹੀ ਪਾਕਿਸਤਾਨ ਤੋਂ ਅਤਿਵਾਦ ਆਉਣ ਦਾ ਰੌਲਾ ਪਾ ਕੇ ਇਸ ਗੁਆਂਢੀ ਮੁਲਕ ਤੋਂ ਦੂਰੀ ਬਣਾ ਕੇ ਰੱਖਣ ਦੀਆਂ ਸਲਾਹਾਂ ਦਿੰਦੇ ਆਏ ਹਨ। ਇਥੋਂ ਤੱਕ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਵੇਲੇ ਵੀ ਕੈਪਟਨ ਨੇ ਕੁਝ ਭਾਜਪਾ ਆਗੂਆਂ ਦੀ ਹਾਂ ਵਿਚ ਹਾਂ ਵਿਚ ਮਿਲਾ ਕੇ ਇਸ ਦਾ ਵਿਰੋਧ ਕੀਤਾ ਸੀ। ਕੈਪਟਨ ਨੇ ਲਾਂਘਾ ਖੁੱਲ੍ਹਣ ਤੋਂ ਬਾਅਦ ਸਿੱਧੂ ਦੀ ਪਾਕਿਸਤਾਨ ਫੇਰੀ ਅਤੇ ਉਸ ਦੇ ਸਵਾਗਤ ਨੂੰ ਵੀ ਇਮਰਾਨ ਖਾਨ ਨਾਲ ਸਾਂਝ ਨਾਲ ਜੋੜਿਆ ਸੀ। ਹੁਣ ਕੈਪਟਨ ਨੇ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਦਾਅਵਾ ਕੀਤਾ ਹੈ ਕਿ ਸਿੱਧੂ ਲਈ ਮੈਨੂੰ ਪਾਕਿਸਤਾਨ ਤੋਂ ਸਿਫਾਰਸ਼ ਆਉਂਦੀਆਂ ਰਹੀਆਂ ਹਨ। ਕੈਪਟਨ ਦੇ ਇਸ ਬਿਆਨ ਪਿੱਛੋਂ ਭਾਜਪਾ ਨੇ ਚੁੱਪ ਧਾਰੀ ਹੋਈ ਹੈ।

ਦੱਸ ਦਈਏ ਕਿ ਪਿਛਲੇ ਕੁਝ ਦਿਨਾਂ ਤੋਂ ਕੈਪਟਨ ਦਾ ਜ਼ੋਰ ਇਹ ਸਾਬਤ ਕਰਨ ਉਤੇ ਲੱਗਾ ਹੋਇਆ ਹੈ ਕਿ ਉਨ੍ਹਾਂ ਦੇ ਮੁੱਖ ਮੰਤਰੀ ਹੁੰਦਿਆਂ ਪੰਜਾਬ ਦੀ ਕਾਂਗਰਸ ਸਰਕਾਰ ਵਿਚ ਜ਼ਿਆਦਾਤਰ ਮੰਤਰੀ ਭ੍ਰਿਸ਼ਟ ਸਨ ਤੇ ਉਨ੍ਹਾਂ ਵੱਲੋਂ (ਕੈਪਟਨ) ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸਾਰੀ ਗੱਲ ਦੱਸਣ ਦੇ ਬਾਵਜੂਦ ਕਾਰਵਾਈ ਤੋਂ ਰੋਕ ਦਿੱਤਾ ਗਿਆ। ਕੈਪਟਨ ਵੱਲੋਂ ਮੌਜੂਦਾ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਰੇਤ ਮਾਫੀਆ ਨਾਲ ਸਾਂਝ ਬਾਰੇ ਵੀ ਦਾਅਵਾ ਕੀਤਾ ਜਾ ਰਿਹਾ ਹੈ।

ਅਸਲ ਵਿਚ, ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਵੱਲੋਂ ਕੈਪਟਨ ਦੇ ਪੌਣੇ ਪੰਜ ਸਾਲ ਤੇ ਚਰਨਜੀਤ ਚੰਨੀ ਦੇ ਸਾਢੇ ਤਿੰਨ ਮਹੀਨਿਆਂ ਦੇ ਕਾਰਜਕਾਲ ਦੀ ਤੁਲਨਾ ਕਰਕੇ ਵੱਡਾ ਮੁੱਦਾ ਬਣਾਇਆ ਜਾ ਰਿਹਾ ਹੈ। ਕਾਂਗਰਸ ਵੱਲੋਂ ਪੌਣੇ ਪੰਜ ਸਾਲ ਦੀਆਂ ਨਾਲਾਇਕੀਆਂ ਨੂੰ ਕੈਪਟਨ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਥੇ ਕੈਪਟਨ ਨੇ ਵੀ ਮੋਰਚਾ ਸੰਭਾਲਦੇ ਹੋਏ ਹਾਈਕਮਾਨ ਦੀ ਬੇਲੋੜੀ ਦਖਲਅੰਦਾਜ਼ੀ ਤੇ ਭ੍ਰਿਸ਼ਟ ਕਾਂਗਰਸੀ ਮੰਤਰੀ ਉਨ੍ਹਾਂ ਦੇ ਪੱਲੇ ਪਾਉਣ ਦਾ ਦਾਅਵਾ ਕਰਕੇ ਆਪਣਾ ਖਹਿੜਾ ਛੁਡਾਉਣ ਦੀ ਰਣਨੀਤੀ ਬਣਾਈ ਹੋਈ ਹੈ।

## ਸੁਪਨਾ ਹੀ ਰਹਿ ਗਈ ਬਿਕਰਮ ਮਜੀਠੀਆ ਦੀ ਗ੍ਰਿਫਤਾਰੀ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਸਰਕਾਰ ਲਈ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਵੱਡੀ ਚੁਣੌਤੀ ਬਣ ਰਹੀ ਹੈ। ਮਜੀਠੀਆ ਨੂੰ ਗ੍ਰਿਫਤਾਰ ਕਰਕੇ ਆਪਣਾ 'ਚੋਣ ਵਾਅਦਾ' ਪੁਗਾਉਣ ਬਾਰੇ ਕਾਂਗਰਸ ਸਰਕਾਰ ਦੀਆਂ ਕੋਸ਼ਿਸ਼ਾਂ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਵਾਰ ਫਿਰ ਪਾਣੀ ਫੇਰ ਦਿੱਤਾ ਹੈ।



ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵੱਡੀ ਰਾਹਤ ਦਿੰਦਿਆਂ ਤਿੰਨ ਦਿਨਾਂ ਲਈ ਉਸ ਦੀ ਗ੍ਰਿਫਤਾਰੀ 'ਤੇ ਰੋਕ ਲਾ ਦਿੱਤੀ ਹੈ। ਉੱਚ ਅਦਾਲਤ ਨੇ ਇਸ ਤੋਂ ਪਹਿਲਾਂ ਅਕਾਲੀ ਆਗੂ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਦੇ ਤੁਰਤ ਪਿੱਛੋਂ ਮਜੀਠੀਆ ਦੀ ਗ੍ਰਿਫਤਾਰੀ ਲਈ ਛਾਪੇ ਵੱਜਣੇ ਸ਼ੁਰੂ ਹੋ ਗਏ।

ਉਧਰ, ਮਜੀਠੀਆ ਵੱਲੋਂ ਤੁਰਤ ਆਪਣੇ ਵਕੀਲਾਂ ਰਾਹੀਂ ਹਾਈ ਕੋਰਟ ਵਿਚ ਨਵੇਂ ਸਿਰਿਓਂ ਪਟੀਸ਼ਨ ਦਾਇਰ ਕਰ ਕੇ ਫਰਿਆਦ ਕੀਤੀ ਗਈ ਕਿ ਹਾਈ ਕੋਰਟ ਦੇ ਤਾਜ਼ਾ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਸੱਤ ਦਿਨ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਤਿੰਨ ਦਿਨ ਦੀ ਮੋਹਲਤ ਦਿੱਤੀ ਜਾਵੇ। ਹਾਈ ਕੋਰਟ ਨੇ ਅਕਾਲੀ ਆਗੂ ਪ੍ਰਤੀ ਨਰਮ ਰੁਖ ਅਖ਼ਤਿਆਰ ਕਰਦਿਆਂ ਤਿੰਨ ਦਿਨਾਂ ਲਈ ਉਸ ਦੀ ਗ੍ਰਿਫਤਾਰੀ 'ਤੇ ਰੋਕ ਲਾਉਂਦਿਆਂ ਪੰਜਾਬ ਪੁਲਿਸ ਦੇ ਸਟੇਟ ਕ੍ਰਾਈਮ ਵਿੰਗ ਨੂੰ ਹਦਾਇਤ ਕੀਤੀ ਕਿ ਇਸ ਦੌਰਾਨ ਮਜੀਠੀਆ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਡਰੱਗ ਮਾਮਲੇ ਵਿਚ ਘਿਰੇ ਮਜੀਠੀਆ ਨੂੰ ਜੇਲ੍ਹ ਸੁੱਟਣ ਦਾ ਵਾਅਦਾ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਖੁਦ ਆਪਣੀ ਚੋਣ ਰੈਲੀ ਵਿਚ ਇਸ ਦਾ ਬਕਾਇਦਾ ਐਲਾਨ ਕੀਤਾ ਸੀ ਪਰ ਕਾਂਗਰਸ ਸਰਕਾਰ ਨੇ ਪੌਣੇ 5 ਸਾਲ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੇ। ਕੈਪਟਨ ਤੋਂ ਕੁਰਸੀ ਖੋਹਣ ਤੋਂ ਬਾਅਦ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਪਿੱਛੋਂ ਇਹ ਮੁੱਦਾ ਮੁੜ ਭਖਿਆ। ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਮਜੀਠੀਆ ਖਿਲਾਫ ਕਾਰਵਾਈ ਲਈ 'ਅੜੀ' ਪਿੱਛੋਂ ਸਰਕਾਰ ਨੇ ਇਸ ਅਕਾਲੀ ਆਗੂ ਨੂੰ ਹੱਥ ਪਾਉਣ ਦਾ ਮਨ ਬਣਾਇਆ, ਹਾਲਾਂਕਿ ਪੰਜਾਬ ਵੀ ਅਫਸਰਸ਼ਾਹੀ ਇਸ ਤੋਂ ਹੱਥ ਖੜ੍ਹੇ ਕਰਦੀ ਨਜ਼ਰ ਆਈ।

ਸਿੱਧੂ ਵੱਲੋਂ ਆਪਣਾ ਮਨਪਸੰਦ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਲਾਉਣ ਦੇ ਤੁਰਤ ਪਿੱਛੋਂ ਰਾਤੋਂ-ਰਾਤ ਮਜੀਠੀਆ ਖਿਲਾਫ ਕੇਸ ਦਰਜ ਕੀਤਾ ਗਿਆ ਤੇ ਉਸ ਦੀ ਗ੍ਰਿਫਤਾਰੀ ਲਈ ਛਾਪੇ ਵੱਜਦੇ ਰਹੇ। ਲੁਕਆਊਟ ਨੋਟਿਸ ਜਾਰੀ ਹੋਇਆ ਪਰ


*(ਬਾਕੀ ਸਫਾ 6 'ਤੇ)*



**India Palace Restaurant**
**And Banquet Hall**
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

**Amber Indian Restaurant**
*Restaurant-Fine Indian Cuisine*

12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com

**Best Buy Motors**
1805 Elmwood, Lafayette, IN 47904
Ph: 765-449-0490
Www.bestbuymotorsin.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151

**BIG BAZAAR**
Grocery, Sweets & Catering
5425 E. Thompson Rd.
Indianapolis IN 46237
Buffet

Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds

Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਕਿਸਾਨਾਂ ਵੱਲੋਂ ਕੇਂਦਰ ਖਿਲਾਫ 'ਵਿਸ਼ਵਾਸਘਾਤ ਦਿਹਾੜਾ' ਮਨਾਉਣ ਲਈ ਲਾਮਬੰਦੀ

**ਬਰਨਾਲਾ:** ਸੰਯੁਕਤ ਕਿਸਾਨ ਮੋਰਚਾ ਵਿਚ ਸ਼ਾਮਲ ਪੰਜਾਬ ਦੀਆਂ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਸਮੇਟਣ ਸਮੇਂ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਜੋ ਵਾਅਦੇ ਕੀਤੇ ਸਨ, ਉਹ ਪੂਰੇ ਨਾ ਹੋਣ ਦੇ ਰੋਸ ਵਜੋਂ 31 ਜਨਵਰੀ ਨੂੰ ਕੇਂਦਰ ਸਰਕਾਰ ਖਿਲਾਫ 'ਵਿਸ਼ਵਾਸਘਾਤ ਦਿਹਾੜਾ' ਮਨਾਉਂਦਿਆਂ ਦੇਸ਼ ਭਰ 'ਚ ਸਰਕਾਰ ਦੇ ਪੁਤਲੇ ਸਾੜੇ ਜਾਣਗੇ। ਜਥੇਬੰਦੀਆਂ ਨੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ 'ਤੇ ਜਲਦੀ ਕਾਰਵਾਈ ਨਾ ਕੀਤੀ ਗਈ ਤਾਂ ਉਹ ਪਹਿਲੀ ਫਰਵਰੀ ਨੂੰ ਅਗਲੇ ਸੰਘਰਸ਼ ਦਾ ਐਲਾਨ ਕਰਨਗੇ ਜਿਸ 'ਚ ਉੱਤਰਾਖੰਡ ਤੇ ਉਤਰ ਪ੍ਰਦੇਸ਼ 'ਚ ਮੁਹਿੰਮ ਸ਼ੁਰੂ ਕਰਨਾ ਵੀ ਸ਼ਾਮਲ ਹੈ।



ਇਥੋਂ ਦੇ ਤਰਕਸ਼ੀਲ ਭਵਨ ਵਿਚ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਗੁਰਮੀਤ ਸਿੰਘ ਮਹਿਮਾ ਅਤੇ ਹਰਦੇਵ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਖ਼ਿਲਾਫ ਦਿੱਲੀ ਦੀਆਂ ਹੱਦਾਂ ਤੋਂ ਸੰਘਰਸ਼ ਸਮੇਟਣ ਸਮੇਂ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨਾਲ ਲਿਖਤੀ ਵਾਅਦਾ ਕੀਤਾ ਗਿਆ ਸੀ ਕਿ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਸਾਰੇ ਕੇਸ ਵਾਪਸ ਲਏ ਜਾਣਗੇ, ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਐਮ.ਐਸ.ਪੀ. ਸਬੰਧੀ ਕਮੇਟੀ ਬਣਾਈ ਜਾਵੇਗੀ ਪਰ ਸਰਕਾਰ ਵੱਲੋਂ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਲਖੀਮਪੁਰ ਖੀਰੀ ਦੇ ਕਤਲੇਆਮ ਤੇ ਸਿੱਟ ਦੀ ਰਿਪੋਰਟ ਆਉਣ ਮਗਰੋਂ ਵੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਬਰਖ਼ਾਸਤ ਤੇ ਗ੍ਰਿਫਤਾਰ ਨਹੀਂ ਕੀਤਾ ਸਗੋਂ ਉਲਟਾ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜਰ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਖਿਲਾਫ ਵਿਸ਼ਵਾਸਘਾਤ ਦਿਵਸ ਮਨਾਇਆ ਜਾਵੇਗਾ, ਜਿਸ ਤਹਿਤ 31 ਜਨਵਰੀ ਨੂੰ ਦੇਸ਼ ਭਰ ਦੇ ਜ਼ਿਲ੍ਹਾ ਮੁੱਖ ਦਫਤਰਾਂ ਅਤੇ ਤਹਿਸੀਲਾਂ 'ਤੇ ਰੋਸ ਪ੍ਰਦਰਸ਼ਨ ਕਰਕੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਕਿਸਾਨਾਂ ਵੱਲੋਂ ਸਰਕਾਰ ਨੂੰ ਪਹਿਲੀ ਫਰਵਰੀ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਹੈ, ਜੇਕਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਅਤੇ ਕਿਸਾਨ ਜਥੇਬੰਦੀਆਂ ਚੋਣ ਆਧਾਰਿਤ ਸੂਬੇ ਉੱਤਰਾਖੰਡ ਤੇ ਉੱਤਰ ਪ੍ਰਦੇਸ਼ 'ਚ ਆਪਣੀ ਮੁਹਿੰਮ ਵੀ ਵਿੱਢਣਗੇ। ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਸਿਰੇ ਚੜ੍ਹਾਉਣ ਲਈ ਪੰਜਾਬ ਦੀਆਂ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪੱਧਰੀ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ।

## ਰਵਾਇਤੀ ਪਾਰਟੀਆਂ ਨੂੰ ਬਾਹਰ ਕਰਾਂਗੇ: ਚੜੂਨੀ

**ਸਮਾਣਾ:** ਸੰਯੁਕਤ ਸੰਘਰਸ਼ ਪਾਰਟੀ ਦੇ ਸਰਪ੍ਰਸਤ ਤੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਰਾਜਨੀਤੀ ਦੇ ਅਸਲ ਮਾਇਨੇ ਭੁੱਲ ਚੁੱਕੀਆਂ ਹਨ। ਇਸ ਲਈ ਉਨ੍ਹਾਂ ਲੋਕਾਂ ਨੂੰ ਸੱਤਾ ਤੋਂ ਦੂਰ ਕਰਨ ਤੇ ਸਾਫ-ਸੁਥਰੀ ਸਾਖ ਵਾਲੇ ਅਤੇ ਸਮਾਜ ਨੂੰ ਚੰਗੀ ਸੇਧ ਦੇਣ ਵਾਲੇ ਲੋਕਾਂ ਨੂੰ ਅੱਗੇ ਲਿਆਉਣ ਦਾ ਉਦੇਸ਼ ਲੈ ਕੇ ਹੀ ਉਹ ਰਾਜਨੀਤੀ ਵਿਚ ਆਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ 31 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਸਰਕਾਰ ਖਿਲਾਫ ਮਨਾਏ ਜਾ ਰਹੇ ਵਾਅਦਾਖਿਲਾਫੀ ਦਿਵਸ ਵਿਚ ਜਰੂਰ ਸ਼ਾਮਲ ਹੋਣਗੇ।

## ਪੰਜਾਬ ਟਾਈਮਜ਼ ਦੇ 8 ਜਨਵਰੀ ਦੇ ਅੰਕ ਵਿਚ ਛਪੀ ਖਬਰ ਦਾ ਸਪਸ਼ਟੀਕਰਨ

**ਪੰਜਾਬ ਟਾਈਮਜ਼ ਦੇ 8 ਜਨਵਰੀ ਦੇ ਅੰਕ ਵਿਚ 'ਡਾ. ਰਛਪਾਲ ਸਿੰਘ ਬਾਜਵਾ ਦੀ ਗੁਰਦੁਆਰਾ ਪੈਲਾਟਾਈਨ ਦੀ ਸੰਗਤ ਨੂੰ ਅਪੀਲ' ਵਾਲੀ ਖਬਰ ਵਿਚ ਦੂਸਰੇ ਕਾਲਮ ਦੇ ਪਹਿਲੇ ਪੈਰੇ ਦੀ ਆਖਰੀ ਲਾਈਨ, ਜਿਹੜੀ ਕਿ ਸਿਲੈਕਸ਼ਨ ਵਿਚ ਨਹੀਂ ਹੈ ਛਪ ਗਈ ਸੀ, ਇਸ ਨੂੰ ਨਜ਼ਰਅੰਦਾਜ਼ ਕੀਤਾ ਜਾਵੇ।**

'ਪੰਜਾਬ ਟਾਈਮਜ਼' ਦਾ ਮਨੋਰਥ ਸੰਗਤ ਤਕ ਜਾਣਕਾਰੀ ਪਹੁੰਚਾਉਣਾ ਹੈ, ਨਾ ਕਿ ਸੰਗਤ ਦੇ ਕਿਸੇ ਮੈਂਬਰ ਨੂੰ ਕੋਈ ਠੇਸ ਪਹੁੰਚਾਉਣਾ। ਅਸਲ ਵਿਚ ਕਿਸੇ ਭਾਸ਼ਣ ਨੂੰ ਸ਼ਬਦੀ ਜਾਮਾ ਪਹਿਨਾਉਂਦਿਆਂ ਕਈ ਵਾਰ ਉਹ ਪਾਠਕ ਤਕ ਉਸ ਭਾਵਨਾ ਨਾਲ ਨਹੀਂ ਪਹੁੰਚਦਾ। ਅਗੇ ਤੋਂ ਖਿਆਲ ਰਖਿਆ ਜਾਵੇਗਾ। ਅਸੀਂ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਇਹ ਖਬਰ ਕਿਸੇ ਖਾਸ ਮਕਸਦ ਨਾਲ ਨਹੀਂ ਛਾਪੀ ਗਈ। 'ਪੰਜਾਬ ਟਾਈਮਜ਼' ਦਾ ਮਨੋਰਥ ਕਿਸੇ ਵੀ ਸੰਸਥਾ ਦੇ ਕਾਰਜ ਵਿਚ ਖਲਲ ਪਾਉਣਾ ਨਹੀਂ ਹੈ, ਬਲਕਿ ਭਾਈਚਾਰੇ ਦੀ ਪਰਸਪਰ ਸਾਂਝ, ਪਿਆਰ ਤੇ ਆਪਸੀ ਇਤਫਾਕ ਦਾ ਮੁੱਦਈ ਹੈ। ਅਸੀਂ ਸੰਗਤ ਨੂੰ ਯਕੀਨ ਦਿਵਾਉਂਦੇ ਹਾਂ ਕਿ 'ਪੰਜਾਬ ਟਾਈਮਜ਼' ਨਿਰੱਪਖ ਅਤੇ ਸੁਹਿਦਰਤਾ ਨਾਲ ਭਾਈਚਾਰੇ ਦੀ ਬਿਹਤਰੀ ਲਈ ਕੰਮ ਕਰਨ ਦੀ ਜ਼ਿੰਮੇਵਾਰੀ ਨਿਭਾਉਂਦਾ ਰਹੇਗਾ।

# ਸੰਯੁਕਤ ਸਮਾਜ ਮੋਰਚਾ ਦੀ ਚੋਣ ਮੁਹਿੰਮ ਨੂੰ ਝਟਕਾ ਲੱਗਿਆ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਸੰਯੁਕਤ ਸਮਾਜ ਮੋਰਚਾ (ਐਸ.ਐਸ.ਐਮ.) ਦੀ ਸਿਆਸੀ ਪਾਰਟੀ ਵਜੋਂ ਰਜਿਸਟਰੇਸ਼ਨ ਉਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਇਸ ਨਾਲ ਮੋਰਚੇ ਦੀ ਚੋਣ ਲੜਨ ਦੀ ਮੁਹਿੰਮ ਨੂੰ ਝਟਕਾ ਲੱਗਾ ਹੈ। ਉਮੀਦਵਾਰਾਂ ਲਈ ਕਾਗ਼ਜ਼ ਦਾਖਲ ਕਰਨ ਦੀ ਆਖਰੀ ਤਰੀਕ ਪਹਿਲੀ ਫਰਵਰੀ ਹੈ ਤੇ ਉਦੋਂ ਤੱਕ ਚੋਣ ਕਮਿਸ਼ਨ ਵੱਲੋਂ ਉਠਾਏ ਗਏ ਇਤਰਾਜ਼ਾਂ ਦੇ ਹੱਲ ਹੋਣ ਦੀ ਸੰਭਾਵਨਾ ਮੱਧਮ ਹੈ। ਜੇਕਰ ਕੋਈ ਹੱਲ ਨਹੀਂ ਨਿਕਲਦਾ ਤਾਂ ਸੰਯੁਕਤ ਸਮਾਜ ਮੋਰਚਾ ਰਜਿਸਟਰਡ ਸਿਆਸੀ ਧਿਰ ਵਜੋਂ ਚੋਣ ਨਹੀਂ ਲੜ ਸਕੇਗਾ। ਹੁਣ ਇਸ ਨਾਲ ਉਮੀਦਵਾਰਾਂ ਦੇ ਸਾਂਝੇ ਚੋਣ ਚਿੰਨ੍ਹ ਤੇ ਪਾਰਟੀ ਦੇ ਨਾਂ ਉਤੇ ਚੋਣ ਲੜਨ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਸੂਤਰਾਂ ਮੁਤਾਬਕ ਸੰਯੁਕਤ ਸਮਾਜ ਮੋਰਚਾ ਨੇ ਸਿਆਸੀ ਧਿਰ ਵਜੋਂ ਰਜਿਸਟਰੇਸ਼ਨ ਲਈ 8 ਜਨਵਰੀ ਨੂੰ ਅਰਜ਼ੀ ਦਾਖਲ ਕੀਤੀ ਸੀ। ਇਸ ਦੇ ਜਵਾਬ ਵਿਚ ਚੋਣ ਕਮਿਸ਼ਨ ਨੇ ਮੋਰਚਾ ਨੂੰ 18 ਜਨਵਰੀ ਨੂੰ ਇਕ ਪੱਤਰ ਭੇਜਿਆ ਸੀ ਤੇ ਕਈ ਇਤਰਾਜ਼ ਜ਼ਾਹਿਰ ਕੀਤੇ ਸਨ। ਸੰਯੁਕਤ ਸਮਾਜ ਮੋਰਚਾ ਨੇ ਆਮਦਨ ਕਰ ਰਿਟਰਨ ਤਿੰਨ ਸਾਲਾਂ ਦੀ ਬਜਾਏ ਸਿਰਫ ਇਕ ਸਾਲ ਦੀ ਹੀ ਦਾਖਲ ਕੀਤੀ ਸੀ। ਪਾਰਟੀ ਦੇ ਰਜਿਸਟਰਡ ਦਫਤਰ ਦਾ ਜਿਹੜਾ ਪਤਾ ਦੱਸਿਆ ਗਿਆ ਹੈ, ਉਹ ਵੀ ਨੇਮਾਂ ਮੁਤਾਬਕ ਨਹੀਂ ਹੈ। ਰਜਿਸਟਰੇਸ਼ਨ ਫਾਰਮ ਵਿਚ ਕਈ ਕਾਲਮ ਖਾਲੀ ਛੱਡਣ ਉਤੇ ਵੀ ਚੋਣ ਕਮਿਸ਼ਨ ਨੇ ਇਤਰਾਜ਼ ਜਤਾਇਆ ਹੈ। ਸੂਤਰਾਂ ਮੁਤਾਬਕ ਸੰਯੁਕਤ ਸਮਾਜ ਮੋਰਚਾ ਦੇ ਆਗੂ ਹੁਣ ਦੁਚਿੱਤੀ ਵਿਚ ਹਨ। ਸੰਯੁਕਤ ਸਮਾਜ ਮੋਰਚਾ ਕੋਲ ਹੁਣ ਇਕ ਬਦਲ ਤਾਂ ਕਿਸੇ ਹੋਰ ਸਿਆਸੀ ਪਾਰਟੀ ਦੇ ਚੋਣ ਨਿਸ਼ਾਨ ਉਤੇ ਲੜਨ ਦਾ ਹੈ, ਕੋਈ ਅਜਿਹੀ ਪਾਰਟੀ ਜੋ ਹੁਣ ਸਰਗਰਮ ਨਾ ਹੋਵੇ, ਪਰ ਚੋਣ ਕਮਿਸ਼ਨ ਨਾਲ ਪਹਿਲਾਂ ਤੋਂ ਹੀ ਰਜਿਸਟਰਡ ਹੈ। ਸੰਯੁਕਤ ਸਮਾਜ ਮੋਰਚਾ ਦੇ ਪਾਰਲੀਮੈਂਟਰੀ ਬੋਰਡ ਦੇ ਮੈਂਬਰ ਪ੍ਰੇਮ ਸਿੰਘ ਭੰਗੂ ਨੇ ਕਿਹਾ ਕਿ ਉਹ ਆਖਰੀ ਤਰੀਕ ਤੋਂ ਪਹਿਲਾਂ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜੇਕਰ ਉਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ ਤਾਂ ਸਾਂਝਾ ਨਿਸ਼ਾਨ ਹਾਸਲ ਕਰਨ ਦੀ ਸੰਭਾਵਨਾ ਉਤੇ ਵਿਚਾਰ ਹੋਵੇਗਾ।

**ਮਾਨਸਾ:** ਉਧਰ, ਸੰਯੁਕਤ ਸਮਾਜ ਮੋਰਚੇ ਵੱਲੋਂ ਬਰਨਾਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਭਦੌੜ (ਰਿਜ਼ਰਵ) ਤੋਂ ਉਮੀਦਵਾਰ ਐਲਾਨੇ ਗਏ ਕਾਮਰੇਡ ਭਗਵੰਤ ਸਿੰਘ ਸਮਾਓ ਨੇ ਟਿਕਟ ਮੋੜ ਦਿੱਤੀ ਹੈ। ਉਨ੍ਹਾਂ ਹੁਣ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਵੱਲੋਂ ਉਸੇ ਹਲਕੇ ਤੋਂ ਹੀ ਚੋਣ ਲੜਨ ਦਾ ਐਲਾਨ ਕੀਤਾ ਹੈ।

# ਸੰਯੁਕਤ ਸਮਾਜ ਮੋਰਚੇ ਨੇ ਸੀਰਾ ਬਨਭੌਰਾ ਨੂੰ ਉਮੀਦਵਾਰ ਐਲਾਨਿਆ

**ਅਮਰਗੜ੍ਹ:** ਸੰਯੁਕਤ ਸਮਾਜ ਮੋਰਚਾ ਵਲੋਂ ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਜਾਰੀ ਕੀਤੀ 35 ਉਮੀਦਵਾਰਾਂ ਦੀ ਸੂਚੀ 'ਚ ਨੌਜਵਾਨ ਆਗੂ ਸਤਵੀਰ ਸਿੰਘ ਸੀਰਾ ਬਨਭੌਰਾ ਨੂੰ ਹਲਕਾ ਅਮਰਗੜ੍ਹ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਇਸ 'ਤੇ ਸ੍ਰੀ ਬਨਭੌਰਾ ਦੇ ਸਮਰਥਕਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸੰਯੁਕਤ ਸਮਾਜ ਮੋਰਚੇ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਸਮੇਤ ਮੋਰਚੇ ਦੀ ਸਮੁੱਚੀ ਲਿਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਨੌਜਵਾਨ ਆਗੂ ਸਤਵੀਰ ਸਿੰਘ ਸੀਰਾ ਬਨਭੌਰਾ ਨੂੰ ਸ਼ੁਭਕਾਮਨਾਵਾਂ ਤੇ ਵਧਾਈ ਦਿੱਤੀ। ਉਧਰ, ਸਤਵੀਰ ਸਿੰਘ ਸੀਰਾ ਬਨਭੌਰਾ ਨੇ ਸੰਯੁਕਤ ਸਮਾਜ ਮੋਰਚੇ ਵਲੋਂ ਉਨ੍ਹਾਂ 'ਤੇ ਭਰੋਸਾ ਪ੍ਰਗਟਾਉਣ ਲਈ ਮੋਰਚੇ ਦੇ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਸੰਯੁਕਤ ਸਮਾਜ ਮੋਰਚਾ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੇਗਾ, ਉਸ



ਨੂੰ ਉਹ ਤਨ, ਮਨ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਸਤਵੀਰ ਸਿੰਘ ਸੀਰਾ ਬਨਭੌਰਾ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੀ ਮੈਂਬਰ ਬਲਵਿੰਦਰ ਕੌਰ ਸੇਖੋਂ ਦਾ ਭਤੀਜਾ ਹੈ।


LAW OFFICES OF
VIVEK MALIK
Follow us on :
ACCOMPLISHED
IMMIGRATION Attorneys
help FAMILIES
REUNITE in the
UNITED STATES





Our Global & Nationwide Services
in the field of
U.S. Immigration & Nationality Law
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Business Immigration & Worksite Compliance
ਬਿੰਜਨੈਸ ਇੱਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੱਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ
Languages SPOKEN Punjabi | Hindi | Urdu | Spanish & English



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568





Gurdip Singh Sandhu
Email:
Homeomedicine@yahoo.com

# ਸਰੀ ਵਿਖੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਨਾਲ ਰੂਬਰੂ

**ਸਰੀ:** ਬੀਤੇ ਦਿਨੀਂ ਸਰੀ ਵਿਖੇ ਆਏ ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਸਿੱਧੂ ਨਾਲ ਵਿਚਾਰ ਵਟਾਂਦਰਾ ਕਰਨ ਲਈ ਵੈਨਕੂਵਰ ਵਿਚਾਰ ਮੰਚ ਵਲੋਂ ਵਿਸ਼ੇਸ਼ ਸੰਵਾਦ ਰਚਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ



ਕਰਵਾਏ ਇਸ ਸੰਖੇਪ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਜਰਨੈਲ ਸਿੰਘ ਆਰਟਿਸਟ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਜਸਪਾਲ ਸਿੰਘ ਸਿੱਧੂ ਦੀ ਜਾਣ-ਪਛਾਣ ਕਰਵਾਈ।

ਮੀਟਿੰਗ ਦਾ ਸੰਚਾਲਨ ਕਰ ਰਹੇ ਮੋਹਨ ਗਿੱਲ ਨੇ ਦੱਸਿਆ ਕਿ ਜਸਪਾਲ ਸਿੰਘ ਸਿੱਧੂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੱਤਰਕਾਰੀ ਵਿਚ ਪੋਸਟ ਗਰੈਜੂਏਟ ਡਿਪਲੋਮਾ ਹਾਸਲ ਕੀਤਾ ਅਤੇ ਫਿਰ ਇੰਡੀਅਨ ਐਕਸਪ੍ਰੈੱਸ ਰਾਹੀਂ ਪੱਤਰਕਾਰੀ ਸ਼ੁਰੂ ਕੀਤੀ। ਫਿਰ ਯੂਐੱਨਆਈ ਨਿਊਜ਼ ਏਜੰਸੀ ਵਿਚ ਬਤੌਰ ਰਿਪੋਰਟਰ ਕਾਰਜਸ਼ੀਲ ਹੋਏ ਅਤੇ ਅਕਾਲੀ ਮੋਰਚੇ ਤੇ ਸ੍ਰੀ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਰਿਪੋਰਟਿੰਗ ਕੀਤੀ। ਉਹ ਦਿੱਲੀ ਵਿਚ ਬਤੌਰ ਸਪੈਸ਼ਲ ਕੌਰਸਪੌਂਡੈਂਟ ਕਾਫੀ ਸਮਾਂ ਰਹੇ ਤੇ ਉਥੋਂ ਹੀ ਰਿਟਾਇਰਮੈਂਟ ਲਈ। ਕਈ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਵੀ ਉਨ੍ਹਾਂ ਦੇ ਕਾਲਮ ਤੇ ਆਰਟੀਕਲ ਛਪਦੇ ਰਹੇ ਤੇ ਛਪ ਰਹੇ ਹਨ।

ਜਸਪਾਲ ਸਿੰਘ ਸਿੱਧੂ ਨੇ ਪੰਜਾਬ ਦੇ ਕਾਲੇ ਦੌਰ ਸਮੇਂ ਪ੍ਰਸ਼ਾਸਨ, ਪੁਲਿਸ ਤੇ ਰਾਜਨੀਤਕ ਆਗੂਆਂ ਵਲੋਂ ਪੰਜਾਬ ਦੇ ਲੋਕਾਂ ਉਪਰ ਵਰਤਾਏ ਕਹਿਰ ਦਾ ਵਰਣਨ ਕੀਤਾ ਅਤੇ ਕਿਹਾ ਕਿ ਉਸ ਸਮੇਂ ਪ੍ਰੈੱਸ ਤੇ ਅਖ਼ਬਾਰਾਂ ਨੇ ਵੀ ਸਰਕਾਰੀ ਮਸ਼ੀਨਰੀ ਦੀ "ਸਿੱਖ-ਅਤਿਵਾਦ ਵਿਰੋਧੀ ਮੁਹਿੰਮ" ਦਾ ਪੂਰਾ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਇੰਡੀਆ ਸਟੇਟ ਨੇ ਧੱਕੇਸ਼ਾਹੀ ਤੇ ਮਾਰ ਮਰਾਈ ਕਰ ਕੇ ਸਿੱਖ ਖਾੜਕੂਵਾਦ ਨੂੰ ਦਬਾ ਦਿੱਤਾ ਹੈ ਪਰ ਇਸ ਨਾਲ ਸਟੇਟ ਦੇ ਉੱਪਰੋਂ ਥੋਪੇ ਸਤਹੀ ਪੱਧਰ ਦੇ ਲੋਕਤੰਤਰਿਕ ਸਿਸਟਮ ਨੂੰ ਢਾਹ ਲੱਗੀ ਹੈ। ਸਰਕਾਰ ਨੇ ਅਤਿਵਾਦ ਨੂੰ ਕੁਚਲਣ ਦੇ ਨਾਮ ਹੇਠ ਹਰ ਗ਼ੈਰ ਇਖ਼ਲਾਕੀ ਘਿਨਾਉਣਾ ਤੇ ਗ਼ੈਰ ਇਨਸਾਨੀ ਹਰਬਾ ਵਰਤਿਆ। ਉਨ੍ਹਾਂ ਕਿਹਾ ਕਿ ਬੇਸ਼ੱਕ ਅਜੇ ਤਕ ਮਜ਼ਬੂਤ ਕੇਂਦਰੀ ਰਾਜ ਸੱਤਾ ਸਿੱਖਾਂ ਵਿਚੋਂ ਹੀ ਤਿਆਰ ਕੀਤੇ ਆਪਣੇ ਸਿਆਸੀ ਏਜੰਟਾਂ ਰਾਹੀਂ ਅਤੇ ਸਿੱਖ ਤੇ ਗੈਰ ਸਿੱਖ ਆਬਾਦੀਆਂ ਦੀ ਡੂੰਘੀ ਤਵਾਰੀਖ਼ੀ ਤੇ ਮਾਨਸਿਕ ਵੰਡ ਦਾ ਲਾਭ ਉਠਾ ਕੇ ਪੰਜਾਬ ਵਿਚ ਆਪਣੀ ਮਨਮਰਜ਼ੀ ਦੇ ਨਿਜ਼ਾਮ ਖੜ੍ਹੇ ਕਰਦੀ ਆ ਰਹੀ ਹੈ ਪਰ ਨਵੀਂ ਸਿੱਖ ਪੀੜ੍ਹੀ ਖ਼ਾਸ ਕਰਕੇ ਪੜ੍ਹੇ-ਲਿਖੇ ਸਿੱਖ, ਕੇਂਦਰਵਾਦੀ ਤੇ ਹਿੰਦੂਵਾਦੀ ਸਿਆਸਤ ਦੀਆਂ ਬਰੀਕੀਆਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਣ ਲੱਗ ਪਈ ਹੈ ਅਤੇ ਧਾਕੜ ਹਿੰਦੂਤਵ ਸਗੋਂ ਸਿੱਖ ਪਛਾਣ ਨੂੰ ਹੋਰ ਤਕੜਾ ਕਰ ਰਿਹਾ ਹੈ। ਸ. ਸਿੱਧੂ ਅਨੁਸਾਰ ਦਿਨ-ਬ-ਦਿਨ ਬਦਲ ਰਹੇ ਕੌਮੀ ਅਤੇ ਕੌਮਾਂਤਰੀ ਤਵਾਜ਼ਨ ਨੇ ਸਿੱਖ ਸਿਆਸਤ ਨੂੰ ਭਵਿੱਖ ਵਿਚ ਵਧੇਰੇ ਕਿਰਿਆਸ਼ੀਲ ਕਰਨਾ ਹੈ ਅਤੇ ਇਸ ਨੇ ਭਾਰਤ ਦੀਆਂ ਅੰਦਰਲੀਆਂ ਤਬਦੀਲੀਆਂ ਵਿਚ ਚੋਖਾ ਹਿੱਸਾ ਪਾਉਣਾ ਹੈ।

ਇਸ ਵਿਸ਼ੇਸ਼ ਮਿਲਣੀ ਸਮੇਂ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਡਾ. ਗੁਰਬਖ਼ਸ਼ ਸਿੰਘ ਭੰਡਾਲ, ਜਰਨੈਲ ਸਿੰਘ ਆਰਟਿਸਟ, ਜਰਨੈਲ ਸਿੰਘ ਸੇਖਾ, ਬਖ਼ਸ਼ਿੰਦਰ, ਜਸਵੰਤ ਬਰਾੜ, ਹਰਦਮ ਮਾਨ ਵੀ ਹਾਜ਼ਰ ਸਨ।


## ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।
ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ
**ਫੋਨ: 513-884-0456 ਜਾਂ 513-759 0010**
*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**
*For more details please contact: Singh*
**Ph: 513-884-0456 or 513-759 0010**
*(Leave Message)*
5-6



**Punjab Times**
**Our New E-mail**
*Punjabtimes1@gmail.com*
*www.punjabtimesusa.com*
*Ph: 847-359-0746*



## ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ
*ਸੰਪਰਕ ਕਰੋ:*
**ਫੋਨ: 651-353-9584**

# Matrimonials

## ਲੜਕੇ ਦੀ ਲੋੜ ਹੈ

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contaact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 77986-13770 'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

36 ਸਾਲਾ ਜੱਟ ਸਿੱਖ, 5'11", ਆਪਣਾ ਬਿਜ਼ਨਸ ਕਰਦੇ Green Card Holder ਅਣਵਿਆਹੇ ਲੜਕੇ ਲਈ ਘੱਟੋ-ਘੱਟ 5'5" ਸੋਹਣੀ, ਸੁਨੱਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਗਰੀਨ ਕਾਰਡ ਹੋਲਡਰ, ਵਿਜ਼ਟਰ ਵੀਜ਼ੇ ਜਾਂ ਸਟੂਡੈਂਟ ਵੀਜ਼ੇ 'ਤੇ ਅਮਰੀਕਾ ਆਈ ਲੜਕੀ ਨੂੰ ਪਹਿਲ। ਚਾਹਵਾਨ singhjeet6084@yahoo.com 'ਤੇ ਆਪਣਾ ਬਾਇਓਡਾਟਾ ਤੇ ਤਸਵੀਰਾਂ ਭੇਜ ਸਕਦੇ ਹਨ। ਮੈਰਿਜ ਬਿਊਰੋ ਮੁਆਫ਼ ਕਰਨ। 1-4

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

## ਟਰੱਕ ਸਟਾਪ ਲਈ ਮੈਨੇਜਰ ਦੀ ਲੋੜ ਹੈ

ਓਰੇਗਾਨ ਸਟੇਟ ਵਿਚ ਬਰੈਂਡਿਡ ਫਰੈਂਚਾਇਜ਼ੀ ਟਰੱਕ ਸਟਾਪ ਲਈ ਅਨੁਭਵੀ ਮੈਨੇਜਰ ਦੀ ਲੋੜ ਹੈ, ਜੋ 20-25 ਵਰਕਰਾਂ ਦੀ ਜ਼ਿੰਮੇਵਾਰੀ ਸੰਭਾਲ ਸਕਦਾ ਹੋਵੇ। ਜੇ ਪਰਿਵਾਰ ਨਾਲ ਓਰੇਗਾਨ ਵਿਚ ਮੂਵ ਹੋਣਾ ਚਾਹੇ ਤਾਂ ਪਰਿਵਾਰਕ ਮੈਂਬਰਾਂ ਨੂੰ ਵੀ ਯੋਗਤਾ ਅਨੁਸਾਰ ਨੌਕਰੀ ਮੁਹੱਈਆ ਕਰਵਾਈ ਜਾਵੇਗੀ।

**ਸ਼ੁਰੂ ਵਿਚ ਤਨਖਾਹ ਡਾਲਰ 90,000+ ਹੋਵੇਗੀ**
**ਚਾਹਵਾਨ ਸੰਪਰਕ ਕਰਨ: virkoil@hotmail.com**

## TRUCK STOP MANAGER REQUIRED

Branded Franchise Truck Stop in Oregon looking well experienced person for Manager Position, who can manage 20-25 employees with all responsibilities. If willing to move with family, then we'll offer job based on experience to family members.

Starting salary be $90,000/- plus.
Please contact with resume: virkoil@hotmail.com

# ਚੋਣਾਂ ਨੇੜੇ ਮੁੜ ਭਖਿਆ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਫਿਰ ਭਖ ਗਿਆ ਹੈ। ਸਿੱਖ ਬੰਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵੱਲੋਂ ਅੜਿੱਕਾ ਪਾਉਣ ਦੇ ਦੋਸ਼ ਹੇਠ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਉਨ੍ਹਾਂ ਦਾ ਪੁਤਲਾ ਸਾੜਿਆ ਗਿਆ।

ਜਥੇਬੰਦੀ ਨੇ 'ਆਪ' ਖ਼ਿਲਾਫ ਨਾਅਰੇਬਾਜ਼ੀ ਕੀਤੀ ਅਤੇ ਮੁੱਖ ਮੰਤਰੀ ਦਾ ਪੁਤਲਾ ਸਾੜਿਆ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ ਜਿਨ੍ਹਾਂ ਵਿਚ ਪ੍ਰੋ. ਭੁੱਲਰ ਦਾ ਨਾਂ ਵੀ ਸ਼ਾਮਲ ਸੀ ਪਰ ਉਨ੍ਹਾਂ ਦੀ ਰਿਹਾਈ ਨੂੰ ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ।

ਦੋਸ਼ ਹਨ ਕਿ ਪ੍ਰੋਫੈਸਰ ਭੁੱਲਰ ਦੀ ਰਿਹਾਈ ਸਬੰਧੀ ਮਤੇ ਨੂੰ ਕੇਜਰੀਵਾਲ ਸਰਕਾਰ ਵੱਲੋਂ ਚਾਰ ਵਾਰ ਰੱਦ ਕੀਤਾ ਜਾ ਚੁੱਕਾ ਹੈ ਜਿਸ ਕਾਰਨ ਸਿੱਖਾਂ ਵਿਚ ਰੋਸ ਹੈ। ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਸ ਦੀ ਰਿਹਾਈ ਲਈ ਤੁਰਤ ਅਮਲ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਚੋਣਾਂ ਵੇਲੇ ਪੰਜਾਬ ਦੇ ਲੋਕ ਉਨ੍ਹਾਂ ਨੂੰ ਸਬਕ ਸਿਖਾਉਣਗੇ।

ਦੱਸ ਦਈਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਵੱਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ 8 ਬੰਦੀ ਸਿੰਘਾਂ ਨੂੰ ਧਾਰਾ 161 ਤਹਿਤ ਰਿਹਾਅ ਕਰਨ ਤੇ ਇਕ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਸੀ।



ਇਸ ਸਬੰਧੀ ਕੇਂਦਰੀ ਗ੍ਰਹਿ ਵਿਭਾਗ ਵੱਲੋਂ 11 ਅਕਤੂਬਰ 2019 ਨੂੰ ਬਕਾਇਦਾ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪੱਤਰ ਵੀ ਜਾਰੀ ਕਰ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ 6 ਬੰਦੀ ਸਿੰਘ ਤਾਂ ਸਮਾਂ ਪਾ ਕੇ ਰਿਹਾਅ ਹੋ ਗਏ ਸਨ ਪਰ ਅੱਜ ਤਕਰੀਬਨ ਸਵਾ ਦੋ ਸਾਲ ਬੀਤ ਜਾਣ ਉਤੇ ਵੀ ਇਨ੍ਹਾਂ ਵਿਚੋਂ ਪ੍ਰੋ. ਭੁੱਲਰ ਤੇ ਭਾਈ ਗੁਰਦੀਪ ਸਿੰਘ ਖੈੜਾ ਨੂੰ ਰਿਹਾਅ ਨਹੀਂ ਕੀਤਾ ਗਿਆ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਦਾ ਮੋਦੀ ਸਰਕਾਰ ਦਾ ਵਾਅਦਾ ਵੀ ਅਜੇ ਤੱਕ ਵਫ਼ਾ ਨਹੀਂ ਹੋਇਆ। ਇਸੇ ਦੌਰਾਨ ਸਮੇਤ ਸਜ਼ਾਵਾਂ ਭੁਗਤ ਚੁੱਕੇ ਹੋਰ 6 ਸਿੱਖ ਬੰਦੀਆਂ ਦੀ ਰਿਹਾਈ ਦੀ ਵੀ ਸਿੱਖ ਜਗਤ ਨੂੰ ਉਡੀਕ ਹੈ। ਇਸ ਵੇਲੇ ਜੇਲ੍ਹਾਂ 'ਚ ਬੰਦ 9 ਅਹਿਮ ਸਿੱਖ ਬੰਦੀਆਂ ਵਿਚ ਲੰਬੇ ਅਰਸੇ ਤੋਂ ਜੇਲ੍ਹ 'ਚ ਬੰਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਦਿੱਲੀ ਦੀ ਕੇਜਰੀਵਾਲ ਸਰਕਾਰ, ਭਾਈ ਗੁਰਦੀਪ ਸਿੰਘ ਖੇੜਾ ਦੀ ਰਿਹਾਈ ਲਈ ਕਰਨਾਟਕਾ ਸਰਕਾਰ ਅਤੇ ਬਾਕੀ ਬੰਦੀ ਸਿੰਘਾਂ ਦੇ ਮਾਮਲੇ ਕੇਂਦਰ ਸ਼ਾਸਿਤ ਪ੍ਰਦੇਸ ਚੰਡੀਗੜ੍ਹ ਨਾਲ ਸਬੰਧਤ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ 'ਚ ਸ਼ਾਮਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ (54 ਸਾਲ) ਦਾ ਕੇਸ ਦਿੱਲੀ ਦੀ ਕੇਜਰੀਵਾਲ ਸਰਕਾਰ ਨਾਲ ਸਬੰਧਤ ਹੈ। ਹੁਣ ਤੱਕ ਉਹ ਉਮਰ ਕੈਦ ਤੋਂ ਵੀ ਵੱਧ ਕਰੀਬ 27 ਸਾਲ ਦੀ ਕੈਦ ਕੱਟ ਚੁੱਕੇ ਹਨ।

ਇਸੇ ਤਰ੍ਹਾਂ ਉਮਰ ਕੈਦ ਦੀ ਸਜ਼ਾ ਪੂਰੀ ਕਰ ਚੁੱਕੇ ਇਕ ਹੋਰ ਬੰਦੀ ਸਿੰਘ ਗੁਰਦੀਪ ਸਿੰਘ ਖੈੜਾ (61 ਸਾਲ) ਕਰਨਾਟਕਾ ਬੰਬ ਧਮਾਕਾ ਕੇਸ ਨਾਲ ਸਬੰਧਤ ਹੈ ਤੇ ਹੁਣ ਤੱਕ ਕਰੀਬ 31 ਸਾਲ ਤੋਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹੈ। ਭਾਈ ਖੈੜਾ ਵੀ ਜੇਲ੍ਹ ਵਿਚ ਆਪਣੇ ਚੰਗੇ ਆਚਰਨ ਕਾਰਨ 2015 ਤੋਂ ਹੁਣ ਤੱਕ ਕਰੀਬ ਢਾਈ ਸਾਲ ਤੱਕ ਪੈਰੋਲ 'ਤੇ ਆ ਰਹੇ ਹਨ ਤੇ ਜੋ ਇਸ ਵੇਲੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਹਨ। ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਮੁੱਖ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਅਨੁਸਾਰ ਇਸ ਤੋਂ ਇਲਾਵਾ ਬਾਕੀ 6 ਬੰਦੀ ਸਿੰਘ ਵੀ ਆਪਣੀਆਂ ਬਣਦੀਆਂ ਸਜ਼ਾਵਾਂ ਕਦੋਂ ਦੀਆਂ ਪੂਰੀਆਂ ਕਰ ਚੁੱਕੇ ਹਨ ਜਦੋਂ ਕਿ ਇਕ ਬੰਦੀ ਸਿੰਘ ਭਾਈ ਜਗਤਾਰ ਸਿੰਘ ਤਾਰਾ ਦੀ ਸਜ਼ਾ ਅਜੇ ਪੂਰੀ ਨਹੀਂ ਹੋਈ।

ਪ੍ਰੋ. ਬਲਜਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿਚ ਸ਼ਾਮਲ ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ 1995 ਤੋਂ ਗ੍ਰਿਫਤਾਰ ਹਨ ਤੇ ਬਾਕਾਇਦਾ ਪੈਰੋਲ 'ਤੇ ਵੀ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸੇ ਕੇਸ ਵਿਚ ਜਿਹੜੇ ਹੋਰ ਬੰਦੀ ਸਿੰਘ ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਪਰ ਕਦੇ ਪੈਰੋਲ ਨਹੀਂ ਮਿਲੀ, ਉਨ੍ਹਾਂ ਵਿਚ ਪਰਮਜੀਤ ਸਿੰਘ ਭਿਉਰਾ 24 ਸਾਲ ਤੋਂ ਬੁੜੈਲ 'ਚ ਬੰਦ, ਸਰਬੱਤ ਖ਼ਾਲਸਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਨਿਯੁਕਤ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ 25 ਸਾਲ ਤੋਂ ਤਿਹਾੜ ਜੇਲ੍ਹ ਦਿੱਲੀ 'ਚ ਬੰਦ ਹਨ। ਇਨ੍ਹਾਂ ਤੋਂ ਇਲਾਵਾ ਭਾਈ ਬਲਵੰਤ ਸਿੰਘ ਰਾਜੋਆਣਾ ਮੌਤ ਦੀ ਸਜ਼ਾ ਪ੍ਰਾਪਤ ਹਨ ਤੇ 1995 ਤੋਂ ਜੇਲ੍ਹ 'ਚ ਬੰਦ ਹਨ।

## ਟਵਿੱਟਰ ਦੀ ਦਲ ਖਾਲਸਾ ਆਗੂ 'ਤੇ ਪਾਬੰਦੀ ਖਤਮ

**ਅੰਮ੍ਰਿਤਸਰ:** ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਦੇ ਟਵਿੱਟਰ ਖਾਤੇ 'ਤੇ ਭਾਰਤ ਵਿਚ ਲਾਈ ਗਈ ਰੋਕ ਟਵਿੱਟਰ ਨੇ ਖਤਮ ਕਰ ਦਿੱਤੀ ਹੈ। ਇਸ ਸਬੰਧੀ ਟਵਿੱਟਰ ਦੇ ਕਾਨੂੰਨੀ ਵਿਭਾਗ ਨੇ ਦਲ ਖਾਲਸਾ ਆਗੂ ਨੂੰ ਸੂਚਿਤ ਕੀਤਾ ਹੈ। ਕੰਵਰਪਾਲ ਸਿੰਘ ਨੇ ਪੁਸ਼ਟੀ ਕੀਤੀ ਕਿ ਉਸ ਦੇ ਟਵਿੱਟਰ ਖਾਤੇ 'ਤੇ ਭਾਰਤ ਵਿਚ ਲਾਈ ਰੋਕ ਖਤਮ ਕਰ ਦਿੱਤੀ ਗਈ ਹੈ। ਇਹ ਰੋਕ ਦਸ ਜਨਵਰੀ ਨੂੰ ਕੰਵਰਪਾਲ ਸਿੰਘ ਵੱਲੋਂ ਪ੍ਰਧਾਨ ਮੰਤਰੀ ਦੇ ਦੌਰੇ ਸਬੰਧੀ ਕੀਤੀ ਗਈ ਟਿੱਪਣੀ ਤੋਂ ਬਾਅਦ ਲਗਾਈ ਗਈ ਸੀ। ਇਸ ਟਵੀਟ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਸਬੰਧਤ ਟਵਿੱਟਰ ਖਾਤੇ 'ਤੇ ਰੋਕ ਲਾਉਣ ਲਈ ਹਦਾਇਤ ਕੀਤੀ ਗਈ ਸੀ, ਪਰ ਇਹ ਰੋਕ ਸਿਰਫ ਭਾਰਤ ਵਿਚ ਹੀ ਸੀ।

# ਡੇਰਾ ਬਿਆਸ ਮੁਖੀ ਤੋਂ ਆਸ਼ੀਰਵਾਦ ਲੈਣ ਪੁੱਜੇ ਸਿਆਸੀ ਆਗੂ

**ਮੋਗਾ:** ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਮੋਗਾ ਫੇਰੀ ਅਹਿਮ ਮੰਨੀ ਜਾ ਰਹੀ ਹੈ। ਡੇਰਾ ਮੁਖੀ ਦੀ ਆਮਦ ਦੀ ਭਿਣਕ ਲੱਗਦਿਆਂ ਹੀ ਮੋਗਾ ਸ਼ਹਿਰੀ ਵਿਧਾਨ ਸਭਾ ਹਲਕੇ ਤੋਂ ਸਿਆਸੀ ਪਾਰਟੀਆਂ ਦੇ ਸਾਰੇ ਪੰਜੇ ਉਮੀਦਵਾਰ ਸਥਾਨਕ ਸਤਿਸੰਗ ਘਰ ਪੁੱਜ ਗਏ।

ਇਥੇ ਸਥਾਨਕ ਸਤਿਸੰਗ ਘਰ ਵਿਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਸਾਬਕਾ ਡੀ.ਜੀ.ਪੀ. ਪੀ.ਐਸ. ਗਿੱਲ ਵੀ ਮੌਜੂਦ ਰਹੇ। ਇਸ ਮੌਕੇ ਡੇਰਾ ਮੁਖੀ ਨੇ ਅਕਾਲੀ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਨਾਲ ਕੁਝ ਪਲ ਬਿਤਾਏ ਤੇ ਬਾਕੀ 'ਆਪ' ਉਮੀਦਵਾਰ ਡਾ. ਅਮਨਦੀਪ ਕੌਰ, ਭਾਜਪਾ ਦੇ ਸੰਭਾਵੀ ਉਮੀਦਵਾਰ ਡਾ. ਹਰਜੋਤ ਕਮਲ, ਸੰਯੁਕਤ ਸਮਾਜ ਮੋਰਚਾ ਉਮੀਦਵਾਰ ਨਵਦੀਪ ਸਿੰਘ ਸੰਘਾ ਤੇ ਕਾਂਗਰਸੀ ਉਮੀਦਵਾਰ ਮਾਲਵਿਕਾ ਸੂਦ ਸੰਗਤ 'ਚ ਬੈਠੇ ਸਨ।

ਡੇਰਾ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਸਿਆਸਤ ਤੋਂ ਦੂਰ ਰਹਿੰਦਾ ਹੈ। ਉਨ੍ਹਾਂ ਵੱਲੋਂ ਚੋਣਾਂ ਮੌਕੇ ਕਿਸੇ ਵੀ ਪਾਰਟੀ ਦੀ ਮਦਦ ਦਾ ਐਲਾਨ ਨਹੀਂ ਕੀਤਾ ਜਾਂਦਾ ਪਰ ਫਿਰ ਵੀ ਸਾਰੀਆਂ ਹੀ ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਇਥੇ ਪੁੱਜਦੀ ਰਹੀ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਵੱਲੋਂ ਚੋਣਾਂ ਦੇ ਮੱਦੇਨਜ਼ਰ ਰਾਧਾ ਸੁਆਮੀ ਸਤਿਸੰਗ ਕੇਂਦਰਾਂ ਅਤੇ ਪੈਰੋਕਾਰਾਂ ਨੂੰ ਸਰਕੂਲਰ ਜਾਰੀ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਸੰਪਰਦਾ ਸਾਰੀਆਂ ਸਿਆਸੀ ਪਾਰਟੀਆਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਲਈ ਸਭ ਬਰਾਬਰ ਹਨ। ਵੋਟ ਹਰ ਵਿਅਕਤੀ ਦਾ ਨਿੱਜੀ ਅਧਿਕਾਰ ਹੈ। ਸਮੁੱਚੇ ਸਮਾਜ ਦੀ ਭਲਾਈ ਨੂੰ ਧਿਆਨ ਵਿਚ ਰੱਖਦੇ ਹੋਏ ਵੋਟ ਦੀ ਵਰਤੋਂ ਕੀਤੀ ਜਾਵੇ।

## ਸੁਖਬੀਰ ਨੇ ਭੈਣੀ ਸਾਹਿਬ ਮੱਥਾ ਟੇਕਿਆ

**ਮਾਛੀਵਾੜਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਮਧਾਰੀ ਸੰਪਰਦਾ ਦਾ ਪ੍ਰਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ। ਸੁਖਬੀਰ ਸਿੰਘ ਬਾਦਲ ਨੇ ਇਥੇ ਨਾਮਧਾਰੀ ਮੁਖੀ ਸਤਿਗੁਰੂ ਉਦੈ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਵਿਧਾਇਕ ਅਤੇ ਪਾਰਟੀ ਉਮੀਦਵਾਰ ਸ਼ਰਨਜੀਤ ਸਿੰਘ ਢਿੱਲੋਂ ਵੀ ਮੌਜੂਦ ਸਨ। ਸੁਖਬੀਰ ਬਾਦਲ ਸ੍ਰੀ ਭੈਣੀ ਸਾਹਿਬ ਵਿਖੇ ਕਰੀਬ ਇਕ ਘੰਟਾ ਰਹੇ ਅਤੇ ਉਨ੍ਹਾਂ ਸਤਿਗੁਰੂ ਉਦੈ ਸਿੰਘ ਨਾਲ ਵਿਧਾਨ ਸਭਾ ਚੋਣਾਂ ਤੋਂ ਇਲਾਵਾ ਹੋਰ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਕੀਤੀ। ਚੋਣਾਂ ਦੇ ਮੱਦੇਨਜ਼ਰ ਸਿਆਸੀ ਪਾਰਟੀਆਂ ਦੇ ਆਗੂ ਭੈਣੀ ਸਾਹਿਬ ਵਿਖੇ ਹਾਜ਼ਰੀ ਲਗਵਾਉਂਦੇ ਹਨ ਤਾਂ ਜੋ ਨਾਮਧਾਰੀ ਸੰਗਤ ਦਾ ਸਮਰਥਨ ਲਿਆ ਜਾ ਸਕੇ।

# ਸ਼੍ਰੋਮਣੀ ਕਮੇਟੀ ਦਾ ਕੇਜਰੀਵਾਲ ਸਰਕਾਰ ਖਿਲਾਫ ਨਿੰਦਾ ਮਤਾ




**ਅੰਮ੍ਰਿਤਸਰ:** ਸਿੱਖ ਬੰਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਕੇਸ ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਰੱਦ ਕੀਤੇ ਜਾਣ ਵਿਰੁੱਧ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਨਿੰਦਾ ਮਤਾ ਪਾਸ ਕਰਦਿਆਂ ਕੇਂਦਰ ਸਰਕਾਰ ਦਾ ਦਖ਼ਲ ਮੰਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪ੍ਰੋ. ਭੁੱਲਰ ਦੀ ਰਿਹਾਈ ਸਬੰਧੀ ਦਿੱਲੀ ਸਰਕਾਰ ਦੇ ਨਾਂਹਪੱਖੀ ਰਵੱਈਏ ਦੀ ਅੰਤ੍ਰਿੰਗ ਕਮੇਟੀ ਵੱਲੋਂ ਨਿਖੇਧੀ ਕੀਤੀ ਗਈ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਭਾਰਤ ਸਰਕਾਰ ਕੋਲ ਵੀ ਜਾਵੇਗੀ ਅਤੇ ਲੋੜ ਪਈ ਤਾਂ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬਾਕੀ ਸਿੱਖ ਬੰਦੀਆਂ ਨੂੰ ਵੀ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਅੰਤ੍ਰਿੰਗ ਕਮੇਟੀ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਦਾ ਨਾਂ ਦੇਣ ਦੇ ਮਾਮਲੇ ਵਿਚ ਕੇਂਦਰ ਨੂੰ ਕਾਹਲੀ ਨਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਰਾਜਸਥਾਨ ਨਾਲ ਸਬੰਧਤ ਸਵਾਮੀ ਬ੍ਰਹਮਦੇਵ ਡੇਰੇ ਵੱਲੋਂ ਗੁਰਬਾਣੀ ਦੀਆਂ ਤੁਕਾਂ ਬਦਲਣ ਦੀ ਕਾਰਵਾਈ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਨੋਟਿਸ ਲਿਆ ਗਿਆ ਸੀ, ਜਿਸ 'ਤੇ ਸਬੰਧਤ ਧਿਰ ਨੇ ਮੁਆਫ਼ੀਨਾਮਾ ਭੇਜਿਆ ਹੈ।

ਅੰਤ੍ਰਿਗ ਕਮੇਟੀ ਨੇ ਗੁਰਮਤਿ ਸੰਗੀਤ ਦੇ ਉਸਤਾਦ ਪਦਮਸ੍ਰੀ ਪ੍ਰੋ. ਕਰਤਾਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਾਉਣ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਮਤਿ ਸੰਗੀਤ ਅਕੈਡਮੀ ਦਾ ਨਾਂ ਪ੍ਰੋ. ਕਰਤਾਰ ਸਿੰਘ ਦੇ ਨਾਂ 'ਤੇ ਰੱਖਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸੇ ਤਰ੍ਹਾਂ ਬਹਿਬਲ ਕਲਾਂ ਧਰਨੇ ਦੌਰਾਨ ਸ਼ਹੀਦ ਹੋਏ ਭਾਈ ਕ੍ਰਿਸ਼ਨ ਭਗਵਾਨ ਸਿੰਘ ਤੇ ਭਾਈ ਗੁਰਜੀਤ ਸਿੰਘ ਦੀਆਂ ਤਸਵੀਰਾਂ ਵੀ ਸਿੱਖ ਅਜਾਇਬਘਰ ਵਿਚ ਲਾਉਣ ਦਾ ਫੈਸਲਾ ਕੀਤਾ ਗਿਆ ਹੈ।


## ਸਿੱਖ ਜਥੇਬੰਦੀਆਂ ਵਿਚ ਆਮ ਆਦਮੀ ਪਾਰਟੀ ਖਿਲਾਫ ਰੋਹ

**ਅੰਮ੍ਰਿਤਸਰ:** ਸਿੱਖ ਬੰਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ ਤੇ ਆਮ ਆਦਮੀ ਪਾਰਟੀ (ਆਪ) ਸਿੱਖ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਹੈ। ਸਿੱਖ ਨੁਮਾਇੰਦਿਆਂ ਅਤੇ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਦੀ ਹਾਜ਼ਰੀ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪ੍ਰੋ. ਭੁੱਲਰ ਦੀ ਰਿਹਾਈ ਨੂੰ ਪ੍ਰਵਾਨਗੀ ਦੇਣ ਲਈ 26 ਜਨਵਰੀ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਹੈ। ਇਸ ਤੋਂ ਬਾਅਦ 'ਆਪ' ਉਮੀਦਵਾਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਮਾਮਲਾ ਸ੍ਰੀ ਅਕਾਲ ਤਖ਼ਤ 'ਤੇ ਵੀ ਪੁੱਜਾ ਹੈ। ਸਿੱਖ ਜਥੇਬੰਦੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਉਮੀਦਵਾਰਾਂ ਦੇ ਬਾਈਕਾਟ ਦਾ ਵੀ ਐਲਾਨ ਕਰ ਚੁੱਕੀਆਂ ਹਨ।

# ਬੇਅਦਬੀ ਕਾਂਡ: ਉਮੀਦਵਾਰਾਂ ਨੂੰ ਝੱਲਣਾ ਪੈ ਰਿਹਾ ਹੈ ਲੋਕ ਰੋਹ

**ਕੋਟਕਪੂਰਾ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਇਨਸਾਫ ਦੀ ਮੰਗ ਲਈ ਪਿਛਲੇ ਸਵਾ ਮਹੀਨੇ ਤੋਂ ਕੋਟਕਪੂਰਾ-ਬਾਜਾਖਾਨਾ ਮਾਰਗ 'ਤੇ ਸਥਿਤ ਪਿੰਡ ਬਹਿਬਲ ਕਲਾਂ ਵਿਚ ਧਰਨੇ 'ਤੇ ਬੈਠੇ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀ ਵਾਲਾ ਅਤੇ ਪ੍ਰਬੰਧਕਾਂ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਵੋਟਾਂ ਮੰਗਣ ਆਉਣ ਵਾਲੇ ਉਮੀਦਵਾਰਾਂ ਨੂੰ ਬੇਅਦਬੀ ਮਾਮਲੇ ਸਬੰਧੀ ਸਵਾਲ ਪੁੱਛੇ ਜਾਣ ਅਤੇ ਮੀਡੀਆ ਵਿਚ ਬਿਆਨ ਜਾਰੀ ਕਰਕੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਜਾਵੇ।

ਮੌਕੇ 'ਤੇ ਮੌਜੂਦ ਆਮ ਆਦਮੀ ਪਾਰਟੀ ਦੇ ਕੋਟਕਪੂਰਾ ਤੋਂ ਉਮੀਦਵਾਰ ਕੁਲਤਾਰ ਸਿੰਘ ਸੰਧਵਾਂ ਨੇ ਮੰਚ ਤੋਂ ਲੋਕਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ 'ਆਪ' ਦੀ ਸਰਕਾਰ ਬਣਨ ਉਤੇ ਜੇ ਉਹ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿਵਾ ਸਕੇ ਤਾਂ ਉਹ ਹਮੇਸ਼ਾ ਲਈ ਸਿਆਸਤ ਛੱਡ ਦੇਣਗੇ। ਮੰਚ 'ਤੇ ਸੁਖਰਾਜ ਸਿੰਘ ਨੇ ਦੋਸ਼ ਲਾਇਆ ਕਿ ਪਿਛਲੇ ਸਾਢੇ ਛੇ ਸਾਲ ਤੋਂ ਬੇਅਦਬੀ ਕਾਂਡ ਮਾਮਲੇ 'ਚ ਇਨਸਾਫ ਲਈ ਉਹ ਸੜਕਾਂ 'ਤੇ ਰੁਲ ਰਹੇ ਹਨ ਪਰ ਕਿਸੇ ਨੇ ਉਨ੍ਹਾਂ ਦਾ ਦਰਦ ਨਹੀਂ ਸਮਝਿਆ।



ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਮੰਗ ਕੀਤੀ ਕਿ ਭਵਿੱਖ ਵਿਚ ਜਿਸ ਪਾਰਟੀ ਦੀ ਸਰਕਾਰ ਬਣਦੀ ਹੈ, ਉਹ ਬਰਗਾੜੀ ਬੇਅਦਬੀ ਕਾਂਡ ਦਾ ਇਨਸਾਫ ਸਿੱਖ ਕੌਮ ਨੂੰ ਦੇਵੇ। ਇਸ ਮੌਕੇ ਲੋਕ ਭਲਾਈ ਇਨਸਾਫ ਮੋਰਚੇ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਅਤੇ ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ਮਾਂਝੀ ਨੇ ਵੀ ਸੰਬੋਧਨ ਕੀਤਾ।

ਉਧਰ, 'ਆਪ' ਪੰਜਾਬ ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ, ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਸਰਕਾਰ 'ਤੇ ਪਿਛਲੇ 7 ਸਾਲਾਂ ਤੋਂ ਸਿੱਖ ਸੰਗਤ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਦਾ ਦੋਸ਼ ਲਾਇਆ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਹੋਈ ਅਤੇ ਫਿਰ ਇਨਸਾਫ ਮੰਗ ਰਹੀਆਂ ਸੰਗਤਾਂ 'ਤੇ ਗੋਲੀਆਂ ਚਲਾ ਕੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਨ੍ਹਾਂ ਘਟਨਾਵਾਂ ਨੂੰ ਸੱਤ ਸਾਲ ਬੀਤ ਗਏ ਪਰ ਸੰਗਤ ਨੂੰ ਇਨਸਾਫ ਨਹੀਂ ਮਿਲਿਆ। ਉਨ੍ਹਾਂ ਦੋਸ਼ ਲਾਇਆ ਕਿ ਬੇਅਦਬੀ ਤੇ ਹੋਰ ਘਟਨਾਵਾਂ ਦੀ ਜਾਂਚ ਲਈ ਕਈ ਵਿਸ਼ੇਸ਼ ਜਾਂਚ ਕਮੇਟੀਆਂ, ਸੀ.ਬੀ.ਆਈ. ਜਾਂਚ ਅਤੇ ਜਸਟਿਸ ਰਣਜੀਤ ਸਿੰਘ ਜਾਂਚ ਕਮਿਸ਼ਨ ਦਾ ਗਠਨ ਕੀਤਾ ਪਰ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਮਿਲ ਸਕੀ।

ਸ੍ਰੀ ਚੀਮਾ ਨੇ ਕਿਹਾ ਕਿ ਬੇਅਦਬੀ ਅਤੇ ਗੋਲੀਬਾਰੀ ਮਾਮਲੇ ਦੀ ਜਾਂਚ ਦੀ ਦਿਸ਼ਾ ਇਕ ਰਾਜਨੀਤਕ ਪਰਿਵਾਰ ਅਤੇ ਉਸ ਦੇ ਸਹਿਯੋਗੀਆਂ ਲਈ ਠੀਕ ਨਹੀਂ ਬੈਠਦੀ, ਜਿਸ ਕਰਕੇ ਰਿਪੋਰਟ ਨੂੰ ਹੀ ਰੱਦ ਕਰ ਦਿੱਤਾ ਜਾਂਦਾ ਹੈ। ਇਹ ਸਭ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਦੀ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੀਤਾ ਗਿਆ ਕਿਉਂਕਿ ਬਾਦਲ ਅਤੇ ਕੈਪਟਨ ਦਾ ਇਕ ਦੂਜੇ ਨੂੰ ਬਚਾਉਣ ਦਾ ਲੰਮਾ ਇਤਿਹਾਸ ਰਿਹਾ ਹੈ।

## ਡੇਰਾ ਮੁਖੀ ਨੇ ਬਾਦਲਾਂ ਨਾਲ ਰਲ ਕੇ ਬੇਅਦਬੀ ਕਰਵਾਈ: ਮਾਨ

**ਮਹਿਲ ਕਲਾਂ:** ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਮੌਕੇ ਪਿੰਡ ਠੀਕਰੀਵਾਲਾ ਵਿਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਲ 2015 'ਚ ਬਰਗਾੜੀ ਵਿਚ ਡੇਰਾ ਸਿਰਸਾ ਮੁਖੀ ਨੇ ਬਾਦਲਾਂ ਨਾਲ ਸਾਜ਼ਿਸ਼ ਘੜ ਕੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਈਆਂ। ਇਸ ਮਾਮਲੇ ਵਿਚ ਇਨਸਾਫ ਲੈਣ ਲਈ ਪਿਛਲੇ 200 ਦਿਨ ਤੋਂ ਬਰਗਾੜੀ ਵਿਚ ਮੋਰਚਾ ਲਾਇਆ ਹੋਇਆ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਿਸਾਨ ਵਿੰਗ ਦੇ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਅਦਾਕਾਰ ਦੀਪ ਸਿੱਧੂ ਨੇ ਵੀ ਸ਼ਹੀਦ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਟ ਕੀਤੀ।

# ਈ.ਡੀ. ਦੇ ਛਾਪਿਆਂ ਨੇ ਪੰਜਾਬ ਦਾ ਸਿਆਸੀ ਮਾਹੌਲ ਭਖਾਇਆ

## ਚੋਣਾਂ ਨੇੜੇ ਕਾਰਵਾਈ ਨੇ ਕੇਂਦਰ ਸਰਕਾਰ ਦੀ ਨੀਅਤ ਉਤੇ ਚੁੱਕੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਚੋਣਾਂ ਦੇ ਐਨ ਨੇੜੇ ਕੇਂਦਰ ਦੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਰੇਤ ਕਾਰੋਬਾਰ ਦੇ ਕਾਲੇ ਵਪਾਰ ਸਬੰਧੀ ਮੁੱਖ ਮੰਤਰੀ ਚੰਨੀ ਦੇ ਨੇੜਲੇ ਰਿਸ਼ਤੇਦਾਰ ਅਤੇ ਉਸ ਦੇ ਸਾਥੀਆਂ ਉਤੇ ਮਾਰੇ ਗਏ ਛਾਪਿਆਂ ਨੇ ਸੂਬੇ ਦੀ ਸਿਆਸਤ ਭਖਾ ਦਿੱਤੀ ਹੈ। ਵਿਰੋਧੀ ਧਿਰਾਂ ਵੱਲੋਂ ਜਿਥੇ ਕਾਂਗਰਸ ਸਰਕਾਰ ਨੂੰ ਇਸ ਮੁੱਦੇ ਉਤੇ ਘੇਰਿਆ ਹੋਇਆ ਹੈ, ਉਥੇ ਕਾਂਗਰਸ ਵੱਲੋਂ ਇਸ ਨੂੰ ਭਾਜਪਾ ਦੀ ਸਾਜ਼ਿਸ਼ ਕਰਾਰ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਨੂੰ ਕੇਂਦਰ ਸਰਕਾਰ ਦੇ ਦਬਾਅ ਹੇਠ ਏਜੰਸੀ ਵੱਲੋਂ ਕੀਤੀ ਗਈ ਰਾਜਨੀਤਕ ਬਦਲਾਖੋਰੀ ਦੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਨੇ ਇਸ ਨੂੰ ਕਾਂਗਰਸ ਖਿਲਾਫ਼ ਭਾਜਪਾ ਅਤੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਗਈ ਸਾਜ਼ਿਸ਼ ਵੀ ਕਿਹਾ ਹੈ ਅਤੇ ਦੋਵਾਂ ਪਾਰਟੀਆਂ 'ਤੇ ਰਲੇ ਹੋਏ ਹੋਣ ਦਾ ਇਲਜ਼ਾਮ ਲਗਾਇਆ ਹੈ। ਕਈ ਹੋਰ ਕਾਂਗਰਸੀ ਆਗੂਆਂ ਨੇ ਵੀ ਇਸ ਨੂੰ ਬਦਲੇ ਦੀ ਭਾਵਨਾ ਨਾਲ ਕੀਤੀ ਗਈ ਕਾਰਵਾਈ ਕਿਹਾ ਹੈ। ਕਾਂਗਰਸ ਦੇ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਵੀ ਇਸ ਦੀ ਸਖਤ ਆਲੋਚਨਾ ਕੀਤੀ ਹੈ। ਨਵਜੋਤ ਸਿੰਘ ਸਿੱਧੂ ਨੇ ਇਹ ਕਿਹਾ ਹੈ ਕਿ ਅਜਿਹੇ ਕਾਰੋਬਾਰਾਂ ਲਈ ਸਿਸਟਮ ਨੂੰ ਬਦਲਣ ਦੀ ਲੋੜ ਹੈ। ਕਾਂਗਰਸ ਵੱਲੋਂ ਇਸ ਸਬੰਧੀ ਰੋਸ ਮੁਜ਼ਾਹਰੇ ਕਰਨ ਦਾ ਪ੍ਰੋਗਰਾਮ ਵੀ ਬਣਾਇਆ ਗਿਆ ਹੈ।

ਦੱਸ ਦਈਏ ਕਿ ਕੇਂਦਰ ਸਰਕਾਰ ਦੀ ਇਸ ਤੋਂ ਪਹਿਲਾਂ ਹੋਰ ਸੂਬਿਆਂ ਵਿਚ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਕੇ ਸਖਤ ਆਲੋਚਨਾ ਹੁੰਦੀ ਰਹੀ ਹੈ। ਦੋਸ਼ ਲੱਗਦੇ ਰਹੇ ਹਨ ਕਿ ਚੋਣਾਂ ਦੌਰਾਨ ਵਿਰੋਧੀ ਦਲਾਂ ਦੇ ਆਗੂਆਂ 'ਤੇ ਦਬਾਅ ਬਣਾਉਣ ਲਈ ਆਪਣੀਆਂ ਏਜੰਸੀਆਂ ਰਾਹੀਂ ਅਜਿਹੀਆਂ ਕਾਰਵਾਈਆਂ ਕਰਵਾਈਆਂ ਜਾਂਦੀਆਂ ਹਨ, ਜਦੋਂ ਕਿ ਜੋ ਧਿਰਾਂ ਭਾਜਪਾ ਨਾਲ ਜੁੜੀਆਂ ਹੁੰਦੀਆਂ ਹਨ, ਉਨ੍ਹਾਂ ਉਤੇ ਅਜਿਹੀਆਂ ਕਾਰਵਾਈਆਂ ਨਹੀਂ ਕੀਤੀਆਂ ਜਾਂਦੀਆਂ। ਮੁੱਖ ਮੰਤਰੀ ਚੰਨੀ ਨੇ ਵੀ ਪੱਛਮੀ ਬੰਗਾਲ ਦੀਆਂ ਚੋਣਾਂ ਦੀ ਉਦਾਹਰਨ ਦਿੱਤੀ ਹੈ। ਮਾਰਚ-ਅਪ੍ਰੈਲ 2021 ਵਿਚ ਉਥੇ ਚੋਣਾਂ ਦੇ ਮੌਕੇ ਉਤੇ ਸੀ.ਬੀ.ਆਈ. ਨੇ ਮਮਤਾ ਬੈਨਰਜੀ ਦੇ ਭਤੀਜੇ ਅਭਿਸ਼ੇਕ ਦੀ ਪਤਨੀ ਤੋਂ ਪੁੱਛਗਿੱਛ ਕੀਤੀ ਸੀ।

ਕੋਲਾ ਘੁਟਾਲੇ ਨਾਲ ਜੁੜੇ ਕੇਸ ਵਿਚ ਅਭਿਸ਼ੇਕ ਦੀ ਸਾਲੀ ਦੇ ਪਤੀ ਅਤੇ ਪਿਤਾ ਨੂੰ ਵੀ ਪੁੱਛਗਿੱਛ ਲਈ ਬੁਲਾਇਆ ਗਿਆ ਸੀ। ਇਸ ਤੋਂ ਪਹਿਲਾਂ ਮਹਾਰਾਸ਼ਟਰ ਵਿਚ ਅਕਤੂਬਰ 2019 ਵਿਚ ਹੋਈਆਂ ਚੋਣਾਂ ਸਮੇਂ ਵੀ ਈ.ਡੀ. ਨੇ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ 'ਤੇ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਉਸ ਨੇ ਮਨਸ਼ੇ ਦੇ ਮੁਖੀ ਰਾਜ ਠਾਕਰੇ ਨੂੰ ਵੀ ਪੁੱਛਗਿੱਛ ਲਈ ਬੁਲਾਇਆ ਸੀ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਵਿਚ ਨਵੰਬਰ 2018 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਪ੍ਰਧਾਨ ਕਮਲਨਾਥ ਦੇ ਨਜ਼ਦੀਕੀਆਂ ਉਤੇ ਆਮਦਨ ਕਰ ਦਾ ਛਾਪਾ ਮਰਵਾਇਆ ਗਿਆ ਸੀ। ਤਾਮਿਲਨਾਡੂ ਦੀਆਂ ਅਪ੍ਰੈਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਡੀ.ਐਮ.ਕੇ. ਆਗੂ ਕਰੁਣਾਨਿਧੀ ਦੀ ਬੇਟੀ ਕਨੀਮੋਝੀ ਜੋ ਸੰਸਦ ਮੈਂਬਰ ਸੀ, ਦੇ ਘਰ 'ਤੇ ਵੀ ਆਮਦਨ ਕਰ ਨੇ ਛਾਪਾ ਮਾਰਿਆ ਸੀ। ਹੁਣ ਪੰਜਾਬ ਵਿਚ ਚੋਣ ਮਾਹੌਲ ਵਿਚ ਅਜਿਹੇ ਛਾਪੇ ਕਈ ਸਵਾਲ ਖੜ੍ਹੇ ਕਰਦੇ ਹਨ।

ਉਧਰ, ਵਿਰੋਧੀ ਧਿਰਾਂ ਵੀ ਇਸ ਕਾਰਵਾਈ ਨੂੰ ਕਾਂਗਰਸ ਖਿਲਾਫ ਮੋਰਚਾ ਖੋਲ੍ਹਣ ਲਈ ਇਕ ਮੌਕੇ ਵਜੋਂ ਵਰਤਣ ਵਿਚ ਜੁਟ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਈਡੀ ਦੇ ਛਾਪੇ ਦੌਰਾਨ ਚਰਚਾ ਵਿਚ ਆਏ ਉਨ੍ਹਾਂ ਦੇ ਰਿਸ਼ਤੇਦਾਰ ਭੁਪਿੰਦਰ ਸਿੰਘ ਹਨੀ ਵਿਚਕਾਰ ਵਪਾਰਕ ਹਿੱਤ ਸਾਂਝੇ ਹੋਣ ਦੇ ਦੋਸ਼ ਲਾਏ ਹਨ। ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਹਨੀ ਸਮੇਤ ਰੇਤ ਮਾਫੀਆ ਨਾਲ ਜੁੜੇ ਕਈ ਵਿਅਕਤੀਆਂ ਨਾਲ ਮੁੱਖ ਮੰਤਰੀ ਦੇ ਕਰੀਬੀ ਰਿਸ਼ਤਿਆਂ ਦੇ ਸਬੂਤ ਵਜੋਂ ਤਸਵੀਰਾਂ, ਵੀਡੀਓ ਅਤੇ ਆਡੀਓ ਵੀ ਜਨਤਕ ਕੀਤੇ।

ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦੇ ਹਲਕੇ ਚਮਕੌਰ ਸਾਹਿਬ ਵਿਚ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਨਾਜਾਇਜ਼ ਤੇ ਗੈਰਕਾਨੂੰਨੀ ਢੰਗ ਨਾਲ ਰੇਤ ਦੀ ਮਾਈਨਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਮੰਗੀ ਹੈ। ਮਜੀਠੀਆ ਨੇ ਵੀਡੀਓ ਤੇ ਆਡੀਓ ਰਿਕਾਰਡਿੰਗ ਨੂੰ ਆਧਾਰ ਬਣਾ ਕੇ ਮੁੱਖ ਮੰਤਰੀ ਨੂੰ ਨਿਸ਼ਾਨਾ ਬਣਾਉਂਦਿਆਂ ਨਿਰਪੱਖ ਜਾਂਚ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਵੀਡੀਓ ਅਤੇ ਆਡੀਓ ਰਿਕਾਰਡਿੰਗਜ਼ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮੁੱਖ ਮੰਤਰੀ ਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਭੁਪਿੰਦਰ ਹਨੀ, ਜਿਸ ਦੇ ਘਰੋਂ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਹਾਲ ਹੀ ਵਿਚ 10 ਕਰੋੜ ਰੁਪਏ ਨਗਦ ਤੇ ਵੱਡੀ ਮਾਤਰਾ ਵਿਚ ਸੋਨਾ ਬਰਾਮਦ ਕੀਤਾ ਹੈ, ਵਿਚਾਲੇ ਭਾਈਵਾਲੀ ਹੈ। ਮੁੱਖ ਮੰਤਰੀ ਦੇ ਦਾਅਵਿਆਂ ਨੂੰ ਕੋਰਾ ਝੂਠ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਚੰਨੀ ਅਤੇ ਕਾਂਗਰਸ ਨੂੰ ਸ਼ੀਸ਼ਾ ਦਿਖਾਉਣ ਲਈ ਇਹ ਤਸਵੀਰਾਂ ਕਾਫੀ ਹਨ।

ਮਜੀਠੀਆ ਨੇ ਸਾਲਾਪੁਰ ਪਿੰਡ ਦੇ ਸਰਪੰਚ ਇਕਬਾਲ ਸਿੰਘ ਤੇ ਉਸ ਦੇ ਪੁੱਤਰ ਬਿੰਦਰ ਦੀਆਂ ਆਡੀਓ ਰਿਕਾਰਡਿੰਗ ਵੀ ਜਾਰੀ ਕੀਤੀਆਂ। ਮਜੀਠੀਆ ਨੇ ਦਾਅਵਾ ਕੀਤਾ ਕਿ ਇਕਬਾਲ ਸਿੰਘ ਮੁੱਖ ਮੰਤਰੀ ਦਾ ਕਰੀਬੀ ਹੈ। ਇਨ੍ਹਾਂ ਆਡੀਓ ਰਿਕਾਰਡਿੰਗਜ਼, ਜੋ ਦਰਸ਼ਨ ਸਿੰਘ ਨਾਂ ਦੇ ਵਿਅਕਤੀ ਵੱਲੋਂ ਰਿਕਾਰਡ ਕੀਤੀਆਂ ਗਈਆਂ ਹਨ, ਵਿਚ ਇਕਬਾਲ ਸਿੰਘ ਮੁੱਖ ਮੰਤਰੀ ਦੀ ਸਰਪ੍ਰਸਤੀ ਹਾਸਲ ਹੋਣ ਬਾਰੇ ਗੱਲ ਕਰਦਾ ਸੁਣਾਈ ਦਿੰਦਾ ਹੈ। ਪ੍ਰੈੱਸ ਕਾਨਫਰੰਸ ਵਿਚ ਦਿਖਾਈ ਗਈ ਇਕ ਵੀਡੀਓ 'ਚ ਇਹ ਦਾਅਵਾ ਕੀਤਾ ਗਿਆ ਹੈ ਇਕ ਜੰਗਲਾਤ ਗਾਰਡ, ਜਿਸ ਨੇ ਜੰਗਲਾਤ ਦੀ ਜ਼ਮੀਨ 'ਤੇ ਮਾਈਨਿੰਗ ਦਾ ਵਿਰੋਧ ਕੀਤਾ ਸੀ, ਦੀ ਬਦਲੀ ਕਰਵਾ ਕੇ ਉਸ ਨੂੰ ਚੁੱਪ ਕਰਵਾ ਦਿੱਤਾ ਗਿਆ।



### ਕਰੋੜਾਂ ਰੁਪਏ ਦੀ ਬਰਾਮਦਗੀ ਨੇ ਚੰਨੀ ਦੀ ਪੋਲ ਖੋਲ੍ਹੀ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਈਡੀ ਦੇ ਛਾਪਿਆਂ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰ ਘਰੋਂ ਮਿਲੀ 10 ਕਰੋੜ ਰੁਪਏ ਦੀ ਵੱਡੀ ਰਕਮ ਤੇ ਸੋਨੇ ਨੇ ਆਮ ਆਦਮੀ ਦਾ ਮਖੌਟਾ ਪਾ ਕੇ ਘੁੰਮ ਰਹੇ ਚਰਨਜੀਤ ਸਿੰਘ ਚੰਨੀ ਦੀ ਪੋਲ ਖੋਲ੍ਹ ਦਿੱਤੀ ਹੈ। ਸ੍ਰੀ ਢੀਂਡਸਾ ਨੇ ਦੋਸ਼ ਲਾਇਆ ਕਿ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਢੰਗ ਨਾਲ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਵੱਲੋਂ ਇਕੱਠਾ ਕੀਤਾ ਗਿਆ ਇਹ ਪੈਸਾ ਚੋਣਾਂ ਵਿਚ ਖਰਚ ਕੀਤਾ ਜਾ ਰਿਹਾ ਹੈ ਅਤੇ ਈਡੀ ਦੇ ਛਾਪੇ ਦੌਰਾਨ ਬਰਾਮਦ 10 ਕਰੋੜ ਰੁਪਏ ਤਾਂ ਸਿਰਫ ਇਕ ਹਿੱਸਾ ਹੈ ਜਦਕਿ ਚੋਣਾਂ ਵਿਚ ਸੱਤਾ ਹਾਸਲ ਕਰਨ ਲਈ ਕਈ ਕਰੋੜ ਰੁਪਏ ਪਾਣੀ ਦੀ ਤਰ੍ਹਾਂ ਵਹਾਏ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ 'ਚ ਕਾਂਗਰਸ ਦੇ ਹੋਰ ਕਈ ਉਮੀਦਵਾਰਾਂ ਤੋਂ ਵੀ ਕਰੋੜਾਂ ਰੁਪਏ ਬਰਾਮਦ ਹੋਣ ਦੀ ਉਮੀਦ ਹੈ।

### ਕੇਜਰੀਵਾਲ ਵੱਲੋਂ ਸਤਿੰਦਰ ਜੈਨ ਦੀ ਗ੍ਰਿਫਤਾਰੀ ਦਾ ਖਦਸ਼ਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ ਨੂੰ ਪੰਜਾਬ ਚੋਣਾਂ ਤੋਂ ਪਹਿਲਾਂ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਈ.ਡੀ. ਪੰਜਾਬ ਚੋਣਾਂ ਤੋਂ ਪਹਿਲਾਂ ਅਗਲੇ ਕੁਝ ਦਿਨਾਂ 'ਚ ਸਤਿੰਦਰ ਜੈਨ ਨੂੰ ਗ੍ਰਿਫਤਾਰ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਕੇਂਦਰ ਸਰਕਾਰ ਨੇ ਜੈਨ 'ਤੇ ਪਹਿਲਾਂ ਦੋ ਵਾਰ ਛਾਪੇਮਾਰੀ ਕੀਤੀ ਪਰ ਕੁਝ ਨਹੀਂ ਮਿਲਿਆ। ਜੇ ਈ.ਡੀ. ਮੁੜ ਆਉਣਾ ਚਾਹੁੰਦੀ ਹੈ ਤਾਂ ਉਸ ਦਾ ਸਵਾਗਤ ਹੈ।

### ਚੰਨੀ ਦੀ ਰੇਤ ਮਾਫੀਆ ਨਾਲ ਰਹੀ ਹੈ ਸਾਂਝ: ਅਮਰਿੰਦਰ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਮੁੜ ਹਮਲਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਚੰਨੀ ਦੀ ਰੇਤ ਮਾਫੀਆ ਵਿਚ ਸ਼ਮੂਲੀਅਤ ਰਹੀ ਹੈ ਅਤੇ ਹੋਰ ਵੀ ਕਈ ਵਿਧਾਇਕ ਤੇ ਵਜ਼ੀਰ ਇਸ ਧੰਦੇ ਵਿਚ ਸਨ। ਅਮਰਿੰਦਰ ਨੇ ਕਿਹਾ ਕਿ ਸੋਨੀਆ ਗਾਂਧੀ ਤੋਂ ਮਨਜ਼ੂਰੀ ਨਾ ਮਿਲਣ ਕਰਕੇ ਉਹ ਰੇਤ ਮਾਫੀਆ ਵਿਚ ਸ਼ਾਮਲ ਵਿਧਾਇਕਾਂ ਖਿਲਾਫ ਕਾਰਵਾਈ ਨਹੀਂ ਕਰ ਸਕੇ ਸਨ। ਉਨ੍ਹਾਂ ਇਸ ਨੂੰ ਆਪਣੀ ਗਲਤੀ ਕਬੂਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਰੇਤ ਮਾਫੀਏ ਖਿਲਾਫ ਉਪਰ ਤੋਂ ਕਾਰਵਾਈ ਕਰਨੀ ਪੈਣੀ ਸੀ।

# ਚੰਨੀ ਹੁਣ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ: ਸੁਖਬੀਰ

**ਅੰਮ੍ਰਿਤਸਰ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰ ਦੇ ਘਰ ਈਡੀ ਵੱਲੋਂ ਮਾਰੇ ਛਾਪੇ ਦੌਰਾਨ ਕਰੋੜਾਂ ਰੁਪਏ ਦੀ ਨਕਦੀ ਬਰਾਮਦ ਹੋਣ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਕੋਲੋਂ ਨੈਤਿਕਤਾ ਦੇ ਆਧਾਰ 'ਤੇ ਅਸਤੀਫੇ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਮਾਮਲੇ ਵਿਚ ਕਾਂਗਰਸ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵੀ ਕਿਹਾ ਹੈ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਰਿਸ਼ਤੇਦਾਰ ਦੇ ਘਰੋਂ ਮਿਲੀ ਨਕਦੀ ਰੇਤ ਮਾਫੀਆ ਕਾਰੋਬਾਰ ਨਾਲ ਸਬੰਧਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੇ ਮੁੱਖ ਮੰਤਰੀ ਦੀ ਰਿਹਾਇਸ਼ ਦੀ ਵੀ ਜਾਂਚ ਕੀਤੀ ਜਾਵੇ ਤਾਂ ਹੋਰ ਨਕਦੀ ਬਰਾਮਦ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹੀ ਰੇਤ ਮਾਫੀਆ ਚਲਾ ਰਹੇ ਹਨ। ਇਕ ਸਵਾਲ ਦੇ ਜਵਾਬ ਵਿੱਚ ਸੁਖਬੀਰ ਨੇ ਆਖਿਆ ਕਿ ਆਮ ਆਦਮੀ ਪਾਰਟੀ ਨੂੰ ਜਦੋਂ ਮੁੱਖ ਮੰਤਰੀ ਦੇ ਚਿਹਰੇ ਲਈ ਸੂਬੇ 'ਚੋਂ ਕੋਈ ਚੰਗਾ ਆਗੂ ਨਹੀਂ ਮਿਲਿਆ ਤਾਂ ਉਨ੍ਹਾਂ ਚਲਾਕੀ ਨਾਲ ਭਗਵੰਤ ਮਾਨ ਨੂੰ ਉਮੀਦਵਾਰ ਬਣਾ ਦਿੱਤਾ ਹੈ।

### ਚੰਨੀ ਨੇ ਖਣਨ ਰਾਹੀਂ ਕਰੋੜਾਂ ਇਕੱਠੇ ਕੀਤੇ: ਹਰਸਿਮਰਤ



**ਬਠਿੰਡਾ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪਰਿਵਾਰ ਨੇ ਉਨ੍ਹਾਂ ਦੇ 111 ਦਿਨਾਂ ਦੇ ਕਾਰਜਕਾਲ ਦੌਰਾਨ ਕਰੋੜਾਂ ਰੁਪਏ ਇਕੱਠੇ ਕੀਤੇ ਹਨ। ਉਨ੍ਹਾਂ ਕਿਹਾ ਕਿ ਈਡੀ ਵੱਲੋਂ ਮੁੱਖ ਮੰਤਰੀ ਦੇ ਭਾਣਜੇ ਦੀ ਰਿਹਾਇਸ਼ 'ਤੇ ਮਾਰੇ ਗਏ ਛਾਪੇ ਦੌਰਾਨ ਕਰੋੜਾਂ ਦੀ ਨਕਦੀ ਬਰਾਮਦ ਹੋਣ ਤੋਂ ਸਾਫ ਹੋ ਗਿਆ ਹੈ ਕਿ ਸੂਬੇ ਵਿਚ ਰੇਤ ਮਾਫੀਆ ਸ੍ਰੀ ਚੰਨੀ ਵੱਲੋਂ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਤੇ ਚੰਗਾ ਹੋਵੇਗਾ ਜੇਕਰ ਇਹ ਸੀਨੀਅਰ ਜੱਜ ਵੱਲੋਂ ਕੀਤੀ ਜਾਵੇ।

# ਚਮਕੌਰ ਸਾਹਿਬ ਤੋਂ ਹਾਰ ਰਹੇ ਨੇ ਚਰਨਜੀਤ ਸਿੰਘ ਚੰਨੀ: ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਆਗੂ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੀ ਚਮਕੌਰ ਸਾਹਿਬ ਸੀਟ ਵਿਧਾਨ ਸਭਾ ਚੋਣਾਂ ਵਿਚ ਹਾਰਨਗੇ। ਕੇਜਰੀਵਾਲ ਨੇ ਕਿਹਾ ਕਿ ਚੰਨੀ ਦੇ ਰਿਸ਼ਤੇਦਾਰ ਦੇ ਘਰੋਂ ਕਰੋੜਾਂ ਰੁਪਏ ਬਰਾਮਦ ਹੋਣ 'ਤੇ ਲੋਕ ਹੈਰਾਨ ਹਨ। ਆਪਣੇ ਦਾਅਵੇ ਲਈ 'ਆਪ' ਆਗੂ ਨੇ ਪਾਰਟੀ ਦੇ ਸਰਵੇਖਣ ਦਾ ਹਵਾਲਾ ਵੀ ਦਿੱਤਾ।

ਕੇਜਰੀਵਾਲ ਨੇ ਟਵੀਟ ਵਿਚ ਕਿਹਾ, 'ਸਾਡਾ ਸਰਵੇਖਣ ਦਿਖਾ ਰਿਹਾ ਹੈ ਕਿ ਚੰਨੀ ਜੀ ਚਮਕੌਰ ਸਾਹਿਬ ਤੋਂ ਹਾਰ ਰਹੇ ਹਨ। ਟੀਵੀ ਉਤੇ ਈਡੀ ਅਧਿਕਾਰੀਆਂ ਨੂੰ ਨੋਟ ਗਿਣਦੇ ਦੇਖ ਲੋਕ ਹੈਰਾਨ ਹਨ।' ਜ਼ਿਕਰਯੋਗ ਹੈ ਕਿ ਚੰਨੀ ਵਿਧਾਨ ਸਭਾ ਚੋਣ ਚਮਕੌਰ ਸਾਹਿਬ ਸੀਟ ਤੋਂ ਲੜਨਗੇ। ਕੇਂਦਰੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਚੰਨੀ ਦੇ ਭਤੀਜੇ ਅਤੇ ਕਈ ਹੋਰਾਂ ਦੇ ਟਿਕਾਣਿਆਂ ਉਤੇ ਮਾਰੇ ਗਏ ਛਾਪਿਆਂ ਤੋਂ ਬਾਅਦ ਲਗਾਤਾਰ 'ਆਪ' ਮੁੱਖ ਮੰਤਰੀ ਨੂੰ ਨਿਸ਼ਾਨਾ ਬਣਾ ਰਹੀ ਹੈ।

ਕੇਜਰੀਵਾਲ ਨੇ ਹਿੰਦੀ ਵਿਚ ਟਵੀਟ ਕਰਦਿਆਂ ਈਡੀ ਦੇ ਛਾਪਿਆਂ ਤੋਂ ਬਾਅਦ ਚੰਨੀ ਉਤੇ ਨਿਸ਼ਾਨਾ ਸੇਧਿਆ ਸੀ। 'ਆਪ' ਆਗੂ ਰਾਘਵ ਚੱਢਾ ਨੇ ਵੀ ਮੁੱਖ ਮੰਤਰੀ ਚੰਨੀ ਨੂੰ ਸਵਾਲ ਕੀਤਾ ਸੀ ਕਿ ਉਹ ਆਪਣੇ ਰਿਸ਼ਤੇਦਾਰ ਦੇ ਘਰੋਂ ਕਰੋੜਾਂ ਦੀ ਰਿਕਵਰੀ ਬਾਰੇ ਜਵਾਬ ਦੇਣ। ਜ਼ਿਕਰਯੋਗ ਹੈ ਕਿ ਈਡੀ ਨੇ ਮੁੱਖ ਮੰਤਰੀ ਚੰਨੀ ਦੇ ਰਿਸ਼ਤੇਦਾਰ ਦੇ ਘਰੋਂ ਅੱਠ ਕਰੋੜ ਰੁਪਏ ਨਗਦ ਬਰਾਮਦ ਕੀਤੇ ਸਨ। ਇਹ ਛਾਪੇ ਗੈਰਕਾਨੂੰਨੀ ਖਣਨ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਨਾਲ ਸਬੰਧਤ ਸਨ।



### ਕੇਜਰੀਵਾਲ 'ਤੇ ਮਾਣਹਾਨੀ ਦਾ ਕੇਸ ਕਰਾਂਗੇ: ਚੰਨੀ

**ਚਮਕੌਰ ਸਾਹਿਬ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਬੇਈਮਾਨ ਆਦਮੀ ਕਿਹਾ ਹੈ। ਸੋਸ਼ਲ ਮੀਡੀਆ ਤੇ ਨੋਟਾਂ ਨਾਲ ਉਨ੍ਹਾਂ ਦੀ ਫੋਟੋ ਲਗਾ ਕੇ ਜਿਥੇ ਉਨ੍ਹਾਂ ਨੂੰ ਬਦਨਾਮ ਕੀਤਾ ਉਥੇ ਨਾਲ ਹੀ ਉਨ੍ਹਾਂ ਦਾ ਮਖੌਲ ਵੀ ਉਡਾਇਆ ਜਾ ਰਿਹਾ ਹੈ। ਸ੍ਰੀ ਚੰਨੀ ਨੇ ਕਿਹਾ ਕਿ ਈਡੀ ਵੱਲੋਂ ਬਰਾਮਦ ਕੀਤੀ ਰਕਮ ਨਾਲ ਉਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਹੈ ਅਤੇ ਨਾ ਹੀ ਰਕਮ ਉਨ੍ਹਾਂ ਦੇ ਘਰੋਂ ਮਿਲੀ ਹੈ। ਸ੍ਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਕਾਂਗਰਸ ਪਾਰਟੀ ਤੋਂ ਪ੍ਰਵਾਨਗੀ ਮੰਗੀ ਹੈ ਤੇ ਉਹ ਅਰਵਿੰਦ ਕੇਜਰੀਵਾਲ 'ਤੇ ਮਾਣਹਾਨੀ ਦਾ ਕੇਸ ਦਰਜ ਕਰਵਾਉਣਗੇ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦਰਸ਼ਨੀ ਡਿਓੜੀ ਦੇ ਪੁਰਾਣੇ ਦਰਵਾਜ਼ੇ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ 2 ਵੱਡ ਆਕਾਰੀ ਤੇ ਕਰੀਬ ਦੋ ਸੌ ਸਾਲ ਪੁਰਾਤਨ ਦਰਵਾਜੇ, ਜਿਨ੍ਹਾਂ ਦੀ ਹਾਲਤ ਖਸਤਾ ਹੋਣ ਕਾਰਨ ਇਨ੍ਹਾਂ ਨੂੰ 2010 ਵਿਚ ਉਤਾਰ ਕੇ ਇਨ੍ਹਾਂ ਦੀ ਥਾਂ ਦੋ ਨਵੇਂ ਦਰਵਾਜੇ ਕਾਰ ਸੇਵਾ ਸੰਪਰਦਾ ਭੂਰੀ ਵਾਲਿਆਂ ਵੱਲੋਂ ਤਿਆਰ ਕਰਵਾ ਕੇ ਲਗਾ ਦਿੱਤੇ ਗਏ ਸਨ, ਨੂੰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਦਰਸ਼ਨਾਂ ਲਈ ਪਰਿਕਰਮਾ ਵਿਚ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਾਂ ਇਹ ਪੁਰਾਤਨ ਦਰਵਾਜੇ ਕਰੀਬ ਸਾਢੇ ਤਿੰਨ ਸਾਲ ਗੁਰਦੁਆਰਾ ਲਾਚੀ ਬੇਰ ਦੇ ਸਾਹਮਣੇ ਵਰਾਂਡੇ ਵਿਚ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਗਏ ਸਨ ਪਰ ਹੁਣ ਇਨ੍ਹਾਂ ਨੂੰ ਇਥੋਂ ਤਬਦੀਲ ਕਰਕੇ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਰੱਖਿਆ ਗਿਆ ਹੈ। ਇਸੇ ਦੌਰਾਨ ਕੇਂਦਰੀ ਸਿੱਖ ਅਜਾਇਬ ਘਰ ਦੇ ਪ੍ਰਬੰਧਕ ਇਕਬਾਲ ਸਿੰਘ ਮੁਖੀ ਨੇ ਦੱਸਿਆ ਕਿ ਦਰਸ਼ਨੀ ਡਿਓੜੀ ਦੇ ਪੁਰਾਣੇ ਦਰਵਾਜੇ ਹੁਣ ਅਜਾਇਬ ਘਰ ਦੀ ਹੇਠਲੀ ਮੰਜ਼ਿਲ 'ਤੇ ਪਰਿਕਰਮਾ ਵਿਚ ਸਥਿਤ ਪ੍ਰਵੇਸ਼ ਦੁਆਰ, ਜਿਥੋਂ ਅਜਾਇਬ ਘਰ ਲਈ ਪੌੜੀਆਂ ਉੱਪਰ ਜਾਂਦੀਆਂ ਹਨ, ਵਿਖੇ ਹੀ ਸ਼ੀਸ਼ੇ ਦੇ ਫਰੇਮ ਵਿਚ ਸੁਸ਼ੋਭਿਤ ਕੀਤੇ ਗਏ ਹਨ ਤਾਂ ਕਿ ਅਜਾਇਬ ਘਰ ਵਿਚ ਆਉਣ ਵਾਲੀਆਂ ਸੰਗਤਾਂ ਦੇ ਨਾਲ-ਨਾਲ ਪਰਿਕਰਮਾਂ ਵਿਚੋਂ ਲੰਘਦੀਆਂ ਸੰਗਤਾਂ ਵੀ ਇਨ੍ਹਾਂ ਦੇ ਦਰਸ਼ਨ ਕਰ ਸਕਣ।

## ਪੰਜਾਬ ਬਜਟ ਲੋਕ ਰਾਇ ਨਾਲ ਤਿਆਰ ਕਰਾਂਗੇ: ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ 'ਚ 2022 ਵਿਚ 'ਆਪ' ਦੀ ਸਰਕਾਰ ਬਣਨ 'ਤੇ ਸੂਬੇ ਦਾ ਬਜਟ ਲੋਕ ਰਾਇ ਨਾਲ ਤਿਆਰ ਕੀਤਾ ਜਾਵੇਗਾ। ਬਜਟ ਤਿਆਰ ਕਰਨ ਤੋਂ ਪਹਿਲਾਂ ਵਪਾਰੀਆਂ-ਕਾਰੋਬਾਰੀਆਂ, ਕਿਸਾਨਾਂ-ਮਜ਼ਦੂਰਾਂ, ਔਰਤਾਂ, ਨੌਜਵਾਨਾਂ-ਬਜ਼ੁਰਗਾਂ ਅਤੇ ਮੁਲਾਜ਼ਮਾਂ ਸਮੇਤ ਸਾਰੇ ਵਰਗਾਂ ਦੀ ਰਾਇ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਦਿੱਲੀ ਦੀ 'ਆਪ' ਸਰਕਾਰ ਨੇ ਅਗਲੇ ਵਿੱਤੀ ਸਾਲ 2022-23 ਦੇ ਬਜਟ ਲਈ ਸਲਾਹ-ਮਸ਼ਵਰਾ ਸ਼ੁਰੂ ਕਰ ਦਿੱਤਾ ਹੈ। ਬਜਟ ਤਿਆਰ ਕਰਨ ਲਈ ਦਿੱਲੀ ਵਾਸੀਆਂ ਅਤੇ ਵਪਾਰੀਆਂ-ਕਾਰੋਬਾਰੀਆਂ ਤੋਂ ਸੁਝਾਅ ਮੰਗੇ ਜਾ ਰਹੇ ਹਨ।

## ਪ੍ਰੋ. ਭੁੱਲਰ ਦੇ ਮਾਮਲੇ 'ਤੇ ਅਕਾਲੀ ਦਲ ਸਰਗਰਮ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਰਾਸ਼ਟਰਪਤੀ ਤੋਂ ਮੁਲਾਕਾਤ ਦਾ ਸਮਾਂ ਮੰਗਿਆ ਹੈ। ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਪ੍ਰਮੁੱਖ ਸਲਾਹਕਾਰ ਹਰਚਰਨ ਬੈਂਸ ਨੇ ਸਾਂਝੀ ਕੀਤੀ।

ਸ੍ਰੀ ਬੈਂਸ ਨੇ ਕਿਹਾ ਕਿ ਭੁੱਲਰ ਦੀ ਰਿਹਾਈ ਸਬੰਧੀ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਚੁੱਪ ਕਿਉਂ ਹਨ ਤੇ ਪੰਜਾਬ 'ਆਪ' ਦੇ ਪ੍ਰਧਾਨ ਭਗਵੰਤ ਮਾਨ ਵੀ ਇਸ ਸਬੰਧੀ ਕੁਝ ਨਹੀਂ ਬੋਲ ਰਹੇ, ਜਦੋਂਕਿ ਇਸ ਸਮੇਂ ਅਹਿਮ ਮੁੱਦਾ ਹੈ ਤੇ ਪੰਜਾਬ ਦੇ ਲੋਕ ਜੁਆਬ ਮੰਗ ਰਹੇ ਹਨ। ਬੈਂਸ ਨੇ ਦੱਸਿਆ ਕਿ ਪਾਰਟੀ ਨੇ ਭਾਰਤ ਦੇ ਰਾਸ਼ਟਰਪਤੀ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ ਜਿਸ ਵਿਚ ਪ੍ਰੋ. ਭੁੱਲਰ ਦੀ ਤੁਰਤ ਰਿਹਾਈ ਲਈ ਬੇਨਤੀ ਕੀਤੀ ਜਾਵੇਗੀ। ਅਕਾਲੀ ਦਲ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਦੀ ਮੰਗ ਕਰਨ ਨੂੰ ਚੱਲ ਰਹੀਆਂ ਚੋਣਾਂ ਨਾਲ ਜੋੜਨ ਬਾਰੇ ਇਕ ਸਵਾਲ ਦੇ ਜਵਾਬ ਵਿਚ ਬੈਂਸ ਨੇ ਕਿਹਾ ਕਿ ਬੀਤੇ 10 ਸਾਲਾਂ ਤੋਂ ਅਕਾਲੀ ਦਲ ਤਿੰਨ ਵਾਰ ਰਾਸ਼ਟਰਪਤੀ ਤੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਮਿਲ ਚੁੱਕਾ ਹੈ।

# ਐਨ.ਆਰ.ਆਈਜ਼ ਲਈ ਵਿਸ਼ੇਸ਼ ਮੈਨੀਫੈਸਟੋ ਹੋਵੇਗਾ: ਨਵਜੋਤ

**ਚੰਡੀਗੜ੍ਹ:** ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਕਾਂਗਰਸ ਵੱਲੋਂ ਐਨ.ਆਰ.ਆਈਜ. ਲਈ ਵਿਸ਼ੇਸ਼ ਮੈਨੀਫੈਸਟੋ ਤਿਆਰ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦੇ ਮਸਲਿਆਂ ਨੂੰ ਤਰਜੀਹੀ ਆਧਾਰ 'ਤੇ ਨਜਿੱਠਿਆ ਜਾ ਸਕੇ। ਓਵਰਸੀਜ਼ ਇੰਡੀਅਨ ਕਾਂਗਰਸ ਦੇ ਪਲੇਟਫਾਰਮ ਤੋਂ ਪਰਵਾਸੀ ਪੰਜਾਬੀਆਂ ਨਾਲ ਗੱਲਬਾਤ ਕਰਦਿਆਂ ਨਵਜੋਤ ਸਿੱਧੂ ਨੇ ਇਹ ਜਾਣਕਾਰੀ ਦਿੱਤੀ। ਸਿੱਧੂ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਹੋਵੇਗੀ ਕਿ ਪਰਵਾਸੀਆਂ ਦੇ ਕਾਨੂੰਨੀ ਅਧਿਕਾਰ ਯਕੀਨੀ ਬਣਾਏ ਜਾਣ ਕਿਉਂਕਿ ਇਸ ਵੇਲੇ ਜਾਇਦਾਦਾਂ ਦੇ ਝਗੜਿਆਂ ਆਦਿ ਦੇ 10 ਹਜ਼ਾਰ ਤੋਂ ਜ਼ਿਆਦਾ ਕੇਸ ਬਕਾਇਆ ਪਏ ਹਨ।

ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਕਾਂਗਰਸ ਇਹ ਟੀਚਾ ਲੈ ਕੇ ਚੱਲੀ ਹੈ ਕਿ ਇਕ ਟ੍ਰਿਬਿਊਨਲ ਬਣਾਇਆ ਜਾਵੇ ਜਿਸ ਨਾਲ ਐਨ.ਆਰ.ਆਈਜ ਦੇ ਝਗੜਿਆਂ ਆਦਿ ਦਾ ਨਿਪਟਾਰਾ ਤੇਜ਼ ਗਤੀ ਨਾਲ ਹੋ ਸਕੇ। ਉਨ੍ਹਾਂ



ਦੱਸਿਆ ਕਿ ਚੋਣ ਮਨੋਰਥ ਪੱਤਰ ਵਿਚ ਪਰਵਾਸੀਆਂ ਭਾਰਤੀਆਂ ਲਈ ਲੀਗਲ ਏਡ ਸੈਂਟਰ, ਹੈਲਪ ਲਾਈਨ ਅਤੇ ਸੰਪਤੀ ਦੇ ਮੁਫਤ ਅਦਾਨ-ਪ੍ਰਦਾਨ ਦੀ ਸੁਵਿਧਾ ਦੇਣ ਦੇ ਨੁਕਤੇ ਨੂੰ ਸ਼ਾਮਲ ਕੀਤਾ ਜਾਵੇਗਾ। ਨਵਜੋਤ ਸਿੱਧੂ ਨੇ ਕਿਹਾ ਕਿ ਐਨ.ਆਰ.ਆਈਜ. ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਐਨ.ਆਰ.ਆਈ. ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

## ਸੀਨੀਅਰ ਕਾਂਗਰਸੀ ਆਗੂ ਆਰ.ਪੀ.ਐਨ. ਸਿੰਘ ਭਾਜਪਾ ਵਿਚ ਸ਼ਾਮਲ

**ਨਵੀਂ ਦਿੱਲੀ:** ਸੀਨੀਅਰ ਕਾਂਗਰਸੀ ਆਗੂ ਆਰ.ਪੀ.ਐਨ. ਸਿੰਘ ਪਾਰਟੀ ਵਿਚੋਂ ਅਸਤੀਫਾ ਦੇ ਕੇ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜੇ ਆਪਣੇ ਅਸਤੀਫੇ ਦੀ ਇਕ ਕਾਪੀ ਟਵਿੱਟਰ 'ਤੇ ਸਾਂਝੀ ਕਰਦਿਆਂ ਲਿਖਿਆ ਹੈ, "ਅੱਜ, ਜਦੋਂ ਪੂਰਾ ਮੁਲਕ ਗਣਤੰਤਰ ਦਿਵਸ ਮਨਾ ਰਿਹਾ ਹੈ, ਮੈਂ ਆਪਣੇ ਸਿਆਸੀ ਜੀਵਨ ਵਿਚ ਨਵੇਂ ਅਧਿਆਏ ਦੀ ਸ਼ੁਰੂ ਕਰ ਰਿਹਾ ਹਾਂ। ਜੈ ਹਿੰਦ।" ਉਨ੍ਹਾਂ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਵਿਚੋਂ ਅਸਤੀਫਾ ਦਿੰਦਿਆਂ ਕਿਹਾ, "ਮੈਂ ਮੁਲਕ, ਲੋਕਾਂ ਅਤੇ ਪਾਰਟੀ ਦੀ ਸੇਵਾ ਦਾ ਮੌਕਾ ਦੇਣ ਲਈ ਤੁਹਾਡਾ (ਸੋਨੀਆ) ਧੰਨਵਾਦ ਕਰਦਾ ਹਾਂ।" ਉਹ ਕਾਂਗਰਸ ਵਿਚ ਕੌਮੀ ਬੁਲਾਰੇ ਅਤੇ ਝਾਰਖੰਡ ਦੇ ਇੰਚਾਰਜ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ।

## ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੇ ਰੋਕ ਲਈ ਕਮਿਸ਼ਨ ਨੂੰ ਪੱਤਰ

**ਹੁਸ਼ਿਆਰਪੁਰ:** ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਰਟੀ ਵਜੋਂ ਮਾਨਤਾ ਨੂੰ ਅਦਾਲਤ ਵਿਚ ਚੁਣੌਤੀ ਦੇਣ ਵਾਲੇ ਸੋਸ਼ਲਿਸਟ ਪਾਰਟੀ ਇੰਡੀਆ ਦੇ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਨੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਕੇਸ ਦਾ ਨਿਬੇੜਾ ਹੋਣ ਤੱਕ ਪਾਰਟੀ ਦਾ ਚੋਣ ਨਿਸ਼ਾਨ 'ਤੱਕੜੀ' ਫਰੀਜ਼ ਕਰਨ ਦੀ ਮੰਗ ਕੀਤੀ ਹੈ। ਖੇੜਾ ਅਨੁਸਾਰ ਅਕਾਲੀ ਦਲ ਦੀ ਮਾਨਤਾ ਦੇ ਕੇਸ ਦਾ ਟਰਾਇਲ ਚੱਲ ਰਿਹਾ ਹੈ, ਇਸ ਲਈ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ 'ਚ ਹਿੱਸਾ ਲੈਣਾ ਗੈਰ ਵਾਜਬ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਾਰਟੀ ਨੇ ਸਿਆਸੀ ਅਤੇ ਧਾਰਮਿਕ ਗਤੀਵਿਧੀਆਂ ਚਲਾਉਣ ਲਈ ਦੋ ਵੱਖਰੇ-ਵੱਖਰੇ ਸੰਵਿਧਾਨ ਰੱਖੇ ਹੋਏ ਹਨ। ਪਾਰਟੀ ਨੇ ਚੋਣ ਕਮਿਸ਼ਨ ਕੋਲ ਗਲਤ ਹਲਫ਼ਨਾਮਾ ਦਾਇਰ ਕਰ ਕੇ ਮਾਨਤਾ ਲਈ ਹੈ।

## ਪੰਜਾਬੀ ਗੀਤਕਾਰ ਦੇਵ ਥਰੀਕੇ ਵਾਲਾ ਦਾ ਦੇਹਾਂਤ

**ਮਾਨਸਾ:** ਪੰਜਾਬੀ ਦੇ ਪ੍ਰਸਿੱਧ ਗੀਤਕਾਰ ਹਰਦੇਵ ਸਿੰਘ ਦਿਲਗੀਰ (ਦੇਵ ਥਰੀਕਿਆਂ ਵਾਲਾ) ਦਾ ਦੇਹਾਂਤ ਹੋ ਗਿਆ। ਉਹ 82 ਸਾਲਾਂ ਦੇ ਸਨ। ਉਨ੍ਹਾਂ ਦੇ ਲਿਖੇ ਗੀਤਾਂ ਦੀ ਦੁਨੀਆਂ ਭਰ ਵਿਚ ਧੂਮ ਰਹੀ। ਉਨ੍ਹਾਂ ਦੇ ਗੀਤ ਹਰ ਕਿਸੇ ਦੀ ਜਬਾਨ ਉਤੇ ਸਨ।

# ਬੇਅਦਬੀ ਘਟਨਾਵਾਂ ਸਬੰਧੀ ਜਥੇਦਾਰ ਨੇ ਸਰਕਾਰੀ ਤੰਤਰ 'ਤੇ ਚੁੱਕੇ ਸਵਾਲ

**ਅੰਮ੍ਰਿਤਸਰ:** ਨਿੱਤ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਉਂਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੁਝ ਤਾਕਤਾਂ ਸਿੱਖਾਂ ਨੂੰ ਧਾਰਮਿਕ, ਸਿਆਸੀ, ਆਰਥਿਕ ਤੇ ਸਮਾਜਿਕ ਤੌਰ 'ਤੇ ਖਤਮ ਕਰਨ ਲਈ ਅਜਿਹੀਆਂ ਘਿਨੌਣੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੀਆਂ ਹਨ। ਉਨ੍ਹਾਂ ਆਖਿਆ ਕਿ ਕੇਂਦਰ ਅਤੇ ਸੂਬਾ ਸਰਕਾਰ ਦਾ ਸਮੁੱਚਾ ਤੰਤਰ ਇਨ੍ਹਾਂ ਘਟਨਾਵਾਂ ਪਿੱਛੇ ਲੁਕੀਆਂ ਤਾਕਤਾਂ ਦਾ ਪਤਾ ਲਾਉਣ ਵਿਚ ਅਸਫਲ ਰਿਹਾ ਹੈ।

ਇਨ੍ਹਾਂ ਘਟਨਾਵਾਂ ਸਬੰਧੀ ਜਦੋਂ ਵੀ ਕੋਈ ਵਿਅਕਤੀ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਉਸ ਨੂੰ ਮੰਦਬੁੱਧੀ ਕਹਿ ਕੇ ਛੱਡ ਦਿੱਤਾ ਜਾਂਦਾ ਹੈ। ਵੱਡੇ-ਵੱਡੇ ਘਪਲਿਆਂ ਦੀ ਤਹਿ ਤੱਕ ਜਾਇਆ ਜਾਂਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਦੀ ਮਾਣ-ਮਰਿਆਦਾ ਨੂੰ ਢਾਹ ਲਾਉਣ ਵਾਲਿਆਂ ਦਾ ਖੁਰਾ-ਖੋਜ ਲੱਭਣ ਤੋਂ ਸਰਕਾਰੀ ਏਜੰਸੀਆਂ ਅਸਫਲ ਰਹੀਆਂ ਹਨ। ਇਸ ਤੋਂ ਲੱਗਦਾ ਹੈ ਕਿ ਜਾਣ-ਬੁੱਝ ਕੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚਾਉਣ ਵਾਸਤੇ ਅਤੇ ਸਿੱਖਾਂ ਨੂੰ ਧਾਰਮਿਕ, ਸਿਆਸੀ, ਆਰਥਿਕ ਤੇ ਸਮਾਜਿਕ ਤੌਰ 'ਤੇ ਖਤਮ ਕਰਨ ਲਈ ਅਜਿਹਾ ਕੀਤਾ ਜਾ ਰਿਹਾ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਘਟਨਾਵਾਂ ਪਿੱਛੇ ਲੁਕੀਆਂ ਤਾਕਤਾਂ ਦਾ ਚਿਹਰਾ ਬੇਨਕਾਬ ਕਰਨ।

# ਅਸਾਂਜ ਦੀ ਹਵਾਲਗੀ ਬਾਰੇ ਯੂ.ਕੇ. ਅਦਾਲਤ ਸੁਣਾਏਗੀ ਫੈਸਲਾ

**ਲੰਡਨ:** ਬਰਤਾਨੀਆ ਦਾ ਹਾਈ ਕੋਰਟ ਹੁਣ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜ ਦੀ ਇਕ ਅਰਜ਼ੀ ਉਤੇ ਫੈਸਲਾ ਸੁਣਾਏਗਾ। ਅਮਰੀਕਾ ਨੂੰ ਆਪਣੀ ਹਵਾਲਗੀ ਖਿਲਾਫ ਅਸਾਂਜ (50) ਨੇ ਪਟੀਸ਼ਨ ਪਾਈ ਸੀ ਤੇ ਉਹ ਯੂ.ਕੇ. ਦੇ ਸੁਪਰੀਮ ਕੋਰਟ ਵਿਚ ਇਹ ਕੇਸ ਲੜਨਾ ਚਾਹੁੰਦਾ ਹੈ।

ਅਸਾਂਜ ਨੂੰ ਅਮਰੀਕਾ ਵਿਚ ਜਾਸੂਸੀ ਦੇ ਦੋਸ਼ਾਂ ਤਹਿਤ ਚਾਰਜਸ਼ੀਟ ਕੀਤਾ ਗਿਆ ਸੀ। ਉਸ ਨੇ ਵਿਕੀਲੀਕਸ ਉਤੇ ਕਈ ਸਾਲ ਪਹਿਲਾਂ ਖੁਫੀਆ ਦਸਤਾਵੇਜ਼ ਪ੍ਰਕਾਸ਼ਿਤ ਕਰ ਦਿੱਤੇ ਸਨ। ਅਸਾਂਜ ਨੇ ਯੂ.ਕੇ. ਵਿਚ ਲੰਮੀ ਕਾਨੂੰਨੀ ਲੜਾਈ ਲੜੀ ਹੈ ਤੇ ਉਹ ਅਮਰੀਕਾ ਨੂੰ ਸੌਂਪੇ ਜਾਣ ਤੋਂ ਬਚਣਾ ਚਾਹੁੰਦਾ ਹੈ। ਕਰੀਬ ਸਾਲ ਪਹਿਲਾਂ ਲੰਡਨ ਦੇ ਇਕ ਜ਼ਿਲ੍ਹਾ ਜੱਜ ਨੇ ਉਸ ਦੀ ਅਮਰੀਕਾ ਨੂੰ ਹਵਾਲਗੀ ਇਹ ਕਹਿੰਦਿਆਂ ਰੱਦ ਕਰ ਦਿੱਤੀ ਸੀ ਕਿ ਅਮਰੀਕਾ ਵਿਚ ਕੈਦ ਦੀਆਂ ਸ਼ਰਤਾਂ ਸਖਤ ਹਨ ਤੇ ਅਸਾਂਜ ਆਪਣੀ ਜਾਨ ਲੈ ਸਕਦਾ ਹੈ। ਅਮਰੀਕੀ ਅਥਾਰਿਟੀ ਨੇ ਮਗਰੋਂ ਯਕੀਨ ਦਿਵਾਇਆ ਸੀ ਕਿ ਅਸਾਂਜ ਨਾਲ ਸਖਤੀ ਨਹੀਂ ਕੀਤੀ ਜਾਵੇਗੀ ਕਿਉਂਕਿ ਉਸ ਦੇ ਵਕੀਲਾਂ ਨੇ ਕਿਹਾ ਹੈ ਕਿ ਅਜਿਹਾ ਕਰਨ ਨਾਲ ਉਹ ਸਰੀਰਕ ਤੇ ਮਾਨਸਿਕ ਤੌਰ ਉਤੇ ਤਣਾਅ ਦਾ ਸ਼ਿਕਾਰ ਹੋ ਸਕਦਾ ਹੈ। ਪਿਛਲੇ ਮਹੀਨੇ ਹਾਈ ਕੋਰਟ ਨੇ ਹੇਠਲੀ ਅਦਾਲਤ ਦਾ ਫੈਸਲਾ ਪਲਟਾ ਦਿੱਤਾ ਸੀ।

## ਟਿਕੈਤ ਵੱਲੋਂ ਚਿਤਾਵਨੀ

**ਅਲੀਗੜ੍ਹ (ਯੂ.ਪੀ.):** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਸਮਾਜ ਦੇ 'ਧਰੁਵੀਕਰਨ' ਅਤੇ ਉਨ੍ਹਾਂ ਦਾ ਧਿਆਨ 'ਹਿੰਦੂ ਮੁਸਲਿਮ' ਮੁੱਦਿਆਂ ਵੱਲ ਕੇਂਦਰਿਤ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਬਾਰੇ ਸੁਚੇਤ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਵਿਧਾਨ ਸਭਾ ਚੋਣਾਂ ਦੌਰਾਨ ਵੋਟ ਦੀ ਅਹਿਮੀਅਤ 'ਪੂਰੀ ਤਰ੍ਹਾਂ ਸਮਝਦੇ' ਹਨ ਅਤੇ ਉਨ੍ਹਾਂ ਨੂੰ ਕਿਸੇ ਝਾਂਸੇ ਵਿਚ ਆਉਣ ਦੀ ਲੋੜ ਨਹੀਂ ਹੈ। ਕਿਸਾਨ ਆਗੂ ਨੇ ਕਿਹਾ, "ਅਗਲੇ ਕੁਝ ਹਫਤਿਆਂ ਦੌਰਾਨ ਲਗਾਤਾਰ ਹਿੰਦੂ-ਮੁਸਲਿਮ ਅਤੇ ਜਿਨਾਹ ਵਿਸ਼ਿਆਂ ਬਾਰੇ ਗੱਲਬਾਤ ਦੇਖਣ ਨੂੰ ਮਿਲੇਗੀ ਅਤੇ ਤੁਹਾਨੂੰ ਅਜਿਹੀਆਂ ਭਟਕਾਬਾਜੀਆਂ ਤੋਂ ਸੁਚੇਤ ਰਹਿਣਾ ਹੋਵੇਗਾ।" ਉਨ੍ਹਾਂ ਗੁੱਝਾ ਵਿਅੰਗ ਕਰਦਿਆਂ ਕਿਹਾ, "ਉਤਰ ਪ੍ਰਦੇਸ਼ ਵਿੱਚ 15 ਮਾਰਚ ਤੱਕ ਹਿੰਦੂ-ਮੁਸਲਿਮ ਅਤੇ ਜਿਨਾਹ ਅਧਿਕਾਰਿਤ ਮਹਿਮਾਨ ਰਹਿਣਗੇ।"

## ਸੁਪਨਾ ਰਹਿ ਗਈ ਬਿਕਰਮ ਮਜੀਠੀਆ ਦੀ ਗ੍ਰਿਫਤਾਰੀ

*(ਸਫਾ ਇਕ ਦੀ ਬਾਕੀ)*

ਮਜੀਠੀਆ ਬਾਹਰੋਂ ਬਾਹਰ ਅਗਾਊਂ ਜ਼ਮਾਨਤ ਲੈਣ ਵਿਚ ਸਫਲ ਰਿਹਾ। ਹੁਣ ਭਾਵੇਂ ਹਾਈਕੋਰਟ ਨੇ ਪੱਕੀ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਮਜੀਠੀਆ ਲਈ ਸੁਪਰੀਮ ਕੋਰਟ ਦੀ ਸ਼ਰਨ ਲੈਣ ਦਾ ਰਾਹ ਖੁੱਲ੍ਹਾ ਹੈ। ਸੂਬੇ ਵਿਚ ਇਸ ਸਮੇਂ ਚੋਣ ਜ਼ਾਬਤਾ ਲੱਗਾ ਹੋਇਆ ਹੈ ਤੇ ਚੋਣਾਂ ਵਿਚ ਗਿਣਵੇਂ ਦਿਨ ਬਾਕੀ ਬਚੇ ਹਨ। ਇਸ ਤੋਂ ਬਾਅਦ ਸੂਬੇ ਵਿਚ ਨਵੀਂ ਸਰਕਾਰ ਬਣੇਗੀ। ਇਸ ਲਈ ਤੈਅ ਮੰਨਿਆਂ ਜਾ ਰਿਹਾ ਹੈ ਕਿ ਕਾਂਗਰਸ ਸਰਕਾਰ ਦਾ ਇਹ ਸੁਪਨਾ ਇਸ ਕਾਰਜਕਾਲ ਵਿਚ ਅਧੂਰਾ ਹੀ ਰਹਿ ਗਿਆ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਨਸ਼ਿਆਂ ਦੇ ਕੇਸ ਵਿਚ ਕੋਈ ਸਬੂਤ ਮਿਲਦਾ ਹੈ ਤਾਂ ਉਹ ਸਿਆਸਤ ਛੱਡ ਦੇਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਜਗਰੂਪ ਸਿੰਘ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ



ਸ਼ਿਕਾਗੋ: ਇੱਥੋਂ ਦੇ ਸੰਧੂ ਪਰਿਵਾਰ ਨੂੰ ਉਦੋਂ ਡੂੰਘਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਬਹੁਤ ਹੀ ਪਿਆਰੇ ਪਰਿਵਾਰਕ ਮੈਂਬਰ ਸ. ਜਗਰੂਪ ਸਿੰਘ ਸੰਧੂ (79) ਦਾ ਦੇਹਾਂਤ ਹੋ ਗਿਆ। ਸ. ਸੰਧੂ ਦਾ ਜਨਮ 2 ਅਕਤੂਬਰ, 1942 ਨੂੰ ਅਜੋਕੇ ਪੰਜਾਬ ਦੇ ਮੁਕਤਸਰ ਸ਼ਹਿਰ ਵਿਚ ਹੋਇਆ ਸੀ। ਬੀਤੀ 21 ਜਨਵਰੀ ਨੂੰ ਘਰ ਵਿਚ ਹੀ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦੇ ਪਤਨੀ ਹਰਜਿੰਦਰ ਕੌਰ ਸੰਧੂ, ਧੀਆਂ ਜਸਵਿੰਦਰ ਕੌਰ (ਆਦਿਲ ਅਲਾਵੀ) ਤੇ ਹਰਵਿੰਦਰ ਕੌਰ (ਪ੍ਰਸ਼ਾਂਤ ਅਤਲੁਰੀ), ਪੁੱਤਰ ਨਵਤੇਜ ਸਿੰਘ (ਜੈਸਮੀਨ ਸਿੰਘ), ਭੈਣ ਸੁਰਜੀਤ ਕੌਰ ਬਰਾੜ ਅਤੇ ਕਰੀਬੀ ਰਿਸ਼ਤੇਦਾਰ ਸਿੱਖ ਰਿਲੀਜੀਅਸ ਸੁਸਾਇਟੀ ਦੇ ਸਾਬਕਾ ਪ੍ਰਧਾਨ ਮਹਾਬੀਰ ਸਿੰਘ ਬਰਾੜ, ਪੋਤੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਆਨਿਕਾ, ਆਸ਼ਾ, ਮੀਨਾ, ਰਾਜਿੰਦਰ, ਰੋਮੀਆ, ਸਾਸ਼ਾ ਤੇ ਨਵੀਨ ਨੂੰ ਉਨ੍ਹਾਂ ਦੇ ਵਿਛੋੜੇ ਨਾਲ ਗਹਿਰਾ ਸਦਮਾ ਲੱਗਾ ਹੈ।

ਸ. ਜਗਰੂਪ ਸਿੰਘ ਸੰਧੂ ਦਾ ਸਸਕਾਰ 28 ਜਨਵਰੀ, ਦਿਨ ਸ਼ੁਕਰਵਾਰ ਨੂੰ ਕੰਟਰੀਸਾਈਡ ਫਿਊਨਰਲ ਹੋਮ (950 ਐਸ. ਬਾਰਟਲੈੱਟ ਰੋਡ ਬਾਰਟਲੈੱਟ, ਇਲੀਨਾਇਸ 60103) ਵਿਖੇ ਸਵੇਰੇ 10:00 ਤੋਂ 12:00 ਵਜੇ ਦਰਮਿਆਨ ਹੋਵੇਗਾ। ਜ਼ੂਮ ਰਾਹੀਂ ਆਨਲਾਈਨ ਵੀ ਸਸਕਾਰ 'ਚ ਹਾਜ਼ਰੀ ਲਵਾਈ ਜਾ ਸਕਦੀ ਹੈ। ਇਸ ਉਪਰੰਤ ਗੁਰਦੁਆਰਾ ਸਾਹਿਬ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ ਵਿਖੇ ਦੁਪਹਿਰ 1:00 ਤੋਂ 2:00 ਵਜੇ ਤਕ ਗੁਰੂ ਕਾ ਲੰਗਰ ਵਰਤੇਗਾ ਤੇ 2:00 ਤੋਂ 4:00 ਵਜੇ ਤਕ ਭੋਗ ਤੇ ਅੰਤਿਮ ਅਰਦਾਸ ਹੋਵੇਗੀ। ਯੂਟਿਊਬ 'ਤੇ ਭੋਗ ਸਮਾਗਮ ਦਾ ਲਾਈਵ ਪ੍ਰਸਾਰਣ ਵੀ ਹੋਵੇਗਾ। ਅੰਤਿਮ ਅਰਦਾਸ 'ਚ ਹਾਜ਼ਰੀ ਲਵਾਉਣ ਵਾਲਿਆਂ ਲਈ ਮਾਸਕ ਲਾਜ਼ਮੀ ਹਨ। ਜ਼ੂਮ ਮੀਟਿੰਗ ਦਾ ਵਿਸ਼ਾ ਜਗਰੂਪ ਸਿੰਘ ਸੰਧੂ ਤੇ ਸਮਾਂ 28 ਜਨਵਰੀ, 2022 ਸਵੇਰੇ ਦਸ ਵਜੇ ਹੈ। ਮੀਟਿੰਗ ਆਈਡੀ: 815 5083 4844 ਤੇ ਪਾਸਕੋਡ 61984 ਹੈ।

## ਮੁਸਤਫਾ ਖਿਲਾਫ 'ਫਿਰਕੂ' ਟਿੱਪਣੀਆਂ ਦਾ ਕੇਸ ਦਰਜ

**ਮਾਲੇਰਕੋਟਲਾ:** ਸਰਹਿੰਦੀ ਦਰਵਾਜ਼ੇ ਨੇੜੇ ਕਾਂਗਰਸ ਉਮੀਦਵਾਰ ਰਜ਼ੀਆ ਸੁਲਤਾਨਾ ਦੇ ਹੱਕ 'ਚ ਮੀਟਿੰਗ ਦੌਰਾਨ ਕਥਿਤ ਤੌਰ 'ਤੇ ਫਿਰਕੂ ਟਿੱਪਣੀਆਂ ਕਰਨ ਦੇ ਦੋਸ਼ ਹੇਠ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫਾ ਖਿਲਾਫ ਧਾਰਾ 153ਏ ਅਤੇ 125 ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਰਹੀ ਹੈ। ਮੁਸਤਫਾ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਮੁੱਖ ਰਣਨੀਤਕ ਸਲਾਹਕਾਰ ਹਨ। ਵਿਵਾਦਤ ਬਿਆਨ ਦੇਣ ਕਾਰਨ ਭਾਰਤੀ ਜਨਤਾ ਪਾਰਟੀ ਸਣੇ ਹੋਰ ਸਿਆਸੀ ਪਾਰਟੀਆਂ ਨੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਵੀ ਕੀਤੀ ਹੈ। ਉਂਜ ਰਜ਼ੀਆ ਸੁਲਤਾਨਾ ਦੇ ਪਤੀ ਮੁਸਤਫਾ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਮਾਲੇਰਕੋਟਲਾ ਦੀ ਐਸ.ਐਸ.ਪੀ. ਰਵਜੋਤ ਕੌਰ ਗਰੇਵਾਲ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਮਾਲੇਰਕੋਟਲਾ ਦਾ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਬਦੇਸ਼ਾ ਪਰਿਵਾਰ ਨੂੰ ਸਦਮਾ

**ਫਰਿਜ਼ਨੋ:** ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਅਕਾਲ ਚਲਾਣਾ ਕਰ ਗਏ ਕਰਮਨ ਨਿਵਾਸੀ ਮਾਤਾ ਗੁਰਮੀਤ ਕੌਰ ਬਦੇਸ਼ਾ ਦੇ ਦੇਹਾਂਤ ਨਾਲ



ਪਰਿਵਾਰ ਨੂੰ ਗਹਿਰਾ ਸਦਮਾ ਲੱਗਿਆ ਹੈ। ਮਾਤਾ ਗੁਰਮੀਤ ਕੌਰ ਲਗਭਗ 78 ਸਾਲਾਂ ਦੇ ਸਨ। ਉਹ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚੌਕੀਮਾਨ ਤੋਂ ਸਨ। ਉਹ ਆਪਣੇ ਪਰਿਵਾਰ ਸਮੇਤ ਪਿਛਲੇ 27 ਸਾਲਾਂ ਤੋਂ ਕਰਮਨ ਵਿਖੇ ਰਹਿ ਰਹੇ ਸਨ। ਉਹ ਬਹੁਤ ਮਿਲਾਪੜੇ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ, ਜੋ ਆਪਣੇ ਪਿੱਛੇ ਪਤੀ ਮੋਹਨ ਸਿੰਘ ਬਦੇਸ਼ਾ ਅਤੇ ਦੋ ਪੁੱਤਰਾਂ ਦੀ ਹੱਸਦੀ-ਖੇਡਦੀ ਪਰਿਵਾਰਕ ਫੁੱਲਵਾੜੀ ਛੱਡ ਗਏ ਹਨ। ਮਾਤਾ ਗੁਰਮੀਤ ਕੌਰ ਬਦੇਸ਼ਾ ਦਾ ਸਸਕਾਰ ਅਤੇ ਸ਼ਰਧਾਂਜਲੀ ਦੀ ਰਸਮ 29 ਜਨਵਰੀ, 2022, ਦਿਨ ਸ਼ਨਿਚਰਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਵਿਖੇ 11 ਤੋਂ 1 ਵਜੇ ਤਕ ਹੋਵੇਗੀ। ਇਸ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ" ਸਨਵਾਕੀਨ ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਮਾਤਾ ਗੁਰਮੀਤ ਕੌਰ ਦੇ ਪਤੀ ਮੋਹਨ ਸਿੰਘ ਬਦੇਸ਼ਾ ਨੂੰ (559) 248-6694 ਜਾਂ ਪੁੱਤਰਾਂ ਸੁਖਵਿੰਦਰ ਸਿੰਘ ਬਦੇਸ਼ਾ ਨੂੰ (559) 313-3557 ਤੇ ਮਨਜੀਤ ਸਿੰਘ ਬਦੇਸ਼ਾ (ਪੱਪੂ) ਨੂੰ (559) 709-8427 ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵਲੋਂ ਇਕਬਾਲ ਮਾਹਲ ਦਾ ਸਨਮਾਨ

**ਸਰੀ:** ਕੈਨੇਡਾ ਦੇ ਸ਼ਹਿਰ ਟੋਰੰਟੋ ਦੇ ਵਸਨੀਕ ਪੰਜਾਬੀ ਰੇਡੀਓ ਅਤੇ ਟੀ ਵੀ ਮੀਡੀਆ ਦੇ ਮੋਢੀ ਇਕਬਾਲ ਮਾਹਲ ਨੂੰ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵਲੋਂ ਬੀਤੇ ਦਿਨੀਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਸਨਮਾਨ ਵਿਚ ਉਨ੍ਹਾਂ ਨੂੰ 51 ਹਜ਼ਾਰ ਰੁਪਏ ਨਕਦ ਰਾਸ਼ੀ, ਪਲੈਕ ਅਤੇ ਲੋਈ ਨਾਲ ਨਿਵਾਜਿਆ ਗਿਆ। ਸਨਮਾਨ ਦੇਣ ਦੀ ਰਸਮ ਬਲਬੀਰ ਮਾਧੋਪੁਰੀ, ਡਾ. ਰੇਣੂਕਾ ਸਿੰਘ ਅਤੇ ਸਭਾ ਦੇ ਸਕੱਤਰ ਹਰਵਿੰਦਰ ਸਿੰਘ ਨੇ ਅਦਾ ਕੀਤੀ।




ਇਕਬਾਲ ਮਾਹਲ ਨੂੰ ਮਾਣ ਹਾਸਲ ਹੈ ਕਿ ਉਸ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਗੁਰਦਾਸ ਮਾਨ, ਡਾ. ਸਤਿੰਦਰ ਸਰਤਾਜ, ਸੰਗੀਤ ਸਮਰਾਟ ਸ਼ੌਕਤ ਅਲੀ, ਗ਼ਜ਼ਲ ਸਮਰਾਟ ਜਗਜੀਤ ਸਿੰਘ, ਚਿਤਰਾ ਸਿੰਘ ਅਤੇ ਨੂਰਾਂ ਸਿਸਟਰਜ਼ ਨੂੰ ਕੈਨੇਡਾ ਵਿਚ ਪਹਿਲੀ ਵਾਰ ਬੁਲਾ ਕੇ ਸਰੋਤਿਆਂ ਦੇ ਸਨਮੁਖ ਕੀਤਾ। ਉਨ੍ਹਾਂ ਪੰਜਾਬੀ ਕਲਾਕਾਰਾਂ ਨੂੰ ਸਰਪ੍ਰਸਤੀ ਦੇਣ ਤੋਂ ਇਲਾਵਾ ਬਾਬਾ ਨਜ਼ਮੀ ਤੇ ਹੋਰ ਕਈ ਸ਼ਾਇਰਾਂ ਨੂੰ ਸਰਪ੍ਰਸਤੀ ਦੇ ਕੇ ਵਿਦੇਸ਼ ਵਸਦੇ ਪੰਜਾਬੀਆਂ ਦਾ ਮਾਰਗ ਦਰਸ਼ਨ ਕੀਤਾ ਹੈ। ਉਨ੍ਹਾਂ ਨੂੰ ਇਹ ਸਨਮਾਨ ਮਿਲਣ 'ਤੇ ਵੈਨਕੂਵਰ ਵਿਚਾਰ ਦੇ ਆਗੂ ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਨਾਮਵਰ ਸ਼ਾਇਰ ਜਸਵਿੰਦਰ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਪਰਮਜੀਤ ਸੰਘ ਸੇਖੋਂ, ਚਮਕੌਰ ਸਿੰਘ ਸੇਖੋਂ ਅਤੇ ਨਵਦੀਪ ਗਿੱਲ ਨੇ ਮੁਬਾਰਕਬਾਦ ਦਿੱਤੀ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



Punjab Times
Our New E-mail
Punjabtimes1@gmail.com
www.punjabtimesusa.com
Ph: 847-359-0746




Singh Tax & Accounting Services LLC.
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Mohan Singh
Master in Taxation. IRS Enrolled agent, Notary Public
Email : jhand_mohan@yahoo.com; www.SinghTaxServices.com



Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਕਾਂਗਰਸ 'ਤੇ ਮੁੱਖ ਮੰਤਰੀ ਚਿਹਰਾ ਐਲਾਨਣ ਲਈ ਦਬਾਅ ਵਧਿਆ



**ਚੰਡੀਗੜ੍ਹ:** ਪੰਜਾਬ ਚੋਣਾਂ ਲਈ ਕਾਂਗਰਸ ਪਾਰਟੀ ਅੰਦਰ ਹੁਣ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣ ਦਾ ਦਬਾਅ ਬਣਨ ਲੱਗਿਆ ਹੈ। ਅਕਾਲੀ ਦਲ ਅਤੇ 'ਆਪ' ਵੱਲੋਂ ਮੁੱਖ ਮੰਤਰੀ ਚਿਹਰੇ ਐਲਾਨੇ ਜਾਣ ਮਗਰੋਂ ਕਾਂਗਰਸ ਵਿਚ ਵੀ ਇਹ ਮੰਗ ਉੱਠਣ ਲੱਗੀ ਹੈ। ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਪਹਿਲਾਂ ਹੀ ਆਖ ਚੁੱਕੇ ਹਨ ਕਿ ਮੁੱਖ ਮੰਤਰੀ ਦੇ ਚਿਹਰੇ ਨਾਲ ਚੋਣਾਂ ਵਿਚ ਉੱਤਰਨਾ ਚਾਹੀਦਾ ਹੈ। ਕਾਂਗਰਸ ਪਾਰਟੀ ਦੇ ਪੰਜਾਬ ਇੰਚਾਰਜ ਹਰੀਸ਼ ਚੌਧਰੀ ਨੇ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਨਾਲ ਦਿੱਲੀ ਵਿਚ ਮੀਟਿੰਗ ਮਗਰੋਂ ਸਪਸ਼ਟ ਕੀਤਾ ਹੈ ਕਿ ਕਾਂਗਰਸ ਪਾਰਟੀ ਤਰਫੋਂ ਪੰਜਾਬ ਚੋਣਾਂ ਲਈ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਾਂਝੀ ਕਮਾਨ ਹੇਠ ਲੜੀਆਂ ਜਾਣਗੀਆਂ। ਕਾਂਗਰਸੀ ਨੇਤਾ ਹਰੀਸ਼ ਚੌਧਰੀ ਨੇ ਕਿਹਾ ਕਿ ਪੰਜਾਬ ਚੋਣਾਂ ਲਈ ਚਰਨਜੀਤ ਚੰਨੀ, ਨਵਜੋਤ ਸਿੰਘ ਸਿੱਧੂ ਅਤੇ ਸੁਨੀਲ ਜਾਖੜ ਤਿੰਨੋਂ ਪ੍ਰਮੁੱਖ ਚਿਹਰੇ ਹੋਣਗੇ।

ਦੂਜੇ ਪਾਸੇ ਕਾਂਗਰਸੀ ਵਜ਼ੀਰਾਂ ਨੇ ਭਗਵੰਤ ਮਾਨ ਦੇ ਐਲਾਨ ਪਿੱਛੋਂ ਕਾਂਗਰਸ ਹਾਈ ਕਮਾਨ 'ਤੇ ਦਬਾਅ ਵਧਾ ਦਿੱਤਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇ। ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਖੁੱਲ੍ਹ ਕੇ ਹਮਾਇਤ ਕੀਤੀ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ ਜਾਵੇ।

ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਪਾਰਟੀ ਨੇ 2012 ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ 'ਚ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨਿਆ ਸੀ ਅਤੇ ਚੰਨੀ ਨੇ ਤਿੰਨ ਮਹੀਨਿਆਂ ਦੇ ਕਾਰਜਕਾਲ ਦੌਰਾਨ ਆਪਣੀ ਕਾਬਲੀਅਤ ਨੂੰ ਸਾਬਤ ਕੀਤਾ ਹੈ। ਉਨ੍ਹਾਂ ਕਿਹਾ,"ਪਾਰਟੀ 'ਚ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਕਰਨ ਬਾਰੇ ਕੋਈ ਦੁਚਿੱਤੀ ਨਹੀਂ ਹੋਣੀ ਚਾਹੀਦੀ ਹੈ। ਪਾਰਟੀ 'ਚ ਅਜਿਹਾ ਆਗੂ ਪਹਿਲਾਂ ਤੋਂ ਹੈ ਜਿਸ ਨੇ ਹਰ ਕਿਸੇ ਦੀਆਂ ਆਸਾਂ ਤੋਂ ਵੱਧ ਕੰਮ ਕੀਤਾ ਹੈ।"

ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੇ ਸਾਲ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ। ਮਹਿੰਦਰਾ ਨੇ ਕਿਹਾ ਕਿ ਕਾਂਗਰਸ ਲਈ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨਣਾ ਜਰੂਰੀ ਹੋ ਗਿਆ ਹੈ ਕਿਉਂਕਿ 'ਆਪ' ਨੇ ਭਗਵੰਤ ਮਾਨ ਨੂੰ ਪਾਰਟੀ ਦਾ ਚਿਹਰਾ ਐਲਾਨ ਦਿੱਤਾ ਹੈ ਜਦਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਬਾਦਲ 'ਤੇ ਦਾਅ ਖੇਡਿਆ ਜਾ ਰਿਹਾ ਹੈ। ਮਹਿੰਦਰਾ ਦੇ ਕੈਬਨਿਟ ਸਾਥੀ ਰਾਣਾ ਗੁਰਜੀਤ ਸਿੰਘ ਵੀ ਚੰਨੀ ਦੀ ਹਮਾਇਤ 'ਚ ਆ ਗਏ ਹਨ। ਉਨ੍ਹਾਂ ਕਿਹਾ,"ਮੁੱਖ ਮੰਤਰੀ ਅਹੁਦੇ ਲਈ ਚੰਨੀ ਦੇ ਨਾਮ 'ਤੇ ਸਵਾਲੀਆ ਨਿਸ਼ਾਨ ਲਗਾਉਣ 'ਤੇ ਇਹ ਆਤਮਘਾਤੀ ਫੈਸਲਾ ਹੋ ਸਕਦਾ ਹੈ। ਚੰਨੀ ਨੇ ਸਿਰਫ ਤਿੰਨ ਮਹੀਨਿਆਂ 'ਚ ਹੀ ਜ਼ੋਰਦਾਰ ਕੰਮ ਕੀਤਾ ਹੈ।" ਇਕ ਹੋਰ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸ਼ਾਹਕੋਟ ਤੋਂ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੀ ਚੰਨੀ ਦੇ ਪੱਖ 'ਚ ਹਨ। ਉਂਜ ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ ਸੀ,"ਸਿੱਧੂਜੀ ਪੰਜਾਬ ਕਾਂਗਰਸ ਦੇ ਸਰਦਾਰ ਹਨ। ਚੰਨੀਜੀ ਸਰਕਾਰ ਦੇ ਸਰਦਾਰ ਹਨ ਅਤੇ ਅਸੀਂ ਸਾਂਝੀ ਲੀਡਰਸ਼ਿਪ ਹੇਠ ਚੋਣਾਂ ਲੜਾਂਗੇ।" ਇਸ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਨਜਦੀਕੀ ਨਿਖਿਲ ਅਲਵਾ ਵੱਲੋਂ ਟਵਿੱਟਰ 'ਤੇ ਕਰਵਾਈ ਗਈ ਪੋਲ 'ਚ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਸਭ ਤੋਂ ਜ਼ਿਆਦਾ ਵੋਟ ਮਿਲੇ ਸਨ।

ਕਾਂਗਰਸ ਹਾਈਕਮਾਂਡ ਨੇ ਹੁਣ ਤੱਕ ਕਿਹਾ ਹੈ ਕਿ ਪਾਰਟੀ 20 ਫਰਵਰੀ ਨੂੰ 117 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਸਮੂਹਿਕ ਅਗਵਾਈ ਹੇਠ ਲੜੇਗੀ ਪਰ ਇਸ ਦੀ ਸੂਬਾਈ ਇਕਾਈ ਦੇ ਕਈ ਨੇਤਾਵਾਂ ਨੇ ਇਸ ਮਾਮਲੇ ਉਤੇ ਸਥਿਤੀ ਨੂੰ ਜਲਦੀ ਤੋਂ ਜਲਦੀ ਸਪਸ਼ਟ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਪਾਰਟੀ ਵੱਲੋਂ ਪੰਜਾਬ 'ਚ ਕਿਸੇ ਵੀ ਆਗੂ ਨੂੰ ਮੁੱਖ ਮੰਤਰੀ ਚਿਹਰਾ ਐਲਾਨਣ ਤੋਂ ਗੁਰੇਜ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਚੋਣਾਂ ਜਿੱਤਣ ਤੋਂ ਬਾਅਦ ਹੀ ਆਗੂ ਦਾ ਨਾਮ ਐਲਾਨਿਆ ਜਾਵੇਗਾ। ਜ਼ਿਕਰਯੋਗ ਹੈ ਕਿ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਵਿਚਰ ਰਹੇ ਹਨ ਅਤੇ ਉਹ ਸਾਥੀਆਂ ਤੋਂ ਹਮਾਇਤ ਲੈਣ ਦੀ ਵੀ ਕੋਸ਼ਿਸ਼ ਕਰ ਰਹੇ ਹਨ। ਮੁੱਖ ਮੰਤਰੀ ਚੰਨੀ ਵੀ ਪਾਰਟੀ ਹਾਈਕਮਾਨ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ 'ਚ ਹਨ।

## ਕਈ ਕਾਂਗਰਸੀ ਆਗੂਆਂ ਨੂੰ ਚੰਨੀ ਪ੍ਰਵਾਨ

**ਚੰਡੀਗੜ੍ਹ:** ਕਈ ਕਾਂਗਰਸ ਆਗੂ ਚਾਹੁੰਦੇ ਹਨ ਕਿ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਕੇ ਵਿਧਾਨ ਸਭਾ ਚੋਣਾਂ ਲੜੀਆਂ ਜਾਣ। ਕਈ ਸੀਨੀਅਰ ਆਗੂਆਂ ਨੇ ਚਰਨਜੀਤ ਸਿੰਘ ਚੰਨੀ ਨੂੰ ਹਮਾਇਤ ਦਿੱਤੀ ਹੈ। ਉਂਜ ਕਾਂਗਰਸ ਹਾਈ ਕਮਾਨ ਆਖ ਰਹੀ ਹੈ ਕਿ 'ਸਾਂਝੀ ਲੀਡਰਸ਼ਿਪ' ਹੇਠ ਚੋਣਾਂ ਲੜੀਆਂ ਜਾਣਗੀਆਂ। ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਸਹਿਯੋਗੀ ਨਿਖਿਲ ਅਲਵਾ ਨੇ ਟਵਿੱਟਰ ਰਾਹੀਂ ਸਰਵੇਖਣ ਕੀਤਾ, ਜਿਸ ਵਿਚ ਪੁੱਛਿਆ ਗਿਆ ਕਿ 'ਪੰਜਾਬ ਵਿਚ ਕਾਂਗਰਸ ਦਾ ਮੁੱਖ ਮੰਤਰੀ ਦਾ ਚਿਹਰਾ ਕੌਣ ਹੋਣਾ ਚਾਹੀਦਾ ਹੈ? ਕੁੱਲ 1,283 ਲੋਕਾਂ ਵਿਚੋਂ 68.7 ਫੀਸਦੀ ਨੇ ਚੰਨੀ ਦੇ ਹੱਕ ਵਿਚ ਵੋਟਾਂ ਪਾਈਆਂ। ਇਸ ਸਰਵੇ 'ਚ 11.5 ਫੀਸਦੀ ਨੇ ਸਿੱਧੂ ਦੇ ਹੱਕ ਵਿਚ ਅਤੇ 9.3 ਫੀਸਦੀ ਨੇ ਸੁਨੀਲ ਜਾਖੜ ਦੇ ਹੱਕ 'ਚ ਵੋਟ ਪਾਈ, ਜਦਕਿ 10.4 ਫੀਸਦੀ ਨੇ ਕਿਹਾ ਕਿ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਪਹਿਲਾਂ ਤੋਂ ਐਲਾਨ ਕਰਨ ਦੀ ਲੋੜ ਨਹੀਂ ਹੈ।

## ਸੰਸਦੀ ਬੋਰਡ ਤੈਅ ਕਰੇਗਾ: ਅਸ਼ਵਨੀ ਸ਼ਰਮਾ

**ਪਠਾਨਕੋਟ:** ਭਾਜਪਾ ਵੱਲੋਂ ਪਠਾਨਕੋਟ ਤੋਂ ਆਪਣੇ ਉਮੀਦਵਾਰ ਐਲਾਨੇ ਗਏ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਇਥੇ ਕਿਹਾ ਕਿ ਪੰਜਾਬ ਅੰਦਰ ਭਾਜਪਾ ਵੱਲੋਂ ਮੁੱਖ ਮੰਤਰੀ ਦਾ ਚਿਹਰਾ, ਪਾਰਟੀ ਦਾ ਪਾਰਲੀਮਾਨੀ ਬੋਰਡ ਤੈਅ ਕਰੇਗਾ। ਕਾਂਗਰਸ ਵੱਲੋਂ ਭਾਜਪਾ 'ਤੇ ਚੋਣਾਂ ਵਿਚ ਲਾਹਾ ਖੱਟਣ ਲਈ ਪੰਜਾਬ 'ਚ ਈਡੀ ਕੋਲੋਂ ਛਾਪੇ ਮਰਵਾਉਣ ਦੇ ਦੋਸ਼ਾਂ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਦੀ ਸ਼ਹਿ 'ਤੇ ਨਾਜਾਇਜ਼ ਮਾਈਨਿੰਗ ਦਾ ਧੰਦਾ ਚੱਲ ਰਿਹਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੇ-ਆਪ ਨੂੰ ਆਮ ਨਾਗਰਿਕ ਹੋਣ ਦਾ ਨਾਟਕ ਕਰ ਰਹੇ ਹਨ, ਜਦਕਿ ਉਨ੍ਹਾਂ ਦੇ ਭਤੀਜੇ ਦੇ ਘਰੋਂ 10 ਕਰੋੜ ਰੁਪਏ, 12 ਲੱਖ ਦੀ ਘੜੀ ਅਤੇ 21 ਲੱਖ ਦਾ ਸੋਨਾ ਬਰਾਮਦ ਹੋਇਆ।

# ਕਰੋਨਾ ਪਾਬੰਦੀਆਂ ਕਾਰਨ ਰਵਾਇਤੀ ਚੋਣ ਪ੍ਰਚਾਰ ਨੂੰ ਤਰਸੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਕਰੋਨਾ ਕਰਕੇ ਲੱਗੀਆਂ ਪਾਬੰਦੀਆਂ ਨੇ ਸਿਆਸੀ ਆਗੂਆਂ ਨੂੰ ਪੜ੍ਹਨੇ ਪਾਇਆ ਹੋਇਆ ਹੈ, ਜਿਸ ਕਾਰਨ ਉਹ ਰਵਾਇਤੀ ਚੋਣ ਪ੍ਰਚਾਰ ਲਈ ਤਰਸੇ ਪਏ ਹਨ। ਚੋਣ ਕਮਿਸ਼ਨ ਨੇ ਪੰਜਾਬ ਸਮੇਤ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਰੈਲੀਆਂ ਅਤੇ ਰੋਡ ਸ਼ੋਅਜ 'ਤੇ ਲਾਈ ਗਈ ਪਾਬੰਦੀ ਨੂੰ 31 ਜਨਵਰੀ ਤੱਕ ਵਧਾ ਦਿੱਤਾ ਹੈ।

ਸਿਆਸੀ ਆਗੂ ਨਾ ਤਾਂ ਚੋਣ ਜਲਸੇ ਅਤੇ ਰੈਲੀਆਂ ਕਰ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਸਵਾਗਤ ਲਈ ਪਹਿਲਾਂ ਵਾਂਗ ਵੱਡੇ ਇਕੱਠ ਹੋ ਰਹੇ ਹਨ। ਇਸ ਸਬੰਧੀ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਮਗਰੋਂ ਸਿਆਸੀ ਪਾਰਟੀਆਂ ਨੂੰ ਵਿਧਾਨ ਸਭਾ ਪੱਧਰ 'ਤੇ ਹੋਣ ਵਾਲੀਆਂ ਰੈਲੀਆਂ ਰੱਦ ਕਰਨੀਆਂ ਪਈਆਂ ਹਨ। ਇਸ ਵਾਰ ਸਪੀਕਰਾਂ ਰਾਹੀਂ ਚੋਣ ਪ੍ਰਚਾਰ ਦੀ ਥਾਂ ਉਮੀਦਵਾਰ ਵੋਟਰਾਂ ਦੇ ਕੰਨਾਂ 'ਚ ਹੀ ਘੁਸਰ-ਮੁਸਰ ਕਰਦੇ ਨਜ਼ਰੀਂ ਪੈ ਰਹੇ ਹਨ।

ਚੋਣਾਂ ਦੇ ਦਿਨਾਂ ਦੌਰਾਨ ਪਿੰਡਾਂ ਤੇ ਸ਼ਹਿਰਾਂ ਵਿਚ ਸਥਾਨਕ ਆਗੂਆਂ ਵੱਲੋਂ ਸ਼ਕਤੀ ਪ੍ਰਦਰਸ਼ਨ ਕਰਨ ਲਈ ਆਪਣੇ ਚਹੇਤੇ ਉਮੀਦਵਾਰਾਂ ਨੂੰ ਲੱਡੂਆਂ ਅਤੇ ਸਿੱਕਿਆਂ ਨਾਲ ਤੋਲਣ ਦੇ ਦ੍ਰਿਸ਼ ਵੀ ਇਸ ਵਾਰ ਦਿਖਾਈ ਨਹੀਂ ਦੇ ਰਹੇ ਹਨ। ਦੂਜੇ ਬੰਨ੍ਹੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਕਾਰਨ ਸਿਆਸੀ ਆਗੂ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਦੀ ਥਾਂ ਹੁਣ ਇਕ-ਦੋ ਗੱਡੀਆਂ 'ਚ ਜਾ ਕੇ ਹੀ ਚੋਣ ਪ੍ਰਚਾਰ ਕਰ ਰਹੇ ਹਨ।

ਦੱਸ ਦਈਏ ਕਿ ਸੂਬੇ ਦੀਆਂ ਸਿਆਸੀ ਧਿਰਾਂ ਚੋਣ ਪ੍ਰਚਾਰ ਲਈ ਵੱਡੀਆਂ ਰੈਲੀਆਂ ਦੀ ਛੋਟ ਦਾ ਇੰਤਜ਼ਾਰ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਵੱਲੋਂ ਤਕਰੀਬਨ ਸਾਰੇ ਉਮੀਦਵਾਰਾਂ ਦੇ ਨਾਮਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਕਾਂਗਰਸ ਅਤੇ ਸੰਯੁਕਤ ਸਮਾਜ ਪਾਰਟੀ ਨੇ ਵੀ ਵੱਡੀ ਗਿਣਤੀ ਉਮੀਦਵਾਰ ਐਲਾਨ ਦਿੱਤੇ ਹਨ।

ਪ੍ਰਮੁੱਖ ਧਿਰਾਂ ਦੇ ਉਮੀਦਵਾਰਾਂ ਦੇ ਮੈਦਾਨ 'ਚ ਆਉਣ ਦੇ ਬਾਵਜੂਦ ਚੋਣ ਮਾਹੌਲ ਪੂਰੀ ਤਰ੍ਹਾਂ ਠੰਢਾ ਪਿਆ ਹੈ। ਚੋਣ ਕਮਿਸ਼ਨ ਨੇ 8 ਜਨਵਰੀ ਨੂੰ ਚੋਣਾਂ ਦਾ ਐਲਾਨ ਕਰਦਿਆਂ ਹੀ ਹਫਤੇ ਭਰ ਲਈ ਵੱਡੀਆਂ ਰੈਲੀਆਂ, ਮਾਰਚਾਂ ਅਤੇ ਮੀਟਿੰਗਾਂ 'ਤੇ ਪਾਬੰਦੀ ਲਗਾ ਦਿੱਤੀ ਸੀ ਜਿਸ ਨੇ ਸਿਆਸੀ ਪਾਰਟੀਆਂ ਨੂੰ ਪ੍ਰਚਾਰ ਦੇ ਰੰਗ-ਢੰਗ ਬਦਲਣ ਲਈ ਮਜਬੂਰ ਕਰ ਦਿੱਤਾ ਹੈ।

ਪੰਜਾਬ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਵਾਇਰਸ ਜਿਸ ਤਰ੍ਹਾਂ ਤੇਜੀ ਨਾਲ ਫੈਲ ਰਿਹਾ ਹੈ, ਉਸ ਨੂੰ ਦੇਖਦਿਆਂ



ਇਹ ਵੀ ਕਿਹਾ ਜਾ ਸਕਦਾ ਹੈ ਕਿ ਕਰੋਨਾ ਦੀ ਤੀਸਰੀ ਲਹਿਰ 'ਚ ਗਿਰਾਵਟ ਵੀ ਤੇਜੀ ਨਾਲ ਹੀ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਰੋਨਾ ਦੀ ਤੀਜੀ ਲਹਿਰ ਦਾ ਸਿਖਰ ਕੁਝ ਦਿਨਾਂ ਤੱਕ ਆ ਸਕਦਾ ਹੈ ਅਤੇ ਜਨਵਰੀ ਦੇ ਅੰਤ ਜਾਂ ਫਰਵਰੀ ਦੇ ਪਹਿਲੇ ਹਫਤੇ ਤੱਕ ਮੋੜਾ ਪੈਣ ਦੀ ਵੀ ਸੰਭਾਵਨਾ ਹੈ। ਚੋਣ ਕਮਿਸ਼ਨ ਵੱਲੋਂ ਸਮੀਖਿਆ ਕਰਨ ਲਈ ਕੇਂਦਰ ਅਤੇ ਸੂਬਾ ਸਰਕਾਰ ਦੇ ਸਿਹਤ ਅਧਿਕਾਰੀਆਂ ਤੋਂ ਲਗਾਤਾਰ ਰਿਪੋਰਟਾਂ ਲਈਆਂ ਜਾ ਰਹੀਆਂ ਹਨ। ਪੰਜਾਬ ਦੇ ਸਮੁੱਚੇ ਵਿਧਾਨ ਸਭਾ ਹਲਕਿਆਂ ਲਈ ਚੋਣਾਂ ਇਕੋ ਗੇੜ ਵਿਚ ਚੋਣਾਂ 20 ਫਰਵਰੀ ਨੂੰ ਹੋਣਗੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ 'ਆਪ' ਆਗੂ ਭਗਵੰਤ ਮਾਨ ਨੇ ਚੋਣਾਂ ਦੇ ਐਲਾਨ ਤੋਂ ਪਹਿਲਾ ਇਕ ਵਾਰੀ ਤਾਂ ਮੈਦਾਨ ਭਖਾ ਲਿਆ ਸੀ ਪਰ ਚੋਣ ਕਮਿਸ਼ਨ ਦੀਆਂ ਪਾਬੰਦੀਆਂ ਨੇ ਸਿਆਸੀ ਆਗੂਆਂ ਤੇ ਪਾਰਟੀਆਂ ਦੀਆਂ ਗਤੀਵਿਧੀਆਂ ਸੀਮਤ ਕਰ ਦਿੱਤੀਆਂ ਹਨ।

ਭਾਜਪਾ, ਪੰਜਾਬ ਲੋਕ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦਾ ਗੱਠਜੋੜ ਚੋਣ ਪ੍ਰਚਾਰ ਦੇ ਮਾਮਲੇ ਵਿਚ ਪੂਰੀ ਤਰ੍ਹਾਂ ਨਾਲ ਪੱਛੜਿਆ ਹੋਇਆ ਦਿਖਾਈ ਦੇ ਰਿਹਾ ਹੈ। ਚੋਣ ਕਮਿਸ਼ਨ ਦੀਆਂ ਅਚਾਨਕ ਪਾਬੰਦੀਆਂ ਕਾਰਨ ਸਿਆਸੀ ਪਾਰਟੀਆਂ ਦਾ ਸਾਰਾ ਦਾਰੋਮਦਾਰ ਫੇਸਬੁੱਕ, ਯੂਟਿਊਬ, ਟਵਿੱਟਰ, ਇੰਸਟਾਗਰਾਮ ਅਤੇ ਸੰਚਾਰ ਦੇ ਹੋਰ ਸਾਧਨਾਂ ਦੁਆਲੇ ਹੀ ਕੇਂਦਰਤ ਹੋ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੁਝ ਦਿਨ ਪਹਿਲਾਂ ਹੀ ਸੋਸ਼ਲ ਮੀਡੀਆ ਰਾਹੀਂ ਚੋਣ ਮੁਹਿੰਮ ਆਰੰਭੀ ਹੈ। ਇਸ ਤੋਂ ਇਲਾਵਾ ਹੋਰ ਪਾਰਟੀਆਂ ਵੀ ਸੋਸ਼ਲ ਮੀਡੀਆ ਜਰੀਏ ਪ੍ਰਚਾਰ ਕਰ ਰਹੀਆਂ ਹਨ।

# ਚੋਣਾਂ ਮੌਕੇ ਲੋਕ ਲੁਭਾਊ ਐਲਾਨਾਂ ਦਾ ਮਾਮਲਾ ਸੁਪਰੀਮ ਕੋਰਟ ਪੁੱਜਾ

**ਨਵੀਂ ਦਿੱਲੀ:** ਚੋਣਾਂ ਤੋਂ ਪਹਿਲਾਂ ਸਰਕਾਰੀ ਫੰਡਾਂ 'ਚੋਂ ਸਿਆਸੀ ਪਾਰਟੀਆਂ ਵੱਲੋਂ 'ਤਰਕਹੀਣ ਮੁਫਤ ਯੋਜਨਾਵਾਂ' ਦੇਣ ਜਾਂ ਵਾਅਦੇ ਕਰਨ ਖਿਲਾਫ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕੀਤੀ ਗਈ ਹੈ। ਅਰਜ਼ੀ 'ਚ ਮੰਗ ਕੀਤੀ ਗਈ ਹੈ ਕਿ ਸੁਪਰੀਮ ਕੋਰਟ ਚੋਣ ਕਮਿਸ਼ਨ ਨੂੰ ਨਿਰਦੇਸ਼ ਦੇਵੇ ਕਿ ਅਜਿਹੇ ਭਰਮਾਉਣ ਵਾਲੇ ਵਾਅਦੇ ਕਰਨ ਵਾਲੀਆਂ ਪਾਰਟੀਆਂ ਦੇ ਚੋਣ ਨਿਸ਼ਾਨ ਜ਼ਬਤ ਕੀਤੇ ਜਾਣ ਜਾਂ ਉਨ੍ਹਾਂ ਦੀ ਮਾਨਤਾ ਰੱਦ ਕੀਤੀ ਜਾਵੇ ਕਿਉਂਕਿ ਅਜਿਹਾ ਕਰਕੇ ਲੋਕਾਂ ਉਤੇ ਵੋਟ ਪਾਉਣ ਲਈ ਸਿੱਧੇ-ਅਸਿੱਧੇ ਢੰਗ ਨਾਲ ਅਸਰ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਦਾਖਲ ਕੀਤੀ ਗਈ ਇਸ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਅਜਿਹੇ ਲੋਕ ਲੁਭਾਊ ਕਦਮਾਂ 'ਤੇ ਮੁਕੰਮਲ ਪਾਬੰਦੀ ਲੱਗਣੀ ਚਾਹੀਦੀ ਹੈ ਜੋ ਵੋਟਰਾਂ ਤੋਂ ਸਿਆਸੀ ਲਾਹੇ ਲੈਣਾ ਚਾਹੁੰਦੇ ਹਨ ਕਿਉਂਕਿ ਇਹ ਸੰਵਿਧਾਨ ਦੀ ਉਲੰਘਣਾ ਹੈ ਅਤੇ ਚੋਣ ਕਮਿਸ਼ਨ ਨੂੰ ਢੁਕਵੇਂ ਸਖਤ ਕਦਮ ਉਠਾਉਣੇ ਚਾਹੀਦੇ ਹਨ।

ਇਹ ਅਰਜ਼ੀ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਵੱਲੋਂ ਦਾਖਲ ਕੀਤੀ ਗਈ ਹੈ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਕੇਂਦਰ ਨੂੰ ਇਸ ਬਾਰੇ ਕਾਨੂੰਨ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਜਾਣ। ਅਰਜ਼ੀ ਮੁਤਾਬਕ ਮੁਫਤਖੋਰੀ ਦੇ ਵਾਅਦਿਆਂ ਨਾਲ ਚੋਣ ਅਮਲ ਵੀ ਵਿਗੜਦਾ ਹੈ ਅਤੇ ਸਾਰੀਆਂ ਧਿਰਾਂ ਨੂੰ ਬਰਾਬਰੀ ਦਾ ਮੌਕਾ ਨਹੀਂ ਮਿਲਦਾ ਹੈ। ਅਰਜ਼ੀਕਾਰ ਮੁਤਾਬਕ, "ਇਹ ਅਮਲ ਇੰਜ ਹੈ ਜਿਵੇਂ ਸੱਤਾ 'ਚ ਰਹਿਣ ਲਈ ਸਰਕਾਰੀ ਖਜ਼ਾਨੇ ਦੀ ਕੀਮਤ 'ਤੇ ਵੋਟਰਾਂ ਨੂੰ ਰਿਸ਼ਵਤ ਦਿੱਤੀ ਜਾਵੇ ਅਤੇ ਇਸ ਤੋਂ ਗੁਰੇਜ਼ ਕਰਨ ਦੀ ਲੋੜ ਹੈ ਤਾਂ ਜੋ



ਜਮਹੂਰੀ ਸਿਧਾਂਤਾਂ ਅਤੇ ਅਮਲਾਂ ਨੂੰ ਬਹਾਲ ਰੱਖਿਆ ਜਾ ਸਕੇ।" ਪਟੀਸ਼ਨਰ ਨੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਚੋਣਾਂ ਤੋਂ ਪਹਿਲਾਂ ਸਰਕਾਰੀ ਫੰਡਾਂ 'ਚੋਂ ਪ੍ਰਾਈਵੇਟ ਵਸਤਾਂ ਜਾਂ ਸੇਵਾਵਾਂ ਵੰਡਣ ਜਾਂ ਵਾਅਦੇ ਕਰਨ ਨਾਲ ਸੰਵਿਧਾਨ ਦੀ ਧਾਰਾ 14 ਸਮੇਤ ਕਈ ਧਾਰਾਵਾਂ ਦੀ ਉਲੰਘਣਾ ਹੁੰਦੀ ਹੈ ਅਤੇ ਇਸ 'ਤੇ ਰੋਕ ਲਾਈ ਜਾਣੀ ਚਾਹੀਦੀ ਹੈ। ਪਟੀਸ਼ਨਰ ਨੇ ਕਿਹਾ ਕਿ ਪੈਸਿਆਂ ਦੀ ਵੰਡ ਅਤੇ ਹੋਰ ਸੇਵਾਵਾਂ ਮੁਫਤ 'ਚ ਦੇਣ ਦੇ ਵਾਅਦੇ ਇੰਨੇ ਵੱਡੇ ਪੱਧਰ 'ਤੇ ਹੋਣ ਲੱਗ ਪਏ ਹਨ ਕਿ ਕਈ ਵਾਰ ਚੋਣਾਂ ਮੁਲਤਵੀ ਕਰਵਾ ਦਿੱਤੀਆਂ ਜਾਂਦੀਆਂ ਹਨ। ਯਾਦ ਰਹੇ ਕਿ ਅਜਿਹੇ ਐਲਾਨਾਂ ਖਿਲਾਫ ਆਵਾਜ਼ ਪਹਿਲਾਂ ਵੀ ਉਠਦੀ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਸਿਆਸੀ ਪਾਰਟੀ ਲੋਕਾਂ ਨਾਲ ਅਜਿਹੇ ਵਾਅਦੇ ਕਰਕੇ ਚੋਣਾਂ ਤੋਂ ਬਾਅਦ ਸਭ ਕੁਝ ਭੁਲ-ਭੁਲਾ ਜਾਂਦੀਆਂ ਹਨ। ਇਹ ਪਹਿਲੀ ਵਾਰ ਹੈ ਕਿ ਕਿਸੇ ਨੇ ਸਿਆਸੀ ਪਾਰਟੀ ਦੀ ਇਸ ਚਲਾਕੀ ਖਿਲਾਫ ਸੁਪਰੀਮ ਕੋਰਟ ਦਾ ਦਰ ਖੜਕਾਇਆ ਹੈ।

# ਸਿਆਸੀ ਧਿਰਾਂ ਵੱਲੋਂ ਇਕ-ਦੂਜੇ ਦੀ ਖਿੱਚ-ਧੂਹ ਨੇ ਭਖਾਇਆ ਮਾਹੌਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੁਣ ਸਿਰਫ ਗਿਣਵੇਂ ਦਿਨ ਬਚੇ ਹਨ, ਜਿਸ ਕਾਰਨ ਸੂਬੇ ਦਾ ਸਿਆਸੀ ਪਾਰਾ ਸਿਖਰਾਂ ਉਤੇ ਹੈ। ਕਰੋਨਾ ਮਹਾਂਮਾਰੀ ਕਾਰਨ ਚੋਣ ਕਮਿਸ਼ਨ ਵੱਲੋਂ ਲਾਈਆਂ ਸਖਤ ਪਾਬੰਦੀਆਂ ਕਾਰਨ ਭਾਵੇਂ ਸਿਆਸੀ ਧਿਰਾਂ ਵੱਡੇ ਇਕੱਠ ਕਰਕੇ ਆਪਣੇ ਤਾਕਤ ਵਿਖਾਉਣ ਤੋਂ ਅਸਮਰਥ ਹਨ ਪਰ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਸ਼ਬਦੀ ਹਮਲਿਆਂ ਨਾਲ ਮਾਹੌਲ ਭਖਾਇਆ ਹੋਇਆ ਹੈ।

ਇਸ ਸਮੇਂ ਕਾਂਗਰਸ ਆਗੂਆਂ ਉਤੇ ਕੇਂਦਰੀ ਏਜੰਸੀਆਂ ਦੇ ਛਾਪੇ, ਅਕਾਲੀ ਆਗੂ ਬਿਕਰਮ ਮਜੀਠੀਆ ਖਿਲਾਫ ਨਸ਼ਾ ਤਸਕਰੀ ਦਾ ਕੇਸ ਤੇ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵੱਲੋਂ ਸਿੱਖ ਕੈਦੀਆਂ ਦੀ ਰਿਹਾਈ ਵਿਚ ਡਾਹੇ ਅੜਿੱਕਿਆਂ ਨੂੰ ਲੈ ਕੇ ਇਕ-ਦੂਜੇ ਉਤੇ ਸਿਆਸੀ ਹੱਲੇ ਤਿੱਖੇ ਹੋ ਗਏ ਹਨ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਵਿਚ ਅਰਵਿੰਦ ਕੇਜਰੀਵਾਲ ਸਭ ਤੋਂ ਵੱਡਾ ਅੜਿੱਕਾ ਹੈ, ਜਿਸ ਨੇ ਤਿੰਨ ਵਾਰ ਰਿਹਾਈ ਦੀ ਫਾਈਲ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ 'ਆਪ' ਨੂੰ ਪੰਜਾਬ 'ਚ ਕੋਈ ਵਧੀਆ ਬੰਦਾ ਨਾ ਮਿਲਿਆ ਤਾਂ ਮਜਬੂਰੀਵੱਸ ਉਨ੍ਹਾਂ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਸੁਲਝੇ ਹੋਏ ਅਤੇ ਦੂਰ-ਅੰਦੇਸ਼ੀ ਸੋਚ ਵਾਲੇ ਉਮੀਦਵਾਰ ਬਾਬੂ ਗਰਗ ਨੂੰ ਜਿਤਾਉਣ ਅਤੇ ਪੰਜਾਬ ਵਿਚ ਅਕਾਲੀ-ਬਸਪਾ ਗੱਠਜੋੜ ਸਰਕਾਰ ਬਣਨ 'ਤੇ ਉਹ ਸਰਕਾਰ ਵਿਚ ਚੰਗੇ ਮਹਿਕਮੇ ਦੇ ਮੰਤਰੀ ਹੋਣਗੇ।

ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਬਿਜਲੀ ਖਰੀਦ ਸਮਝੌਤੇ (ਪੀ.ਪੀ.ਏ.) ਦੇ ਮੁੱਦੇ 'ਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਦਾ ਐਲਾਨ ਅੱਜ ਤੱਕ ਲਾਗੂ ਨਹੀਂ ਹੋਇਆ ਹੈ ਪਰ ਚੰਨੀ ਸਰਕਾਰ ਨੇ ਇਸ ਦੇ ਪ੍ਰਚਾਰ 'ਤੇ ਸਰਕਾਰੀ ਖਜ਼ਾਨੇ ਵਿਚੋਂ ਕਰੋੜਾਂ ਰੁਪਏ ਖਰਚ ਕਰ ਦਿੱਤੇ। ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਬਾਦਲਾਂ ਅਤੇ ਕੈਪਟਨ ਦੀ ਤਰ੍ਹਾਂ ਚੰਨੀ ਸਰਕਾਰ ਨੇ ਵੀ ਬਿਜਲੀ ਖਰੀਦ 'ਚ ਆਪਣਾ ਹਿੱਸਾ ਬੰਨ੍ਹਿਆ ਅਤੇ ਨਿੱਜੀ ਬਿਜਲੀ ਕੰਪਨੀਆਂ ਦੇ ਨਾਲ ਮਿਲੀਭੁਗਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਚੰਨੀ ਦਾਅਵਾ ਕਰਦੇ ਸਨ ਕਿ ਜੇ ਉਨ੍ਹਾਂ ਕੋਲ ਸੱਤਾ ਆਈ ਤਾਂ ਉਹ ਬਿਜਲੀ ਸਮਝੌਤੇ ਤੁਰਤ ਰੱਦ ਕਰਨਗੇ ਪਰ ਅਜਿਹਾ ਨਹੀਂ ਹੋਇਆ, ਇਸ ਦਾ ਜਵਾਬ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਅੱਗੇ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਹਰੇਕ ਮਹੀਨੇ ਮੁਫਤ ਬਿਜਲੀ ਦੇਵੇਗੀ।

ਆਮ ਆਦਮੀ ਪਾਰਟੀ ਪੰਜਾਬ ਨੇ ਈ.ਡੀ. ਵੱਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰਾਂ ਕੋਲੋਂ ਕਰੋੜਾਂ ਰੁਪਏ ਬਰਾਮਦ ਕਰਨ ਦੇ ਮਾਮਲੇ 'ਚ ਕਾਂਗਰਸ ਪਾਰਟੀ ਵੱਲੋਂ ਐੱਸਸੀ ਵਰਗ ਦਾ ਨਾਂ ਵਰਤਣ ਦੀ ਸਖਤ ਨਿਖੇਧੀ ਕੀਤੀ ਹੈ। ਪਾਰਟੀ ਮੁੱਖ ਦਫਤਰ ਤੋਂ ਜਾਰੀ ਬਿਆਨ ਰਾਹੀਂ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਦੇ ਆਗੂਆਂ ਨੇ ਗਰੀਬਾਂ ਅਤੇ ਐੱਸਸੀ ਵਰਗ ਨੂੰ ਹਮੇਸ਼ਾ ਵੋਟ ਬੈਂਕ ਲਈ ਵਰਤਿਆ ਹੈ ਪਰ ਕਦੇ ਵੀ ਇਨ੍ਹਾਂ ਨੂੰ ਸੰਵਿਧਾਨਕ ਅਤੇ ਮਨੁੱਖੀ ਹੱਕ ਨਹੀਂ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਦੇ ਪਰਿਵਾਰ ਤੇ ਰਿਸ਼ਤੇਦਾਰ ਅਤੇ ਕਾਂਗਰਸੀ ਆਗੂ ਐੱਸਸੀ ਵਰਗ ਦੇ ਨਾਂ 'ਤੇ ਵੱਡਾ ਦਾਗ ਹਨ, ਜਿਹੜੇ ਮਾਫੀਆ ਰਾਜ ਰਾਹੀਂ ਲੋਕਾਂ ਦੇ ਪੈਸੇ ਨੂੰ ਲੁੱਟ ਰਹੇ ਹਨ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਨਾਜਾਇਜ਼ ਖਣਨ ਕੇਸਾਂ ਦੇ ਹਵਾਲੇ ਨਾਲ ਪੰਜਾਬ 'ਚ ਕੀਤੀ ਛਾਪੇਮਾਰੀ ਨੂੰ ਅਗਾਮੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜਨ ਤੋਂ ਰੋਕਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਚੰਨੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਸਾਜ਼ਿਸ਼ ਵਿਚ ਫਸਾਉਣ ਲਈ ਈਡੀ ਨੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ 'ਤੇ ਤਸ਼ੱਦਦ ਕੀਤਾ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਕਰੀਬੀ ਉੱਤੇ 'ਮੇਰਾ' ਨਾਮ ਲੈਣ ਲਈ ਦਬਾਓ ਪਾਇਆ ਗਿਆ। ਉਨ੍ਹਾਂ ਕਿਹਾ ਕਿ 'ਸਾਨੂੰ' ਚੋਣਾਂ ਲੜਨ ਤੋਂ ਰੋਕਣ ਲਈ ਹੀ ਇਹ ਛਾਪੇ ਮਾਰੇ ਗਏ ਹਨ ਤੇ ਇਸ ਸਾਜ਼ਿਸ਼ ਪਿੱਛੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪੱਛਮੀ ਬੰਗਾਲ ਦੀ ਤਰਜ਼ 'ਤੇ ਅਗਾਮੀ ਅਸੈਂਬਲੀ ਚੋਣਾਂ ਵਿਚ ਭਾਜਪਾ ਨੂੰ ਸਬਕ ਸਿਖਾਉਣਗੇ।

## ਕੇਜਰੀਵਾਲ ਕਰਵਾ ਰਿਹੈ ਪੇਡ ਚੋਣ ਸਰਵੇ: ਸੁਖਬੀਰ

**ਜਲਾਲਾਬਾਦ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕਹਿਣੀ ਅਤੇ ਕਰਨੀ 'ਚ ਫਰਕ ਹੈ ਕਿਉਂਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਵੱਲੋਂ ਸਿਰਫ ਕੇਜਰੀਵਾਲ ਦੇ ਹੀ ਪੋਸਟਰ ਲੱਗੇ ਹਨ ਅਤੇ ਭਗਵੰਤ ਮਾਨ ਨੂੰ ਸਿਰਫ ਕਠਪੁਤਲੀ ਮੁੱਖ ਮੰਤਰੀ ਐਲਾਨਿਆ ਗਿਆ ਹੈ। ਸੁਖਬੀਰ ਨੇ ਚੋਣ ਸਰਵੇ ਵਿਚ 'ਆਪ' ਨੂੰ ਬਹੁਮਤ ਦੇਣ ਬਾਰੇ ਕਿਹਾ ਕਿ ਪਿਛਲੀਆਂ ਚੋਣਾਂ ਵੇਲੇ ਵੀ ਵੋਟਰ ਸਰਵੇ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ ਪਰ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਨੂੰ ਕਿੰਨੀਆਂ ਸੀਟਾਂ ਮਿਲੀਆਂ, ਸਭ ਦੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਪੇਡ ਸਰਵੇ ਕਰਵਾ ਰਿਹਾ ਹੈ। ਸੁਖਬੀਰ ਬਾਦਲ ਨੇ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕਥਿਤ ਸ਼ਹਿ 'ਤੇ ਬਦਲੀਆਂ, ਸ਼ਰਾਬ ਮਾਫੀਆ, ਰੇਤ ਮਾਫੀਆ ਸਮੇਤ ਹੋਰ ਗੈਰ-ਕਾਨੂੰਨੀ ਧੰਦੇ ਕੀਤੇ।

# ਪੰਜਾਬ ਚੋਣਾਂ ਲਈ ਨਾਮਜ਼ਦਗੀਆਂ ਦਾ ਅਮਲ ਸ਼ੁਰੂ

**ਚੰਡੀਗੜ੍ਹ:** ਪੰਜਾਬ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਸ ਪ੍ਰਕਿਰਿਆ ਦੀ ਆਖਰੀ ਮਿਤੀ 1 ਫਰਵਰੀ ਹੈ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 2 ਫਰਵਰੀ ਨੂੰ ਹੋਵੇਗੀ, ਜਦਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ 4 ਫਰਵਰੀ ਹੈ।

ਨਾਮਜ਼ਦਗੀ ਪੱਤਰ ਸਬੰਧਤ ਰਿਟਰਨਿੰਗ ਅਫਸਰ ਦੇ ਦਫਤਰ ਵਿਖੇ ਸਵੇਰੇ 11 ਵਜੇ ਤੋਂ 3 ਵਜੇ ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ। ਚੋਣ ਕਮਿਸ਼ਨ ਮੁਤਾਬਕ ਨਾਮਜ਼ਦਗੀ ਪੱਤਰ ਫਾਰਮ 2ਬੀ 'ਚ ਭਰਿਆ ਜਾਣਾ ਹੈ ਤੇ ਸਬੰਧਤ ਰਿਟਰਨਿੰਗ ਅਫਸਰ ਕੋਲ ਇਸ ਦੀਆਂ ਖਾਲੀ ਕਾਪੀਆਂ ਉਪਲਬਧ ਹਨ। ਟਾਈਪ ਕੀਤੇ ਹੋਏ ਨਾਮਜ਼ਦਗੀ ਪੱਤਰ ਤੈਅ ਸ਼ੁਦਾ ਪ੍ਰਾਫਾਰਮੇ 'ਚ ਹੀ ਸਵੀਕਾਰ ਕੀਤੇ ਜਾਣਗੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਵਿਧਾਨ ਸਭਾ ਚੋਣ ਲੜਨ ਦਾ ਇੱਛੁਕ ਉਮੀਦਵਾਰ ਸੂਬੇ ਦੇ ਕਿਸੇ ਵੀ ਵਿਧਾਨ ਸਭਾ ਹਲਕੇ ਦਾ ਰਜਿਸਟਰਡ ਵੋਟਰ ਹੋਣਾ ਚਾਹੀਦਾ ਹੈ ਤੇ ਉਮੀਦਵਾਰ ਰਿਟਰਨਿੰਗ ਅਫਸਰ ਨੂੰ ਇਸ ਸਬੰਧੀ ਵੋਟਰ ਸੂਚੀ 'ਚ ਦਰਜ ਆਪਣੇ ਨਾਂ ਵਾਲੇ ਪੰਨੇ ਦੀ ਤਸਦੀਕਸ਼ੁਦਾ ਕਾਪੀ ਪੇਸ਼ ਕਰੇਗਾ।

ਇਸ ਤੋਂ ਇਲਾਵਾ ਭਾਰਤ ਦੇ ਸੰਵਿਧਾਨ ਪ੍ਰਤੀ ਵਫਾਦਾਰੀ ਦੀ ਸਹੁੰ ਜਾਂ ਪੁਸ਼ਟੀ ਕਰਨ ਸਬੰਧੀ ਤੈਅਸ਼ੁਦਾ ਫਾਰਮ 'ਚ ਸਬੰਧਤ ਰਿਟਰਨਿੰਗ ਅਫਸਰ ਜਾਂ ਭਾਰਤ ਚੋਣ ਕਮਿਸ਼ਨ ਵਲੋਂ ਤੈਅ ਵਿਅਕਤੀ ਕੋਲ ਪੇਸ਼ ਕਰਨਾ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ 'ਚ ਕੁੱਲ 2,12,75,066 ਰਜਿਸਟਰਡ ਵੋਟਰ ਹਨ, ਜਿਨ੍ਹਾਂ 'ਚ 1,11,87,857 ਪੁਰਸ਼, 1,00,86,514 ਮਹਿਲਾ, 695 ਵੋਟਰ ਤੀਜੇ ਲਿੰਗ, 14,4667 ਪੀ.ਡਬਲਿਊ.ਡੀ ਵੋਟਰ ਤੇ 1,10,163 ਸਰਵਿਸ ਵੋਟਰ, 1601 ਐਨ.ਆਰ.ਆਈ. ਵੋਟਰ ਤੇ 5,13,229 ਵੋਟਰ 80 ਸਾਲ ਤੋਂ ਵੱਧ ਉਮਰ ਦੇ ਹਨ। ਇਸ ਤੋਂ ਇਲਾਵਾ ਸੂਬੇ 'ਚ 14,751 ਪੋਲਿੰਗ ਥਾਵਾਂ ਉਤੇ 24,740 ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ। ਪੰਜਾਬ ਰਾਜ 'ਚ ਵੋਟਾਂ ਵਾਲੇ ਦਿਨ ਸਾਰੇ ਬੂਥਾਂ ਤੋਂ ਵੈਬ-ਕਾਸਟਿੰਗ ਕੀਤੀ ਜਾਵੇਗੀ। ਵੋਟਾਂ ਪਾਉਣ ਦੀ ਪ੍ਰਕਿਰਿਆ 20 ਫਰਵਰੀ ਨੂੰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ। ਜਦਕਿ ਵੋਟਾਂ ਦੀ ਗਿਣਤੀ 10 ਮਾਰਚ ਨੂੰ ਸ਼ੁਰੂ ਹੋਵੇਗੀ।

# ਭਗਵੰਤ ਨੇ ਚੰਨੀ ਨੂੰ ਧੂਰੀ ਤੋਂ ਚੋਣ ਲੜਨ ਲਈ ਵੰਗਾਰਿਆ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਮੁੱਖ ਮੰਤਰੀ ਲਈ ਐਲਾਨੇ ਗਏ ਉਮੀਦਵਾਰ ਭਗਵੰਤ ਮਾਨ ਨੇ ਪੰਜਾਬ ਦੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਚੋਣ ਲੜਨ ਦੀ ਦਿੱਤੀ ਚੁਣੌਤੀ ਦੇ ਜਵਾਬ ਵਿਚ ਆਖਿਆ ਕਿ ਸ੍ਰੀ ਚੰਨੀ ਜਦੋਂ ਵੀ ਚਾਹੁਣ ਧੂਰੀ ਤੋਂ ਆ ਕੇ ਉਨ੍ਹਾਂ ਦੇ ਮੁਕਾਬਲੇ ਚੋਣ ਲੜ ਸਕਦੇ ਹਨ।

ਉਹ ਇਥੇ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋਣ ਆਏ ਸਨ। ਸ੍ਰੀ ਚੰਨੀ ਵੱਲੋਂ ਦਿੱਤੀ ਚੁਣੌਤੀ ਦੇ ਜਵਾਬ ਵਿਚ ਭਗਵੰਤ ਮਾਨ ਨੇ ਕਿਹਾ ਕਿ ਚਮਕੌਰ ਸਾਹਿਬ ਰਾਖਵਾਂ ਹਲਕਾ ਹੈ ਜਿੱਥੋਂ ਉਹ ਉਨ੍ਹਾਂ ਦੇ ਮੁਕਾਬਲੇ ਚੋਣ ਨਹੀਂ ਲੜ ਸਕਦੇ, ਜੇਕਰ ਸ੍ਰੀ ਚੰਨੀ ਉਨ੍ਹਾਂ ਨਾਲ ਚੋਣ ਲੜਨਾ ਚਾਹੁੰਦੇ ਹਨ ਤਾਂ ਉਹ ਧੂਰੀ ਵਿਧਾਨ ਸਭਾ ਹਲਕੇ ਤੋਂ ਆ ਕੇ ਚੋਣ



ਲੜ ਸਕਦੇ ਹਨ। ਪੰਜਾਬ ਦੇ ਪਾਣੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦਾ ਪਾਣੀ ਪੰਜਾਬ ਕੋਲ ਹੀ ਰਹੇਗਾ। ਸ੍ਰੀ ਮਾਨ ਨੇ ਆਖਿਆ ਕਿ ਉਹ ਪੰਜਾਬ ਦੀ ਭਲਾਈ ਚਾਹੁੰਦੇ ਹਨ ਅਤੇ ਇਸ ਸਬੰਧੀ ਪੰਜਾਬ ਵਿਜ਼ਨ ਲਿਖਤੀ ਰੂਪ ਵਿਚ ਜਾਰੀ ਕੀਤਾ ਜਾਵੇਗਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਪੰਜਾਬ ਨੂੰ ਲੰਡਨ ਜਾਂ ਕੈਲੀਫੋਰਨੀਆ ਬਣਾਉਣ ਦੀ ਨਹੀਂ, ਸਗੋਂ ਸਿਰਫ ਪੰਜਾਬ ਬਣਾਉਣ ਦੀ ਕੋਸ਼ਿਸ਼ ਕਰਨਗੇ। ਕਾਂਗਰਸ ਵੱਲੋਂ 'ਆਪ' ਨੂੰ ਭਾਜਪਾ ਦੀ 'ਬੀ' ਟੀਮ ਕਹੇ ਜਾਣ 'ਤੇ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਕਿਸੇ ਵੀ ਸਿਆਸੀ ਪਾਰਟੀ ਦੀ 'ਬੀ' ਟੀਮ ਨਹੀਂ ਸਗੋਂ ਪੰਜਾਬ ਦੇ ਪੌਣੇ ਤਿੰਨ ਕਰੋੜ ਲੋਕਾਂ ਦੀ ਇਹ ਟੀਮ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ 'ਤੇ ਜੋ ਭਰੋਸਾ ਪ੍ਰਗਟਾਇਆ ਹੈ, ਉਹ ਜ਼ਿੰਮੇਵਾਰੀ ਮਿਲਣ ਮਗਰੋਂ ਇਸ ਨੂੰ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨਗੇ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਗੇ।

ਇਸ ਤੋਂ ਪਹਿਲਾਂ ਭਗਵੰਤ ਮਾਨ ਨੇ 'ਆਪ' ਆਗੂਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਉਹ ਜੱਲ੍ਹਿਆਂਵਾਲਾ ਬਾਗ ਵੀ ਗਏ ਅਤੇ ਉਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮਗਰੋਂ ਉਨ੍ਹਾਂ ਨੇ ਦੁਰਗਿਆਨਾ ਮੰਦਰ ਵਿਖੇ ਵੀ ਮੱਥਾ ਟੇਕਿਆ।


ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! ! ਖੁੱਲ੍ਹ ਗਿਆ ਹੈ ! ! !



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections




640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਅਗਲੇ ਵਿੱਤੀ ਸਾਲ 'ਚ 7.6 ਫੀਸਦ ਦਰ ਨਾਲ ਵਧੇਗਾ ਭਾਰਤੀ ਅਰਥਚਾਰਾ



**ਮੁੰਬਈ:** ਇੰਡੀਆ ਰੇਟਿੰਗਜ਼ ਤੇ ਰਿਸਰਚ ਨੇ ਅਗਲੇ ਵਿੱਤੀ ਸਾਲ 2022-23 ਵਿਚ ਭਾਰਤੀ ਅਰਥਚਾਰਾ 7.6 ਫੀਸਦੀ ਦੀ ਵਿਕਾਸ ਦਰ ਨਾਲ ਵਧਣ ਦੀ ਪੇਸ਼ੀਨਗੋਈ ਕੀਤੀ ਹੈ। ਏਜੰਸੀ ਨੇ ਕਿਹਾ ਕਿ ਕਰੀਬ ਦੋ ਸਾਲਾਂ ਦੇ ਵਕਫੇ ਮਗਰੋਂ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਅਰਥਪੂਰਨ ਪਾਸਾਰ ਹੋਵੇਗਾ ਕਿਉਂਕਿ 2022-23 ਵਿਚ ਅਸਲ ਜੀ.ਡੀ.ਪੀ. ਦੇ 2019-20 (ਕੋਵਿਡ ਤੋਂ ਪਹਿਲਾਂ ਵਾਲੇ ਪੱਧਰ) ਤੋਂ 9.1 ਫੀਸਦੀ ਵੱਧ ਰਹਿਣ ਦਾ ਅਨੁਮਾਨ ਹੈ।

ਇੰਡੀਆ ਰੇਟਿੰਗਜ਼ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਲੇ ਵਿੱਤੀ ਸਾਲ ਵਿਚ ਭਾਰਤੀ ਅਰਥਚਾਰੇ ਦਾ ਆਕਾਰ ਜੀ.ਡੀ.ਪੀ. ਦੇ ਰੁਝਾਨ ਮੂਲ ਤੋਂ 10.2 ਫੀਸਦੀ ਘੱਟ ਰਹੇਗਾ। ਏਜੰਸੀ ਮੁਤਾਬਕ, "ਇਸ ਕਮੀ ਵਿਚ ਮੁੱਖ ਯੋਗਦਾਨ ਨਿੱਜੀ ਖਪਤ ਤੇ ਨਿਵੇਸ਼ ਮੰਗ ਦਾ ਨਿਘਾਰ ਰਹੇਗਾ। ਕੁੱਲ ਨਿਘਾਰ ਵਿਚ ਨਿੱਜੀ ਖਪਤ ਦਾ ਹਿੱਸਾ 43.4 ਫੀਸਦੀ ਤੇ ਨਿਵੇਸ਼ ਮੰਗ ਦਾ ਹਿੱਸਾ 21 ਫੀਸਦੀ ਰਹੇਗਾ।" ਇਸ ਤੋਂ ਪਹਿਲਾਂ ਇਸੇ ਮਹੀਨੇ ਕੌਮੀ ਅੰਕੜਾ ਦਫਤਰ (ਐਨ.ਐਸ.ਓ.) ਨੇ ਜੀ.ਡੀ.ਪੀ. ਬਾਰੇ ਆਪਣੇ ਪਹਿਲੇ ਅਗਾਊਂ ਅਨੁਮਾਨ ਵਿਚ ਕਿਹਾ ਸੀ ਕਿ 2021-22 ਵਿਚ ਆਰਥਿਕ ਵਿਕਾਸ ਦਰ 9.2 ਫੀਸਦੀ ਰਹੇਗੀ। ਇਸ ਤੋਂ ਪਿਛਲੇ ਵਿੱਤੀ ਸਾਲ ਵਿਚ ਅਰਥਚਾਰੇ ਵਿਚ 7.3 ਫੀਸਦੀ ਦਾ ਨਿਘਾਰ ਆਇਆ ਸੀ।

ਇੰਡੀਆ ਰੇਟਿੰਗਜ਼ ਦੇ ਪ੍ਰਮੁੱਖ ਅਰਥਸ਼ਾਸਤਰੀ ਤੇ ਡਾਇਰੈਕਟਰ (ਲੋਕ ਵਿੱਤ) ਸੁਨੀਲ ਕੁਮਾਰ ਸਿਨਹਾ ਨੇ ਕਿਹਾ ਕਿ ਸਰਕਾਰ ਤੇ ਰਿਜ਼ਰਵ ਬੈਂਕ ਅਰਥਚਾਰੇ ਦੇ ਵਿਕਾਸ ਨੂੰ ਹਮਾਇਤ ਦੇਣਗੇ। ਉਨ੍ਹਾਂ ਕਿਹਾ ਕਿ ਸਰਕਾਰ ਇਸ ਵੇਲੇ ਆਰਥਿਕ ਮਜ਼ਬੂਤੀ ਦੀ ਕਾਹਲ ਵਿਚ ਨਹੀਂ ਹੈ। ਇਸ ਦਾ ਅਰਥ ਹੈ ਕਿ 2022-23 ਵਿਚ ਵਿੱਤੀ ਘਾਟਾ ਵਧੇਗਾ, ਜਿਸ ਨਾਲ ਵਾਧੇ ਨੂੰ ਹਮਾਇਤ ਮਿਲੇਗੀ। ਏਜੰਸੀ ਦਾ ਅਨੁਮਾਨ ਹੈ ਕਿ 2022-23 ਵਿਚ ਵਿੱਤੀ ਘਾਟਾ 5.8 ਫੀਸਦੀ ਤੋਂ 6 ਫੀਸਦੀ ਦਰਮਿਆਨ ਰਹੇਗਾ। ਸਿਨਹਾ ਨੇ ਕਿਹਾ ਕਿ ਮਹਿੰਗਾਈ ਦਰ ਦਾ ਰੁਝਾਨ ਅਜੇ ਉਤੇ ਵੱਲ ਨੂੰ ਹੈ ਤੇ ਅਰਥਚਾਰੇ ਦੇ ਮੁੜ ਪੈਰਾਂ ਸਿਰ ਹੋਣ ਦੀ ਰਫਤਾਰ ਸੁਸਤ ਹੈ ਤੇ ਅਜਿਹੇ ਵਿਚ ਨੇੜ ਭਵਿੱਖ ਵਿਚ ਕੇਂਦਰੀ ਬੈਂਕ ਨੀਤੀਗਤ ਵਿਆਜ ਦਰਾਂ ਵਿਚ ਫੇਰਬਦਲ ਤੋਂ ਬਚੇਗਾ।

## ਚਾਰ ਕਰੋੜ ਲੋਕਾਂ ਨੂੰ ਗਰੀਬੀ ਵੱਲ ਧੱਕਿਆ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਮੁਲਕ 'ਚ ਚਾਰ ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਗਰੀਬੀ ਵੱਲ ਧੱਕ ਦਿੱਤਾ ਗਿਆ ਹੈ ਅਤੇ ਸਿਰਫ 'ਹਮਾਰੇ ਦੋ' ਦਾ ਵਿਕਾਸ ਹੋਇਆ ਹੈ। ਰਾਹੁਲ ਨੇ ਟਵਿੱਟਰ 'ਤੇ ਕਿਹਾ, "ਸਿਰਫ 'ਹਮਾਰੇ ਦੋ' ਲਈ ਵਿਕਾਸ ਹੋ ਰਿਹਾ ਹੈ ਜਦਕਿ ਸਾਡੇ ਚਾਰ ਕਰੋੜ ਭਰਾਵਾਂ ਅਤੇ ਭੈਣਾਂ ਨੂੰ ਗਰੀਬੀ ਵੱਲ ਧੱਕਿਆ ਗਿਆ ਹੈ।"

## ਸਾਲ 'ਚ ਦੋ ਕਰੋੜ ਨੌਕਰੀਆਂ ਮੋਦੀ ਦਾ ਜੁਮਲਾ ਸੀ: ਸਿੱਬਲ

**ਨਵੀਂ ਦਿੱਲੀ:** ਪੰਜ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਬੇਰੁਜ਼ਗਾਰੀ ਅਤੇ ਦੇਸ਼ ਦੀ ਆਰਥਿਕਤਾ ਦੇ ਮੁੱਦੇ 'ਤੇ ਕੇਂਦਰ ਸਰਕਾਰ ਖਿਲਾਫ ਨਿਸ਼ਾਨਾ ਸੇਧਿਆ ਹੈ। ਕਾਂਗਰਸੀ ਨੇਤਾ ਕਪਿਲ ਸਿੱਬਲ ਨੇ ਵਧਦੀ ਬੇਰੁਜ਼ਗਾਰੀ ਦਾ ਸਵਾਲ ਉਠਾਉਂਦਿਆਂ ਕਿਹਾ ਕਿ ਇਕ ਸਾਲ 'ਚ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਮੋਦੀ ਸਰਕਾਰ ਦਾ ਸਿਰਫ ਇਕ 'ਜੁਮਲਾ' ਸੀ। ਕਾਂਗਰਸ ਵੱਲੋਂ ਮੋਦੀ ਸਰਕਾਰ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਕਥਿਤ ਦੋਸ਼ ਲਾਇਆ ਕਿ 84 ਫੀਸਦੀ ਭਾਰਤੀਆਂ ਦੀ ਆਮਦਨ ਘਟ ਗਈ ਹੈ।

# ਵਿਦੇਸ਼ੀ ਵਿਦਿਆਰਥੀਆਂ ਦੇ ਕੰਮ ਕਰਨ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਦੀ ਮੰਗ

**ਬਰੈਂਪਟਨ:** ਤਰਕਸ਼ੀਲ ਸੁਸਾਇਟੀ ਕੈਨੇਡਾ ਦੀ ਕਾਰਜਕਰਨੀ ਦੀ ਬੀਤੇ ਬੁੱਧਵਾਰ ਨੂੰ ਹੋਈ ਮੀਟਿੰਗ ਵਿਚ ਹੋਰ ਵਿਸ਼ਿਆਂ ਤੋਂ ਇਲਾਵਾ ਕੈਨੇਡਾ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਦੌਰਾਨ ਇਨ੍ਹਾਂ ਵਿਦਿਆਰਥੀਆਂ ਦਾ ਸ਼ੋਸ਼ਣ ਰੋਕਣ ਲਈ ਕੈਨੇਡਾ ਸਰਕਾਰ ਤੋਂ ਇਨ੍ਹਾਂ ਦੇ ਕੰਮ ਕਰਨ 'ਤੇ ਲਾਈਆਂ ਪਾਬੰਦੀਆਂ ਹਟਾਉਣ ਦੀ ਮੰਗ ਕੀਤੀ ਗਈ। ਮੈਂਬਰਾਂ ਦਾ ਵਿਚਾਰ ਸੀ ਕਿ ਇਨ੍ਹਾਂ ਪਾਬੰਦੀਆਂ ਕਾਰਨ ਆਪਣੇ ਖਰਚੇ ਪੂਰੇ ਕਰਨ ਲਈ ਕਈ ਵਾਰ ਵਿਦਿਆਰਥੀਆਂ ਨੂੰ ਕਾਨੂੰਨ ਮੁਤਾਬਿਕ ਮਨਜ਼ੂਰ ਘੰਟਿਆਂ ਤੋਂ ਵੱਧ ਕੰਮ ਕਰਨਾ ਪੈਂਦਾ ਹੈ, ਜਿਸ ਕਾਰਨ ਕਈ ਰੁਜ਼ਗਾਰ ਦੇਣ ਵਾਲੇ, ਆਨੇ-ਬਹਾਨੇ ਉਨ੍ਹਾਂ ਦੀ ਲੁੱਟ ਕਰਦੇ ਹਨ। ਇਸ ਮੀਟਿੰਗ ਵਿਚ ਕਈ ਅਦਾਰਿਆਂ ਵਲੋਂ ਕੁਝ ਕੁ ਗੁਮਰਾਹ ਹੋਈਆਂ ਪੰਜਾਬੀ ਵਿਦਿਅਰਥਣਾਂ ਦੇ ਸਮਾਜ ਵਿਰੋਧੀ ਤੱਤਾਂ ਦੇ ਚੁੰਗਲ ਵਿਚ ਫਸ ਕੇ ਗਲਤ ਰਾਹ ਪੈਣ ਦੀ ਗੱਲ ਨੂੰ ਵਧਾ-ਚੜ੍ਹਾ, ਸਨਸਨੀਖੇਜ਼ ਬਣਾ ਕੇ ਵੱਡੇ ਪੱਧਰ 'ਤੇ ਉਨ੍ਹਾਂ ਵਿਚ ਵੇਸਵਾ ਗਮਨੀ ਦੇ ਹੋਣ ਦਾ ਪ੍ਰਚਾਰ ਕਰਨ ਦੀ ਨਿੰਦਾ ਕੀਤੀ ਗਈ।


ਇਸ ਜ਼ੂਮ ਮੀਟਿੰਗ ਵਿਚ ਬੀਸੀ, ਅਲਬਰਟਾ, ਮੈਨੀਟੋਬਾ ਅਤੇ ਓਂਟਾਰੀਓ ਦੇ ਨੁਮਾਇੰਦਿਆਂ ਨੇ ਭਾਗ ਲਿਆ ਤੇ ਇਹ ਦੋ ਘੰਟਿਆਂ ਤੋਂ ਵੱਧ ਸਮਾਂ ਚੱਲੀ। ਜਥੇਬੰਦੀ ਦੇ ਕੰਮਾਂ ਦੀ ਸਮੀਖਿਆ ਕਰਨ ਉਪਰੰਤ, ਵਿਦੇਸ਼ੀ ਖਾਸ ਕਰ ਪੰਜਾਬੀ ਵਿਦਿਆਰਥੀਆਂ ਵਲੋਂ ਆਪਣੇ ਸਾਥੀਆਂ ਦੇ ਸ਼ੋਸ਼ਣ ਵਿਰੁੱਧ ਚਲਾਈ ਜਾ ਰਹੀ ਜੱਦੋ-ਜਹਿਦ ਬਾਰੇ ਹੋਈ ਬਹਿਸ ਵਿਚ, ਇਸ ਸ਼ੋਸ਼ਣ ਦਾ ਮੁੱਖ ਕਾਰਨ ਸਰਕਾਰ ਵਲੋਂ ਵਿਦੇਸ਼ੀ ਵਿਦਿਆਰਥੀਆਂ ਦੇ ਕੰਮ ਕਰਨ 'ਤੇ ਲਾਈਆਂ ਰੋਕਾਂ ਨੂੰ ਮੰਨਿਆ ਗਿਆ। ਬੀਤੇ ਕਈ ਦਹਾਕਿਆਂ ਤੋਂ ਸਰਕਾਰ ਵਲੋਂ ਕਾਲਜਾਂ ਯੂਨੀਵਰਸਟੀਆਂ ਦੇ ਫੰਡਾਂ ਵਿਚ ਕਟੌਤੀ ਕਰ ਕੇ, ਉਨ੍ਹਾਂ ਨੂੰ ਆਤਮ-ਨਿਰਭਰ ਹੋਣ ਦੀ ਸਰਕਾਰ ਦੀ ਦੁਹਾਈ ਦਾ ਨਤੀਜਾ ਹੈ ਕਿ ਇਹ ਸਿੱਖਿਆ ਦੇ ਅਦਾਰੇ, ਫੀਸਾਂ ਦੇ ਰੂਪ ਵਿਚ ਵੱਡੀਆਂ ਰਕਮਾਂ, ਖਾਸ ਕਰ ਵਿਦੇਸ਼ੀ ਵਿਦਿਆਰਥੀਆਂ ਤੋਂ, ਇਕੱਠੀਆਂ ਕਰਨ ਵਿਚ ਜੁੱਟੇ ਹੋਏ ਹਨ। ਚੰਗੇ ਭਵਿੱਖ ਦੀ ਉਮੀਦ ਵਿਚ ਕਈ ਦੇਸ਼ਾਂ ਤੋਂ ਹੇਠਲੇ ਮੱਧ ਵਰਗ ਵਿਚੋਂ, ਭਾਰੀ ਰਕਮਾਂ ਖਰਚ ਕੇ ਆ ਰਹੇ ਵਿਦਿਆਰਥੀਆਂ 'ਤੇ ਇਹ ਫੀਸਾਂ ਤਲਵਾਰ ਵਾਂਗ ਲਟਕਦੀਆਂ ਰਹਿੰਦੀਆਂ ਹਨ ਅਤੇ ਉਹ ਇਨ੍ਹਾਂ ਅਤੇ ਹੋਰ ਰਹਿਣ-ਸਹਿਣ ਦੇ ਖਰਚਿਆਂ ਨੂੰ ਪੂਰੇ ਕਰਨ ਲਈ ਕਈ ਵਾਰ ਕਾਨੂੰਨੀ ਹੱਦ ਤੋਂ ਵੱਧ ਘੰਟੇ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਦਾ ਫਾਇਦਾ ਕਈ ਰੁਜ਼ਗਾਰ ਦੇਣ ਵਾਲੇ ਲੈਂਦੇ ਹਨ ਅਤੇ ਉਨ੍ਹਾਂ ਦੇ ਕੰਮ ਦੀ ਉਚਿਤ ਉਜਰਤ ਨਹੀਂ ਦਿੰਦੇ ਅਤੇ ਕਈ ਵਾਰ ਤਾਂ ਕੰਮ ਕਰਵਾਉਣ ਬਾਅਦ ਬਣਦੀ ਰਕਮ ਤੋਂ ਮੁਨਕਰ ਹੀ ਹੋ ਜਾਂਦੇ ਹਨ। ਮੈਂਬਰਾਂ ਵਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਇਹ ਲੁੱਟ ਰੋਕਣ ਲਈ, ਵਿਦੇਸ਼ੀ ਵਿਦਿਆਰਥੀਆਂ ਨੂੰ ਇੱਥੋਂ ਦੇ ਵਿਦਿਆਰਥੀਆਂ ਬਰਾਬਰ ਕੰਮ ਕਰਨ ਦੀ ਇਜਾਜ਼ਤ ਦੇਵੇ। ਮੌਨਟਰੀਅਲ ਵਿਚ ਤਿੰਨ ਕਾਲਜਾਂ ਵਲੋਂ ਆਪਣੇ ਆਪ ਨੂੰ, ਲੱਖਾਂ ਡਾਲਰਾਂ ਦੀ ਲੁੱਟ ਕਰਨ ਉਪਰੰਤ, ਦੀਵਾਲੀਆ ਕੱਢ, ਵਿਦਿਆਰਥੀਆਂ ਦੇ ਭਵਿੱਖ ਨੂੰ ਖਤਰੇ ਵਿਚ ਪਾਉਣ ਦੀ ਵੀ ਨਿੰਦਾ ਕੀਤੀ ਗਈ ਅਤੇ ਸਰਕਾਰ ਤੋਂ ਇਨ੍ਹਾਂ ਵਿਦਿਆਥੀਆਂ ਦੀ ਪੜ੍ਹਾਈ ਦੂਸਰੇ ਕਾਲਜਾਂ ਵਿਚ ਮੁਕੰਮਲ ਕਰਵਾਉਣ ਦੇ ਇੰਤਜ਼ਾਮ ਕਰਨ ਦੀ ਮੰਗ ਵੀ ਕੀਤੀ ਗਈ।

ਮੀਟਿੰਗ ਵਿਚ ਜਥੇਬੰਦੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਵੀ ਮੈਂਬਰਾਂ ਵਲੋਂ ਸੁਝਾਅ ਦਿੱਤੇ ਗਏ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਬਲਦੇਵ ਰਹਿਪਾ (416 881 7202) ਜਾਂ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜੰਮੂ ਕਸ਼ਮੀਰ: ਹਾਲਤ ਆਮ ਹੋਣ ਮਗਰੋਂ ਬਹਾਲ ਹੋਵੇਗਾ ਸੂਬੇ ਦਾ ਦਰਜਾ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਹੱਦਬੰਦੀ ਪ੍ਰਕਿਰਿਆ ਮੁਕੰਮਲ ਹੋਣ ਮਗਰੋਂ ਹੋਣਗੀਆਂ ਤੇ ਯੂਟੀ ਵਿਚ ਹਾਲਾਤ ਠੀਕ ਹੋਣ ਮਗਰੋਂ ਸੂਬੇ ਦਰਜਾ ਬਹਾਲ ਕਰ ਦਿੱਤਾ ਜਾਵੇਗਾ।

ਵਰਚੁਅਲ ਮਾਧਿਅਮ ਰਾਹੀਂ ਭਾਰਤ ਦਾ ਪਹਿਲਾ 'ਜ਼ਿਲ੍ਹਾ ਚੰਗਾ ਸੁਸ਼ਾਸਨ ਸੂਚਕ ਅੰਕ' ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰਜੀਹ ਹੈ ਤੇ ਯੂਟੀ ਦੇ ਵਿਕਾਸ ਲਈ ਬਹੁਪੱਖੀ ਯਤਨ ਕੀਤੇ ਜਾ ਰਹੇ ਹਨ।' ਉਨ੍ਹਾਂ ਕਿਹਾ, 'ਜਿੱਥੇ ਤੱਕ ਲੋਕਤੰਤਰੀ ਪ੍ਰਕਿਰਿਆ ਦਾ ਸਬੰਧੀ ਹੈ, ਹੱਦਬੰਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਇਸ ਦੇ ਮੁਕੰਮਲ ਹੋਣ ਮਗਰੋਂ ਅਸੀਂ ਵਿਧਾਨ ਸਭਾ ਚੋਣਾਂ ਕਰਾਵਾਂਗੇ। ਕੁਝ ਲੋਕਾਂ ਨੇ ਬਹੁਤ ਗੱਲਾਂ ਕਹੀਆਂ ਹਨ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਸੰਸਦ ਵਿਚ ਭਰੋਸਾ ਦਿੱਤਾ ਹੈ ਕਿ ਜੰਮੂ ਕਸ਼ਮੀਰ ਸੂਬੇ ਦਾ ਦਰਜਾ ਮੁੜ ਬਹਾਲ ਕੀਤਾ ਜਾਵੇਗਾ।' ਸ੍ਰੀ ਸ਼ਾਹ ਨੇ ਕਿਹਾ ਕਿ ਕੁਝ ਲੋਕ ਘਾਟੀ ਦੇ ਲੋਕਾਂ ਦੇ ਮਨਾਂ 'ਚ ਦੁਚਿੱਤੀ ਪੈਦਾ ਕਰਨਾ ਚਾਹੁੰਦੇ ਹਨ ਤੇ ਉਹ ਸਾਰਿਆਂ ਨੂੰ ਉਨ੍ਹਾਂ ਦੇ ਜਾਲ 'ਚ ਨਾ ਫਸਣ ਦੀ ਬੇਨਤੀ ਕਰਦੇ ਹਨ।



# ਭਾਰਤ-ਪਾਕਿ ਸੁਲਝਾ ਸਕਦੇ ਨੇ ਕਸ਼ਮੀਰ ਮਸਲਾ: ਗੁਟੇਰੇਜ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ ਨੇ ਆਸ ਜਤਾਈ ਹੈ ਕਿ ਭਾਰਤ ਅਤੇ ਪਾਕਿਸਤਾਨ ਕਸ਼ਮੀਰ ਮਸਲਾ ਸ਼ਾਂਤੀ ਨਾਲ ਸੁਲਝਾ ਸਕਦੇ ਹਨ। ਗੁਟੇਰੇਜ ਨੇ ਕਿਹਾ,''ਸੰਯੁਕਤ ਰਾਸ਼ਟਰ ਦਾ ਰੁਖ ਅਤੇ ਲਏ ਗਏ ਅਹਿਦ ਇਕ ਸਮਾਨ ਹਨ। ਜਿਵੇਂ ਕਿ ਤੁਸੀਂ ਜਾਣਦੇ ਹੋ, ਸਾਡੀ ਉਥੇ ਸ਼ਾਂਤੀ ਸੈਨਿਕਾਂ ਦੀ ਮੁਹਿੰਮ ਹੈ। ਅਸੀਂ ਬਿਨਾਂ ਸ਼ੱਕ ਵਚਨਬੱਧ ਹਾਂ।''

ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੂੰ ਕਈ ਵਾਰ ਸਹਿਯੋਗ ਦੀ ਪੇਸ਼ਕਸ਼ ਕੀਤੀ ਜਾ ਚੁੱਕੀ ਹੈ ਅਤੇ ਉਹ ਉਮੀਦ ਕਰਦੇ ਹਨ ਕਿ ਇਹ ਅਜਿਹਾ ਮਸਲਾ ਹੈ ਜਿਸ ਦਾ ਸ਼ਾਂਤਮਈ ਢੰਗ ਨਾਲ ਹੱਲ ਕੱਢਿਆ ਜਾ ਸਕਦਾ ਹੈ ਅਤੇ ਕਸ਼ਮੀਰ 'ਚ ਅਜਿਹੇ ਹਾਲਾਤ ਹਨ ਜਿਸ 'ਚ ਮਨੁੱਖੀ ਅਧਿਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ ਤੇ ਉਥੇ ਲੋਕ ਸ਼ਾਂਤੀ ਤੇ ਸੁਰੱਖਿਆ ਨਾਲ ਰਹਿ ਸਕਦੇ ਹਨ। ਗੁਟੇਰੇਜ ਪ੍ਰੈੱਸ ਕਾਨਫਰੰਸ ਦੌਰਾਨ ਕਸ਼ਮੀਰ ਮਸਲੇ 'ਤੇ ਇਕ ਪਾਕਿਸਤਾਨੀ ਪੱਤਰਕਾਰ ਵੱਲੋਂ ਪੁੱਛੇ ਗਏ ਸਵਾਲਾਂ ਦਾ ਜਵਾਬ ਦੇ ਰਹੇ ਸਨ।



ਜ਼ਿਕਰਯੋਗ ਹੈ ਕਿ ਨਵੀਂ ਦਿੱਲੀ ਨੇ ਕਸ਼ਮੀਰ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਕਿਸੇ ਤੀਜੀ ਧਿਰ ਦੀ ਵਿਚੋਲਗੀ ਨੂੰ ਸਿਰੇ ਤੋਂ ਨਕਾਰ ਦਿੰਦਿਆਂ ਕਿਹਾ ਹੈ ਕਿ ਦਹਾਕਿਆਂ ਤੋਂ ਭਾਰਤ ਦਾ ਰੁਖ ਸਪੱਸ਼ਟ ਰਿਹਾ ਹੈ ਅਤੇ ਦੋਵੇਂ ਮੁਲਕ ਇਸ ਮੁੱਦੇ 'ਤੇ ਦੁਵੱਲੀ ਚਰਚਾ ਕਰ ਸਕਦੇ ਹਨ। ਭਾਰਤ ਆਖਦਾ ਆ ਰਿਹਾ ਹੈ ਕਿ ਜੰਮੂ ਕਸ਼ਮੀਰ ਉਸ ਦਾ ਅਟੁੱਟ ਹਿੱਸਾ ਹੈ।

# ਇੰਡੀਆ ਗੇਟ 'ਤੇ ਬੁਝੀ ਅਮਰ ਜਵਾਨ ਜਯੋਤੀ

**ਨਵੀਂ ਦਿੱਲੀ:** ਅਮਰ ਜਵਾਨ ਜਯੋਤੀ ਦੀ ਲਾਟ ਕੌਮੀ ਜੰਗੀ ਯਾਦਗਾਰ ਵਿਚ ਮਿਲਾ ਦਿੱਤੀ ਗਈ। ਇਸ ਦੌਰਾਨ ਲਾਟ ਨੂੰ ਇਕੱਠਾ ਕਰਨ ਲਈ ਵਿਸ਼ੇਸ਼ ਮਸ਼ਾਲਾਂ ਦੀ ਵਰਤੋਂ ਕੀਤੀ ਗਈ। ਇੰਡੀਆ ਗੇਟ ਸਥਿਤ ਰਾਸ਼ਟਰੀ ਜੰਗੀ ਯਾਦਗਾਰ ਵਿਖੇ ਅਮਰ ਜਵਾਨ ਜਯੋਤੀ ਦੀ ਜੋਤ ਨੂੰ ਲਾਟ ਨਾਲ ਮਿਲਾਉਣ ਲਈ ਕਰੀਬ ਅੱਧੇ ਘੰਟੇ ਦੀ ਵਿਸ਼ੇਸ਼ ਰਸਮ ਅਦਾ ਕੀਤੀ ਗਈ।

ਫੌਜੀ ਸਮਾਰੋਹ ਦੀ ਪ੍ਰਧਾਨਗੀ ਏਅਰ ਮਾਰਸ਼ਲ ਬੀ.ਆਰ. ਕ੍ਰਿਸ਼ਨਾ ਨੇ ਕੀਤੀ। ਇਹ ਲਾਟ ਇੰਡੀਆ ਗੇਟ ਸਥਿਤ ਅਮਰ ਜਵਾਨ ਜਯੋਤੀ 'ਤੇ ਦਿਖਾਈ ਨਹੀਂ ਦੇਵੇਗੀ। ਦੱਸਣਯੋਗ ਹੈ ਕਿ ਅਮਰ ਜਵਾਨ ਜਯੋਤੀ 1972 'ਚ ਇੰਡੀਆ ਗੇਟ 'ਤੇ ਬਣਾਈ ਗਈ ਸੀ। ਇਹ 1971 ਦੀ ਭਾਰਤ-ਪਾਕਿਸਤਾਨ ਜੰਗ ਵਿਚ ਬਲਿਦਾਨ ਦੇਣ ਵਾਲੇ ਸੈਨਿਕਾਂ ਨੂੰ ਸਮਰਪਿਤ ਸੀ। ਇਸ ਦਾ ਉਦਘਾਟਨ 26 ਜਨਵਰੀ, 1972 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੀਤਾ ਸੀ। ਕੌਮੀ ਜੰਗੀ ਯਾਦਗਾਰ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 25 ਫਰਵਰੀ, 2019 ਨੂੰ ਕੀਤਾ ਸੀ। ਇੱਥੇ 25,942 ਸੈਨਿਕਾਂ ਦਾ ਨਾਂ ਦਰਜ ਕੀਤਾ ਗਿਆ ਹੈ। ਕਾਂਗਰਸ ਨੇ ਭਾਜਪਾ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇੰਡੀਆ ਗੇਟ ਉਤੇ ਅਮਰ ਜਵਾਨ ਜਯੋਤੀ ਨੂੰ ਬੁਝਾ ਕੇ ਇਸ ਨੂੰ ਕੌਮੀ ਜੰਗੀ ਸਮਾਰਕ ਦੀ ਸਦੀਵੀ ਲਾਟ ਵਿਚ ਮਿਲਾਉਣਾ 'ਇਤਿਹਾਸ ਮਿਟਾਉਣ' ਦੇ ਬਰਾਬਰ ਹੈ।

# ਯੂਕਰੇਨ ਦੀ ਸਰਕਾਰ ਬਦਲਣ ਦੀ ਕੋਸ਼ਿਸ਼ 'ਚ ਹੈ ਰੂਸ: ਬਰਤਾਨੀਆ



**ਲੰਡਨ:** ਬਰਤਾਨੀਆ ਨੇ ਦੋਸ਼ ਲਾਇਆ ਹੈ ਕਿ ਰੂਸ, ਯੂਕਰੇਨ ਸਰਕਾਰ 'ਤੇ ਮਾਸਕੋ ਪੱਖੀਆਂ ਦਾ ਕਬਜ਼ਾ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਯੂਕਰੇਨੀ ਸੰਸਦ ਮੈਂਬਰ ਯੇਵਹੀਨਾਇ ਮੁਰਾਯੇਵ ਦੇ ਨਾਂ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

ਮੁਰਾਯੇਵ ਰੂਸ ਪੱਖੀ ਪਾਰਟੀ ਨਾਸ਼ੀ ਦਾ ਆਗੂ ਹੈ। ਹਾਲਾਂਕਿ ਇਸ ਪਾਰਟੀ ਦੀ ਯੂਕਰੇਨ ਦੀ ਸੰਸਦ ਵਿਚ ਇਕ ਵੀ ਸੀਟ ਨਹੀਂ ਹੈ। ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਨੇ ਕਈ ਯੂਕਰੇਨੀ ਸਿਆਸਤਦਾਨਾਂ ਦਾ ਨਾਂ ਲਿਆ ਹੈ ਜਿਨ੍ਹਾਂ ਦੇ ਰੂਸੀ ਇੰਟੈਲੀਜੈਂਸ ਸਰਵਿਸਿਜ਼ ਨਾਲ ਸਬੰਧ ਰਹੇ ਹਨ। ਯੂਕੇ ਸਰਕਾਰ ਨੇ ਇਹ ਦਾਅਵਾ ਉਨ੍ਹਾਂ ਕੋਲ ਉਪਲਬਧ ਖੁਫੀਆ ਜਾਣਕਾਰੀਆਂ ਦੇ ਅਧਾਰ ਉਤੇ ਕੀਤਾ ਹੈ। ਇਸ ਲਈ ਉਨ੍ਹਾਂ ਕੋਈ ਸਬੂਤ ਨਹੀਂ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਯੂਕਰੇਨ ਬਾਰੇ ਰੂਸ ਤੇ ਪੱਛਮੀ ਜਗਤ ਵਿਚਾਲੇ ਖਿੱਚੋਤਾਣ ਬਣੀ ਹੋਈ ਹੈ। ਬਰਤਾਨੀਆ ਦੀ ਵਿਦੇਸ਼ ਮੰਤਰੀ ਲਿਜ਼ ਟਰੱਸ ਨੇ ਕਿਹਾ ਕਿ ਇਹ ਜਾਣਕਾਰੀ ਇਸ ਗੱਲ ਉਤੇ ਰੋਸ਼ਨੀ ਪਾਉਂਦੀ ਹੈ ਕਿ ਰੂਸੀ ਗਤੀਵਿਧੀ ਕਿਵੇਂ ਯੂਕਰੇਨ 'ਚ ਬਦਲਾਅ ਚਾਹੁੰਦੀ ਹੈ ਤੇ ਕਰੈਮਲਿਨ ਕੀ ਸੋਚ ਰਿਹਾ ਹੈ। ਟਰੱਸ ਨੇ ਰੂਸ ਨੂੰ ਬੇਨਤੀ ਕੀਤੀ ਹੈ ਕਿ ਉਹ ਟਕਰਾਅ ਘਟਾਉਣ ਤੇ ਕੂਟਨੀਤੀ ਦਾ ਰਾਹ ਚੁਣਨ। ਉਨ੍ਹਾਂ ਨਾਲ ਹੀ ਕਿਹਾ ਕਿ ਜੇਕਰ ਰੂਸ, ਯੂਕਰੇਨ ਵਿਚ ਦਾਖਲ ਹੋਇਆ ਤਾਂ ਬਰਤਾਨੀਆ ਇਸ ਨੂੰ ਵੱਡੀ ਰਣਨੀਤਕ ਗਲਤੀ ਮੰਨੇਗਾ, ਇਸ ਦੀ ਕੀਮਤ ਰੂਸ ਨੂੰ ਚੁਕਾਉਣੀ ਪਏਗੀ। ਦੱਸਣਯੋਗ ਹੈ ਕਿ ਬਰਤਾਨੀਆ ਨੇ ਐਂਟੀ ਟੈਂਕ ਹਥਿਆਰ ਯੂਕਰੇਨ ਭੇਜੇ ਹਨ ਤੇ ਸੰਭਾਵੀ ਰੂਸੀ ਹਮਲੇ ਖਿਲਾਫ ਪੱਛਮੀ ਮੁਲਕ ਆਪਣੀ ਸੁਰੱਖਿਆ ਮਜ਼ਬੂਤ ਕਰ ਰਹੇ ਹਨ। ਇਸੇ ਦੌਰਾਨ ਸੰਭਾਵਨਾ ਜ਼ਾਹਿਰ ਕੀਤੀ ਗਈ ਹੈ ਕਿ ਯੂਕੇ ਦੇ ਰੱਖਿਆ ਮੰਤਰੀ ਬੈੱਨ ਵਾਲੈਸ ਰੂਸ ਦੇ ਆਪਣੇ ਹਮਰੁਤਬਾ ਸਰਗੇਈ ਸ਼ੋਇਗੂ ਨਾਲ ਮਾਸਕੋ ਵਿਚ ਮੁਲਾਕਾਤ ਕਰ ਸਕਦੇ ਹਨ।

## ਰੂਸ ਵੱਲੋਂ ਬਰਤਾਨੀਆ ਦੇ ਦਾਅਵੇ ਦਾ ਖੰਡਨ

**ਮਾਸਕੋ:** ਰੂਸ ਦੇ ਵਿਦੇਸ਼ ਮੰਤਰਾਲੇ ਨੇ ਬਰਤਾਨੀਆ ਦੇ ਦਾਅਵੇ ਦਾ ਖੰਡਨ ਕੀਤਾ ਹੈ। ਮੰਤਰਾਲੇ ਨੇ ਕਿਹਾ ਕਿ ਬਰਤਾਨੀਆ ਦਾ ਵਿਦੇਸ਼ ਵਿਭਾਗ ਗਲਤ ਜਾਣਕਾਰੀ ਫੈਲਾ ਰਿਹਾ ਹੈ ਤੇ ਇਹ ਤਾਂ ਸਪੱਸ਼ਟ ਹੀ ਹੈ ਕਿ ਉਹ ਨਾਟੋ ਮੁਲਕ ਹੈ। ਨਾਟੋ ਗੱਠਜੋੜ ਦੇ ਮੁਲਕ ਯੂਕਰੇਨ ਦੁਆਲੇ ਤਣਾਅ ਵਧਾ ਰਹੇ ਹਨ। ਰੂਸ ਨੇ ਕਿਹਾ ਕਿ ਬਰਤਾਨੀਆ ਭੜਕਾਊ ਗਤੀਵਿਧੀਆਂ ਬੰਦ ਕਰੇ ਤੇ ਝੂਠ ਨਾ ਫੈਲਾਏ।

# ਕੌਮਾਂਤਰੀ ਉਡਾਣਾਂ 'ਤੇ ਪਾਬੰਦੀ 28 ਫਰਵਰੀ ਤੱਕ ਜਾਰੀ ਰਹੇਗੀ

**ਨਵੀਂ ਦਿੱਲੀ:** ਡਾਇਰੈਕਟਰ ਜਨਰਲ ਆਫ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.) ਨੇ ਕੌਮਾਂਤਰੀ ਉਡਾਣਾਂ ਉਤੇ ਪਾਬੰਦੀ 28 ਫਰਵਰੀ ਤੱਕ ਵਧਾ ਦਿੱਤੀ ਹੈ। ਡੀ.ਜੀ.ਸੀ.ਏ. ਨੇ ਇਹ ਫੈਸਲਾ ਦੇਸ਼ ਤੇ ਦੁਨੀਆਂ 'ਚ ਕਰੋਨਾ ਵਾਇਰਸ ਦੇ ਵਧਦੇ ਮਾਮਲਿਆਂ ਨੂੰ ਦੇਖਦੇ ਹੋਏ ਲਿਆ ਹੈ।

ਡੀ.ਜੀ.ਸੀ.ਏ. ਨੇ ਇਕ ਸਰਕੂਲਰ ਜਾਰੀ ਕਰਕੇ ਇਸ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਥਾਰਟੀ ਨੇ ਭਾਰਤ ਤੋਂ ਆਉਣ-ਜਾਣ ਵਾਲੀਆਂ ਕੌਮਾਂਤਰੀ ਵਪਾਰਕ ਯਾਤਰੀ ਸੇਵਾਵਾਂ ਨੂੰ ਮੁਅੱਤਲ ਕਰ ਕੇ ਇਨ੍ਹਾਂ ਉਤੇ ਪਾਬੰਦੀ ਨੂੰ 28 ਫਰਵਰੀ ਤੱਕ ਵਧਾ ਦਿੱਤਾ ਹੈ, ਹਾਲਾਂਕਿ ਡੀ.ਜੀ.ਸੀ.ਏ. ਨੇ ਕਿਹਾ ਹੈ ਕਿ ਏਅਰ ਬਬਲ ਪ੍ਰਬੰਧਨ ਤਹਿਤ ਆਉਣ-ਜਾਣ ਵਾਲੀਆਂ ਉਡਾਣਾਂ ਜਾਰੀ ਰਹਿਣਗੀਆਂ। ਇਸ ਤੋਂ ਇਲਾਵਾ ਡੀ.ਜੀ.ਸੀ.ਏ. ਵੱਲੋਂ ਮਨਜ਼ੂਰਸ਼ੁਦਾ ਕਾਰਗੋ ਉਡਾਣਾਂ ਵੀ ਜਾਰੀ ਰਹਿਣਗੀਆਂ।

# ਨੌਜਵਾਨਾਂ ਨੂੰ ਵਿਦੇਸ਼ ਉਡਾਰੀ ਦੇ ਸੁਪਨੇ ਦਿਖਾਉਣ 'ਚ ਜੁਟੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਵਿਚ ਵੱਧ ਰਹੀ ਬੇਰੁਜ਼ਗਾਰੀ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਨੂੰ ਦੇਖਦਿਆਂ ਸੂਬੇ ਵਿਚੋਂ ਹਜ਼ਾਰਾਂ ਨੌਜਵਾਨ ਨਿੱਤ ਵਿਦੇਸ਼ ਜਾ ਰਹੇ ਹਨ। ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੇ ਵਿਦਿਆਰਥੀਆਂ ਨੂੰ ਰੋਕਣ ਦੀ ਥਾਂ ਵਿਦੇਸ਼ ਭੇਜਣ ਲਈ ਵਾਅਦਿਆਂ ਦੇ ਪਿਟਾਰੇ ਖੋਲ੍ਹ ਦਿੱਤੇ ਹਨ।

ਪੰਜਾਬ ਵਿਚ ਬਾਰ੍ਹਵੀਂ ਜਮਾਤ ਤੋਂ ਬਾਅਦ 'ਸਟੂਡੈਂਟ ਵੀਜ਼ਾ' ਦਾ ਰੁਝਾਨ ਵਧਦਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਨੌਜਵਾਨਾਂ ਤੋਂ ਖਾਲੀ ਹੋਇਆ ਜਾਪਦਾ ਹੈ। ਪਿਛਲੇ ਪੰਜ ਸਾਲਾਂ ਵਿਚ ਪੌਣੇ ਤਿੰਨ ਲੱਖ ਦੇ ਕਰੀਬ ਨੌਜਵਾਨ ਪੰਜਾਬ ਛੱਡ ਚੁੱਕੇ ਹਨ। ਮੌਜੂਦਾ ਸਮੇਂ ਪੰਜਾਬ ਵਿਚ ਕਾਬਜ਼ ਕਾਂਗਰਸ ਪਾਰਟੀ ਨੇ ਤਾਂ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਅਤੇ ਵਿਦੇਸ਼ਾਂ ਵਿੱਚ ਪੜ੍ਹਾਈ ਨੂੰ ਯਕੀਨੀ ਬਣਾਉਣ ਦਾ ਟੀਚਾ ਰੱਖਿਆ ਸੀ। ਉਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਸੂਬੇ 'ਚ ਕੈਂਬਰਿਜ




ਯੂਨੀਵਰਸਿਟੀ ਪ੍ਰੈਸ ਇੰਡੀਆ ਦੇ ਸਹਿਯੋਗ ਨਾਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਰਾਹੀਂ ਆਈਲੈਟਸ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਹੈ, ਜਿਸ ਤੋਂ ਸਾਫ ਹੈ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਸੂਬੇ ਵਿਚ ਰੱਖਣ ਦੀ ਥਾਂ ਵਿਦੇਸ਼ ਭੇਜਣਾ ਚਾਹੁੰਦੀ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਵੱਲੋਂ ਵੀ ਸਰਕਾਰ ਆਉਣ 'ਤੇ ਵਿਦਿਆਰਥੀਆਂ ਨੂੰ ਦੇਸ਼-ਵਿਦੇਸ਼ ਵਿਚ ਪੜ੍ਹਾਈ ਅਤੇ ਆਈਲੈਟਸ ਦੀ ਕੋਚਿੰਗ ਲਈ 10 ਲੱਖ ਰੁਪਏ ਵਿਆਜ ਰਹਿਤ ਕਰਜ਼ਾ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ।

ਉੱਧਰ ਆਮ ਆਦਮੀ ਪਾਰਟੀ ਵੱਲੋਂ ਸੂਬੇ ਵਿਚ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਨੌਜਵਾਨਾਂ ਦੇ ਪਲਾਇਨ ਨੂੰ ਰੋਕਣ ਦੀ ਗੱਲ ਕੀਤੀ ਜਾ ਰਹੀ ਹੈ। 'ਆਪ' ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਵੀ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਪੰਜਾਬ ਵਿਚ ਹੀ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੀ ਗੱਲ ਕਰ ਰਹੀ ਹੈ। ਬਿਊਰੋ ਆਫ ਇਮੀਗ੍ਰੇਸ਼ਨ ਦੀ ਰਿਪੋਰਟ ਅਨੁਸਾਰ ਸਟੱਡੀ ਵੀਜ਼ੇ 'ਤੇ 2016 ਤੋਂ 2021 ਤੱਕ 2.62 ਲੱਖ ਵਿਦਿਆਰਥੀ ਵਿਦੇਸ਼ ਜਾ ਚੁੱਕੇ ਸਨ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਵਿਚੋਂ ਰੋਜ਼ਾਨਾ ਔਸਤਨ 140 ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਜਹਾਜ਼ ਚੜ੍ਹ ਚੁੱਕੇ ਸਨ।

ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੀ ਜਵਾਨੀ ਅਤੇ ਪੈਸੇ ਨੂੰ ਖੋਰਾ ਲੱਗ ਰਿਹਾ ਹੈ। ਇਸ ਲਈ 'ਆਪ' ਦਾ ਮੁੱਖ ਮਕਸਦ ਹੈ ਕਿ ਨੌਜਵਾਨਾਂ ਨੂੰ ਪੰਜਾਬ ਵਿਚ ਹੀ ਵਧੀਆ ਸਿੱਖਿਆ ਮੁਹੱਈਆ ਕਰਵਾ ਕੇ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣਗੇ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਲਈ 10 ਲੱਖ ਰੁਪਏ ਤੱਕ ਬਿਨਾਂ ਵਿਆਜ ਤੋਂ ਦੇਣ ਲਈ ਕਾਰਡ ਬਣਾਇਆ ਜਾਵੇਗਾ, ਜਿਸ ਨਾਲ ਵਿਦਿਆਰਥੀ ਦੇਸ਼ ਜਾਂ ਵਿਦੇਸ਼ ਵਿਚ ਸਿੱਖਿਆ ਹਾਸਲ ਕਰ ਸਕੇਗਾ।

## ਖੇਤੀ ਤੇ ਰੁਜ਼ਗਾਰ ਕੇਂਦਰਤ ਹੋਵੇਗਾ ਕਾਂਗਰਸ ਦਾ ਮੈਨੀਫੈਸਟੋ

**ਚੰਡੀਗੜ੍ਹ:** ਪੰਜਾਬ ਚੋਣਾਂ ਲਈ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਐਤਕੀਂ ਕਾਂਗਰਸ ਮੈਨੀਫੈਸਟੋ 'ਚ ਖੇਤੀ ਅਤੇ ਰੁਜ਼ਗਾਰ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦਾ ਚੋਣ ਮਨੋਰਥ ਪੱਤਰ ਸਮਾਜ ਦੇ ਸਾਰੇ ਵਰਗਾਂ ਦੀਆਂ ਉਮੀਦਾਂ ਦੀ ਤਰਜਮਾਨੀ ਕਰੇਗਾ।

ਉਨ੍ਹਾਂ ਕਿਹਾ ਕਿ ਲੋਕ ਰਾਇ ਨਾਲ ਹੀ ਚੋਣ ਮਨੋਰਥ ਪੱਤਰ ਤਿਆਰ ਕੀਤਾ ਜਾ ਰਿਹਾ ਹੈ। ਰਾਜ ਸਭਾ ਮੈਂਬਰ ਬਾਜਵਾ ਨੇ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਮੈਨੀਫੈਸਟੋ ਦਾ ਕੇਂਦਰ ਬਿੰਦੂ ਵੀ ਖੇਤੀ ਹੀ ਰਹੇਗਾ ਤੇ ਖੇਤੀ ਵਿਭਿੰਨਤਾ 'ਤੇ ਜ਼ੋਰ ਦਿੱਤਾ ਜਾਵੇਗਾ ਤਾਂ ਜੋ ਕਿਸਾਨ ਕਣਕ-ਝੋਨੇ ਦੇ ਗੇੜ 'ਚੋਂ ਨਿਕਲਣ। ਉਨ੍ਹਾਂ ਪੰਜਾਬ ਅੰਦਰ ਇਕ ਹੋਰ ਕ੍ਰਾਂਤੀ ਲਿਆਉਣ 'ਤੇ ਜ਼ੋਰ ਦਿੱਤਾ। ਬਾਜਵਾ ਨੇ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਕਾਂਗਰਸ ਦੀ ਦੂਸਰੀ ਸਭ ਤੋਂ ਵੱਡੀ ਤਰਜੀਹ ਰਹੇਗੀ। ਉਨ੍ਹਾਂ ਕਿਹਾ ਕਿ ਕਰੀਅਰ ਦੀ ਭਾਲ ਵਿਚ ਪੰਜਾਬੀ ਨੌਜਵਾਨ ਵਿਦੇਸ਼ ਜਾ ਰਿਹਾ ਹੈ। ਇਸ ਤੋਂ ਇਲਾਵਾ ਮੈਨੀਫੈਸਟੋ ਵਿਚ ਮਹਿਲਾ ਸਸ਼ਕਤੀਕਰਨ 'ਤੇ ਵੀ ਜ਼ੋਰ ਦਿੱਤਾ ਜਾਵੇਗਾ। ਪੰਜਾਬ ਦੇ ਸਨਅਤੀਕਰਨ ਸਬੰਧੀ ਨੁਕਤੇ ਵੀ ਮੈਨੀਫੈਸਟੋ ਵਿਚ ਸ਼ਾਮਲ ਕੀਤੇ ਜਾਣਗੇ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਮੈਨੀਫੈਸਟੋ ਨਵਜੋਤ ਸਿੱਧੂ ਦੇ ਪੰਜਾਬ ਮਾਡਲ 'ਤੇ ਆਧਾਰਿਤ ਹੋਵੇਗਾ ਤਾਂ ਬਾਜਵਾ ਨੇ ਕਿਹਾ ਕਿ ਸਾਰਿਆਂ ਦੇ ਮਸ਼ਵਰੇ ਨਾਲ ਮੈਨੀਫੈਸਟੋ ਤਿਆਰ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਚਿਹਰੇ ਦੇ ਐਲਾਨ ਬਾਰੇ ਬਾਜਵਾ ਨੇ ਕਿਹਾ ਕਿ ਹਾਈਕਮਾਨ ਨੇ ਸਾਂਝੀ ਕਮਾਨ ਹੇਠ ਪੰਜਾਬ ਚੋਣਾਂ ਵਿਚ ਉਤਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੰਗ ਵਿਚ ਇਕੱਲਾ ਜਰਨੈਲ ਨਹੀਂ ਹੁੰਦਾ ਅਤੇ ਸਾਰੇ ਰਲ ਕੇ ਲੜਦੇ ਹਨ।

ਉਨ੍ਹਾਂ ਕਿਹਾ ਕਿ ਚੋਣਾਂ ਜਿੱਤਣ ਮਗਰੋਂ ਵਿਧਾਨਕਾਰ ਪਾਰਟੀ ਦੀ ਮੀਟਿੰਗ ਵਿਚ ਮੁੱਖ ਮੰਤਰੀ ਦਾ ਫੈਸਲਾ ਹੋਵੇਗਾ। ਦਿੱਲੀ ਤੋਂ 'ਆਪ' ਦੇ ਸਾਬਕਾ ਵਿਧਾਇਕ ਆਦਰਸ਼ ਸ਼ਾਸਤਰੀ ਨੇ ਇਸ ਮੌਕੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਚੋਣਾਂ ਵਿਚ ਝੂਠ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਦਿੱਲੀ ਵਿਚ 20 ਹਜ਼ਾਰ ਅਧਿਆਪਕਾਂ 'ਚੋਂ ਇਕ ਵੀ ਪੱਕਾ ਨਹੀਂ ਹੋਇਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਤੋਂ ਰਿਮੋਟ ਕੰਟਰੋਲ ਨਾਲ ਚਲਾਉਣ ਲਈ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਗਿਆ ਹੈ। ਸ਼ਾਸਤਰੀ ਨੇ ਅਰਵਿੰਦ ਕੇਜਰੀਵਾਲ ਨੂੰ ਕਿਹਾ ਕਿ ਉਹ ਐਸ.ਵਾਈ.ਐਲ. ਦੇ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨ।

### ਸਿੱਧੂ ਵੱਲੋਂ ਪੰਜਾਬ ਮਾਡਲ ਦਾ ਸਨਅਤੀ ਖਾਕਾ ਨਸ਼ਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਪਣੇ 'ਪੰਜਾਬ ਮਾਡਲ' ਦਾ ਸਨਅਤੀ ਖਾਕਾ ਨਸ਼ਰ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਪੰਜਾਬ ਦੇ ਸ਼ਹਿਰਾਂ ਵਿਚ ਸਨਅਤੀ ਹੱਬ ਵਿਕਸਤ ਕੀਤੇ ਜਾਣਗੇ ਜਿਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਾਂਗ ਇਸ ਸੈਕਟਰ ਵਿਚ ਕੰਮ ਕੀਤਾ ਜਾਵੇਗਾ। ਸਿੱਧੂ ਨੇ ਕਿਹਾ ਕਿ ਮੁਹਾਲੀ ਨੂੰ ਪੰਜਾਬ ਦੀ ਸਿਲੀਕੋਨ ਵੈਲੀ ਅਤੇ ਆਈ.ਟੀ. ਹੱਬ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੁਧਿਆਣਾ ਇਲੈਕਟ੍ਰਿਕ ਵਾਹਨ ਨਿਰਮਾਣ ਦਾ ਕੇਂਦਰ ਬਣਾਇਆ ਜਾਵੇਗਾ ਜਦਕਿ ਗੋਬਿੰਦਗੜ੍ਹ 'ਚ ਸਟੀਲ ਸਨਅਤ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਕਿਹਾ,''ਜਲੰਧਰ, ਅੰਮ੍ਰਿਤਸਰ ਅਤੇ ਮੁਹਾਲੀ ਵਿਚ ਸਪੈਸ਼ਲ ਆਰਥਿਕ ਜ਼ੋਨ ਬਣਾਏ ਜਾਣਗੇ। ਇਸੇ ਤਰ੍ਹਾਂ ਅੰਮ੍ਰਿਤਸਰ ਅਤੇ ਜਲੰਧਰ ਨੂੰ ਮੈਡੀਕਲ ਟੂਰਿਜ਼ਮ ਵਜੋਂ ਵੀ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵਾਂ ਪੰਜਾਬ ਮੁਹਿੰਮ ਤਹਿਤ ਨੌਜਵਾਨਾਂ ਲਈ ਇਹ ਪ੍ਰੋਗਰਾਮ ਉਲੀਕੇ ਗਏ ਹਨ।

## ਨਵੀਂ ਸਿੱਖਿਆ ਨੀਤੀ ਖੇਤੀ ਕਾਨੂੰਨਾਂ ਤੋਂ ਵੀ ਵੱਧ ਖਤਰਨਾਕ ਕਰਾਰ



**ਲੁਧਿਆਣਾ:** ਵੱਖ-ਵੱਖ ਮੁਲਾਜ਼ਮ/ ਪੈਨਸ਼ਨਰਜ਼ ਅਤੇ ਜਨਤਕ ਜਥੇਬੰਦੀਆਂ ਵੱਲੋਂ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੀ ਸੂਬਾਈ ਕਾਰਜਕਾਰਨੀ ਦੇ ਸੱਦੇ 'ਤੇ ਸਥਾਨਕ ਪੈਨਸ਼ਨਰ ਭਵਨ ਵਿਖੇ ਨਵੀਂ ਸਿੱਖਿਆ ਨੀਤੀ ਖਿਲਾਫ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਗਈ।

ਇਸ ਸਮੇਂ ਪੰਜਾਬ 'ਵਰਸਿਟੀ ਚੰਡੀਗੜ੍ਹ ਦੇ ਸਿੱਖਿਆ ਵਿਭਾਗ ਦੇ ਸਾਬਕਾ ਮੁਖੀ ਡਾ. ਕੁਲਦੀਪ ਪੁਰੀ ਅਤੇ ਦਿੱਲੀ ਤੋਂ ਏਮਜ਼ ਦੇ ਸਾਬਕਾ ਵਿਗਿਆਨੀ ਡਾ. ਮ੍ਰਿਗਨਕ ਨੇ ਨਵੀਂ ਸਿੱਖਿਆ ਨੀਤੀ ਨੂੰ ਖੇਤੀ ਸਬੰਧੀ ਕਾਲੇ ਕਾਨੂੰਨਾਂ ਤੋਂ ਵੀ ਖਤਰਨਾਕ ਦੱਸਿਆ। ਦੋਹਾਂ ਬੁਲਾਰਿਆਂ ਨੇ ਨਵੀਂ ਸਿੱਖਿਆ ਨੀਤੀ ਨੂੰ ਸੋਹਣੇ ਤੇ ਖਿਚਪਾਊ ਸ਼ਬਦਾਂ ਦਾ ਆਪਾ ਵਿਰੋਧੀ ਖਿਚੜੀ ਦਸਤਾਵੇਜ਼ ਕਰਾਰ ਦਿੰਦਿਆਂ ਕਿਹਾ ਕਿ ਮੋਦੀ ਹਕੂਮਤ ਵੱਲੋਂ ਸਿੱਖਿਆ ਖੇਤਰ ਨੂੰ ਕਾਰਪੋਰੇਟ ਘਰਾਣਿਆਂ ਅਤੇ ਸਿੱਖਿਆ ਲੁਟੇਰਾ ਮਾਫੀਆ ਦੇ ਹਵਾਲੇ ਕਰਕੇ ਇਸ ਦਾ ਨਿੱਜੀਕਰਨ ਕਰਨਾ ਹੈ। ਇਸ ਮੌਕੇ ਮੰਚ ਦੇ ਕੌਮੀ ਚੇਅਰਮੈਨ ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਕੇ.ਜੀ. ਜਮਾਤ ਤੋਂ ਲੈ ਕੇ ਪੀ.ਜੀ. ਤੱਕ ਦੀ ਵਿੱਦਿਆ ਹਰ ਨਾਗਰਿਕ ਨੂੰ ਮੁਫਤ ਦੇਣ ਦੀ ਥਾਂ ਵਿੱਦਿਅਕ ਅਦਾਰਿਆਂ ਨੂੰ ਬੰਦ ਕੀਤਾ ਜਾ ਰਿਹਾ ਹੈ।

## ਦੇਸ਼ ਦੇ ਬੱਚੇ ਸਾਹਿਬਜ਼ਾਦਿਆਂ ਦੀ ਜੀਵਨੀ ਪੜ੍ਹਨ: ਮੋਦੀ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੱਚਿਆਂ ਨੂੰ ਦੇਸੀ ਵਸਤਾਂ ਦੀ ਵਰਤੋਂ ਲਈ ਆਵਾਜ਼ ਉਠਾਉਣ ਤੇ ਆਤਮ-ਨਿਰਭਰ ਭਾਰਤ ਮੁਹਿੰਮ ਦੀ ਅਗਵਾਈ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਬੱਚਿਆਂ ਨੂੰ ਆਪਣੇ ਪਰਿਵਾਰਾਂ ਨੂੰ ਭਾਰਤੀ ਵਸਤਾਂ ਖਰੀਦਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ ਡਿਜੀਟਲ ਨੈਸ਼ਨਲ ਚਿਲਡਰਨ ਐਵਾਰਡ ਦੇਣ ਤੋਂ ਬਾਅਦ ਸਵੱਛ ਭਾਰਤ ਮੁਹਿੰਮ ਦੀ ਸਫਲਤਾ ਦਾ ਸਿਹਰਾ ਬੱਚਿਆਂ ਨੂੰ ਦਿੱਤਾ ਅਤੇ ਉਨ੍ਹਾਂ ਨੂੰ ਹੁਣ ਵੋਕਲ ਫਾਰ ਲੋਕਲ ਮਿਸ਼ਨ ਲਈ ਰਾਜਦੂਤ ਬਣਨ ਲਈ ਕਿਹਾ। ਉਨ੍ਹਾਂ ਇਨਾਮ ਜੇਤੂ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਦੀ ਜੀਵਨੀ ਪੜ੍ਹਨ ਦੀ ਅਪੀਲ ਕੀਤੀ ਜਿਨ੍ਹਾਂ ਨੇ ਕੌਮੀ ਰੱਖਿਆ ਤੇ ਧਰਮ ਲਈ ਆਪਾ ਵਾਰ ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਹਿਬਜ਼ਾਦੇ ਬਹੁਤ ਛੋਟੇ ਸਨ ਜਦੋਂ ਉਨ੍ਹਾਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦੀ ਯਾਦ ਵਿਚ ਭਾਰਤ ਸਰਕਾਰ ਨੇ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ।

## ਕੈਨੇਡਾ-ਅੰਮ੍ਰਿਤਸਰ ਉਡਾਣ ਦਾ ਸਮਰਥਨ ਕਰਨਗੇ ਸੰਸਦ ਮੈਂਬਰ ਬ੍ਰੈਡ ਵਿਸ

**ਅੰਮ੍ਰਿਤਸਰ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਸੰਸਦ ਮੈਂਬਰ ਬ੍ਰੈਡ ਵਿਸ ਕੈਨੇਡਾ ਅਤੇ ਅੰਮ੍ਰਿਤਸਰ ਵਿਚਾਲੇ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕਰਨ ਦੀ ਮੰਗ ਸਬੰਧੀ ਉਥੋਂ ਦੀ ਸੰਸਦ ਵਿਚ ਦਾਇਰ ਕੀਤੀ ਗਈ ਪਟੀਸ਼ਨ ਦਾ ਸਮਰਥਨ ਕਰਨਗੇ। ਇਹ ਜਾਣਕਾਰੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਵੱਲੋਂ ਸਾਂਝੀ ਕੀਤੀ ਗਈ ਹੈ।

ਜਥੇਬੰਦੀ ਦੇ ਆਗੂ ਸਮੀਪ ਸਿੰਘ ਗੁਮਟਾਲਾ ਤੇ ਕੈਨੇਡਾ ਵਾਸੀ ਅਨੰਤਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਕੈਨੇਡਾ ਵਿਚ ਰਹਿੰਦੇ ਪੰਜਾਬੀ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੇ ਹਨ ਕਿ ਵੈਨਕੂਵਰ



ਅਤੇ ਟੋਰਾਂਟੋ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣ। ਇਸ ਸਬੰਧੀ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਦੇ ਵਸਨੀਕ ਮੋਹਿਤ ਧੰਜੂ ਨੇ ਉਥੋਂ ਦੀ ਸੰਸਦ ਵਿਚ ਪਟੀਸ਼ਨ ਦਾਇਰ ਕੀਤੀ ਸੀ। ਸਿੱਖ ਆਗੂਆਂ ਨੇ ਬ੍ਰਿਟਿਸ਼ ਕੋਲੰਬੀਆ ਦੇ ਐੱਮਪੀ ਬ੍ਰੈਡ ਵਿਸ ਕੋਲ ਪਹੁੰਚ ਕਰਦਿਆਂ ਉਨ੍ਹਾਂ ਤੋਂ ਇਸ ਪਟੀਸ਼ਨ ਦਾ ਸਮਰਥਨ ਕਰਨ ਲਈ ਮੰਗ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਇਹ ਪਟੀਸ਼ਨ 11 ਫਰਵਰੀ ਤੱਕ ਸੰਸਦ ਦੀ ਵੈੱਬਸਾਈਟ 'ਤੇ ਕੈਨੇਡਾ ਵਾਸੀਆਂ ਲਈ ਸ਼ੁਰੂ ਕੀਤੀ ਗਈ ਦਸਤਖਤ ਮੁਹਿੰਮ ਤਹਿਤ ਖੁੱਲ੍ਹੀ ਰਹੇਗੀ। ਇਸ ਸਬੰਧੀ ਹੁਣ ਤੱਕ ਲਗਭਗ 6500 ਤੋਂ ਵੱਧ ਵਿਅਕਤੀਆਂ ਵੱਲੋਂ ਦਸਤਖਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸੰਸਦ ਮੈਂਬਰ ਨੇ ਇਸ ਸਬੰਧੀ ਇਕ ਬਿਆਨ ਜਾਰੀ ਕਰਕੇ ਇਸ ਮੰਗ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬੀਸੀ ਵਿਚ ਵੱਡੀ ਗਿਣਤੀ ਲੋਕਾਂ ਦੇ ਪਰਿਵਾਰ ਪੰਜਾਬ ਵਿਚ ਰਹਿੰਦੇ ਹਨ।

ਇਸ ਇਲਾਕੇ ਤੋਂ ਵੱਡੀ ਗਿਣਤੀ ਯਾਤਰੀ ਪੰਜਾਬ ਵੱਲ ਸਫਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਦਾਇਰ ਪਟੀਸ਼ਨ ਦਾ ਉਹ ਸਮਰਥਨ ਕਰਨਗੇ ਅਤੇ ਕੈਨੇਡਾ ਸਰਕਾਰ ਨੂੰ ਸਿੱਧੀ ਉਡਾਣ ਸ਼ੁਰੂ ਕਰਨ ਲਈ ਉਪਰਾਲੇ ਕਰਨ ਵਾਸਤੇ ਕਹਿਣਗੇ।

ਸੰਸਦ ਮੈਂਬਰ ਵੱਲੋਂ ਪਟੀਸ਼ਨ ਦਾ ਸਮਰਥਨ ਕਰਨ ਦੀ ਭਰੀ ਹਾਮੀ ਤੋਂ ਬਾਅਦ ਪਟੀਸ਼ਨਰ ਮੋਹਿਤ ਧੰਜੂ ਨੇ ਵੀ ਉਮੀਦ ਪ੍ਰਗਟਾਈ ਹੈ ਕਿ ਲੰਮੀ ਯਾਤਰਾ ਤੋਂ ਤੰਗ ਆ ਚੁੱਕੇ ਲੋਕਾਂ ਨੂੰ ਜਲਦੀ ਹੀ ਸਿੱਧੀ ਹਵਾਈ ਉਡਾਣ ਦੀ ਰਾਹਤ ਮਿਲੇਗੀ।

## ਹਰਮੀਤ ਸਿੰਘ ਕਾਲਕਾ ਬਣੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਅਹੁਦੇਦਾਰਾਂ ਤੇ ਅੰਤਰਿੰਗ ਬੋਰਡ ਦੀਆਂ ਚੋਣ ਦੌਰਾਨ ਤਕਰੀਬਨ 11 ਘੰਟੇ ਚੱਲੇ ਹੰਗਾਮੇ ਤੋਂ ਬਾਅਦ ਵਿਰੋਧੀ ਧਿਰ ਦੀ ਗੈਰ ਮੌਜੂਦਗੀ ਵਿਚ ਹੋਈ ਚੋਣ ਦੌਰਾਨ ਹਰਮੀਤ ਸਿੰਘ ਕਾਲਕਾ ਨੂੰ ਦਿੱਲੀ ਕਮੇਟੀ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ।

ਇਸ ਤੋਂ ਇਲਾਵਾ ਜਗਦੀਪ ਸਿੰਘ ਕਾਹਲੋਂ ਨੂੰ ਜਨਰਲ ਸਕੱਤਰ, ਹਰਵਿੰਦਰ ਸਿੰਘ ਕੇ.ਪੀ. ਨੂੰ ਸੀਨੀਅਰ ਮੀਤ ਪ੍ਰਧਾਨ, ਆਤਮਾ ਸਿੰਘ ਲੁਬਾਣਾ ਨੂੰ ਜੂਨੀਅਰ ਮੀਤ ਪ੍ਰਧਾਨ ਤੇ ਸੰਯੁਕਤ ਸਕੱਤਰ ਲਈ ਜਸਮੇਨ ਸਿੰਘ ਨੋਨੀ ਨੂੰ ਚੁਣੇ ਜਾਣ ਦੇ ਨਾਲ ਹੀ ਕਾਰਜਕਾਰਨੀ ਕਮੇਟੀ ਦੇ 10 ਮੈਂਬਰ ਵੀ ਚੁਣੇ ਗਏ। ਇਸ ਤੋਂ ਪਹਿਲਾਂ ਪੁਲਿਸ ਦੇ ਭਾਰੀ ਬੰਦੋਬਸਤ ਦੌਰਾਨ ਬਾਹਰ ਕੱਢੇ ਗਏ ਵਿਰੋਧੀ ਧਿਰਾਂ ਵੱਲੋਂ ਸਰਕਾਰੀ ਦਬਾਅ ਅਤੇ ਧੱਕੇਸ਼ਾਹੀ ਦਾ ਦੋਸ਼ ਲਾਉਂਦੇ ਹੋਏ ਇਨ੍ਹਾਂ ਚੋਣਾਂ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। 1 ਵੋਟ ਨੂੰ ਰੱਦ ਕਰਨ ਦੇ ਮਸਲੇ ਨੂੰ ਲੈ ਕੇ ਸ਼ੁਰੂ ਹੋਇਆ ਹੰਗਾਮਾ ਕਰੀਬ 11 ਘੰਟੇ ਅੜਿੱਕੇ ਦਾ ਕਾਰਨ ਬਣਿਆ ਰਿਹਾ। ਇਸ ਸਾਰੇ ਮਾਮਲੇ 'ਚ ਕਰਾਸ ਵੋਟਿੰਗ ਹੋਣ ਦੇ ਖਦਸ਼ੇ ਨੂੰ ਇਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ 'ਚ ਅਸ਼ਲੀਲ ਭਾਸ਼ਾ ਦੀ ਵਰਤੋਂ ਅਤੇ ਧੱਕਾ-ਮੁੱਕੀ ਦੀਆਂ ਘਟਨਾਵਾਂ ਕਾਰਨ ਧਾਰਮਿਕ ਸੰਸਥਾ ਲਈ ਚੁਣੇ ਗਏ ਸਿੱਖ ਆਗੂਆਂ ਦੇ ਵਤੀਰੇ ਅਤੇ ਕਾਰਜਸ਼ੈਲੀ ਉਤੇ ਸਵਾਲ ਵੀ ਖੜੇ ਕੀਤੇ ਜਾ ਰਹੇ ਹਨ।



ਦਿੱਲੀ ਕਮੇਟੀ ਦੇ ਅਹੁਦੇਦਾਰਾਂ ਤੇ ਅੰਤਰਿੰਗ ਬੋਰਡ ਦੀ ਚੋਣਾਂ ਦੀ ਕਾਰਵਾਈ ਨੂੰ ਲੈ ਕੇ ਵਿਰੋਧੀ ਧਿਰ ਨੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਉਤੇ ਤਿੱਖੇ ਹਮਲੇ ਕੀਤੇ ਹਨ। ਪ੍ਰੈਸ ਕਾਨਫਰੰਸ ਦੌਰਾਨ ਪਰਮਜੀਤ ਸਿੰਘ ਸਰਨਾ, ਹਰਵਿੰਦਰ ਸਿੰਘ ਸਰਨਾ, ਮਨਜੀਤ ਸਿੰਘ ਜੀ.ਕੇ., ਤਰਵਿੰਦਰ ਸਿੰਘ ਮਰਵਾਹ ਤੇ ਹੋਰਨਾ ਨੇ ਸਾਂਝੇ ਤੌਰ 'ਤੇ ਦੋਸ਼ ਲਾਇਆ ਕਿ ਅਹੁਦੇਦਾਰਾਂ ਦੀ ਚੋਣ ਦੌਰਾਨ ਜਮਹੂਰੀਅਤ ਦਾ ਕਤਲ ਕਰਕੇ ਵਿਰੋਧੀ ਧਿਰ ਨਾਲ ਧੱਕਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਧੱਕੇਸ਼ਾਹੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਮਸਲੇ ਨੂੰ ਲੈ ਕੇ ਅਕਾਲ ਤਖ਼ਤ ਅਤੇ ਅਦਾਲਤ ਤੱਕ ਪਹੁੰਚ ਕੀਤੀ ਜਾਵੇਗੀ। ਕਾਨਫਰੰਸ ਦੌਰਾਨ ਜੀ.ਕੇ. ਨੇ ਕਿਹਾ ਕਿ ਇਤਿਹਾਸ 'ਚ ਪਹਿਲੀ ਵਾਰੀ ਹੋਇਆ ਹੈ ਕਿ ਪ੍ਰਧਾਨ ਦੇ ਅਹੁਦੇ ਦੇ ਉਮੀਦਵਾਰ ਨੂੰ ਹੀ ਆਪਣੀ ਵੋਟ ਪਾਉਣ ਤੋਂ ਪਹਿਲਾਂ ਹੀ ਪੁਲਿਸ ਬਾਹਰ ਲੈ ਗਈ।

ਪੰਜਾਬ ਟਾਈਮਜ਼

ਸਨਿਚਰਵਾਰ,29 ਜਨਵਰੀ 2022

# ਚੋਣ ਮੁੱਦੇ ਬਨਾਮ ਹਕੀਕੀ ਮੁੱਦੇ

ਪੰਜਾਬ ਚੋਣਾਂ ਨੇੜੇ ਆਣ ਢੁੱਕੀਆਂ ਹਨ ਅਤੇ ਸਿਆਸੀ ਧਿਰਾਂ ਨੇ ਆਪੋ-ਆਪਣੇ ਉਮੀਦਵਾਰ ਵੀ ਤਕਰੀਬਨ ਐਲਾਨ ਦਿੱਤੇ ਹਨ। ਨਾਮਜ਼ਦਗੀਆਂ ਆਰੰਭ ਹੋ ਗਈਆਂ ਹਨ ਅਤੇ ਇਹ ਕਾਰਜ 4 ਫਰਵਰੀ ਨੂੰ ਮੁੱਕ ਜਾਣਾ ਹੈ। ਇਸੇ ਦੌਰਾਨ ਵੱਖ-ਵੱਖ ਲੀਡਰਾਂ ਨੇ ਸਰਗਰਮੀਆਂ ਵੀ ਵਧਾ ਦਿੱਤੀਆਂ ਹਨ, ਭਾਵੇਂ ਕਿਤੇ-ਕਿਤੇ ਉਮੀਦਵਾਰ ਅਤੇ ਪਾਰਟੀ ਬਦਲਣ ਦੀਆਂ ਖਬਰਾਂ ਵੀ ਲਗਾਤਾਰ ਆ ਰਹੀਆਂ ਹਨ। ਕੋਵਿਡ-19 ਕਾਰਨ ਪ੍ਰਸ਼ਾਸਕੀ ਪਾਬੰਦੀਆਂ ਕਾਰਨ ਰੈਲੀਆਂ ਵਗੈਰਾ ਹੋ ਨਹੀਂ ਰਹੀਆਂ ਜਿਸ ਕਾਰਨ ਇਨ੍ਹਾਂ ਚੋਣਾਂ ਵਿਚ ਰਵਾਇਤੀ ਚੋਣ ਰੰਗ ਨਹੀਂ ਹੈ। ਉਂਝ ਵੀ ਸੋਸ਼ਲ ਮੀਡੀਆ ਦਾ ਵੱਡਾ ਮੰਚ ਮਿਲਣ ਕਾਰਨ ਵਾਹਵਾ ਚੋਣ ਸਰਗਰਮੀ ਇਸ ਮੰਚ ਉਤੇ ਵੀ ਹੋ ਰਹੀ ਹੈ। ਵੱਖ-ਵੱਖ ਪਾਰਟੀਆਂ ਅਤੇ ਆਗੂ ਵੋਟਰਾਂ ਤੱਕ ਪਹੁੰਚ ਕਰਨ ਲਈ ਵੱਖ-ਵੱਖ ਢੰਗ-ਤਰੀਕੇ ਅਪਨਾ ਰਹੇ ਹਨ। ਉਂਝ, ਅਜੇ ਤੱਕ ਕਿਸੇ ਵੀ ਧਿਰ ਨੇ ਪੰਜਾਬ ਦੇ ਅਸਲ ਮੁੱਦਿਆਂ ਬਾਰੇ ਗੱਲ ਨਹੀਂ ਛੇੜੀ ਹੈ। ਹਰ ਧਿਰ ਦਾ ਜ਼ੋਰ ਵੋਟਰਾਂ ਨੂੰ ਮੁਫਤ ਸਹੂਲਤਾਂ ਦੇ ਐਲਾਨਾਂ 'ਤੇ ਹੈ। ਇਸ ਮਸਲੇ 'ਤੇ ਹੁਣ ਸੁਪਰੀਮ ਕੋਰਟ ਨੇ ਕੁਝ ਸਖਤ ਰੁਖ ਅਖਤਿਆਰ ਕੀਤਾ ਹੈ। ਅਦਾਲਤ ਵਿਚ ਪੁੱਜੀ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਅਦਾਲਤ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਚੋਣਾਂ ਮੌਕੇ ਮੁਫਤ ਸਹੂਲਤਾਂ ਬਾਰੇ ਕੀਤੇ ਜਾ ਰਹੇ ਐਲਾਨਾਂ ਬਾਰੇ ਸਫਾਈ ਮੰਗੀ ਹੈ। ਅਦਾਲਤ ਦਾ ਤਰਕ ਹੈ ਕਿ ਮੁਫਤ ਸਹੂਲਤਾਂ ਵਾਲਾ ਬਜਟ, ਆਮ ਬਜਟ ਨਾਲੋਂ ਵੀ ਵਧ ਜਾਂਦਾ ਹੈ, ਸਿੱਟੇ ਵਜੋਂ ਵਿਕਾਸ ਦੀ ਗੱਲ ਪਿਛਾਂਹ ਛੁੱਟ ਜਾਂਦੀ ਹੈ ਅਤੇ ਸਿਆਸੀ ਸਵਾਰਥ ਹਾਵੀ ਹੁੰਦੇ ਜਾਂਦੇ ਹਨ। ਸੁਪਰੀਮ ਕੋਰਟ ਦੀ ਟਿੱਪਣੀ ਦਾ ਚੱਲ ਰਹੀਆਂ ਚੋਣਾਂ 'ਤੇ ਕਿੰਨਾ ਕੁ ਅਸਰ ਪਵੇਗਾ, ਇਹ ਤਾਂ ਬਹੁਤੇ ਪੱਕ ਨਾਲ ਕਿਹਾ ਨਹੀਂ ਜਾ ਸਕਦਾ ਪਰ ਜੇ ਸੁਪਰੀਮ ਕੋਰਟ ਆਪਣੇ ਅੰਤਿਮ ਫੈਸਲੇ ਵਿਚ ਥੋੜ੍ਹੀ ਜੁਰਅਤ ਦਿਖਾਉਂਦੀ ਹੈ ਤਾਂ ਸਿਆਸੀ ਧਿਰਾਂ ਵੱਲੋਂ ਵੋਟਰਾਂ ਨੂੰ ਦਿੱਤੀ ਜਾ ਰਹੀ ਇਸ 'ਵੱਢੀ' ਨੂੰ ਕੁਝ ਕੁ ਠੱਲ੍ਹ ਤਾਂ ਪੈ ਹੀ ਸਕਦੀ ਹੈ।

ਅਸਲ ਵਿਚ ਅਜਿਹੇ ਮੁਫਤ ਐਲਾਨਾਂ ਕਾਰਨ ਹੀ ਲੋਕਾਂ ਦੇ ਅਸਲ ਮੁੱਦੇ ਰੁਲ ਜਾਂਦੇ ਰਹੇ ਹਨ। ਇਸ ਵਕਤ ਪੰਜਾਬ ਸਿਰ ਲੱਖਾਂ-ਕਰੋੜਾਂ ਦਾ ਕਰਜ਼ਾ ਹੈ ਜਿਸ ਦਾ ਵਿਆਜ ਦੇਣ ਲਈ ਵੀ ਸਰਕਾਰ ਨੂੰ ਅਗਾਂਹ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ ਪਰ ਸੂਬੇ ਨੂੰ ਆਰਥਿਕ ਪੱਖੋਂ ਆਤਮ-ਨਿਰਭਰ ਕਰਨ ਲਈ ਕਿਸੇ ਵੀ ਧਿਰ ਨੇ ਕੋਈ ਪੱਖ ਸਾਂਝਾ ਨਹੀਂ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਮਾਡਲ ਬਾਰੇ ਰੌਲਾ ਤਾਂ ਲਗਾਤਾਰ ਪਾ ਰਹੇ ਹਨ ਪਰ ਇਸ ਪੰਜਾਬ ਮਾਡਲ ਵਾਲਾ ਏਜੰਡਾ ਅਜੇ ਤੱਕ ਉਨ੍ਹਾਂ ਸਾਹਮਣੇ ਨਹੀਂ ਲਿਆਂਦਾ ਹੈ। ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਪੰਜਾਬ ਇਸ ਵਕਤ ਬੁਰੀ ਤਰ੍ਹਾਂ ਉਖੜਿਆ ਪਿਆ ਹੈ ਪਰ ਦੋਵੇਂ ਅਹਿਮ ਮਸਲਿਆਂ ਦੇ ਹੱਲ ਲਈ ਕਿਸੇ ਸਿਆਸੀ ਧਿਰ ਨੇ ਕੋਈ ਰੂਪ-ਰੇਖਾ ਸਾਹਮਣੇ ਨਹੀਂ ਰੱਖੀ ਹੈ। ਬੇਰੁਜ਼ਗਾਰੀ ਦੀ ਮਾਰ ਪੰਜਾਬੀਆਂ ਨੂੰ ਡਾਵਾਂਡੋਲ ਕਰ ਰਹੀ ਹੈ, ਇਸੇ ਕਰਕੇ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਰੁਖ ਕਰ ਰਹੇ ਹਨ ਪਰ ਇਸ ਮਸਲੇ ਦੇ ਹੱਲ ਦੀ ਬਜਾਇ ਸਿਆਸੀ ਪਾਰਟੀਆਂ ਨੌਜਵਾਨਾਂ ਨੂੰ ਵਿਦੇਸ਼ ਭੇਜਣ ਲਈ ਵਿਆਜ ਮੁਕਤ ਕਰਜ਼ਾ ਦੇਣ ਦੀਆਂ ਗੱਲਾਂ ਕਰਨ ਲੱਗ ਪਈਆਂ ਹਨ। ਕੋਈ ਵੀ ਧਿਰ ਇਹ ਐਲਾਨ ਨਹੀਂ ਕਰ ਰਹੀ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ ਸੂਬੇ ਦੇ ਅੰਦਰ ਹੀ ਰੁਜ਼ਗਾਰ ਮੁਹੱਈਆ ਕੀਤਾ ਜਾਵੇਗਾ ਸਗੋਂ ਕਿਹਾ ਜਾ ਰਿਹਾ ਹੇ ਕਿ ਨੌਜਾਵਨਾਂ ਨੂੰ ਇਥੋਂ ਚਲੇ ਜਾਣ ਲਈ ਵਿਤੀ ਮਦਦ ਦਿੱਤੀ ਜਾਵੇਗੀ। ਸਾਡੀਆਂ ਸਿਆਸੀ ਧਿਰਾਂ ਦੀ ਇਸ ਤੋਂ ਵੱਡੀ ਬੌਧਿਕ ਕੰਗਾਲੀ ਹੋਰ ਕੀ ਹੋਵੇਗੀ?

ਅਸਲ ਵਿਚ ਮੁਲਕ ਦਾ ਸਮੁੱਚਾ ਤਾਣਾ-ਬਾਣਾ ਹੁਣ ਚੋਣਾਂ ਦੁਆਲੇ ਕੇਂਦਰਤ ਹੋ ਕੇ ਰਹਿ ਗਿਆ ਹੈ। ਇਸੇ ਕਰਕੇ ਵੱਖ-ਵੱਖ ਪਾਰਟੀਆਂ ਅਤੇ ਆਗੂ ਹੁਣ ਇਸੇ ਹਿਸਾਬ ਨਾਲ ਸਰਗਰਮੀ ਕਰਦੇ ਹਨ। ਪਾਰਟੀਆਂ ਬਦਲਣ ਦਾ ਵਧ ਰਿਹਾ ਰੁਝਾਨ ਵੀ ਇਸੇ ਚੋਣ ਤਾਣੇ-ਬਾਣੇ ਨੂੰ ਅਹਿਮੀਅਤ ਮਿਲਣ ਕਾਰਨ ਹੀ ਹੈ। ਹਾਲ ਹੀ ਵਿਚ ਜਦੋਂ ਉਤਰ ਪ੍ਰਦੇਸ਼ ਵਿਚ ਇਕ ਮੰਤਰੀ ਅਤੇ ਕੁਝ ਵਿਧਾਇਕਾਂ ਦੇ ਅਸਤੀਫੇ ਦੀਆਂ ਖਬਰਾਂ ਆਈਆਂ ਤਾਂ ਮੀਡੀਆ ਨੇ ਇਸ ਨੂੰ ਉਥੋਂ ਦੀ ਆਦਿੱਤਿਆਨਾਥ ਯੋਗੀ ਸਰਕਾਰ ਖਿਲਾਫ ਬਗਾਵਤ ਵਜੋਂ ਪ੍ਰਚਾਰਿਆ ਪਰ ਇਨ੍ਹਾਂ ਖਬਰਾਂ ਦੀ ਇਕ ਹਕੀਕਤ ਇਹ ਵੀ ਸੀ ਕਿ ਬਹੁਤ ਸਾਰੇ ਮੌਜੂਦਾ ਵਿਧਾਇਕਾਂ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਐਤਕੀਂ ਟਿਕਟ ਨਹੀਂ ਸੀ ਦਿੱਤੀ ਜਾ ਰਹੀ; ਇਸ ਕਰਕੇ ਇਹ ਲੋਕ ਉਨ੍ਹਾਂ ਪਾਰਟੀਆਂ ਵਿਚ ਸ਼ਾਮਿਲ ਹੋਣ ਲੱਗ ਪਏ ਜਿਥੋਂ ਇਨ੍ਹਾਂ ਨੂੰ ਟਿਕਟ ਮਿਲਣ ਦਾ ਭਰੋਸਾ ਮਿਲਿਆ। ਪੰਜਾਬ ਦਾ ਪਾਰਟੀਆਂ ਬਦਲਣ ਦਾ ਵਰਤਾਰਾ ਵੀ ਇਸ ਤੋਂ ਵੱਖਰਾ ਨਹੀਂ। ਅਜਿਹੇ ਵਰਤਾਰਿਆਂ ਕਾਰਨ ਹੀ ਲੋਕਾਂ ਦੇ ਮਸਲੇ ਧਰੇ-ਧਰਾਏ ਰਹਿ ਜਾਂਦੇ ਹਨ ਅਤੇ ਅਸਲ ਸਮੱਸਿਆਵਾਂ ਕਦੀ ਚੋਣ ਏਜੰਡੇ ਵਿਚ ਸ਼ਾਮਿਲ ਨਹੀਂ ਹੁੰਦੀਆਂ। ਪੰਜਾਬ ਪਿਛਲੇ ਕੁਝ ਸਮੇਂ ਤੋਂ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣ ਲਈ ਤਾਂਘ ਤਾਂ ਰਿਹਾ ਹੈ ਪਰ ਇਨ੍ਹਾਂ ਆਸਾਂ ਨੂੰ ਅਜੇ ਤੱਕ ਬੂਰ ਨਹੀਂ ਪਿਆ ਹੈ। ਅਸਲ ਵਿਚ ਕੋਈ ਅਜਿਹੀ ਧਿਰ ਪੰਜਾਬ ਦੇ ਸਿਆਸੀ ਪਿੜ ਵਿਚ ਉਭਰ ਨਹੀਂ ਸਕੀ ਹੈ ਜਿਹੜੀ ਰਵਾਇਤੀ ਸਿਆਸਤ ਨੂੰ ਸਿੱਧੀ ਟੱਕਰ ਦੇ ਸਕੇ। ਇਸੇ ਕਰਕੇ ਖਦਸ਼ਾ ਇਹੀ ਹੈ ਕਿ ਇਤਿਹਾਸਕ ਕਿਸਾਨ ਅੰਦੋਲਨ ਦੇ ਬਾਵਜੂਦ ਪੰਜਾਬ ਦੀ ਸਿਆਸਤ ਵਿਚ ਕੋਈ ਵੱਡੀ ਤਬਦੀਲੀ ਆਉਣ ਦੀਆਂ ਸੰਭਾਵਨਾਵਾਂ ਮੱਧਮ ਹੀ ਹਨ। ਸੰਯੁਕਤ ਕਿਸਾਨ ਮੋਰਚੇ ਤੋਂ ਇਹ ਆਸ ਕੀਤੀ ਜਾ ਰਹੀ ਸੀ ਕਿ ਇਹ ਅੰਦੋਲਨ ਦੇ ਸਿਰ 'ਤੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪ੍ਰੈਸ਼ਰ ਗਰੁੱਪ ਵਜੋਂ ਵੱਡੀ ਭੂਮਿਕਾ ਨਿਭਾਏਗਾ ਪਰ ਕਿਸਾਨ ਮੋਰਚੇ ਵਿਚ ਇਕਸੁਰਤਾ ਦੀ ਘਾਟ ਅਤੇ ਕੁਝ ਜਥੇਬੰਦੀਆਂ ਵੱਲੋਂ ਖੁਦ ਚੋਣਾਂ ਲੜਨ ਦੇ ਫੈਸਲੇ ਨੇ ਇਸ ਪ੍ਰੈਸ਼ਰ ਨੂੰ ਇਕ ਤਰ੍ਹਾਂ ਨਾਲ ਬੇਅਸਰ ਜਿਹਾ ਕਰਕੇ ਰੱਖ ਦਿੱਤਾ ਹੈ। ਜ਼ਾਹਿਰ ਹੈ ਕਿ ਕਿਸਾਨ ਜਥੇਬੰਦੀਆਂ ਨੇ ਭਾਵੇਂ ਆਪਣੇ ਅੰਦੋਲਨ ਦੌਰਾਨ ਕਿਸੇ ਵੀ ਸਿਆਸੀ ਧਿਰ ਨੂੰ ਸਿਆਸਤ ਨਹੀਂ ਸੀ ਕਰਨ ਦਿੱਤੀ ਪਰ ਪਰ ਇਹ ਮੋਰਚਾ ਖੁਦ ਸਿਆਸਤ ਕਰਨ ਵਿਚ ਵੀ ਤਕਰੀਬਨ ਨਾਕਾਮ ਹੀ ਰਿਹਾ ਹੈ। ਇਸ ਦਾ ਸਿੱਟਾ ਹੁਣ ਸਭ ਦੇ ਸਾਹਮਣੇ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੱਲੇ ਬੱਲੇ ਬਨਾਮ ਥੱਲੇ ਥੱਲੇ!

ਅਨਾਰ ਸੌ ਬਿਮਾਰ ਵਾਲੀ ਗੱਲ ਹੁਣ ਛੋਟੀ ਪਈ, ਮਾਰੇ ਮਾਰੇ ਫਿਰਦੇ ਨੇ ਇੱਥੇ ਕਈ 'ਹਜ਼ਾਰ' ਜੀ।
ਜਾਣੀਏ ਕੀ ਕਿਸ ਪਾਰਟੀ ਦਾ ਕੋਈ ਕੈਂਡੀਡੇਟ, 'ਸੱਜੇ-ਖੱਬੇ' ਪਾਸੇ ਵੱਲ ਹੋ ਜਾਏ ਫਰਾਰ ਜੀ।
ਸਹਿਜ ਤੇ ਠਰ੍ਹੰਮਾ ਵਿਸ਼ਵਾਸ ਐਥੋਂ ਭੱਜ ਗਏ, ਸਿਆਸੀ ਪਿੜਾਂ ਵਿਚ ਏਨੀ ਤੇਜ਼ ਰਫਤਾਰ ਜੀ।
ਬੱਲੇ ਬੱਲੇ ਦੇਖਦੇ ਹੀ ਹੋ ਜਾਂਦੀ ਏ 'ਥੱਲੇ ਥੱਲੇ', ਇਕ ਵੇਲੇ 'ਮਿਲਣੀ' ਤੇ ਦੂਜੇ 'ਤਕਰਾਰ' ਜੀ।
ਕਿਹਨੂੰ 'ਕਿਹਦਾ' ਦੱਸ ਕੇ ਖਬਰ ਅੱਗੇ ਦੱਸੀਏ, ਪੱਤਰਕਾਰ ਭਾਈਚਾਰਾ ਹੋਣਾ ਐਂ ਲਾਚਾਰ ਜੀ।
ਸ਼ਾਮ ਵੇਲੇ ਜਾਪਦਾ ਚੜ੍ਹਾਈ ਵਿਚ ਜਾਂਦਾ ਕੋਈ, ਸੁਬ੍ਹਾ ਤਕ ਡਿੱਗਾ ਹੁੰਦਾ ਉਹੀ ਮੂੰਹ ਦੇ ਭਾਰ ਜੀ।

# ਚੋਣਾਂ, ਸੰਯੁਕਤ ਸਮਾਜ ਮੋਰਚਾ ਅਤੇ ਬਦਲ ਦਾ ਸਵਾਲ

ਕਿਸਾਨ ਅੰਦੋਲਨ 'ਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਕ ਹਿੱਸੇ ਵੱਲੋਂ ਚੋਣਾਂ ਵਿਚ ਹਿੱਸਾ ਲੈਣ ਵਾਲੀਆਂ ਜਥੇਬੰਦੀਆਂ ਨੂੰ ਮੋਰਚੇ 'ਚੋਂ ਬਰਖਾਸਤ ਕਰ ਦੇਣ ਨਾਲ ਸੰਯੁਕਤ ਕਿਸਾਨ ਮੋਰਚੇ ਵਿਚਲੀ ਪਾਲਾਬੰਦੀ ਉਘੜ ਕੇ ਸਾਹਮਣੇ ਆ ਗਈ ਹੈ। ਮੋਰਚੇ ਦੇ ਰਸਮੀਂ ਤੌਰ 'ਤੇ ਦੋਫਾੜ ਹੋਣ ਨੇ ਜਿੱਥੇ ਪੰਜਾਬ ਦੇ ਲੋਕਾਂ ਨੂੰ ਮੋਰਚੇ ਦੇ ਆਗੂਆਂ ਤੋਂ ਵਧਵੀਆਂ ਉਮੀਦਾਂ ਦੇ ਭਰਮ 'ਚੋਂ ਕੱਢ ਕੇ ਤਲਖ ਹਕੀਕਤ ਦੇ ਰੂ-ਬ-ਰੂ ਕਰ ਦਿੱਤਾ ਹੈ, ਉਥੇ ਇਸ ਨੇ ਭਵਿੱਖ 'ਚ ਕਿਸਾਨ ਅਤੇ ਲੋਕ ਹਿਤਾਂ ਲਈ ਇਸੇ ਤਰਜ਼ ਦਾ ਇਕ ਹੋਰ ਸਾਂਝਾ ਸੰਘਰਸ਼ ਵਿੱਢੇ ਜਾਣ ਦਾ ਕਾਰਜ ਜ਼ਿਆਦਾ ਮੁਸ਼ਕਿਲ ਬਣਾ ਦਿੱਤਾ ਹੈ। ਕਾਰਪੋਰੇਟ ਪੱਖੀ ਆਰਥਕ ਮਾਡਲ ਦੇ ਖੂੰਖਾਰ ਸੁਰਤ-ਬੌਂਦਲਾਊ

ਬੂਟਾ ਸਿੰਘ
ਫੋਨ: +91-94634-74342

ਹਮਲੇ ਦੇ ਮੱਦੇਨਜ਼ਰ ਐਸੇ ਸੰਘਰਸ਼ ਦੀ ਬੇਹੱਦ ਜ਼ਰੂਰਤ ਹੈ ਅਤੇ ਇਸ ਦੀ ਉਮੀਦ ਵੀ ਕੀਤੀ ਜਾ ਰਹੀ ਸੀ। 32 ਕਿਸਾਨ ਜਥੇਬੰਦੀਆਂ ਦੀ ਮੁਕੰਮਲ ਮੀਟਿੰਗ ਬੁਲਾ ਕੇ ਉਸ ਵਿਚ ਅਗਲੇ ਸੰਘਰਸ਼ ਲਈ ਮੋਰਚੇ ਦੀ ਇਕਜੁੱਟਤਾ ਨੂੰ ਬਰਕਰਾਰ ਰੱਖਣ ਦੀ ਜ਼ਰੂਰਤ ਉਪਰ ਵਿਸਤਾਰ ਸਹਿਤ ਚਰਚਾ ਕੀਤੀ ਜਾਣੀ ਚਾਹੀਦੀ ਸੀ ਅਤੇ ਚੋਣਾਂ 'ਚ ਸ਼ਾਮਲ ਹੋਣ ਵਾਲੀਆਂ ਕਿਸਾਨ ਜਥੇਬੰਦੀਆਂ ਵਿਰੁੱਧ ਕਾਰਵਾਈ ਨੂੰ ਲੰਮੀ ਚਰਚਾ ਰਾਹੀਂ ਗੰਭੀਰ ਰਾਇ 'ਤੇ ਪਹੁੰਚਣ ਤੱਕ ਮੁਲਤਵੀ ਰੱਖਿਆ ਜਾਣਾ ਚਾਹੀਦਾ ਸੀ। ਐਸੇ ਤਹੱਮਲ ਵਾਲੀ ਵਿਚਾਰ ਚਰਚਾ ਦੀ ਅਣਹੋਂਦ 'ਚ ਥੋੜ੍ਹੀ ਗਿਣਤੀ ਕਿਸਾਨ ਜਥੇਬੰਦੀਆਂ ਵੱਲੋਂ ਬਾਕੀਆਂ ਨੂੰ ਮੋਰਚੇ 'ਚੋਂ ਬਰਖਾਸਤ ਕਰਨ ਦਾ ਤੱਤ-ਭੜੱਥਾ ਐਲਾਨ ਕਰਨ ਦੀ ਕੋਈ ਜਮਹੂਰੀ ਵਾਜਬੀਅਤ ਵੀ ਨਹੀਂ ਹੈ ਅਤੇ ਇਹ ਇਕਜੁੱਟ ਸੰਘਰਸ਼ ਦੀ ਜ਼ਰੂਰਤ ਨਾਲ ਪੂਰੀ ਤਰ੍ਹਾਂ ਬੇਮੇਲ ਹੈ।

ਉਂਝ, ਇਹ ਸੱਚ ਹੈ ਕਿ ਇਹ ਪਾਲਾਬੰਦੀ ਆਖਰਕਾਰ ਹੋਣੀ ਹੀ ਸੀ ਕਿਉਂਕਿ ਪੂਰੇ ਭਾਰਤ ਅਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਸਿਰਫ ਤੇ ਸਿਰਫ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਅਤੇ ਐਮ.ਐਸ.ਪੀ. ਤੇ ਕੁਝ ਹੋਰ ਮੰਗਾਂ ਲਈ ਹੀ ਸਾਂਝਾ ਸੰਘਰਸ਼ ਲੜਨ ਉਪਰ ਇਕਮੱਤ ਸਨ। ਉਨ੍ਹਾਂ ਦੀ ਵਿਚਾਰਧਾਰਾ, ਪ੍ਰੋਗਰਾਮ ਅਤੇ ਉਦੇਸ਼ ਵੱਖੋ-ਵੱਖਰੇ ਤਾਂ ਹਨ ਹੀ, ਟਕਰਾਵੇਂ ਵੀ ਹਨ। ਇਸੇ ਤਰ੍ਹਾਂ ਭਾਰਤ ਦੇ ਰਾਜ ਪ੍ਰਬੰਧ ਦੀ ਰਾਜਸੀ ਤਾਸੀਰ ਅਤੇ ਸਮਾਜੀ ਬਦਲਾਓ ਬਾਰੇ ਉਨ੍ਹਾਂ ਦੇ ਨਜ਼ਰੀਏ ਅਤੇ ਹਾਕਮ ਜਮਾਤੀ ਪਾਰਟੀਆਂ ਨਾਲ ਰਿਸ਼ਤੇ ਵੀ ਵੱਖੋ-ਵੱਖਰੇ ਅਤੇ ਟਕਰਾਵੇਂ ਹਨ। ਇਸ ਦੇ ਬਾਵਜੂਦ ਉਹ ਅਣਸਰਦੀ ਜ਼ਰੂਰਤ 'ਚੋਂ ਉਪਰੋਕਤ ਸਾਂਝੇ ਉਦੇਸ਼ ਲਈ ਇਕੱਠੇ ਹੋਏ, ਮਿਲ ਕੇ ਲੜੇ ਅਤੇ ਜਿੱਤੇ। ਮੁਲਕ ਦੇ ਹਿਤਾਂ ਲਈ ਫਾਸ਼ੀਵਾਦੀ ਹਕੂਮਤ ਵਿਰੁੱਧ ਲੜਨ ਦੀ ਜ਼ਰੂਰਤ ਉਪਰ ਸੰਜੀਦਗੀ ਨਾਲ ਵਿਚਾਰ-ਚਰਚਾ ਕਰਕੇ ਮੋਰਚੇ ਦਾ ਅੰਗ ਜਥੇਬੰਦੀਆਂ ਸੰਘਰਸ਼ ਅਤੇ ਮੁੱਦਿਆਂ ਦਾ ਘੇਰਾ ਹੋਰ ਵਧਾਉਣ ਬਾਰੇ ਸੋਚ ਸਕਦੀਆਂ ਸਨ। ਇਸ ਦੀ ਬਜਾਇ ਚੋਣਾਂ ਲੜਨ ਜਾਂ ਨਾ ਲੜਨ ਦੇ ਸਵਾਲ ਉਪਰ ਸੰਯੁਕਤ ਮੋਰਚੇ ਦੀ ਹੋਂਦ ਹੀ ਖਤਰੇ 'ਚ ਪਾ ਦਿੱਤੀ ਗਈ।

ਇਨ੍ਹਾਂ ਵੰਨ-ਸਵੰਨੀਆਂ ਜਥੇਬੰਦੀਆਂ ਨੂੰ ਮੁੱਖ ਮੰਗ ਦੀ ਪ੍ਰਾਪਤੀ ਤੱਕ ਇਕੱਠੇ ਰੱਖਣ 'ਚ ਲੋਕਾਂ ਦੇ ਜ਼ੋਰਦਾਰ ਦਬਾਓ ਦੀ ਵੱਡੀ ਭੂਮਿਕਾ ਸੀ। ਲੋਕਾਂ ਨੂੰ ਇਹ ਜਚ ਗਿਆ ਸੀ ਕਿ ਉਨ੍ਹਾਂ ਦੇ ਹਿਤਾਂ ਦੀ ਰਾਖੀ ਲਈ ਇਸ ਨਿਵੇਕਲੇ ਸੰਘਰਸ਼ ਦਾ ਜਿੱਤਣਾ ਬੇਹੱਦ ਜ਼ਰੂਰੀ ਹੈ ਜਿਸ ਨੇ ਬਹੁਤ ਕੁਝ ਨਵਾਂ ਵੀ ਸਿਰਜਣਾ ਸ਼ੁਰੂ ਕਰ ਦਿੱਤਾ ਸੀ। ਜਥੇਬੰਦੀਆਂ ਜੋ ਹੁਕਮਰਾਨ ਧਿਰ ਦੀਆਂ ਤਮਾਮ ਘਿਨਾਉਣੀਆਂ ਚਾਲਾਂ ਅਤੇ ਸਾਜ਼ਿਸ਼ਾਂ ਦੇ ਬਾਵਜੂਦ ਸੰਘਰਸ਼ 'ਚ ਇਕਜੁੱਟ ਰਹੀਆਂ, ਉਪਰੋਕਤ ਹਕੀਕਤ ਦੇ ਮੱਦੇਨਜ਼ਰ ਉਨ੍ਹਾਂ ਦਾ ਚੋਣਾਂ ਦੇ ਸਵਾਲ ਉਪਰ ਵੱਖੋ-ਵੱਖਰੇ ਰਾਹ ਤੁਰ ਪੈਣਾ ਸੁਭਾਵਿਕ ਸੀ। ਆਗੂਆਂ ਵੱਲੋਂ ਸੰਘਰਸ਼ ਨੂੰ ਜਾਰੀ ਰੱਖਣ ਦੀ ਜ਼ਰੂਰਤ ਬਾਰੇ ਸੰਜੀਦਗੀ ਨਾਲ ਵਿਚਾਰ ਚਰਚਾ ਹੀ ਇਸ ਅਣਹੋਣੀ ਨੂੰ ਰੋਕ ਸਕਦੀ ਸੀ। ਇਹ ਹੈਰਾਨੀਜਨਕ ਸਿਰਫ ਉਨ੍ਹਾਂ ਲਈ ਹੈ ਜੋ ਉਪਰਕੋਤ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਇਨ੍ਹਾਂ ਜਥੇਬੰਦੀਆਂ ਤੋਂ ਬਾਕੀ ਸਵਾਲਾਂ ਅਤੇ ਚੋਣਾਂ ਵਰਗੇ ਰਾਜਨੀਤਕ ਮੁੱਦਿਆਂ ਉਪਰ ਵੀ ਇਕਜੁੱਟ ਰਹਿਣ ਦੀ ਤਵੱਕੋ ਕਰਦੇ ਹਨ। ਬੇਹੱਦ ਪੇਚੀਦਾ ਮਸਲੇ ਦਾ ਆਗੂਆਂ ਦੀ ਚੌਧਰ ਦੀ ਲੜਾਈ ਤੱਕ ਸਰਲੀਕਰਨ ਕਰਕੇ ਜਥੇਬੰਦੀ ਬਣਾ ਲੈਣ ਦੀ ਨੇਕ ਆਦਰਸ਼ਵਾਦੀ ਭਾਵਨਾ ਵੀ ਇਸੇ 'ਚੋਂ ਪ੍ਰਗਟਾਈ ਜਾਂਦੀ ਹੈ।

ਯਥਾਸਥਿਤੀਵਾਦੀ ਰਾਜਨੀਤਕ ਕੋੜਮੇ ਅਤੇ ਲੋਕਾਈ ਲਈ ਬਦਲ ਦੇ ਮਾਇਨੇ ਵੱਖੋ-ਵੱਖਰੇ ਹਨ। ਪਹਿਲੇ ਲਈ ਦੂਜਾ, ਤੀਜਾ ਜਾਂ ਕੋਈ ਹੋਰ ਕਥਿਤ ਬਦਲ ਆਪਣੀਆਂ ਮੂਲ ਪਾਰਟੀਆਂ ਨਾਲ ਨਾਰਾਜ਼ਗੀ 'ਚੋਂ ਕਿਸੇ ਹੋਰ ਝੰਡੇ ਹੇਠ ਸੱਤਾ ਹਾਸਲ ਕਰਨ ਲਈ ਮਹਿਜ਼ ਹੋਰ ਵਾਧੂ ਮੌਕੇ ਨੂੰ ਵਰਤਣ ਦਾ ਸਵਾਲ ਹੁੰਦਾ ਹੈ। ਇਨ੍ਹਾਂ ਵਿਚ ਮੁੱਖਧਾਰਾ ਕਹਾਉਣ



ਵਾਲੀ ਸਮੁੱਚੀ ਹਾਕਮ ਜਮਾਤੀ ਸਿਆਸਤ ਅਤੇ ਉਸ ਦਾ ਰਾਜਨੀਤਕ ਹਮਾਇਤੀ ਘੇਰਾ ਸ਼ਾਮਿਲ ਹੈ। ਬਾਕੀ ਲੋਕਾਈ ਵੱਲੋਂ ਚੋਣਾਂ ਦੇ ਮੌਕੇ ਕਿਸੇ ਨਾ ਕਿਸੇ ਨਵੇਂ ਰਾਜਨੀਤਕ ਸਮੂਹ ਜਾਂ ਬਰੈਂਡ ਨੂੰ ਬਦਲ ਵਜੋਂ ਦੇਖਣਾ ਉਨ੍ਹਾਂ ਦੀ ਰਵਾਇਤੀ ਰਾਜਨੀਤਕ ਪਾਰਟੀਆਂ ਤੋਂ ਮਾਯੂਸੀ ਅਤੇ ਬੇਉਮੀਦੀ ਦਾ ਇਜ਼ਹਾਰ ਹੁੰਦਾ ਹੈ। ਲੋਕਾਈ ਦੀ ਉਪਰੋਕਤ ਭਾਵਨਾ ਕਿਸੇ ਸੱਚੇ ਬਦਲਾਓ ਲਈ ਟਿਕਾਊ ਸੰਘਰਸ਼ 'ਚ ਸਾਕਾਰ ਨਹੀਂ ਹੁੰਦੀ ਸਗੋਂ ਮੁੱਖਧਾਰਾਈ ਘੁੰਮਣਘੇਰੀ ਦੀ ਨਵੀਂ ਰਾਜਨੀਤਕ ਛੱਲ 'ਤੇ ਸਵਾਰ ਹੋ ਕੇ ਮੁੜ ਮਾਯੂਸ ਹੋ ਜਾਣ ਲਈ ਸਰਾਪੀ ਜਾਂਦੀ ਹੈ। ਪਿਛਲੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਲੋਕਾਈ ਵੱਲੋਂ ਰਵਾਇਤੀ ਚੋਣ ਸਿਆਸਤ ਦੀ ਮੁਤਵਾਜ਼ੀ ਸਿਆਸਤ ਵਜੋਂ ਦੇਖਿਆ ਗਿਆ ਜਿਸ ਨੇ ਸਿਆਸਤ ਨੂੰ ਬਦਲਣ ਦਾ ਦਾਅਵਾ ਕਰਕੇ ਲੋਕ ਭਾਵਨਾਵਾਂ ਨੂੰ ਵਰਤਿਆ। ਇਸ ਵਾਰ ਬਦਲ ਦੀ ਉਮੀਦ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੇ ਸੰਯੁਕਤ ਸਮਾਜ ਮੋਰਚੇ ਦੇ ਆਗੂਆਂ ਤੋਂ ਕੀਤੀ ਗਈ ਪਰ ਉਮੀਦਵਾਰਾਂ ਦੀ ਚੋਣ ਤੇ ਟਿਕਟਾਂ ਦੀ ਵੰਡ ਨਾਲ ਕਹਿਣੀ ਅਤੇ ਕਰਨੀ ਦਾ ਜ਼ਮੀਨ-ਆਸਮਾਨ ਦਾ ਫਰਕ ਸਾਹਮਣੇ ਆ ਗਿਆ। ਆਮ ਆਦਮੀ ਪਾਰਟੀ ਦਾ 'ਇਨਕਲਾਬ' ਚੋਣਾਂ ਦੀ ਰੁੱਤੇ ਟਿਕਟਾਂ ਬਟੋਰਨ ਦੇ ਚਾਹਵਾਨ ਦਲ-ਬਦਲੂਆਂ ਦੇ ਸਵਾਗਤ, ਟਿਕਟਾਂ ਦੀ ਕੇਂਦਰੀਕ੍ਰਿਤ ਮਨਮਾਨੀ ਅ-ਪਾਰਦਰਸ਼ੀ ਵੰਡ (ਜਿਸ 'ਚ ਟਿਕਟਾਂ ਦੀ ਬੋਲੀ ਲਗਾਏ ਜਾਣ ਦੇ ਇਲਜ਼ਾਮ ਵੀ ਸ਼ਾਮਿਲ ਹਨ), ਮਿਹਨਤੀ ਵਰਕਰਾਂ ਨੂੰ ਦਰਕਿਨਾਰ ਕਰਕੇ ਰਵਾਇਤੀ ਪਾਰਟੀਆਂ 'ਚੋਂ ਆਏ ਦਲ-ਬਦਲੂਆਂ ਨੂੰ ਪਹਿਲ ਦੇਣ ਅਤੇ ਬੁਨਿਆਦੀ ਮੁੱਦਿਆਂ ਬਾਰੇ ਚੁੱਪ ਵੱਟ ਕੇ ਧਿਆਨ ਭਟਕਾਊ ਭਰਮਾਊ ਵਾਅਦਿਆਂ ਦੇ ਰੂਪ 'ਚ ਸਾਕਾਰ ਹੋ ਰਿਹਾ ਹੈ। 'ਆਪ' ਵੱਲੋਂ ਸੰਯੁਕਤ ਸਮਾਜ ਮੋਰਚੇ ਨਾਲ ਗੱਠਜੋੜ ਦੀਆਂ ਕੋਸ਼ਿਸ਼ਾਂ ਦੀਆਂ ਖਬਰਾਂ ਦੌਰਾਨ ਹੀ ਆਪਣੇ ਉਮੀਦਵਾਰ ਲਗਾਤਾਰ ਐਲਾਨਦੇ ਰਹਿਣ ਤੋਂ ਇਹ ਸਾਬਤ ਹੋ ਗਿਆ ਕਿ ਉਨ੍ਹਾਂ ਦਾ ਮਨੋਰਥ ਬਦਲ ਪੇਸ਼ ਕਰਨਾ ਨਹੀਂ ਸਗੋਂ ਵੱਧ ਤੋਂ ਵੱਧ ਸੀਟਾਂ ਉਪਰ ਕਬਜ਼ਾ ਕਰਕੇ ਗੱਠਜੋੜ ਕਰਨਾ ਲੋਚਦੇ ਸੰਯੁਕਤ ਸਮਾਜ ਮੋਰਚੇ ਦੇ ਆਗੂਆਂ ਦੀ ਦਾਅਵੇਦਾਰੀ ਠੁੱਸ ਕਰਨਾ ਸੀ। ਸੰਯੁਕਤ ਸਮਾਜ ਮੋਰਚੇ ਵੱਲੋਂ ਅਜੇ ਉਮੀਦਵਾਰ ਹੀ ਲੱਭੇ ਅਤੇ ਐਲਾਨੇ ਜਾ ਰਹੇ ਹਨ (ਉਮੀਦਵਾਰਾਂ ਦੀ ਚੋਣ, ਟਿਕਟਾਂ ਦੀ ਵੰਡ ਅਤੇ ਇਸ ਦਾ ਅਮਲ ਪਹਿਲੇ ਦਿਨ ਤੋਂ ਹੀ ਸਵਾਲਾਂ ਦੇ ਘੇਰੇ 'ਚ ਹੈ)। ਇਸ ਕਰਕੇ ਇਹ ਖੁਲਾਸਾ ਤਾਂ ਚੋਣ ਮੈਨੀਫੈਸਟੋ ਜਨਤਕ ਕੀਤੇ ਜਾਣ ਤੋਂ ਬਾਅਦ ਹੀ ਹੋਵੇਗਾ ਕਿ ਉਨ੍ਹਾਂ ਕੋਲ ਰਵਾਇਤੀ ਸਿਆਸਤ ਦਾ ਠੋਸ ਬਦਲ, ਦਰਵੇਸ਼ ਬੁਨਿਆਦੀ ਮਸਲਿਆਂ ਦਾ ਠੋਸ ਹੱਲ ਅਤੇ ਵਿਕਾਸ ਦੀ ਵੱਖਰੀ ਰੂਪ-ਰੇਖਾ ਕੀ ਹੈ। ਲੇਕਿਨ ਕੁਝ ਦਿਨ ਜਾਂ ਕੁਝ ਹਫਤੇ ਪਹਿਲਾਂ ਦਲ-ਬਦਲੀਆਂ ਕਰਕੇ ਆਏ ਵਿਅਕਤੀਆਂ ਨੂੰ ਉਮੀਦਵਾਰ ਬਣਾਏ ਜਾਣ ਤੋਂ ਇਹ ਸੰਦੇਸ਼ ਤਾਂ ਸਪਸ਼ਟ ਹੈ ਕਿ ਉਨ੍ਹਾਂ ਵੱਲੋਂ ਪੇਸ਼ ਕੀਤੇ ਜਾ ਰਹੇ ਬਦਲ ਅੰਦਰ ਜਮਹੂਰੀ ਲੋਕ ਰਾਇ ਦੀ ਕਦਰ ਮਨਫੀ ਹੈ। ਬੇਦਾਗ ਆਗੂ ਸੰਘਰਸ਼ਾਂ 'ਚ ਉਭਰਦੇ ਅਤੇ ਸਥਾਪਤ ਹੁੰਦੇ ਹਨ। ਕੁਝ ਕੁ ਮੁੱਖ ਆਗੂਆਂ ਤੋਂ ਸਿਵਾਇ ਸੰਯੁਕਤ ਸਮਾਜ ਮੋਰਚੇ ਦੀਆਂ ਜਥੇਬੰਦੀਆਂ ਕੋਲ ਚੋਣ ਹਲਕਿਆਂ 'ਚ ਐਸੇ ਸਥਾਪਤ ਆਗੂ ਨਹੀਂ ਹਨ। ਉਮੀਦਵਾਰ ਲੱਭਣ ਲਈ ਅੱਕੀਂ-ਪਲਾਹੀਂ ਹੱਥ ਮਾਰੇ ਜਾ ਰਹੇ ਹਨ ਅਤੇ ਦਲ-ਬਦਲੂਆਂ ਜਾਂ ਆਪਣੇ ਖਾਸ-ਮ-ਖਾਸ ਨੂੰ ਸੀਟਾਂ ਦੇ ਕੇ ਨਿਵਾਜਣ ਨਾਲ ਇਹ ਮੋਰਚੇ ਸਵਾਲਾਂ ਅਤੇ ਇਲਜ਼ਾਮਾਂ 'ਚ ਘਿਰ ਗਿਆ ਹੈ।

ਸਵਾਲ ਹੈ ਕਿ ਬਦਲਾਓ ਦੇ ਦਾਅਵੇਦਾਰ ਰਾਜਨੀਤਕ ਸਮੂਹ ਮੁੱਢਲੇ ਜਮਹੂਰੀ ਤੌਰ-ਤਰੀਕਿਆਂ ਦੀ ਪਾਲਣਾ ਕਰਨ ਦੀ ਜ਼ਰੂਰਤ ਕਿਉਂ ਨਹੀਂ ਸਮਝਦੇ? ਉਨ੍ਹਾਂ 'ਚ ਜਮਹੂਰੀ ਰਾਜਨੀਤਕ ਵਚਨਬੱਧਤਾ ਦੀ ਅਣਹੋਂਦ ਕਿਉਂ ਹੈ? ਕੀ ਇਹ ਮਹਿਜ਼ ਕੁਝ ਰਾਜਨੀਤਕ ਲੋਕਾਂ 'ਚ ਇੱਛਾ ਸ਼ਕਤੀ ਦੀ ਅਣਹੋਂਦ ਕਾਰਨ ਹੈ? ਜਿਸ ਰਾਜਸੀ ਪ੍ਰਬੰਧ ਨੂੰ ਦੁਨੀਆ ਦਾ 'ਸਭ ਤੋਂ ਵੱਡਾ' ਲੋਕਤੰਤਰ ਕਿਹਾ ਜਾਂਦਾ ਹੈ, ਉਹ ਸੱਚੇ ਮਾਇਨਿਆਂ 'ਚ ਲੋਕਾਂ ਦੀ ਤਰਜਮਾਨੀ ਕਰਨ 'ਚ ਅਸਫਲ ਕਿਉਂ ਹੈ? ਦਰਅਸਲ, ਨਾ ਇਹ ਰਾਜਸੀ ਪ੍ਰਬੰਧ ਲੋਕ ਰਾਇ ਸਵੀਕਾਰਦਾ ਅਤੇ ਸਤਿਕਾਰਦਾ ਹੈ, ਨਾ ਲੋਕਾਂ ਦੇ ਹਿਤਾਂ ਦੀ ਨੁਮਾਇੰਦਗੀ ਕਰਦਾ ਹੈ। ਚੋਣਾਂ ਅਤੇ ਚੋਣ ਪ੍ਰਕਿਰਿਆ ਉਸ ਸਮਾਜ ਵਿਚ ਹੀ ਮਹੱਤਵ ਅਖਤਿਆਰ ਕਰ ਸਕਦੀ/ਕਰਦੀ ਹੈ ਅਤੇ ਰਾਜਨੀਤਕ ਨੈਤਿਕਤਾ ਵੀ ਉਥੇ ਹੀ ਸੰਭਵ ਹੈ ਜੋ ਸੱਚੇ ਬੁਨਿਆਦੀ ਬਦਲਾਓ ਰਾਹੀਂ ਸਹੀ ਮਾਇਨਿਆਂ 'ਚ ਜਮਹੂਰੀ ਬਣ ਚੁੱਕਾ ਹੋਵੇ ਅਤੇ ਸਮਾਜੀ ਤਰੱਕੀ ਦੀ ਸੱਚੀ ਭਾਵਨਾ ਨਾਲ ਗੜੁੱਚ ਹੋਵੇ। ਆਧੁਨਿਕ ਲੋਕਤੰਤਰ ਦੀ ਧਾਰਨਾ ਪੱਛਮੀ ਮੁਲਕਾਂ 'ਚ ਜਗੀਰੂ ਸਮਾਜੀ ਢਾਂਚੇ ਨੂੰ ਮੁਕੰਮਲ ਰੂਪ 'ਚ ਤਹਿਸ-ਨਹਿਸ ਕਰਕੇ ਯੁਗ ਪਲਟਾਊ ਬਦਲਾਓ ਰਾਹੀਂ ਨਵੇਂ ਸਮਾਜੀ ਢਾਂਚੇ ਨੂੰ ਹੋਂਦ ਵਿਚ ਲਿਆਂਦੇ ਜਾਣ ਨਾਲ ਸਥਾਪਤ ਅਤੇ ਮਕਬੂਲ ਹੋਈ। ਮਨੁੱਖੀ ਸੋਚ, ਪਰਿਵਾਰ, ਮਨੁੱਖੀ ਰਿਸ਼ਤਿਆਂ, ਰਾਜ ਢਾਂਚੇ, ਹਾਕਮ ਜਮਾਤ ਦੀ ਬਣਤਰ, ਹੁਕਮਰਾਨਾਂ ਨਾਲ ਪਰਜਾ ਦੇ ਰਿਸ਼ਤੇ ਸਮੇਤ ਸਮੁੱਚੇ ਸਮਾਜੀ ਢਾਂਚੇ ਵਿਚ ਬੁਨਿਆਦੀ ਬਦਲਾਓ ਹੋਏ। ਇਸੇ ਦੇ ਹਿੱਸੇ ਵਜੋਂ ਜਮਹੂਰੀ ਚੇਤਨਾ ਆਈ ਅਤੇ ਵੋਟ ਦਾ ਸਰਵ-ਵਿਆਪਕ ਹੱਕ ਸਥਾਪਤ ਹੋਇਆ। ਲੋਕਤੰਤਰ ਦੀ ਧਾਰਨਾ ਵੋਟਾਂ ਰਾਹੀਂ ਸਰਕਾਰ ਨੂੰ ਬਦਲਣ ਤੱਕ ਸੀਮਤ ਨਹੀਂ, ਸਹੀ ਮਾਇਨਿਆਂ 'ਚ ਇਹ ਆਪਣੇ ਹਿਤਾਂ ਵਿਰੁੱਧ ਜਾਂਦੀ ਹਕੂਮਤ ਨੂੰ ਸਮੂਹਿਕ ਲੋਕ ਤਾਕਤ ਨਾਲ ਉਲਟਾਉਣ ਤੱਕ ਵਸੀਹ ਹੈ।

ਦੂਜੇ ਪਾਸੇ, ਇਨ੍ਹਾਂ ਹੀ ਪੱਛਮੀ ਜਮਹੂਰੀਅਤ ਦੀਆਂ ਗੁਲਾਮ ਸਾਬਕਾ ਬਸਤੀਆਂ 'ਚ ਪ੍ਰਤੱਖ ਰਾਜਨੀਤਕ ਬਦਲਾਓ ਤਾਂ ਹੋਏ ਲੇਕਿਨ ਉਹ ਉਥੋਂ ਦੇ ਸਮਾਜਾਂ ਦੇ ਬੁਨਿਆਦੀ ਜਮਹੂਰੀਕਰਨ ਰਾਹੀਂ ਨਹੀਂ ਹੋਏ। ਭਾਰਤ ਵਿਚ ਸਿੱਧੇ ਬਸਤੀਵਾਦੀ ਰਾਜ ਦੀ ਜਗ੍ਹਾ ਸੰਵਿਧਾਨਕ ਵੋਟ-ਤੰਤਰ ਨੇ ਲੈ ਲਈ। ਬਸਤੀਵਾਦੀ ਹੁਕਮਰਾਨਾਂ ਦੀ ਥਾਂ ਸਥਾਨਕ ਕੁਲੀਨ ਵਰਗ ਹੁਕਮਰਾਨ ਜਮਾਤ ਬਣ ਗਿਆ ਜਿਸ ਦਾ ਬਸਤੀਵਾਦੀ ਰਾਜ ਨਾ ਰਿਸ਼ਤਾ ਜੀ-ਹਜ਼ੂਰੀ ਵਾਲਾ ਸੀ। ਸੰਵਿਧਾਨ ਬਣਾਇਆ ਗਿਆ ਜਿਸ ਤਹਿਤ ਆਮ ਨਾਗਰਿਕ ਨੂੰ ਵੋਟ ਪਾਉਣ ਦਾ ਰਾਜਨੀਤਕ ਹੱਕ ਰਸਮੀਂ ਤੌਰ 'ਤੇ ਮਿਲ ਗਿਆ ਜਿਸ ਦੀ ਬੁਨਿਆਦ 1935 ਦਾ ਗਵਰਨਮੈਂਟ ਆਫ ਇੰਡੀਆ ਐਕਟ ਅਤੇ ਰਾਜ ਢਾਂਚੇ ਦੀ ਬੁਨਿਆਦ ਬਸਤੀਵਾਦੀ ਰਾਜ ਢਾਂਚੇ ਨੂੰ ਬਣਾਇਆ ਗਿਆ। ਬੁਨਿਆਦੀ ਸਮਾਜੀ ਢਾਂਚੇ ਅਤੇ ਉਸ ਦੇ ਵਜੂਦ-ਸਮੋਈਆਂ ਨਾ-ਬਰਾਬਰੀਆਂ ਤੇ ਬੇਇਨਸਾਫੀਆਂ ਥੋੜ੍ਹੇ ਫਰਕਾਂ ਨਾਲ ਬਰਕਰਾਰ ਰਹੇ। ਇਸ ਸਮਾਜੀ ਢਾਂਚੇ ਵਿਚ ਵੋਟ ਦਾ ਰਾਜਨੀਤਕ ਹੱਕ ਸੁਤੰਤਰ ਰਾਜਨੀਤਕ ਰਾਇ (ਵੋਟ) ਦੇ ਰੂਪ 'ਚ ਸਾਕਾਰ ਨਹੀਂ ਹੁੰਦਾ ਸਗੋਂ ਆਰਥਕ ਨਾ-ਬਰਾਬਰੀ ਦੇ ਨਾਲ-ਨਾਲ ਮਰਦਾਵੀਂ ਸੱਤਾ, ਜਾਤੀਵਾਦ ਅਤੇ ਸਮਾਜੀ ਸਮੂਹਾਂ ਦੇ ਹੋਰ ਸੰਕੀਰਨ ਸਮਾਜੀ ਢਾਂਚਿਆਂ ਸਮੇਤ ਪਿਛਾਂਹਖਿੱਚੂ ਜਗੀਰੂ ਦਸਤੂਰ ਰਾਹੀਂ ਤੈਅ ਹੁੰਦਾ ਹੈ। ਇਸ ਦਾ ਕੰਟਰੋਲ ਧਨ-ਦੌਲਤ ਦੀ ਤਾਕਤ ਅਤੇ ਬੇਲਗਾਮ ਰਾਜਨੀਤਕ ਮਾਫੀਆ ਦੇ ਹੱਥ 'ਚ ਹੈ। ਆਰਥਕ ਬਰਾਬਰੀ ਅਤੇ ਸਮਾਜੀ ਨਿਆਂ ਦੀ ਅਣਹੋਂਦ 'ਚ ਰਾਜਨੀਤਕ ਲੋਕਤੰਤਰ ਰਸਮੀ ਬਣ ਕੇ ਰਹਿ ਗਿਆ। ਸੱਤ ਦਹਾਕੇ ਦੇ ਫਰੇਬੀ ਰਾਜਨੀਤਕ ਅਮਲ ਦੁਆਰਾ ਮਹਿਜ਼ ਚੋਣਾਂ ਰਾਹੀਂ ਲੋਕਤੰਤਰ ਦੀ ਧਾਰਨਾ ਨੂੰ ਇਸ ਤਰੀਕੇ ਨਾਲ ਲੋਕ ਮਨਾਂ 'ਚ ਬਿਠਾ ਕੇ

(ਬਾਕੀ ਅਗਲੇ ਸਫੇ 'ਤੇ)

# ਚੋਣਾਂ ਅਤੇ ਕਿਸਾਨ ਲਹਿਰ ਦੀਆਂ ਚੁਣੌਤੀਆਂ

ਹਿੰਦੋਸਤਾਨ ਵਿਚ ਪਾਰਲੀਮਾਨੀ ਸਿਸਟਮ ਸਿਰਫ ਆਜ਼ਾਦ ਭਾਰਤ ਤੋਂ ਹੀ ਸ਼ੁਰੂ ਨਹੀਂ ਹੋਇਆ, ਅੰਗਰੇਜ਼ ਬਸਤੀਵਾਦੀ ਹਕੂਮਤ ਤੋਂ ਇਸ ਦੀ ਵਿਰਾਸਤ ਮਿਲਦੀ ਹੈ। ਭਾਰਤੀ ਆਜ਼ਾਦੀ ਸੰਗਰਾਮ ਵਿਚ ਸ਼ਾਮਿਲ ਪਾਰਟੀਆਂ ਇਨ੍ਹਾਂ ਵਿਚ ਹਿੱਸਾ ਵੀ ਲੈਂਦੀਆਂ ਰਹੀਆਂ ਹਨ। ਇਥੋਂ ਤੱਕ ਕਿ ਭਗਤ ਸਿੰਘ ਵਰਗੇ ਸਿਰਮੌਰ ਇਨਕਲਾਬੀ ਵੀ ਇਨ੍ਹਾਂ ਚੋਣਾਂ ਵਿਚ ਅਸਿੱਧੇ ਤੌਰ 'ਤੇ ਹਿੱਸਾ ਲੈਂਦੇ ਰਹੇ ਹਨ, ਜਿਵੇਂ 1926 ਦੀਆਂ ਕੇਂਦਰੀ ਅਸੈਂਬਲੀ ਚੋਣਾਂ ਉਨ੍ਹਾਂ ਲਾਲਾ ਲਾਜਪਤ ਰਾਇ ਦੀ ਪਾਰਟੀ ਦੇ ਉਮੀਦਵਾਰਾਂ ਨੂੰ ਫਿਰਕੂ ਸਮਝਦਿਆਂ ਉਨ੍ਹਾਂ ਦਾ ਵਿਰੋਧ ਕਰਦਿਆਂ ਮੋਤੀ ਲਾਲ ਨਹਿਰੂ ਦੀ ਸਵਰਾਜ ਪਾਰਟੀ ਦੇ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ।

2020-21 ਦੇ ਭਾਰਤ ਦੇ ਇਤਿਹਾਸਕ ਸੰਘਰਸ਼ ਤੋਂ ਪਹਿਲਾਂ 1940-51 ਦਰਮਿਆਨ ਵੀ ਭਾਰਤੀ ਕਿਸਾਨਾਂ ਨੇ ਦੋ ਸ਼ਾਨਦਾਰ ਘੋਲ ਲੜੇ ਤੇ ਜਿੱਤੇ ਸਨ- ਤਿਭਾਗਾ ਅਤੇ ਤਿਲੰਗਾਨਾ ਵਿਚ ਕਿਸਾਨਾਂ ਨੇ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਜਿੱਤ ਹਾਸਲ ਕਰਨ ਤੋਂ




ਚਮਨ ਲਾਲ
ਫੋਨ: +91-98687-74820


ਬਾਅਦ 1952 ਦੀਆਂ ਭਾਰਤ ਦੀਆਂ ਪਹਿਲੀਆਂ ਆਮ ਚੋਣਾਂ ਵਿਚ ਕਮਿਊਨਿਸਟ ਪਾਰਟੀ, ਕਾਂਗਰਸ ਪਾਰਟੀ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਸੀ। ਉਦੋਂ ਪਾਰਟੀ ਨੇ ਲੋਕ ਸਭਾ ਦੀਆਂ 489 ਵਿਚੋਂ 16 ਸੀਟਾਂ ਤੇ ਜਿੱਤ ਹਾਸਲ ਕੀਤੀ। ਪਾਰਟੀ ਦਾ ਤਿਲੰਗਾਨਾ ਕਿਸਾਨ ਲਹਿਰ ਦਾ ਹੀਰੋ ਰਵੀ ਰੈਡੀ ਜੇਲ੍ਹ ਵਿਚੋਂ ਹੀ ਜਵਾਹਰ ਲਾਲ ਨਹਿਰੂ ਤੋਂ ਵੱਧ ਵੋਟਾਂ ਲੈ ਕੇ ਕਾਮਯਾਬ ਹੋਇਆ ਸੀ ਤੇ ਉਸ ਨੇ ਮੁਲਕ ਵਿਚ ਸਭ ਤੋਂ ਵੱਧ ਵੋਟਾਂ ਲੈਣ ਦਾ ਰਿਕਾਰਡ ਵੀ ਬਣਾਇਆ ਸੀ। ਕੁਝ ਹੋਰ ਛੋਟੀਆਂ ਖੱਬੇ ਪੱਖੀ ਪਾਰਟੀਆਂ ਅਤੇ ਸਮਾਜਵਾਦੀ ਪਾਰਟੀ ਸਮੇਤ ਖੱਬੇ ਪੱਖ ਨੇ 50 ਦੇ ਕਰੀਬ ਸੀਟਾਂ ਪਾਰਲੀਮੈਂਟ ਵਿਚ ਹਾਸਲ ਕੀਤੀਆਂ। ਅੱਜ ਦੀ ਭਾਰਤੀ ਜਨਤਾ ਪਾਰਟੀ ਦਾ ਮੁਢਲਾ ਰੂਪ ਜਨਸੰਘ ਜਿਸ ਦੀ ਪੰਜਾਬ ਦੇ ਲੋਕ ਉਸ ਦੇ ਚੋਣ ਨਿਸ਼ਾਨ (ਦੀਵਾ) ਕਾਰਨ ਦੀਵੇ ਵਾਲੀ ਪਾਰਟੀ ਵਜੋਂ ਪਛਾਣ ਕਰਦੇ ਸਨ, ਨੇ ਕੁੱਲ 3 ਸੀਟਾਂ ਹਾਸਲ ਕੀਤੀਆਂ। ਕੁਝ ਹੋਰ ਸੱਜੇ ਪੱਖੀ ਭਾਈਵਾਲ ਪਾਰਟੀਆਂ ਸਮੇਤ ਇਨ੍ਹਾਂ ਦੀ ਗਿਣਤੀ ਦਸ ਤੋਂ ਪਾਰ ਨਹੀਂ ਸੀ ਹੋਈ ਪਰ 1952 ਦੀਆਂ ਪਹਿਲੀਆਂ ਆਮ ਚੋਣਾਂ ਬਾਅਦ ਖੱਬੇ ਪੱਖੀ ਪਾਰਟੀਆਂ ਫਿਰ ਕਦੀ ਵੀ ਪਾਰਲੀਮੈਂਟ ਵਿਚ ਦੂਜੀ ਥਾਂ 'ਤੇ ਨਹੀਂ ਆ ਸਕੀਆਂ, 2004 ਵਿਚ ਇਨ੍ਹਾਂ ਨੇ ਭਾਵੇਂ 60 ਤੋਂ ਵੀ ਵੱਧ ਸੀਟਾਂ ਜਿੱਤੀਆਂ ਸਨ। ਕਿਸਾਨ ਲਹਿਰ ਉਨ੍ਹੀਂ ਦਿਨੀਂ ਕਮਿਊਨਿਸਟ ਪਾਰਟੀ ਅਤੇ ਖੱਬੇ ਪੱਖੀ ਪਾਰਟੀਆਂ ਨਾਲ ਜੁੜੀਆਂ ਕਿਸਾਨ ਸਭਾਵਾਂ ਜ਼ਰੀਏ ਲੜੀ ਜਾਂਦੀ ਸੀ। ਕਮਿਊਨਿਸਟ ਪਾਰਟੀ ਦੀ ਮੁੱਖ ਤਾਕਤ ਉਸ ਦੀਆਂ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਹੀ ਹੁੰਦੀਆਂ ਸਨ ਜੋ ਉਸ ਦਾ ਚੋਣਾਂ ਵਿਚ ਵੀ ਮੁੱਖ ਆਧਾਰ ਸੀ।

1964 ਵਿਚ ਕਮਿਊਨਿਸਟ ਪਾਰਟੀ ਦੀ ਪਹਿਲੀ ਫੁੱਟ ਤੋਂ ਪਹਿਲਾਂ ਇਸ ਦਾ ਪੰਜਾਬ, ਬੰਗਾਲ, ਮਹਾਰਾਸ਼ਟਰ, ਯੂਪੀ, ਬਿਹਾਰ, ਮਨੀਪੁਰ, ਕੇਰਲ, ਆਂਧਰਾ ਪ੍ਰਦੇਸ਼, ਰਾਜਸਥਾਨ, ਤਮਿਲਨਾਡੂ ਆਦਿ ਵਿਚ ਚੰਗਾ ਆਧਾਰ ਸੀ। ਕੇਰਲ ਤੇ ਬਾਅਦ ਵਿਚ ਬੰਗਾਲ ਤੇ ਤ੍ਰਿਪੁਰਾ ਵਿਚ ਲੰਮੇ ਸਮੇਂ ਤੱਕ ਸਰਕਾਰ ਵਿਚ ਰਹਿਣ ਦਾ ਆਧਾਰ ਵੀ ਇਹੋ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਸਨ ਪਰ ਇਸ ਲੰਮੇ ਸਮੇਂ ਦੀ ਹਕੂਮਤ ਨੇ ਇਨ੍ਹਾਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦਾ ਖਾੜਕੂ ਤੱਤ ਖਤਮ ਕਰ ਕੇ ਇਨ੍ਹਾਂ ਨੂੰ ਸਿਰਫ ਚੋਣਾਂ ਜਿੱਤਣ ਦੀ ਮਸ਼ੀਨ ਵਿਚ ਬਦਲ ਦਿੱਤਾ।

ਨਤੀਜੇ ਵਜੋਂ ਬੰਗਾਲ ਤੇ ਤ੍ਰਿਪੁਰਾ ਵਿਚ ਤਿੰਨ ਦਹਾਕੇ ਰਾਜ ਕਰਨ ਵਾਲੀ ਸੀ.ਪੀ.ਐਮ. ਦਾ 2011 ਤੋਂ ਬਾਅਦ ਲੋਕ ਆਧਾਰ ਤਾਸ਼ ਦੇ ਪੱਤਿਆਂ ਵਾਂਗ ਖਿੰਡ ਗਿਆ ਅਤੇ ਅਸੈਂਬਲੀ ਵਿਚ ਉਸ ਨੂੰ ਚੌਥੀ ਥਾਂ ਤੇ ਸਬਰ ਕਰਨਾ ਪਿਆ। ਪੰਜਾਬ ਦੀਆਂ ਸੀ.ਪੀ.ਆਈ. ਤੇ ਸੀ.ਪੀ.ਐਮ. ਦੀਆਂ ਮਜ਼ਦੂਰ ਕਿਸਾਨ ਜਥੇਬੰਦੀਆਂ ਦਾ ਹਸ਼ਰ ਵੀ ਆਪਣਾ ਖਾੜਕੂ ਤੱਤ ਅਤੇ ਲੋਕ ਆਧਾਰ ਗੁਆਉਣ ਵਿਚ ਹੋਇਆ। 1948 ਦੇ ਮਾਲਵਾ ਇਲਾਕੇ ਦੇ ਮੁਜ਼ਾਰਾ ਘੋਲ ਦੀ ਜਿੱਤ ਨੇ ਸੀ.ਪੀ.ਆਈ. ਨੂੰ ਪਹਿਲਾਂ ਪੈਪਸੂ ਤੇ ਫਿਰ ਪੰਜਾਬ ਦੀਆਂ ਚੋਣਾਂ ਵਿਚ ਵੀ ਵੱਡੀਆਂ ਜਿੱਤਾਂ ਦਿਵਾਈਆਂ ਸਨ। ਧਰਮ ਸਿੰਘ ਫੱਕਰ ਅਤੇ ਜਗੀਰ ਸਿੰਘ ਜੋਗਾ ਵਰਗੇ ਕਿਸਾਨ ਨਾਇਕ ਅੱਜ ਦੇ ਕਿਸਾਨ ਸੰਘਰਸ਼ ਦੇ ਨਾਇਕਾਂ ਵਾਂਗ ਹੀਰੋ ਬਣੇ ਸਨ।

ਭਾਰਤ ਦੀ ਪਾਰਲੀਮੈਂਟ 1952 ਤੋਂ 2019 ਤੱਕ ਦੇ ਆਪਣੇ ਸਫਰ ਵਿਚ ਲਗਾਤਾਰ ਸੱਜੇ ਪੱਖ ਵਲ ਝੁਕਦੀ ਗਈ ਹੈ, ਖਾਸਕਰ 1975 ਦੀ ਐਮਰਜੈਂਸੀ ਤੋਂ ਬਾਅਦ ਦੇ ਹਾਲਾਤ ਵਿਚ, ਤੇ 2014 ਤੋਂ ਤਾਂ ਇਸ ਨੇ ਪੂਰਾ ਕਾਰਪੋਰੇਟੀ ਰੂਪ ਹਾਸਲ ਕਰ ਲਿਆ ਹੈ। ਇਸ ਲਈ ਇਸ ਖੇਡ ਵਿਚ ਹਿੱਸਾ ਲੈਣ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਨੂੰ ਇਸ ਸਿਸਟਮ ਦੀ ਵਸਤੂਗਤ ਤੇ ਹਕੀਕੀ ਸਮਝ ਹਾਸਲ ਕਰਨੀ ਜ਼ਰੂਰੀ ਸੀ। 2021 ਦੇ ਅਖੀਰ ਵਿਚ ਉਨ੍ਹਾਂ ਦੇ ਡੇਢ ਸਾਲ ਲੰਮੇ ਅਤੇ 750 ਤੋਂ ਵੱਧ ਕਿਸਾਨਾਂ ਦੀਆਂ ਕੁਰਬਾਨੀਆਂ ਭਰੇ ਸੰਘਰਸ਼ ਨੂੰ ਬੂਰ ਪਿਆ।




ਉਹ ਆਪਣੀਆਂ ਭਾਰਤ ਭਰ ਦੀਆਂ 400 ਤੋਂ ਵੱਧ ਤੇ ਸੰਘਰਸ਼ ਵਿਚ ਸ਼ਾਮਿਲ ਪੰਜਾਬ ਦੀਆਂ 32+2 ਜਥੇਬੰਦੀਆਂ ਦੇ ਅਟੁੱਟ ਏਕੇ ਤੇ ਸਾਂਝੇ ਸੰਘਰਸ਼ ਦੀ ਤਾਕਤ ਨਾਲ ਤਿੰਨ ਕਿਸਾਨ ਵਿਰੋਧੀ ਕਾਨੂੰਨ ਰੱਦ ਕਰਵਾਉਣ ਵਿਚ ਕਾਮਯਾਬ ਹੋਏ ਪਰ ਐਮ.ਐਸ.ਪੀ. ਅਤੇ ਹੋਰ ਵੱਡੀਆਂ ਮੰਗਾਂ ਦਾ ਸੰਘਰਸ਼ ਅਜੇ ਬਾਕੀ ਸੀ ਅਤੇ ਉਨ੍ਹਾਂ ਮੰਗਾਂ ਨੂੰ ਮਨਵਾਉਣ ਲਈ ਤਾਂ 2020-21 ਦੇ ਸੰਘਰਸ਼ ਤੋਂ ਵੀ ਵੱਡਾ ਸੰਘਰਸ਼ ਲੜਨ ਲਈ ਕਿਸਾਨ ਜਥੇਬੰਦੀਆਂ ਦੇ ਪਹਿਲਾਂ ਤੋਂ ਵੀ ਵੱਧ ਏਕੇ ਅਤੇ ਨਵੀਆਂ ਕਿਸਾਨ ਜਥੇਬੰਦੀਆਂ ਨੂੰ ਨਾਲ ਜੋੜਨ ਦਾ ਵੱਡਾ ਕਾਰਜ ਬਾਕੀ ਸੀ।

ਇਸੇ ਦੌਰਾਨ ਪੰਜਾਬ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ ਅਤੇ ਪੰਜਾਬ ਦੀਆਂ 34 ਵਿਚੋਂ 22 ਕਿਸਾਨ ਜਥੇਬੰਦੀਆਂ ਨੂੰ ਲੱਗਿਆ ਕਿ ਇਨ੍ਹਾਂ ਚੋਣਾਂ ਵਿਚ ਉਹ ਆਪਣੀ ਕਿਸਾਨਾਂ ਦੀ ਵੱਖਰੀ ਪਾਰਟੀ ਬਣਾ ਕੇ ਚੋਣਾਂ ਵਿਚ ਬਹੁਸੰਮਤੀ ਹਾਸਲ ਕਰਕੇ ਆਪਣੀ ਸਰਕਾਰ ਬਣਾ ਸਕਦੇ ਹਨ ਅਤੇ ਕਿਸਾਨ ਪੱਖੀ ਕਾਨੂੰਨ ਖੁਦ ਹੀ ਬਣਾ ਸਕਦੇ ਹਨ। ਵਿਧਾਨ ਸਭਾ ਵਿਚ ਬਹੁਸੰਮਤੀ ਹਾਸਲ ਕਰਨਾ ਤਾਂ ਅਜੇ ਦੂਰ ਦੀ ਗੱਲ ਹੈ ਪਰ ਇਨ੍ਹਾਂ ਚੋਣਾਂ ਨੇ ਉਨ੍ਹਾਂ ਦੇ ਏਕੇ ਨੂੰ ਵੱਡਾ ਖੋਰਾ ਲਾ ਦਿੱਤਾ ਹੈ।

ਜਿਹੜੀਆਂ ਕਿਸਾਨ ਜਥੇਬੰਦੀਆਂ ਚੋਣਾਂ ਨੂੰ ਕਿਸਾਨ ਪੱਖੀ ਨੀਤੀਆਂ ਬਣਾਉਣ ਦੇ ਸੰਦ ਦੇ ਰੂਪ ਵਿਚ ਚਿਤਵ ਰਹੀਆਂ ਹਨ, ਉਨ੍ਹਾਂ ਨੂੰ ਇਸ ਦੇ ਹਕੀਕੀ ਰੂਪ ਨੂੰ ਚੰਗੀ ਤਰ੍ਹਾਂ ਘੋਖ ਲੈਣਾ ਚਾਹੀਦਾ ਹੈ। ਸੋਚਣ ਵਾਲੀ ਪਹਿਲੀ ਗੱਲ ਹੈ ਕਿ ਚੋਣਾਂ ਦਾ ਮੌਜੂਦਾ ਰੂਪ 1952 ਤੋਂ 1967 ਤੱਕ ਵਾਲਾ ਨਹੀਂ ਰਿਹਾ ਜਦੋਂ ਕੋਈ ਸਾਧਾਰਨ ਆਦਮੀ ਆਪਣੇ ਸਾਇਕਲ ਤੇ ਜਾਂ ਪੈਦਲ ਘਰ ਘਰ ਜਾ ਕੇ ਵੋਟ ਲਈ ਪ੍ਰਚਾਰ ਕਰ ਸਕਦਾ, ਜਿਵੇਂ ਕਮਿਊਨਿਸਟ ਪਾਰਟੀ ਵਰਗੀਆਂ ਖੱਬੇ ਪਾਰਟੀਆਂ ਉਦੋਂ ਕਰਦੀਆਂ ਸਨ ਅਤੇ ਕਾਮਯਾਬੀ ਵੀ ਹਾਸਲ ਕਰ ਲੈਂਦੀਆਂ ਸਨ। ਬਿਹਾਰ ਵਿਚ ਏਕੇ ਰਾਇ ਵਰਗੇ ਮਜ਼ਦੂਰ ਆਗੂ ਨੇ ਲੋਕ ਸਭਾ ਅਤੇ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਤਿੰਨ ਤਿੰਨ ਵਾਰ ਇਸੇ ਲੋਕ ਸ਼ਕਤੀ ਅਤੇ ਪ੍ਰਚਾਰ ਦੇ ਇਸੇ ਸਾਦੇ ਢੰਗ ਨਾਲ ਜਿੱਤੀਆਂ ਸਨ। ਹੁਣ ਤਾਂ 2014 ਤੋਂ 2019 ਤੱਕ ਹਾਲਾਤ ਇੰਨੇ ਬਦਲ ਗਏ ਹਨ ਕਿ ਡਾ. ਧਰਮਵੀਰ ਗਾਂਧੀ ਵਰਗਾ ਉਮੀਦਵਾਰ ਜੋ ਆਮ ਆਦਮੀ ਪਾਰਟੀ ਦੀ ਟਿਕਟ ਤੇ ਚੋਣ ਜਿੱਤਿਆ ਸੀ, ਨੇ ਚੋਣ ਪ੍ਰਚਾਰ ਲਈ ਕੋਈ ਬਹੁਤੇ ਮਹਿੰਗੇ ਢੰਗ ਤਰੀਕੇ ਨਹੀਂ ਵਰਤੇ ਸਨ। ਅਸਲ ਵਿਚ ਉਦੋਂ ਇਸ ਪਾਰਟੀ ਦਾ ਲੋਕਾਂ ਵਿਚ ਅਕਸ ਹੁਣ ਦੀ ਬਣਾਈ ਕਿਸਾਨਾਂ ਦੀ ਪਾਰਟੀ ਦੇ ਆਦਰਸ਼ਵਾਦੀ ਅਕਸ ਵਰਗਾ ਸੀ ਪਰ ਕਿਵੇਂ ਇੱਕ ਚੋਣ ਤੋਂ ਬਾਅਦ ਹੀ ਆਮ ਆਦਮੀ ਪਾਰਟੀ ਦਾ ਅਕਸ ਵੀ ਦੂਜੀਆਂ ਪਾਰਟੀਆਂ ਵਾਲਾ ਬਣ ਗਿਆ ਹੈ।

ਪਾਰਲੀਮਾਨੀ ਖੇਡ ਵਿਚ ਟਿਕਣ ਲਈ ਵੱਖਰੇ ਢੰਗ-ਤਰੀਕੇ ਅਪਨਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਜਿੰਨੀ ਤਾਕਤ ਤੇ ਪੈਸਾ ਇਸ ਖੇਡ ਵਿਚ ਹੁਣ ਖਰਚ ਹੁੰਦਾ ਹੈ, ਖਾਸਕਰ ਸਰਕਾਰ ਬਣਾ ਸਕਣ ਦੀ ਇੱਛਾ ਨਾਲ, ਫਿਰ ਉਸ ਪਾਰਟੀ ਵਿਚ ਲੋਕ ਘੋਲ ਲੜਨ ਦੀ ਸਮਰੱਥਾ ਲਗਭਗ ਖਤਮ ਹੋ ਜਾਂਦੀ ਹੈ। ਦੂਜੇ, ਭਾਰਤ ਦੇ ਸੰਵਿਧਾਨ ਵਿਚ ਕੇਂਦਰੀਕਰਨ ਕਾਰਨ ਬਹੁਤੀਆਂ ਤਾਕਤਾਂ ਕੇਂਦਰ ਕੋਲ ਹਨ ਜੋ ਕੋਈ ਵੀ ਲੋਕ ਪੱਖੀ ਕਾਨੂੰਨ ਰਾਸ਼ਟਰਪਤੀ ਤੋਂ ਮਨਜ਼ੂਰ ਹੀ ਕਰਵਾਉਣ ਦੇਣਗੇ। ਤੀਜੇ, ਹੁਣ ਦੇ ਚੋਣ ਸਿਸਟਮ ਵਿਚ ਸੋਸ਼ਲ ਮੀਡੀਆ ਦਾ ਰੋਲ ਜਿੰਨਾ ਵਧ ਗਿਆ ਹੈ, ਉਸ ਵਿਚ ਸੋਸ਼ਲ ਮੀਡੀਆ ਰਾਹੀਂ ਕਿਸਾਨ ਉਮੀਦਵਾਰਾਂ ਖਿਲਾਫ ਜੋ ਕੂੜ ਪ੍ਰਚਾਰ ਹੋਵੇਗਾ, ਉਸ ਚਿੱਕੜ ਨੂੰ ਚੋਣਾਂ ਦੌਰਾਨ ਤਾਂ ਘੱਟੋ-ਘੱਟ ਧੋਇਆ ਨਹੀਂ ਜਾ ਸਕੇਗਾ। ਲੋਕਾਂ ਵਿਚ ਕਿਸਾਨ ਆਗੂਆਂ ਦਾ ਇੱਜ਼ਤ ਮਾਣ ਵਾਲਾ ਜਿਹੜਾ ਅਕਸ ਬਣਿਆ ਹੋਇਆ ਹੈ, ਉਹ ਚੋਣਾਂ ਦੌਰਾਨ ਨਹੀਂ ਰਹੇਗਾ। ਕਿਸਾਨ ਘੋਲ ਦੌਰਾਨ ਜਿਵੇਂ ਕਿਸਾਨਾਂ ਤੋਂ ਇਲਾਵਾ ਸਭ ਸਾਧਾਰਨ ਲੋਕਾਂ, ਟਰੇਡ ਯੂਨੀਅਨਾਂ, ਮੱਧ ਵਰਗ, ਵਪਾਰੀਆਂ ਦਾ ਸਾਥ ਮਿਲਿਆ ਹੈ, ਉਹ ਚੋਣਾਂ ਦੌਰਾਨ ਵੀ ਮਿਲ ਸਕੇਗਾ, ਇਸ ਵਿਚ ਸ਼ੱਕ ਦੀ ਕਾਫੀ ਗੁੰਜਾਇਸ਼ ਹੈ।

ਜੇ ਕੁਲ 34 ਕਿਸਾਨ ਜਥੇਬੰਦੀਆਂ ਇਸ ਗੱਲ ਤੇ ਸਹਿਮਤੀ ਬਣਾ ਲੈਂਦੀਆਂ ਕਿ ਚੋਣਾਂ ਨੂੰ ਵੀ ਕਿਸਾਨ ਘੋਲ ਦੇ ਚਿੰਨ੍ਹ ਵਜੋਂ ਸਿਰਫ 5 ਜਾਂ 7 ਉਮੀਦਵਾਰ ਖੜ੍ਹੇ ਕਰ ਕੇ ਨੈਤਿਕ ਮੁੱਦਾ ਬਣਾ ਕੇ ਲੜਿਆ ਜਾਵੇ ਤਾਂ ਸ਼ਾਇਦ ਕੁਝ ਪਾਰਟੀਆਂ ਉਨ੍ਹਾਂ ਖਿਲਾਫ ਉਮੀਦਵਾਰ ਵੀ ਨਾ ਉਤਾਰਦੀਆਂ ਅਤੇ ਵਿਧਾਨ ਸਭਾ ਵਿਚ ਉਹ ਕਿਸਾਨਾਂ ਦੇ ਸਹੀ ਨੁਮਾਇੰਦੇ ਹੋਣ ਦਾ ਮਾਣ ਹਾਸਲ ਕਰ ਸਕਦੇ। ਕਿਸਾਨ ਜਥੇਬੰਦੀਆਂ ਕੁਝ ਉਮੀਦਵਾਰਾਂ ਦੀ ਹਿਮਾਇਤ ਵੀ ਕਰ ਸਕਦੀਆਂ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਘੋਲ ਦੀ ਜਾਨ ਲਾ ਕੇ ਮਦਦ ਕੀਤੀ ਸੀ ਜਾਂ ਉਨ੍ਹਾਂ ਨਾਲ ਦਿੱਲੀ ਦੀਆਂ ਹੱਦਾਂ ਤੇ ਬੈਠੇ ਸਨ; ਹਾਲਾਂਕਿ ਇਹ ਵੀ ਤੱਥ ਹੈ ਕਿ ਅਜਿਹੇ ਉਮੀਦਵਾਰ ਜ਼ਿਆਦਾ ਨਹੀਂ ਸਨ ਲੱਭਣੇ।

2020-21 ਦੇ ਕਿਸਾਨ ਘੋਲ ਨੇ ਨਾ ਸਿਰਫ ਪੂਰੇ ਹਿੰਦੋਸਤਾਨ ਬਲਕਿ ਦੁਨੀਆ ਦੇ ਤਮਾਮ ਮੁਲਕਾਂ ਵਿਚ ਕਾਰਪੋਰੇਟ ਵਿਰੋਧੀ ਘੋਲ ਲਈ ਆਸ ਦੀ ਨਵੀਂ ਕਿਰਨ ਜਗਾਈ ਜਿਸ ਨੂੰ ਨੋਮ ਚੋਮਸਕੀ ਵਰਗੇ ਬੁੱਧੀਜੀਵੀਆਂ ਨੇ ਵੀ ਤਸਦੀਕ ਕੀਤਾ। ਕਿਸਾਨ ਲਹਿਰ ਨੂੰ ਸਾਰੀ ਦੁਨੀਆ ਦੇ ਜਮਹੂਰੀ ਲੋਕਾਂ ਦੀ ਮਿਲੀ ਹਿਮਾਇਤ ਨੇ ਵੀ ਜਿੱਤ ਤੱਕ ਪਹੁੰਚਾਇਆ ਹੈ, ਉਸ ਸਾਰੇ ਤਬਕੇ ਨੂੰ ਕੁਝ ਕਿਸਾਨ ਜਥੇਬੰਦੀਆਂ ਦੇ ਚੋਣ ਲੜਨ ਦੇ ਫੈਸਲੇ ਤੋਂ ਨਿਰਾਸ਼ਾ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਇਸੇ ਤਰ੍ਹਾਂ ਦੁਬਾਰਾ ਉਨ੍ਹਾਂ ਦੀ ਹਿਮਾਇਤ ਮਿਲਣ ਦੀਆਂ ਸੰਭਾਵਨਾਵਾਂ ਵੀ ਘਟਦੀਆਂ ਹਨ। ਕਿਸਾਨ ਲਹਿਰ ਨੇ ਸ਼ਾਂਤਮਈ ਅਤੇ ਕੁਰਬਾਨੀ ਭਰੇ ਸੰਘਰਸ਼ ਦਾ ਮਾਡਲ ਦੁਨੀਆ ਸਾਹਮਣੇ ਪੇਸ਼ ਕੀਤਾ ਹੈ ਜਿਸ ਮਾਡਲ ਤੋਂ ਨਵੇਂ ਜਮਹੂਰੀ ਨਿਜ਼ਾਮ ਬਣਾਉਣ ਦੀ ਆਸ ਬਣੀ ਸੀ। ਕੀ ਕਿਸਾਨ ਆਪਣੀ ਉਸ ਆਸ ਨੂੰ ਖੁਦ ਹੀ ਤੋੜ ਦੇਣਗੇ?

## ਚੋਣਾਂ, ਸੰਯੁਕਤ ਸਮਾਜ ਮੋਰਚਾ ਅਤੇ ਬਦਲ

*(ਪਿਛਲੇ ਸਫੇ ਦੀ ਬਾਕੀ)*

ਪੱਕੇ ਪੈਰੀਂ ਕਰ ਲਿਆ ਗਿਆ ਹੈ ਕਿ ਪੜ੍ਹੇ-ਲਿਖੇ ਹਿੱਸੇ ਵੀ ਚੋਣਾਂ ਨੂੰ ਹੀ ਲੋਕਤੰਤਰ ਸਮਝੀ ਬੈਠੇ ਹਨ। ਚੋਣਾਂ ਮੁਕੰਮਲ ਜਮਹੂਰੀ ਢਾਂਚੇ ਦਾ ਬਹੁਤ ਨਿੱਕਾ ਜਿਹਾ ਹਿੱਸਾ ਹੀ ਹੁੰਦੀਆਂ ਹਨ, ਫਿਰ ਵੀ ਚੋਣਾਂ ਅਤੇ ਸਰਕਾਰ ਬਦਲੀ ਨੂੰ ਹੀ ਰਾਜ ਬਦਲੀ ਸਮਝਿਆ ਜਾ ਰਿਹਾ ਹੈ। ਹੁਕਮਰਾਨ ਜਮਾਤ ਦਾ ਇਹ ਢੌਂਗ ਤਾਂ ਸਮਝ ਆਉਂਦਾ ਹੈ ਲੇਕਿਨ ਬੁੱਧੀਮਾਨ ਕਹਾਉਣ ਵਾਲੇ ਹਿੱਸੇ ਵੱਲੋਂ ਭਰਮਾਊ ਪੇਸ਼ਕਾਰੀ ਉਨ੍ਹਾਂ ਦੀ ਬੌਧਿਕ ਕੰਗਾਲੀ ਜਾਂ ਬੇਈਮਾਨੀ ਕਾਰਨ ਹੈ। ਬੁਨਿਆਦੀ ਸਵਾਲ ਇਹ ਹੈ ਕਿ ਮੁਲਕ ਦੀ ਇਸ 'ਲੋਕਤੰਤਰੀ' ਰਾਜਨੀਤਕ ਪ੍ਰਣਾਲੀ ਨਾਲ ਲੋਕਾਂ ਨੂੰ ਜੋ ਵੋਟ ਦਾ ਰਾਜਨੀਤਕ ਹੱਕ ਮਿਲਿਆ, ਉਸ ਤਹਿਤ ਆਮ ਨਾਗਰਿਕ ਕੋਲ ਕਿਸ ਤਰ੍ਹਾਂ ਦੀ ਤਾਕਤ ਹੈ। ਇਹ ਰਸਮੀ ਤਾਕਤ ਹੈ ਜਾਂ ਹਕੀਕੀ ਹੈ, ਇਸ ਦੀਆਂ ਸੀਮਾਵਾਂ ਅਤੇ ਸੀਮਤਾਈਆਂ ਨੂੰ ਸੱਤ ਦਹਾਕੇ ਦੇ ਮੁੱਖਧਾਰਾਈ ਰਾਜਨੀਤਕ ਅਮਲ ਦੇ ਹਵਾਲੇ ਨਾਲ ਸਮਝਣਾ ਜ਼ਰੂਰੀ ਹੈ।

ਪਾਰਟੀਆਂ ਤੋਂ ਉਪਰ ਉਠ ਕੇ ਮੁਲਕ 'ਚ ਮਾਫੀਆ ਤਰਜ਼ ਦਾ ਸੱਤਾ ਭੋਗੀ ਵਰਗ ਹੋਂਦ ਆ ਚੁੱਕਾ ਹੈ। ਇਸ ਨੇ ਸਮਾਜ ਦੇ ਬੁਨਿਆਦੀ ਮੁੱਦਿਆਂ ਨੂੰ ਲੋਕ ਚੇਤਿਆਂ 'ਚੋਂ ਮਿਟਾਉਣ, ਭਰਮਾਊ ਵਾਅਦਿਆਂ ਅਤੇ ਭਟਕਾਊ ਮੁੱਦਿਆਂ ਰਾਹੀਂ ਲੋਕ ਰਾਇ ਨੂੰ ਪ੍ਰਭਾਵਿਤ ਹੀ ਨਹੀਂ ਸਗੋਂ ਨਿਰਧਾਰਤ ਕਰਨ ਦੀ ਅਥਿਅੰਤ ਮੁਹਾਰਤ ਅਤੇ ਤਾਕਤ ਹਾਸਲ ਕਰ ਲਈ ਹੈ। ਇਹ ਜਾਤੀ, ਧਰਮ, ਫਿਰਕੇ ਅਤੇ ਹੋਰ ਸੰਕੀਰਨ ਵੰਡੀਆਂ ਰਾਹੀਂ ਅਤੇ ਜਾਅਲੀ ਵਿਕਾਸ ਦੇ ਬਿਰਤਾਂਤ ਰਾਹੀਂ ਵੱਖੋ-ਵੱਖਰੇ ਸਮਾਜੀ ਸਮੂਹਾਂ ਦੀ ਲੋਕਾਈ ਨੂੰ ਵੋਟ ਬੈਂਕ 'ਚ ਬਦਲਣ ਦੇ ਸਮਰੱਥ ਹੈ। ਆਪਣੀ ਕਥਿਤ ਵਿਚਾਰਧਾਰਾ ਅਤੇ ਰਾਜਨੀਤਕ ਪ੍ਰੋਗਰਾਮ ਇਨ੍ਹਾਂ ਪਾਰਟੀਆਂ ਲਈ ਕੋਈ ਮਾਇਨੇ ਨਹੀਂ ਰੱਖਦੇ, ਸਮਾਜੀ ਹਿਤਾਂ ਅਤੇ ਸਰੋਕਾਰਾਂ ਦੀ ਤਾਂ ਗੱਲ ਹੀ ਛੱਡੋ। ਇਨ੍ਹਾਂ ਦਾ ਇੱਕੋ-ਇੱਕ ਮਨੋਰਥ ਵੱਧ ਤੋਂ ਵੱਧ ਧਨ-ਦੌਲਤ ਇਕੱਠਾ ਕਰਨਾ ਅਤੇ ਵੱਧ ਤੋਂ ਵੱਧ ਸਮੇਂ ਲਈ ਸੱਤਾ ਭੋਗਣਾ ਹੈ। ਇਸ ਰਾਜਨੀਤਕ ਮਾਫੀਆ ਨੇ ਰਾਜਨੀਤੀ ਨੂੰ ਸਭ ਤੋਂ ਸਫਲ ਕਰੀਅਰ ਦੇ ਰੂਪ 'ਚ ਸਥਾਪਤ ਕਰ ਲਿਆ ਹੈ। ਇਸ ਦੀ ਤਾਕਤ ਅਤੇ ਚਮਕ-ਦਮਕ ਨਵੇਂ ਹਿੱਸਿਆਂ ਲਈ ਚੁੰਬਕੀ ਖਿੱਚ ਦੀ ਤਰ੍ਹਾਂ ਹੈ। ਰਾਜਨੀਤਕ ਸਮੀਕਰਨ ਖਾਸ ਰਾਜਨੀਤਕ ਬਰੈਕਟਾਂ ਦੇ ਅੰਦਰ ਹੀ ਜੋੜ-ਘਟਾਓ ਹੁੰਦੇ ਦੇਖੇ ਜਾ ਸਕਦੇ ਹਨ। ਕਿਸੇ ਵਿਰਲੇ ਅੱਪਵਾਦ ਨੂੰ ਛੱਡ ਕੇ ਵੋਟ-ਸਮੂਹ ਸੁਤੰਤਰ ਲੋਕ ਰਾਇ ਦੀ ਬਜਾਇ ਮੁੱਖ ਤੌਰ 'ਤੇ ਸਾਲਮ ਬਲਾਕ ਦੇ ਰੂਪ 'ਚ ਇਕ ਜਾਂ ਦੂਜੀ 'ਮੁੱਖਧਾਰਾ' ਪਾਰਟੀ ਜਾਂ ਇਨ੍ਹਾਂ 'ਤੇ ਆਧਾਰਿਤ ਚੋਣ ਗੱਠਜੋੜਾਂ ਦੇ ਹੱਕ 'ਚ ਭੁਗਤਾ ਲਏ ਜਾਂਦੇ ਹਨ। ਧਨ-ਦੌਲਤ ਅਤੇ ਸੱਤਾ ਦੀ ਤਾਕਤ ਅਸਲ ਲੋਕ ਰਾਇ ਨੂੰ ਪ੍ਰਗਟਣ ਹੀ ਨਹੀਂ ਹੁੰਦੀ। ਉਥੇ ਗਦਰੀ ਸੰਗਰਾਮੀਏ ਬਾਬਾ ਸੋਹਣ ਸਿੰਘ ਭਕਨਾ ਤੋਂ ਲੈ ਕੇ ਮਨੀਪੁਰੀ ਲੋਕਾਂ ਦੇ ਹੱਕਾਂ ਲਈ ਡੇਢ ਦਹਾਕਾ ਭੁੱਖ ਹੜਤਾਲ ਕਰਨ ਵਾਲੀ ਇਰੋਮ ਸ਼ਰਮੀਲਾ ਵਰਗੇ ਸੱਚੇ ਲੋਕ ਨੁਮਾਇੰਦੇ ਭ੍ਰਿਸ਼ਟਾਚਾਰੀ ਜਰਵਾਣਿਆਂ ਦੀ ਧਨ-ਦੌਲਤ ਅਤੇ ਸੱਤਾ ਦੀ ਤਾਕਤ ਅੱਗੇ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਦੇ ਦੇਖੇ ਜਾ ਸਕਦੇ ਹਨ। ਜੋ ਜਿੱਤ ਵੀ ਜਾਂਦੇ ਹਨ, ਉਹ ਵੀ ਰਾਜ ਸੱਤਾ ਦੇ ਨਿਰੰਕੁਸ਼ ਦਸਤੂਰ 'ਚ ਚਿੱਬ ਪਾਉਣ 'ਚ ਨਾਕਾਮ ਰਹਿੰਦੇ ਹਨ। ਰਵਾਇਤੀ ਕਮਿਊਨਿਸਟਾਂ ਸਮੇਤ ਭਾਰਤ ਵਿਚ ਬਦਲ ਪੇਸ਼ ਕਰਨ ਦੇ ਦਾਅਵੇਦਾਰ 'ਮੁਤਵਾਜ਼ੀ' ਨੁਮਾਇੰਦਿਆਂ ਵਿਚ ਤਾਂ ਐਨੀ ਇਖਲਾਕੀ ਰਾਜਨੀਤਕ ਹਿੰਮਤ ਵੀ ਨਹੀਂ ਹੈ ਕਿ ਹਕੂਮਤੀ ਧਿਰ ਵੱਲੋਂ ਮਨਮਾਨੇ ਤਰੀਕੇ ਨਾਲ ਥੋਪੇ ਜਾ ਰਹੇ ਲੋਕ ਵਿਰੋਧੀ ਫੈਸਲਿਆਂ ਨੂੰ ਨਾ ਰੋਕ ਸਕਣ ਦੀ ਸੂਰਤ 'ਚ ਰੂਸ ਦੇ 'ਬਾਲਸ਼ਵਿਕਾਂ' ਵਾਂਗ ਵਿਧਾਨ ਸਭਾ/ਸੰਸਦ ਵਿਚੋਂ ਸਮੂਹਿਕ ਅਸਤੀਫੇ ਦੇ ਕੇ ਬਾਹਰ ਆ ਜਾਣ ਅਤੇ ਲੋਕ ਰਾਇ ਦੀ ਨੁਮਾਇੰਦਗੀ ਕਰਦਿਆਂ ਸੜਕਾਂ ਉਪਰ ਆ ਕੇ ਹੁਕਮਰਾਨ ਧਿਰ ਦੀਆਂ ਮਨਮਾਨੀਆਂ ਨੂੰ ਪ੍ਰਭਾਵਸ਼ਾਲੀ ਰਾਜਨੀਤਕ ਟੱਕਰ ਦੇਣ। ਸਰਕਾਰ ਨੂੰ ਟੁੱਟਣ ਦੀ ਦਲੀਲ ਦੇ ਕੇ, ਦਰਅਸਲ ਵਿਧਾਇਕੀ ਖੁੱਸ ਜਾਣ ਦੇ ਡਰੋਂ ਇਹ ਆਪਣੇ ਮੈਨੀਫੈਸਟੋ ਨੂੰ ਪੰਜ ਸਾਲ ਲਈ ਠੰਢੇ ਬਸਤੇ 'ਚ ਰੱਖੀ ਬੈਠੇ ਦੇਖੇ ਜਾ ਸਕਦੇ ਹਨ।

ਹੁਕਮਰਾਨ ਧਿਰ ਦੇ ਨਿਰੰਕੁਸ਼ ਦਸਤੂਰ ਨੂੰ ਹਕੀਕੀ ਚੁਣੌਤੀ ਹਮੇਸ਼ਾ ਕਿਸੇ ਵਿਰੋਧੀ ਧਿਰ ਨੇ ਨਹੀਂ ਸਗੋਂ ਲੋਕ ਅੰਦੋਲਨਾਂ ਨੇ ਦਿੱਤੀ ਹੈ। ਇੰਦਰਾ ਦੀ ਤਾਨਾਸ਼ਾਹੀ ਵਿਰੁਧ 1974 ਦੇ ਇਤਿਹਾਸਕ ਲੋਕ ਉਭਾਰ ਦੇ ਕੇਂਦਰ 'ਚ ਵਿਰੋਧੀ ਧਿਰ ਨਹੀਂ ਸਗੋਂ ਲੋਕਾਂ ਦਾ ਆਪਮੁਹਾਰਾ ਗੁੱਸਾ ਸੀ। ਸ਼ਾਹੀਨ ਬਾਗ ਦੇ ਮੋਰਚੇ ਅਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਨੇ ਲੋਕ ਰਾਇ ਦੀ ਜਮਹੂਰੀ ਤਾਕਤ ਪ੍ਰਭਾਵਸ਼ਾਲੀ ਤਰੀਕੇ ਨਾਲ ਦਰਸਾਈ ਹੈ। ਮੋਦੀ ਹਕੂਮਤ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਅਤੇ ਖੇਤੀ ਕਾਨੂੰਨ ਥੋਪੇ ਜਾਣ 'ਤੇ ਪਾਰਲੀਮੈਂਟਰੀ ਵਿਰੋਧੀ ਧਿਰ ਰਸਮੀ ਅਸਹਿਮਤੀ ਦੀ ਬੁੜਬੁੜ ਤੋਂ ਅੱਗੇ ਨਹੀਂ ਵਧੀ। ਬੁੱਧੀਜੀਵੀ, ਵਿਦਿਆਰਥੀ, ਲੋਕ ਸੰਸਥਾਵਾਂ ਅਤੇ ਲੋਕ ਜਥੇਬੰਦੀਆਂ ਇਨ੍ਹਾਂ ਫਾਸ਼ੀਵਾਦੀ ਫਰਮਾਨਾਂ ਵਿਰੁਧ ਸੜਕਾਂ ਉਪਰ ਅਣਮਿੱਥੇ ਸਮੇਂ ਦੇ ਮੋਰਚੇ ਲਗਾ ਕੇ ਬੈਠੇ ਅਤੇ ਕਥਿਤ ਵਿਰੋਧੀ ਧਿਰ ਨੂੰ ਆਪਣੀ ਹਮਾਇਤ 'ਚ ਬਿਆਨ ਦੇਣ ਲਈ ਮਜਬੂਰ ਕੀਤਾ। ਮੁਤਵਾਜ਼ੀ ਕਿਸਾਨ ਸੰਸਦ ਦੇ ਦਬਾਓ ਨਾਲ ਵਿਰੋਧੀ ਧਿਰ ਦੇ ਸੰਸਦ ਮੈਂਬਰ ਕਿਸਾਨ ਵ੍ਹਿੱਪ ਲਾਗੂ ਕਰਨ ਲਈ ਮਜਬੂਰ ਹੋਏ। ਪੰਜਾਬ ਅਤੇ ਹਰਿਆਣਾ ਵਿਚ ਕਿਸਾਨ ਜਥੇਬੰਦੀਆਂ ਨੇ ਰਾਜਨੀਤਕ ਪਾਰਟੀਆਂ ਦੀ ਚੋਣਾਂ ਦੀ ਲਾਲਸਾ ਨੂੰ ਕਈ ਮਹੀਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਰੋਕੀ ਰੱਖਿਆ ਅਤੇ ਸੱਤਾਧਾਰੀ ਆਰ.ਐਸ.ਐਸ.-ਬੀ.ਜੇ.ਪੀ. ਨੂੰ ਪੰਜਾਬ ਦੇ ਨਾਲ-ਨਾਲ ਹਰਿਆਣਾ ਅਤੇ ਪੱਛਮੀ ਯੂ.ਪੀ. 'ਚ ਵੀ ਤਿੱਖੇ ਲੋਕ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਮਾਜੀ ਤਰੱਕੀ ਦਾ ਰਾਹ ਰੋਕੀ ਬੈਠੇ ਸੜਿਆਂਦ ਮਾਰਦੇ ਰਾਜਨੀਤਕ ਦਸਤੂਰ ਦੇ ਮੁਕਾਬਲੇ ਸੱਚੇ ਲੋਕਤੰਤਰ ਮੁੱਲਾਂ ਦੀਆਂ ਕਰੂੰਬਲਾਂ ਐਸੇ ਇਤਿਹਾਸ ਰਚੇਤਾ ਅੰਦੋਲਨਾਂ 'ਚ ਹੀ ਫੁੱਟਦੀਆਂ ਹਨ। ਜੇ ਐਸੇ ਲੋਕ ਅੰਦੋਲਨ ਯੁਗ ਪਲਟਾਊ ਰਾਜਨੀਤਕ ਉਥਲ-ਪੁਥਲ 'ਚ ਵਟ ਜਾਣ ਅਤੇ ਇਨ੍ਹਾਂ ਦੀ ਅਗਵਾਈ ਲਈ ਕਾਬਲ ਸਮਰਪਿਤ ਲੀਡਰਸ਼ਿਪ ਉਭਰ ਜਾਵੇ ਤਾਂ ਸੱਤਾ ਦੇ ਪੁਰਾਣੇ ਢਾਂਚੇ ਤਹਿਸ-ਨਹਿਸ ਹੋ ਜਾਂਦੇ ਹਨ ਅਤੇ ਸਮਾਜੀ ਕਾਇਆਪਲਟੀ ਦਾ ਅਮਲ ਚੱਲਦਾ ਹੈ।

ਭਾਰਤ ਦਾ ਰਾਜ ਢਾਂਚਾ ਅਤੇ ਇਸ ਦੀ ਚੋਣ ਪ੍ਰਣਾਲੀ ਐਸੀ ਸੜਿਆਂਦ ਮਾਰਦੀ ਰਾਜਸੀ ਮਰਜ਼ ਬਣ ਚੁੱਕੀ ਹੈ ਕਿ ਕਿਸੇ ਯੁਗ ਪਲਟਾਊ ਰਾਜਨੀਤਕ ਅੰਦੋਲਨ ਤੋਂ ਬਗੈਰ ਇਸ ਮਰਜ਼ ਦਾ ਇਲਾਜ ਸੰਭਵ ਨਹੀਂ ਹੈ। ਕੁਝ 'ਚੰਗੇ ਬੰਦਿਆਂ' ਨੂੰ ਚੁਣ ਕੇ ਭੇਜਣਾ ਜਾਂ ਐਸੇ ਬੰਦਿਆਂ 'ਤੇ ਆਧਾਰਿਤ ਪਾਰਟੀ ਦੀ ਸਰਕਾਰ ਬਣ ਜਾਣਾ ਮਾਮੂਲੀ ਮਹੱਤਵ ਵਾਲੀ ਆਰਜ਼ੀ ਰਾਹਤ ਤਾਂ ਦੇ ਸਕਦਾ ਹੈ ਲੇਕਿਨ ਮੁਲਕ ਦੀ ਦੱਬੀ-ਕੁਚਲੀ ਅਤੇ ਬੁਰੀ ਤਰ੍ਹਾਂ ਪਿਸ ਰਹੀ ਬੇਵੱਸ ਲੋਕਾਈ ਨੂੰ ਮੁੱਖਧਾਰਾਈ ਰਾਜਨੀਤਕ ਮਾਫੀਆ ਤੋਂ ਆਜ਼ਾਦ ਕਰਵਾ ਕੇ ਮੁਲਕ ਨੂੰ ਸੱਚੇ ਵਿਕਾਸ ਦੇ ਮਾਰਗ ਉਪਰ ਨਹੀਂ ਤੋਰ ਸਕਦਾ। ਕੇਰਲ, ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿਚ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਦਹਾਕਿਆਂ ਤੱਕ ਰਹੀਆਂ ਖੱਬੇ ਮੋਰਚੇ ਦੀਆਂ ਸਰਕਾਰਾਂ ਦੇ ਤਜਰਬੇ ਇਸ ਦੇ ਗਵਾਹ ਹਨ।

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਲੜੇ ਸੰਘਰਸ਼ ਨੇ ਭਵਿੱਖ 'ਚ ਕਿਸੇ ਵੱਡੇ ਰਾਜਨੀਤਕ ਅੰਦੋਲਨ ਦੀ ਉਠਾਣ ਲਈ ਮੁੱਢਲੇ ਹਾਲਾਤ ਬਣਾ ਦਿੱਤੇ ਸਨ। ਸੱਚਾ ਬਦਲਾਓ ਚਾਹੁੰਦੀਆਂ ਰਾਜਨੀਤਕ ਤਾਕਤਾਂ ਨੇ ਇਨ੍ਹਾਂ ਹਾਲਾਤ ਦਾ ਲਾਹਾ ਲੈ ਕੇ ਲੋਕਾਂ ਨੂੰ ਰਾਜਨੀਤਕ ਤੌਰ 'ਤੇ ਲਾਮਬੰਦ ਕਰਨ ਲਈ ਨਾ ਕੋਈ ਠੋਸ ਵਿਉਂਤਬੰਦੀ ਕੀਤੀ ਅਤੇ ਨਾ ਇਸ ਪਾਸੇ ਕੋਈ ਖਾਸ ਯਤਨ ਕੀਤੇ। ਕੁਝ ਹਿੱਸੇ ਮਹਾ ਅੰਦੋਲਨ 'ਚ ਆਪੋ-ਆਪਣੇ ਰਾਜਨੀਤਕ ਏਜੰਡੇ ਘੁਸੇੜਨ ਦੀਆਂ ਸਾਜ਼ਿਸ਼ੀ ਕੋਸ਼ਿਸ਼ਾਂ 'ਚ ਜੁਟੇ ਰਹੇ ਅਤੇ ਬਾਕੀ ਹਿੱਸੇ ਮੋਰਚੇ ਨੂੰ ਕਾਮਯਾਬ ਬਣਾਉਣ ਤੱਕ ਸੀਮਤ ਰਹੇ। ਇਸ ਦੌਰਾਨ ਉਹ ਕਿਸਾਨੀ ਦੇ ਨਾਲ ਨਾਲ ਬਾਕੀ ਹਿੱਸਿਆਂ ਨੂੰ ਲਾਮਬੰਦ ਕਰਨ ਲਈ ਰਾਜਨੀਤਕ ਕੰਮ ਕਰ ਸਕਦੇ ਸਨ ਲੇਕਿਨ ਐਸੇ ਸੁਚੇਤ ਬੱਝਵੇਂ ਯਤਨਾਂ ਦੀ ਅਣਹੋਂਦ ਰਹੀ। ਕਿਸਾਨ ਆਗੂਆਂ ਦੇ ਇਕ ਹਿੱਸੇ ਨੇ ਲੋਕਾਂ 'ਚ ਮਿਲੇ ਮਾਣ-ਤਾਣ ਨੂੰ ਸੱਤਾ 'ਚ ਹਿੱਸੇਦਾਰੀ ਦੀ ਪੌੜੀ ਬਣਾ ਕੇ ਵਰਤਣ ਦੀ ਲਾਲਸਾ ਪਾਲਣੀ ਸ਼ੁਰੂ ਕਰ ਦਿੱਤੀ ਅਤੇ ਇਸ ਨੂੰ ਲੋਕਾਂ ਦੇ ਦਬਾਓ ਦੇ ਨਾਂ 'ਤੇ ਪਰੋਸਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਜੋ ਇਤਿਹਾਸਕ ਭੂਮਿਕਾ ਉਹ ਅੱਗੇ ਵਧ ਕੇ ਭਵਿੱਖ 'ਚ ਨਿਭਾ ਸਕਦੇ ਸਨ, ਉਸ ਸੰਭਾਵਨਾ ਦਾ ਉਨ੍ਹਾਂ ਨੇ ਖੁਦ ਹੀ ਗਰਭਪਾਤ ਕਰ ਲਿਆ। ਹੁਣ ਸੰਯੁਕਤ ਮੋਰਚੇ ਦੇ ਉਸ ਪਹਿਲੇ ਪ੍ਰਤਾਪ, ਵਿਆਪਕ ਰਸੂਖ ਅਤੇ ਦਬਾਓ 'ਚ ਪਹਿਲਾਂ ਵਾਲਾ ਦਮ ਨਹੀਂ ਰਹੇਗਾ ਅਤੇ ਸੰਯੁਕਤ ਸਮਾਜ ਮੋਰਚੇ 'ਚ ਚੋਣਾਂ ਵਿਚ ਕੋਈ ਪ੍ਰਭਾਵਸ਼ਾਲੀ ਰਾਜਨੀਤਕ ਕਾਰਗੁਜ਼ਾਰੀ ਦਿਖਾ ਸਕਣ ਦੀ ਸਮਰੱਥਾ ਨਹੀਂ ਹੈ। ਨੇੜ ਭਵਿੱਖ 'ਚ ਰਾਜਨੀਤਕ ਸੰਭਾਵਨਾਵਾਂ ਵਾਲੇ ਅੰਦੋਲਨ ਦੇ ਉਠਣ ਲਈ ਹਾਲਾਤ ਇਕ ਵਾਰ ਫਿਰ ਗੰਧਲੀ ਸਿਆਸਤ ਨਾਲ ਗ੍ਰਹਿਣੇ ਗਏ ਹਨ।

# ਚਾਂਦੀ ਦੀ ਤਸ਼ਤਰੀ ਵਿਚ ਸੁੱਚੇ ਮੋਤੀਆਂ ਵਾਲਾ ਗੁਰਦਿੱਤਾ ਬੂੜ੍ਹਾ

## ਮਾਨਸ ਤੋਂ ਦੇਵਤਾ

*ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।*



ਗੁਰਬਚਨ ਸਿੰਘ ਭੁੱਲਰ
ਫੋਨ: +807-636-3058

ਮਨੁੱਖ ਦੇ ਜੀਵਨ ਉਤੇ ਬਚਪਨ ਤੋਂ ਹੀ ਆਲੇ-ਦੁਆਲੇ ਦਾ, ਖਾਸ ਕਰਕੇ ਉਨ੍ਹਾਂ ਲੋਕਾਂ ਦਾ ਪ੍ਰਭਾਵ ਪੈਣ ਲੱਗ ਜਾਂਦਾ ਹੈ ਜਿਨ੍ਹਾਂ ਨਾਲ ਉਹਦਾ ਵਾਹ ਪੈਂਦਾ ਹੈ। ਪ੍ਰਭਾਵ ਕਬੂਲਣ ਦਾ ਇਹ ਅਮਲ ਪੂਰਾ ਜੀਵਨ ਬਣਿਆ ਰਹਿੰਦਾ ਹੈ। ਕੁਦਰਤੀ ਹੈ, ਚੰਗੇ ਲੋਕਾਂ ਦਾ ਚੰਗਾ ਪ੍ਰਭਾਵ ਪੈਂਦਾ ਹੈ, ਮਾੜੇ ਲੋਕਾਂ ਦਾ ਮਾੜਾ। ਜਿਨ੍ਹਾਂ ਵੇਲਿਆਂ ਦੀ ਮੈਂ ਗੱਲ ਕਰਨ ਲੱਗਿਆ ਹਾਂ, ਲੋਕ ਬਹੁਤ ਭੋਲੇ ਅਤੇ ਛਲ-ਵਲ ਤੋਂ ਮੁਕਤ ਹੁੰਦੇ ਸਨ। ਉਨ੍ਹਾਂ ਨੇ ਅਨਪੜ੍ਹ ਹੋਣ ਕਰਕੇ ਪੋਥੀਆਂ-ਪੁਸਤਕਾਂ ਭਾਵੇਂ ਨਾ ਵਾਚੀਆਂ ਹੋਣ, ਪਰ ਜੀਵਨ ਦੀ ਪੁਸਤਕ ਪੜ੍ਹ ਕੇ ਉਹ ਆਪਣੀ ਕਿਸਮ ਦੇ ਗਿਆਨੀ ਬਣ ਜਾਂਦੇ ਸਨ। ਆਪਣੇ ਪਰਿਵਾਰ ਵਿਚ ਤੇ ਫੇਰ ਆਪਣੇ ਮਾਹੌਲ ਵਿਚ ਮਿੱਠਤ, ਸੱਚਾਈ ਅਤੇ ਈਮਾਨਦਾਰੀ ਜਿਹੇ ਗੁਣ ਉਹ ਸੁਤੇ-ਸਿਧ ਹੀ ਵੰਡਦੇ-ਸਿਖਾਉਂਦੇ ਰਹਿੰਦੇ ਸਨ। ਇਸੇ ਕਰਕੇ ਸਮਾਜ ਵਿਚ ਓਦੋਂ ਅਜਿਹੇ ਗੁਣਾਂ ਦੀ ਹੀ ਪ੍ਰਧਾਨਤਾ ਬਣੀ ਰਹਿੰਦੀ ਸੀ।

ਸਾਡੇ ਘਰ ਦੀ ਇਕ ਪਾਸੇ ਦੀ ਕੰਧ ਮੇਰੇ ਸਕੇ ਚਾਚਾ ਜੀ ਨਾਲ ਸਾਂਝੀ ਸੀ ਅਤੇ ਦੂਜੇ ਪਾਸੇ ਗੁਰਦਿੱਤੇ ਬੁੜ੍ਹੇ ਦਾ ਘਰ ਲਗਦਾ ਸੀ। ਉਹ ਵੈਰਾਗੀ ਸਾਧ ਵਜੋਂ ਜਾਣੇ ਜਾਂਦੇ ਸਨ। ਕਿਸੇ ਵੇਲੇ ਉਨ੍ਹਾਂ ਦੇ ਵੱਡ-ਵਡੇਰੇ ਜ਼ਰੂਰ ਵੈਰਾਗੀ ਸਾਧ ਰਹੇ ਹੋਣਗੇ ਪਰ ਮੇਰੇ ਦੇਖਣ ਵੇਲੇ ਹਾਲਤ ਪੂਰੀ ਤਰ੍ਹਾਂ ਵੱਖਰੀ ਬਣ ਚੁੱਕੀ ਸੀ। ਉਨ੍ਹਾਂ ਦਾ ਪਹਿਰਾਵਾ ਕਿਸੇ ਗੇਰੂਏ-ਭਗਵੇਂ ਦੀ ਥਾਂ ਬਿਲਕੁਲ ਸਾਡੇ ਵਾਲਾ ਸੀ। ਉਹ ਆਮ ਕਿਸਾਨਾਂ ਵਰਗੇ ਕੱਪੜੇ ਪਾਉਂਦੇ, ਪੱਗਾਂ ਬੰਨ੍ਹਦੇ ਸਨ ਅਤੇ ਦਾੜ੍ਹੀ-ਕੇਸ ਰਖਦੇ ਸਨ। ਜਦੋਂ ਕਦੇ ਅਸੀਂ ਖੋਡਦੇ ਹੋਏ ਬਾਬੇ ਗੁਰਦਿੱਤੇ ਦੇ, ਸਾਡੇ ਹਾਣੀ ਪੋਤਿਆਂ ਨਾਲ ਉਨ੍ਹਾਂ ਦੇ ਘਰ ਚਲੇ ਜਾਂਦੇ, ਸਾਨੂੰ ਇਕ ਵੀ ਚੀਜ਼ ਜਾਂ ਇਕ ਵੀ ਗੱਲ ਅਜਿਹੀ ਨਹੀਂ ਸੀ ਦਿਸਦੀ ਜੋ ਸਾਡੇ ਘਰਾਂ ਤੋਂ ਵੱਖਰੀ, ਸਾਧਾਂ ਵਾਲੀ ਹੋਵੇ।

ਪਿੰਡ ਦੇ ਆਮ ਜੱਟ ਕਿਸਾਨਾਂ ਨਾਲੋਂ ਉਨ੍ਹਾਂ ਦਾ ਜੇ ਕੋਈ ਫ਼ਰਕ ਬਾਕੀ ਸੀ, ਉਹ ਸਾਡੀਆਂ ਅੱਖਾਂ ਸਾਹਮਣੇ ਖ਼ਤਮ ਹੋ ਗਿਆ ਸੀ। ਇਹ ਫ਼ਰਕ ਵੀ ਕਿਸੇ ਦਬਾਅ ਕਾਰਨ ਨਹੀਂ ਸੀ ਮਿਟਿਆ ਸਗੋਂ ਆਲੇ-ਦੁਆਲੇ ਦੀ ਰੀਸ ਨਾਲ ਸਹਿਜ-ਸੁਭਾਵਿਕ ਹੀ ਮਿਟ ਗਿਆ ਸੀ। ਇਹ ਸੀ ਨਾਂਵਾਂ ਦਾ ਫ਼ਰਕ। ਘਰ ਦੇ ਵਡੇਰੇ ਦਾ ਨਾਂ ਦਾੜ੍ਹੀ, ਕੇਸਾਂ ਤੇ ਪੱਗ ਦੇ ਹੁੰਦਿਆਂ ਵੀ ਗੁਰਦਿੱਤਾ ਰਾਮ ਸੀ। ਉਹਨੂੰ ਅਸੀਂ ਨਿਆਣੇ ਮੁੰਡੇ-ਕੁੜੀਆਂ ਬਾਬਾ ਆਖਦੇ। ਸਾਥੋਂ ਵਡੇਰੀ ਉਮਰ ਦੇ ਲੋਕ ਉਹਨੂੰ ਗੁਰਦਿੱਤਾ ਬੁੜ੍ਹਾ ਆਖਦੇ। ਉਹਦੀ ਘਰਵਾਲੀ, ਸਾਡੀ ਅੰਬੋ ਨੂੰ ਸਭ ਪਰਸੀ ਬੁੜ੍ਹੀ ਆਖਦੇ। ਉਨ੍ਹਾਂ ਦੇ ਇਕਲੌਤੇ ਪੁੱਤਰ, ਜਿਸਨੂੰ ਅਸੀਂ ਚਾਚਾ ਕਹਿੰਦੇ ਸੀ, ਦਾ ਨਾਂ ਚੇਤ ਰਾਮ ਸੀ। ਉਹਦੇ ਵੀ ਦਾੜ੍ਹੀ-ਕੇਸ ਸਨ ਤੇ ਉਹ ਵੀ ਪੱਗ ਬੰਨ੍ਹਦਾ ਸੀ। ਉਹਦੀ ਘਰਵਾਲੀ, ਸਾਡੀ ਚਾਚੀ ਸੀ ਤਾਂ ਵੈਰਾਗੀ ਪਰਿਵਾਰ ਵਿਚੋਂ ਹੀ, ਪਰ ਨਾਂ ਉਹਦਾ ਭਗਵਾਨ ਕੌਰ ਸੀ। ਉਹਦੇ ਪੇਕੇ ਗੁਰੂ-ਵੰਸ਼ੀ ਸੋਢੀਆਂ ਦੀ ਬਹੁਲਤਾ ਵਾਲੇ ਕਿਸੇ ਪਿੰਡ ਸਨ। ਸ਼ਾਇਦ ਇਸੇ ਸਮਾਜਕ-ਸਭਿਆਚਾਰਕ ਪ੍ਰਭਾਵ ਸਦਕਾ ਉਹ ਭਗਵਾਨ ਕੌਰ ਹੋ ਗਈ ਸੀ। ਸ਼ਾਇਦ ਉਹਦੇ ਸਦਕਾ ਹੀ ਮੁੰਡਿਆਂ ਦੇ ਨਾਂ ਸਿੰਘ ਤੇ ਕੁੜੀਆਂ ਦੇ ਨਾਂ ਕੌਰ ਹੋ ਗਏ ਸਨ। ਉਨ੍ਹਾਂ ਦੇ ਪੁੱਤਰਾਂ, ਸਾਡੇ ਹਾਣੀਆਂ-ਬੇਲੀਆਂ ਦੇ ਨਾਂ ਪ੍ਰੀਤਮ ਸਿੰਘ ਤੇ ਕਰਨੈਲ ਸਿੰਘ ਅਤੇ ਕੁੜੀਆਂ ਦੇ ਨਾਂ ਗੁਰਦਿਆਲ ਕੌਰ, ਤੇਜ ਕੌਰ ਤੇ ਕਰਤਾਰ ਕੌਰ ਸਨ। ਰਹਿਣੀ-ਬਹਿਣੀ ਵਿਚ ਸਾਰਾ ਟੱਬਰ ਪੂਰਾ ਜੱਟ ਸੀ।

ਕਿੱਤਾ ਵੀ ਉਨ੍ਹਾਂ ਦਾ ਖੇਤੀਬਾੜੀ ਸੀ। ਉਨ੍ਹਾਂ ਕੋਲ ਆਪਣੀ ਜ਼ਮੀਨ ਤਾਂ ਹੈ ਹੀ ਸੀ, ਕੁਛ ਜ਼ਮੀਨ ਉਹ ਹੋਰ ਅਜਿਹੇ ਲੋਕਾਂ ਤੋਂ ਅੱਧੋ-ਅੱਧ ਉਤੇ ਲੈ ਲੈਂਦੇ, ਜੋ ਜ਼ਮੀਨ ਦੇ ਮਾਲਕ ਤਾਂ ਹੁੰਦੇ ਸਨ ਪਰ ਕਿਸੇ ਕਾਰਨ ਖੇਤੀ ਨਹੀਂ ਸਨ ਕਰਦੇ। ਅੱਧੋ-ਅੱਧ ਦਾ ਮਤਲਬ ਇਹ ਹੁੰਦਾ ਸੀ ਕਿ ਉਸ ਜ਼ਮੀਨ ਵਿਚੋਂ ਜਿੰਨੀ ਪੈਦਾਵਾਰ ਹੁੰਦੀ, ਉਹਦਾ ਅੱਧਾ ਹਿੱਸਾ ਜ਼ਮੀਨ ਦੇ ਮਾਲਕ ਦਾ ਹੁੰਦਾ ਅਤੇ ਅੱਧਾ ਹਿੱਸਾ ਉਸ ਜ਼ਮੀਨ ਉਤੇ ਖੇਤੀ ਕਰਨ ਵਾਲਾ ਕਿਸਾਨ ਰੱਖ ਲੈਂਦਾ। ਮੇਰੇ ਪਿਤਾ ਜੀ ਫ਼ੌਜ ਵਿਚ ਸਨ ਅਤੇ ਅਸੀਂ ਤਿੰਨੇ ਭਾਈ ਪੜ੍ਹਨ ਦੇ ਰਾਹ ਪੈ ਗਏ ਸੀ। ਇਸ ਕਰਕੇ ਸਾਡਾ ਪਰਿਵਾਰ ਖੇਤੀ ਨਹੀਂ ਸੀ ਕਰਦਾ। ਕਈ ਸਾਲ ਸਾਡੀ ਕੁਛ ਜ਼ਮੀਨ ਸਾਡੇ ਇਨ੍ਹਾਂ ਗੁਆਂਢੀਆਂ ਦੀ ਵਾਹੀ ਹੇਠ ਰਹੀ।

ਹੁਣ ਉਸ ਕਥਾ-ਵਾਰਤਾ ਵੱਲ ਆਈਏ ਜਿਹੜੀ ਮੈਂ ਅਸਲ ਵਿਚ ਸੁਣਾਉਣੀ ਚਾਹੀ ਹੈ। 1953 ਦੀ ਗੱਲ ਹੈ। ਅਪਰੈਲ ਦਾ ਮਹੀਨਾ ਸੀ। ਮੈਂ ਕਾਲਜ ਦਾ ਐਫ਼. ਐਸ-ਸੀ. ਦਾ ਇਮਤਿਹਾਨ ਦੇ ਕੇ ਮੋਗੇ ਤੋਂ ਪਿੰਡ ਆਇਆ ਹੋਇਆ ਸੀ ਤੇ ਨਤੀਜੇ ਦੀ ਉਡੀਕ ਕਰ ਰਿਹਾ ਸੀ। ਇਕ ਸ਼ਾਮ ਜਦੋਂ ਖਾਸਾ ਹਨੇਰਾ ਹੋ ਗਿਆ, ਬਾਹਰੋਂ ਆਵਾਜ਼ ਆਈ, 'ਓ ਭਾਈ, ਕੋਈ ਹੈ?' ਬਿਜਲੀ ਅਜੇ ਸਾਡੇ ਪਿੰਡ ਆਈ ਨਹੀਂ ਸੀ। ਇਕ ਲਾਲਟੈਣ ਸੀ ਜੋ ਅੰਦਰ ਜਗ ਰਹੀ ਸੀ। ਮੈਂ ਜਾ ਕੇ ਕੁੰਡੀ ਖੋਲ੍ਹੀ ਤਾਂ ਚੰਦ ਦੇ ਘੁਸਮੁਸੇ ਚਾਨਣ ਵਿਚ ਬਾਬਾ ਗੁਰਦਿੱਤਾ ਖੜ੍ਹਾ ਸੀ। ਉਹਨੇ ਹੱਥ ਵਿਚ ਕੋਈ ਭਾਂਡਾ ਜਿਹਾ ਚੁੱਕਿਆ ਹੋਇਆ ਸੀ।

ਮੈਂ ਕਿਹਾ, 'ਆਓ, ਬਾਬਾ ਜੀ, ਅੰਦਰ ਲੰਘ ਆਓ। ਐਸ ਵੇਲੇ ਕਿਵੇਂ ਆਉਣਾ ਹੋਇਆ?'

ਉਹ ਬੋਲਿਆ, 'ਨਹੀਂ ਕਾਕਾ ਮੈਂ ਅੰਦਰ ਨਹੀਂ ਆਉਣਾ। ਹੁਣੇ ਖੇਤੋਂ ਆਇਆ ਸੀ। ਅਜੇ ਨ੍ਹਾ ਕੇ ਰੋਟੀ ਵੀ ਖਾਣੀ ਹੈ। ਅੱਜ ਦਿਨੇ ਮੈਂ ਵਿਹਲਾ ਬੈਠਾ ਸੀ। ਪਿੜ ਵਿਚ ਜਿਥੇ ਥੋਡੇ ਵਾਲੀ ਕਣਕ ਕੱਢੀ ਸੀ, ਮੈਨੂੰ ਕੋਈ ਕੋਈ ਦਾਣਾ ਪਿਆ ਦਿੱਸਿਆ। ਮੈਂ ਚੁਗਣ ਲੱਗ ਪਿਆ। ਕੋਈ ਚਾਰ ਲੱਪਾਂ ਦਾਣੇ ਹੋ ਗਏ।' ਉਹਦੇ ਬੋਲ ਵਿਚ ਮਿਹਨਤ ਦੇ ਫਲ ਦੀ ਖ਼ੁਸ਼ੀ ਸੀ। ਉਹਨੇ ਹੱਥ ਵਾਲਾ ਛੋਟਾ ਜਿਹਾ ਕਟੋਰਾ ਅੱਗੇ ਕੀਤਾ, 'ਐਹ ਲੈ, ਬਚੜਿਆ, ਆਬਦੇ ਹਿੱਸੇ ਦੇ ਅੱਧੇ, ਦੋ ਲੱਪਾਂ ਦਾਣੇ!'

ਅੱਜ ਜਦੋਂ ਸਾਡੇ ਸਮਾਜ ਵਿਚ ਬੁਤੀ ਹੋਈ ਵਸਤੂ ਬਣ ਚੁੱਕੀ ਈਮਾਨਦਾਰੀ ਬਾਰੇ ਸੋਚਦਾ ਹਾਂ, ਇਹ ਘਟਨਾ ਅਕਸਰ ਚੇਤੇ ਆਉਂਦੀ ਹੈ। ਦੋ ਲੱਪ ਦਾਣਿਆਂ ਦਾ ਏਨਾ ਮਹੱਤਵ ਜਾਂ ਮੁੱਲ ਨਾ ਓਦੋਂ ਸੀ ਤੇ ਨਾ ਹੁਣ ਹੈ ਕਿ ਕੋਈ ਕਿਸੇ ਨੂੰ ਦੇਣ ਲਈ ਉਚੇਚਾ ਚੱਲ ਕੇ ਜਾਵੇ, ਉਹ ਵੀ ਕੁਵੇਲੇ ਜਿਹੇ। ਨਾਲੇ ਖੇਤ ਦੇ ਦਾਣਿਆਂ ਦੇ ਬੋਹਲ ਦੀ ਵੰਡ ਤਾਂ ਇਕ ਦਿਨ ਪਹਿਲਾਂ ਹੋ ਚੁੱਕੀ ਸੀ। ਜੇ ਬਾਬੇ ਗੁਰਦਿੱਤੇ ਨੇ ਕਣਕ ਕੱਢੀ ਵਾਲੀ ਥਾਂ ਤੋਂ ਨਹੁੰਆਂ ਨਾਲ ਚੁਗ-ਚੁਗ ਕੇ ਚਾਰ ਲੱਪ ਦਾਣੇ ਇਕੱਠੇ ਕਰ ਵੀ ਲਏ ਸਨ, ਉਹਦਾ ਇਹ ਫ਼ਰਜ਼ ਤਾਂ ਵਾਹੀਵਾਨ ਹੋਣ ਦੇ ਨਾਤੇ ਵੀ ਨਹੀਂ ਸੀ ਬਣਦਾ ਕਿ ਉਨ੍ਹਾਂ ਦਾ ਅੱਧ ਵੀ ਜ਼ਮੀਨ-ਮਾਲਕ ਨੂੰ ਜ਼ਰੂਰ ਦੇਵੇ। ਮੇਰਾ ਮੰਨਣਾ ਹੈ ਜੇ ਚਾਰ ਲੱਪਾਂ ਦੀ ਥਾਂ ਇਕ ਲੱਪ ਵੀ ਹੁੰਦੇ, ਉਹਨੇ ਉਸ ਇਕ ਲੱਪ ਵਿਚੋਂ ਵੀ ਅੱਧੀ ਲੱਪ ਸਾਨੂੰ ਦੇਣ ਆ ਜਾਣਾ ਸੀ। ਇਹ ਸਭ ਸੋਚ ਕੇ ਮਹਿਸੂਸ ਹੁੰਦਾ ਹੈ, ਬਾਬੇ ਗੁਰਦਿੱਤੇ ਨੇ ਜੋ ਮੈਨੂੰ ਫੜਾਏ ਸਨ, ਉਹ ਛੋਟੇ ਜਿਹੇ ਕਟੋਰੇ ਵਿਚ ਕਣਕ ਦੇ ਦਾਣੇ ਨਹੀਂ ਸਨ, ਇਕ ਨਿਰਮਲ-ਚਿੱਤ ਇਨਸਾਨ ਦੇ ਚਾਂਦੀ ਦੀ ਤਸ਼ਤਰੀ ਵਿਚ ਦਿੱਤੇ ਅਸ਼ੀਰਵਾਦੀ ਸੁੱਚੇ ਮੋਤੀ ਸਨ ਜਿਨ੍ਹਾਂ ਨੇ ਮੈਨੂੰ ਪਰਾਏ ਹੱਕ ਲਈ ਈਮਾਨਦਾਰ ਰਹਿਣ ਦੇ ਅਰਥ ਉਮਰ-ਭਰ ਵਾਸਤੇ ਸਮਝਾ ਦਿੱਤੇ!

ਮੈਂ ਨਹੀਂ ਸਮਝਦਾ, ਬਾਬੇ ਗੁਰਦਿੱਤੇ ਨੂੰ ਖੇਤੀ ਅਤੇ ਕਬੀਲਦਾਰੀ ਦੇ ਖਲਜਗਨ ਨੇ ਕਦੀ ਬਾਣੀ ਸੁਣਨ-ਜਾਣਨ ਦਾ ਮੌਕਾ ਦਿੱਤਾ ਹੋਵੇਗਾ, ਪਰ ਏਨਾ ਜ਼ਰੂਰ ਜਾਣਦਾ ਹਾਂ ਕਿ ਬਾਬਾ ਨਾਨਕ ਦਾ ਉਪਦੇਸ਼ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਜ਼ਰੂਰ ਉਹਦੇ ਮਨ ਵਿਚ ਸਹਿਜ-ਸੁਭਾਵਿਕ ਹੀ ਵਸਿਆ ਹੋਇਆ ਸੀ। ਇਹ ਪਰਾਇਆ ਹੱਕ ਭਾਵੇਂ ਕਣਕ ਦੇ ਕੁੱਲ ਦੋ ਲੱਪਾਂ ਦਾਣੇ ਹੀ ਕਿਉਂ ਨਾ ਹੋਣ।

## ਸਿਆਸਤ ਦਾ ਪਿੜ

# ਇਸ ਵਾਰ ਕੀ ਕਰੇਗਾ ਜਿੱਤ ਕੇ ਲੜਾਈ ਹਾਰਨ ਗਿੱਝਾ ਹੋਇਆ ਪੰਜਾਬ !



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਬਹੁਤ ਸਾਰੇ ਦੱਬੇ ਮੁਰਦਿਆਂ ਨੂੰ ਉਖਾੜ ਕੇ ਲੋਕ-ਸੱਥ ਸਾਹਮਣੇ ਰੱਖ ਸਕਦੇ ਹਾਂ, ਅਤੇ ਰੱਖਣਾ ਵੀ ਚਾਹੁੰਦੇ ਹਾਂ, ਪਰ ਉਸ ਦਾ ਕੋਈ ਫਾਇਦਾ ਨਹੀਂ ਹੋਣਾ, ਜਿਹੜੀ ਲੀਹ ਵਿਚ ਵਕਤ ਆਪਣੀ ਰਵਾਨੀ ਸੁਖਾਲੀ ਵੇਖੇਗਾ, ਉਸ ਨੇ ਉਸ ਪਾਸੇ ਹੀ ਵਹਿੰਦੇ ਰਹਿਣਾ ਹੈ। ਇਹ ਵਹਿਮ ਕਈ ਲੋਕਾਂ ਨੂੰ ਹੁੰਦਾ ਹੈ ਕਿ ਉਹ ਵਕਤ ਦੀ ਦਿਸ਼ਾ ਬਦਲ ਦੇਣਗੇ, ਇਸ ਲਈ ਉਹ ਤਾਣ ਵੀ ਪੂਰੀ ਈਮਾਨਦਾਰੀ ਨਾਲ ਲਾਉਂਦੇ ਹਨ, ਪਰ ਸਮਾਂ ਜਦੋਂ ਲੀਹ ਤੋਂ ਲਾਹੁਣ ਵਾਲਾ ਕੰਮ ਕਰਦਾ ਹੈ, ਅਕਲ ਦੇ ਭੰਡਾਰ ਮੰਨੇ ਜਾਣ ਵਾਲਿਆਂ ਨੂੰ ਵੀ ਸਮਝ ਨਹੀਂ ਲੱਗਦੀ। ਪੰਜਾਬ ਇਸ ਦੀਆਂ ਝਲਕਾਂ ਕਈ ਵਾਰੀ ਵੇਖ ਚੁੱਕਾ ਹੈ। ਦਸਵੇਂ ਗੁਰੂ ਸਾਹਿਬ ਵੱਲੋਂ ਸਰਬੰਸ ਵਾਰਨ ਤੋਂ ਬਾਅਦ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਆਏ ਤੇ ਉਨ੍ਹਾਂ ਦੀ ਕਮਾਨ ਹੇਠ ਪਹਿਲੀ ਵਾਰੀ ਜਗੀਰਾਂ ਤੋੜ ਕੇ ਮੁਜ਼ਾਰਿਆਂ ਨੂੰ ਵੰਡੀਆਂ ਗਈਆਂ, ਉਹ ਬਹੁਤ ਵੱਡਾ ਇਤਿਹਾਸਕ ਮੋੜਾ ਸੀ, ਪਰ ਇਸ ਦਾ ਮੁਹਾਣ ਮੋੜਨ ਲਈ ਵਕਤ ਨੇ ਸਦੀਆਂ ਨਹੀਂ ਸਨ ਉਡੀਕੀਆਂ, ਦਹਾਕਿਆਂ ਵਿਚ ਕੀ ਦਾ ਕੀ ਕਰ ਦਿੱਤਾ ਸੀ। ਬਾਰਾਂ ਮਿਸਲਾਂ ਮਸਾਂ ਚਾਰ ਦਹਾਕਿਆਂ ਅੰਦਰ ਹੀ ਬਣ ਗਈਆਂ ਸਨ ਤੇ ਫਿਰ ਅਸਲੀ ਮੁੱਦਾ ਭੁਲਾ ਕੇ ਇਲਾਕਿਆਂ ਉਤੇ ਕਬਜ਼ਾ ਕਰਨ ਦੇ ਲਈ ਮਿਸਲਾਂ ਆਪੋ ਵਿਚ ਲੜਨ ਅਤੇ ਗੁਰੂ ਦੇ ਸਿੱਖਾਂ ਨੂੰ ਇੱਕ ਦੂਸਰੇ ਤੋਂ ਮਰਵਾਉਣ ਲੱਗ ਪਈਆਂ ਸਨ। ਸਿੱਖ ਪੰਥ ਅੱਜ ਤਕ ਉਨ੍ਹਾਂ ਸਾਰੀਆਂ ਮਿਸਲਾਂ ਵਾਲੇ ਸਰਦਾਰਾਂ ਦਾ ਸਤਿਕਾਰ ਕਰਦਾ ਹੈ, ਕੁੱਟੇ ਜਾਣ ਵਾਲਿਆਂ ਦਾ ਵੀ ਅਤੇ ਕੁੱਟ ਖਾ ਕੇ ਹਾਰ ਮੰਨ ਲੈਣ ਪਿੱਛੋਂ ਓਸੇ ਤਰ੍ਹਾਂ ਦੀਆਂ ਜਗੀਰਾਂ ਲੈ ਕੇ ਤਸੱਲੀ ਕਰ ਲੈਣ ਵਾਲਿਆਂ ਦਾ ਵੀ, ਜਿੱਦਾਂ ਦੀਆਂ ਜਗੀਰਾਂ ਬਾਬਾ ਬੰਦਾ ਸਿੰਘ ਤੋੜ ਕੇ ਗਿਆ ਸੀ। ਜਿਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਦੇ ਰਾਜ ਵਿਚ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਜਾਂਦੇ ਜਥਿਆਂ ਨੂੰ ਮਾਰਨ ਲਈ ਰਾਹਾਂ ਵਿਚਲੇ ਖੂਹਾਂ ਵਿਚ ਜ਼ਹਿਰ ਪਾ ਦਿੱਤਾ ਸੀ, ਉਹ ਬਾਅਦ ਵਿਚ ਵੋਟਾਂ ਨਾਲ ਚੁਣ ਕੇ ਗੁਰਦੁਆਰਿਆਂ ਦੇ ਪ੍ਰਬੰਧ ਵਾਲੀਆਂ ਕਮੇਟੀਆਂ ਦੇ ਮੈਂਬਰ ਤੇ ਅਹੁਦੇਦਾਰ ਬਣਦੇ ਰਹੇ ਸਨ। ਉਹੋ ਕੁਝ ਇਸ ਵੇਲੇ ਵਰਤਦਾ ਵੇਖ ਕੇ ਕੁਝ ਲੋਕ ਜਾਣਦੇ ਹੋਏ ਵੀ ਚੁੱਪ ਹਨ, ਕਿਉਂਕਿ 'ਇੱਕ ਚੁੱਪ, ਸੌ ਸੁੱਖ' ਦਾ ਫਾਰਮੂਲਾ ਉਨ੍ਹਾਂ ਨੂੰ ਚੰਗਾ ਲੱਗਦਾ ਹੈ।

ਇਸ ਪੰਜਾਬ ਵਿਚ ਕਦੀ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਬੋਲਬਾਲਾ ਹੋਇਆ ਕਰਦਾ ਸੀ, ਵਕਤ ਦੇ ਨਾਲ ਉਸ ਦੀ ਸੋਚ ਦੇ ਵਿਰੋਧੀਆਂ ਦੀ ਚੜ੍ਹਤ ਹੋਣ ਲੱਗੀ ਤਾਂ ਉਹ ਆਪਣੀ ਮਰਜ਼ੀ ਮੁਤਾਬਕ ਭਗਤ ਸਿੰਘ ਤੇ ਹੋਰਨਾਂ ਦੇਸ਼ ਭਗਤਾਂ ਦਾ ਇਤਿਹਾਸ ਲਿਖਣ ਅਤੇ ਠੋਸਣ ਲੱਗ ਪਏ। ਵਕਤ ਉਨ੍ਹਾਂ ਦੇ ਅੱਗੇ ਨਾਕਾ ਨਹੀਂ ਲਾ ਸਕਿਆ। ਜਲ੍ਹਿਆਂਵਾਲਾ ਬਾਗ ਵਿਚ ਅੰਗਰੇਜ਼ੀ ਰਾਜ ਦਾ ਤਸ਼ੱਦਦ ਝੱਲਣ ਵਾਲੇ ਹੋਰ ਲੋਕ ਸਨ, ਉਨ੍ਹਾਂ ਦੇ ਨਾਂਅ ਉੱਤੇ ਰਾਜਨੀਤੀ ਕਰਨ ਵਾਲੇ ਹੋਰ ਅਤੇ ਸਮੇਂ ਦੇ ਨਾਲ ਇੱਕ ਦਿਨ ਉਹ ਲੋਕ ਜਲ੍ਹਿਆਂਵਾਲੇ ਬਾਗ ਦੇ ਕਾਰ-ਮੁਖਤਾਰ ਬਣ ਗਏ, ਜਿਹੜੇ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜ਼ਾਂ ਦੀ ਵਫਾਦਾਰੀ ਕਰਨ ਵਾਲਿਆਂ ਦੀ ਵਿਰਾਸਤ ਨਾਲ ਜੁੜੇ ਹੋਏ ਸਨ। ਵਕਤ ਉਨ੍ਹਾਂ ਨੂੰ ਇਹੋ ਜਿਹੀ ਧੱਕੜਸ਼ਾਹੀ ਕਰਦਿਆਂ ਨੂੰ ਰੋਕ ਨਹੀਂ ਸੀ ਸਕਿਆ। ਇੱਕ ਮੌਕਾ ਇਹੋ ਜਿਹਾ ਆਇਆ, ਜਦੋਂ ਆਜ਼ਾਦੀ ਸੰਘਰਸ਼ ਵਿਚ ਕੂਕਾ ਲਹਿਰ ਦੇ ਯੋਗਦਾਨ ਦਾ ਬਣਦਾ ਸਥਾਨ ਮਨਵਾਉਣ ਲਈ ਦੇਸ਼ਭਗਤ ਯਾਦਗਾਰ ਵਾਲਿਆਂ ਨੇ ਦੇਸ਼ ਦੇ ਉਪ ਪ੍ਰਧਾਨ ਮੰਤਰੀ ਨਾਲ ਅੱਖ ਵਿਚ ਅੱਖ ਪਾ ਕੇ ਗੱਲ ਕਰਨ ਦਾ ਫੈਸਲਾ ਕੀਤਾ ਤਾਂ ਪੁਲਿਸ ਨੇ ਕੁਟਾਪਾ ਚਾੜ੍ਹ ਦਿੱਤਾ ਅਤੇ ਜਿਨ੍ਹਾਂ ਕੋਲ ਉਸ ਮਹਾਨ ਲਹਿਰ ਦੀ ਵਿਰਾਸਤ ਦਾ ਸਰਟੀਫਿਕੇਟ ਸੀ, ਉਹ ਓਸੇ ਦਿਨ ਓਸੇ ਉਪ ਪ੍ਰਧਾਨ ਮੰਤਰੀ ਦੇ ਗਲ ਹਾਰ ਪਾ-ਪਾ ਕੇ ਫੋਟੋ ਖਿਚਾਉਂਦੇ ਫਿਰਦੇ ਸਨ। ਉਨ੍ਹਾਂ ਨੂੰ ਵੀ ਏਦਾਂ ਕਰਨ ਤੋਂ ਵਕਤ ਨੇ ਨਹੀਂ ਰੋਕਿਆ। ਵਕਤ ਜਦੋਂ ਆਪਣੇ ਵਹਿਣ ਦੇ ਮੁਤਾਬਕ ਹਾਲਾਤ ਨੂੰ ਵਹਿੰਦੇ ਵੇਖਦਾ ਹੈ ਤਾਂ ਉਸ ਨੇ ਯੁੱਗਾਂ ਤੋਂ ਲੈ ਕੇ ਕਦੀ ਨਹੀਂ ਸੀ ਰੋਕਿਆ ਅਤੇ ਅੱਗੋਂ ਵੀ ਕਦੀ ਨਹੀਂ ਰੋਕਣਾ।

ਅਸੀਂ ਲੋਕਾਂ ਨੇ ਬਚਪਨ ਵਿਚ ਕਾਂਗਰਸ ਪਾਰਟੀ ਦੇ ਵਿਰੋਧ ਦੀ ਤਾਨ ਸੁਣੀ ਅਤੇ ਵੱਡੇ ਆਗੂਆਂ ਦੇ ਪਿੱਛੇ ਕਾਂਗਰਸ ਵਿਰੋਧੀ ਨਾਅਰੇ ਲਾਏ ਸਨ। ਜਦੋਂ ਫਿਰ ਪੰਜਾਬ ਦੀ ਪਹਿਲੀ ਗੈਰ ਕਾਂਗਰਸੀ ਸਰਕਾਰ ਬਣੀ, ਅਸੀਂ ਆਪਣੀ ਬਾਲ-ਉਮਰ ਵਿਚ ਚਾਅ ਨਾਲ ਖੀਵੇ ਹੋਏ ਪਏ ਸਾਂ ਅਤੇ ਜੋਗਾ ਸਿੰਘ ਜੋਗੀ ਦੇ ਇਹ ਬੋਲ ਪੰਜਾਬ ਦੀਆਂ ਸਟੇਜਾਂ ਉੱਪਰ ਗੂੰਜਿਆ ਕਰਦੇ ਸਨ; 'ਏਕੇ ਦੀਆਂ ਲਗਰਾਂ ਫੁੱਟੀਆਂ ਨੇ, ਗਾਂਧੀ ਦੀ ਬੱਕਰੀ ਖਾਵੇ ਨਾ'। ਮਸਾਂ ਅੱਠ ਮਹੀਨੇ ਲੰਘੇ ਕਿ ਓਸੇ ਗੈਰ-ਕਾਂਗਰਸੀ ਟੀਮ ਦੇ ਕੁਝ ਆਗੂ ਵਕਤ ਦੀ ਮਾਰ ਹੇਠ ਫਿਰ ਓਸੇ ਕਾਂਗਰਸ ਨਾਲ ਜਾ ਜੁੜੇ ਸਨ। ਜਿਹੜੇ ਬੇਅੰਤ ਸਿੰਘ ਨੇ ਅਕਾਲੀ ਦਲ ਵੱਲੋਂ ਚੋਣ ਲੜ ਕੇ ਹਾਰੀ ਤੇ ਫਿਰ ਆਜ਼ਾਦ ਚੋਣ ਲੜ ਕੇ ਅਕਾਲੀ-ਕਾਂਗਰਸੀ ਦੋਵਾਂ ਨੂੰ ਹਰਾਇਆ ਸੀ, ਉਹ ਵੀ ਸਮਾਂ ਪਾ ਕੇ ਪੰਜਾਬ ਦੀ ਕਾਂਗਰਸ ਦਾ ਪ੍ਰਧਾਨ ਬਣ ਗਿਆ ਤੇ ਫਿਰ ਪੰਜਾਬ ਦਾ ਮੁੱਖ ਮੰਤਰੀ ਵੀ ਬਣ ਗਿਆ। ਇਹੋ ਕਿੱਸਾ ਅੱਜ ਵਾਲੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਹੈ, ਜਿਸ ਨੇ ਪਹਿਲੀ ਚੋਣ ਆਜ਼ਾਦ ਲੜੀ, ਕਾਂਗਰਸੀ ਤੇ ਅਕਾਲੀ ਦੋਵਾਂ ਨੂੰ ਹਰਾਇਆ ਅਤੇ ਅਗਲੀਆਂ ਦੋ ਚੋਣਾਂ ਕਾਂਗਰਸ ਵੱਲੋਂ ਜਿੱਤਣ ਪਿੱਛੋਂ ਓਸੇ ਕਾਂਗਰਸ ਦੀ ਰਾਜ ਸਰਕਾਰ ਦਾ ਮੁੱਖ ਮੰਤਰੀ ਬਣ ਗਿਆ। ਪਹਿਲਾਂ ਪ੍ਰਤਾਪ ਸਿੰਘ ਕੈਰੋਂ ਨੇ ਏਦਾਂ ਅਕਾਲੀ ਉਮੀਦਵਾਰ ਵਜੋਂ 1937 ਵਿਚ ਦੇਸ਼ਭਗਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਨੂੰ ਝੂਠੇ ਪ੍ਰਚਾਰ ਨਾਲ ਹਰਾਇਆ ਸੀ ਤੇ ਫਿਰ ਕਾਂਗਰਸ ਵੱਲੋਂ ਮੁੱਖ ਮੰਤਰੀ ਬਣ ਕੇ ਅਕਾਲੀਆਂ ਦੀ ਅੱਖ ਦਾ ਕੁੱਕਰਾ ਜਾ ਬਣਿਆ ਸੀ, ਪਰ ਉਸ ਦੇ ਅੱਖਾਂ ਮੀਟਣ ਪਿੱਛੋਂ ਪਤਨੀ ਵੀ ਅਤੇ ਪੁੱਤਰ ਵੀ ਫਿਰ ਅਕਾਲੀ ਦਲ ਵੱਲੋਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲੜਦੇ ਫਿਰਦੇ ਸਨ। ਸ਼ਹੀਦ ਭਗਤ ਸਿੰਘ ਦੇ ਸਾਥੀ ਸੋਹਣ ਸਿੰਘ ਜੋਸ਼ ਨੂੰ ਅਕਾਲੀ ਆਗੂ ਈਸ਼ਰ ਸਿੰਘ ਮਝੈਲ ਨੇ ਇੱਕ ਝੂਠੀ ਤੋਹਮਤ ਲਾ ਕੇ ਹਰਾ ਦਿੱਤਾ ਸੀ ਅਤੇ ਲੋਕਾਂ ਨੂੰ ਇਸ ਖੇਡ ਦੀ ਸਮਝ ਨਹੀਂ ਸੀ ਪੈ ਸਕੀ। ਗਦਰ ਪਾਰਟੀ ਬਣਾਉਣ ਅਤੇ ਸਾਰੀ ਉਮਰ ਲੋਕਾਂ ਲਈ ਸੰਘਰਸ਼ ਕਰਨ ਤੇ ਜੇਲ੍ਹਾਂ ਵਿਚ ਸਾਲਾਂਬੱਧੀ ਸਖਤੀਆਂ ਝੱਲਣ ਵਾਲੇ ਬਾਬਾ ਸੋਹਣ ਸਿੰਘ ਭਕਨਾ ਨੂੰ ਵਿਧਾਨ ਸਭਾ ਵਿਚ ਵੜਨ ਤੋਂ ਰੋਕਣ ਲਈ ਕਾਂਗਰਸ ਦੇ ਆਗੂਆਂ ਨੇ ਉਸ ਦੇ ਮੁਕਾਬਲੇ ਝਬਾਲ ਦੀ ਸੀਟ ਤੋਂ ਗੁਰਦਿਆਲ ਸਿੰਘ ਢਿੱਲੋਂ ਨੂੰ ਖੜ੍ਹਾ ਕੀਤਾ ਤੇ ਮਹਾਨ ਦੇਸ਼ਭਗਤ ਬਾਬੇ ਦੇ ਰਾਹ ਵਿਚ ਕੰਡੇ ਵਿਛਾਉਣ ਲਈ ਰਾਤ-ਦਿਨ ਇਕ ਕਰ ਰੱਖਿਆ ਸੀ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ, ਬਾਬਾ ਸੋਹਣ ਸਿੰਘ ਭਕਨਾ ਅਤੇ ਸੋਹਣ ਸਿੰਘ ਜੋਸ਼ ਨੂੰ ਦੇਸ਼ਭਗਤੀ ਦਾ ਸਰਟੀਫਿਕੇਟ ਚੁੱਕੀ ਫਿਰਦੇ ਕਾਂਗਰਸੀਆਂ ਨੇ ਇਸ ਲਈ ਹਰਾਇਆ ਸੀ ਕਿ ਉਨ੍ਹਾਂ ਅਸਲੀ ਦੇਸ਼ਭਗਤਾਂ ਦੇ ਸਾਹਮਣੇ ਇਨ੍ਹਾਂ ਨੂੰ ਆਪਣਾ ਕੱਦ ਬੌਣਾ ਲੱਗਦਾ ਸੀ। ਪੰਜਾਬ ਦੇ ਲੋਕਾਂ ਨੂੰ ਓਦੋਂ ਇਸ ਖੇਡ ਦੀ ਸਮਝ ਨਹੀਂ ਪੈ ਸਕੀ ਤੇ ਉਹ ਭੁਚਲਾਏ ਗਏ ਸਨ। ਵਕਤ ਨੇ ਏਦਾਂ ਦੇ ਕਈ ਦ੍ਰਿਸ਼ ਵੀ ਵਿਖਾਏ ਹੋਏ ਹਨ।

ਇਸ ਵੇਲੇ ਪੰਜਾਬ ਵਿਚ ਵਿਧਾਨ ਸਭਾ ਚੋਣ ਦਾ ਦੌਰ ਫਿਰ ਚੱਲ ਪਿਆ ਹੈ। ਅਸੀਂ ਮੇਲਿਆਂ ਵਿਚ ਹੀਰ ਦੀ ਕਿਤਾਬ ਵੇਚਣ ਲਈ ਬੋਰੀਆਂ ਵਿਛਾਈ ਬੈਠੇ ਦੁਕਾਨਦਾਰਾਂ ਤੋਂ ਸੁਣਦੇ ਹੁੰਦੇ ਸਾਂ ਕਿ 'ਵਾਰਸ ਸ਼ਾਹ ਦੀ ਅਸਲੀ ਹੀਰ' ਸਿਰਫ ਇਹੋ ਹੈ, ਜਿਹੜੀ ਮੈਂ ਵੇਚਦਾ ਪਿਆ ਹਾਂ। ਅੱਜ-ਕੱਲ੍ਹ ਚੋਣਾਂ ਦੇ ਦੌਰ ਵਿਚ ਫਿਰ ਹਰ ਪਾਰਟੀ ਦਾ ਹਰ ਲੀਡਰ ਇਹੋ ਕਹੀ ਜਾ ਰਿਹਾ ਹੈ ਕਿ ਪੰਜਾਬ ਦੀ ਭਲਾਈ ਦਾ ਤਿੱਬੀ-ਯੂਨਾਨੀ ਅਤੇ ਹਕੀਮ ਲੁਕਮਾਨੀ ਨੁਸਖਾ ਸਿਰਫ ਉਨ੍ਹਾਂ ਕੋਲ ਹੈ ਤੇ ਪੰਜਾਬ ਦੇ ਲੋਕ ਏਨੀ ਭੀੜ ਵਿਚੋਂ ਆਪਣੇ ਮਰਜ਼ ਦਾ ਇਲਾਜ ਕਰਨ ਵਾਲਾ ਹਕੀਮ ਲੱਭਣ ਵਿਚ ਔਖ ਮਹਿਸੂਸ ਕਰਦੇ ਹਨ। ਅਗਲੇ ਦਿਨਾਂ ਵਿਚ ਇਹੋ ਜਿਹੇ ਦਾਅਵੇ ਕਰਨ ਵਾਲੇ ਲੀਡਰਾਂ ਦੀ ਸੁਰ ਵੀ ਹੋਰ ਉੱਚੀ ਹੋ ਜਾਣੀ ਹੈ, ਨੌਟੰਕੀ ਵੀ ਦਿਨੋ-ਦਿਨ ਵਧਣੀ ਹੈ ਤੇ ਆਮ ਲੋਕਾਂ ਦਾ ਭੰਬਲਭੂਸਾ ਵੀ ਵਧਣਾ ਹੈ। ਬਚਪਨ ਵਿਚ ਅਸੀਂ ਸਾਰਿਆਂ ਨੇ ਉਸ ਬੱਚੇ ਦੀ ਕਹਾਣੀ ਸੁਣੀ ਅਤੇ ਪੜ੍ਹੀ ਹੋਈ ਹੈ, ਜਿਹੜਾ ਭੇਡ ਦਾ ਮੇਮਣਾ ਲਈ ਜਾਂਦਾ ਸੀ ਅਤੇ ਚਾਰ ਬਦਮਾਸ਼ਾਂ ਵਾਰੀ-ਵਾਰੀ ਇਹ ਕਹਿ ਕੇ ਉਸ ਨੂੰ ਬੇਵਕੂਫ ਬਣਾ ਲਿਆ ਸੀ ਕਿ ਇਹ ਮੇਮਣਾ ਨਹੀਂ, ਕਤੂਰਾ ਹੈ। ਵਿਚਾਰਾ ਬੱਚਾ ਉਨ੍ਹਾਂ ਦੇ ਝਾਂਸੇ ਵਿਚ ਆ ਕੇ ਕਤੂਰਾ ਮੰਨ ਕੇ ਮੇਮਣਾ ਉਨ੍ਹਾਂ ਅੱਗੇ ਸੁੱਟ ਬੈਠਾ ਅਤੇ ਖਾਲੀ ਹੱਥ ਘਰ ਜਾ ਵੜਿਆ ਸੀ। ਇਸ ਵੇਲੇ ਪੰਜਾਬ ਤੇ ਇਸ ਦੇ ਨਾਲ ਹੀ ਚਾਰ ਹੋਰਨਾਂ ਰਾਜਾਂ ਦੇ ਲੋਕਾਂ ਨੂੰ ਠੱਗਣ ਵਾਲੀਆਂ ਧਾੜਾਂ ਇੱਕ ਵਾਰ ਫਿਰ ਮੈਦਾਨ ਵਿਚ ਨਿਕਲ ਤੁਰੀਆਂ ਹਨ ਤੇ ਉਨ੍ਹਾਂ ਕੋਲ ਆਮ ਲੋਕਾਂ ਨੂੰ ਮੂਰਖ ਬਣਾ ਕੇ ਵੋਟਾਂ ਠੱਗਣ ਲਈ ਹਰ ਹੱਥਕੰਡਾ ਹੈ। ਸਮਝਣ ਦੀ ਲੋੜ ਹੈ, ਪਰ ਪੰਜਾਬ ਦੇ ਲੋਕਾਂ ਨੂੰ ਏਦਾਂ ਦੀਆਂ ਮੋਮੋਠਗਣੀਆਂ ਧਾੜਾਂ ਵਿਚੋਂ ਆਪਣਾ ਦੁਸ਼ਮਣ ਪਛਾਨਣ ਦੀ ਜਿਹੜੀ ਸੂਝ ਚਾਹੀਦੀ ਹੈ, ਉਹ ਪਿਛਲੇ ਵਕਤਾਂ ਵਿਚ ਕਦੀ ਨਜ਼ਰ ਨਹੀਂ ਪਈ ਤੇ ਅੱਗੋਂ ਦਾ ਵੀ ਪਤਾ ਨਹੀਂ। ਇਸ ਕਰਕੇ ਬਹੁਤ ਸਾਰੇ ਬੁੱਧੀਵਾਨਾਂ ਨਾਲ ਗੱਲਬਾਤ ਦੇ ਦੌਰਾਨ ਏਥੇ ਆ ਕੇ ਗੱਲ ਮੁੱਕ ਜਾਂਦੀ ਰਹੀ ਹੈ ਕਿ ਹੋਣਾ ਬਹੁਤ ਕੁਝ ਚਾਹੀਦਾ ਹੈ, ਵਿਚਾਰ ਵੀ ਬਹੁਤ ਹਨ, ਪਰ ਰਾਜਨੀਤੀ ਦੇ ਰਥਵਾਨਾਂ ਨੇ ਲੋਕਾਂ ਨੂੰ ਸੋਚਣ ਜੋਗੇ ਹੀ ਨਹੀਂ ਛੱਡਿਆ। ਇਹੀ ਕਾਰਨ ਹੈ ਕਿ ਇਸ ਵਕਤ ਏਥੇ ਬੁੱਧੀਜੀਵੀ ਬਹੁਤ ਹਨ, ਜਿਹੜੇ ਬੁੱਧੀ ਨੂੰ ਜੀਵਿਕਾ ਕਮਾਉਣ ਦਾ ਵਸੀਲਾ ਮੰਨਦੇ ਹਨ, ਬੁੱਧੀਵਾਨੀ ਨੂੰ ਲੋਕਾਂ ਲਈ ਵਰਤਣ ਵਾਲੇ ਬਹੁਤ ਥੋੜ੍ਹੇ ਹਨ ਅਤੇ ਇਹ ਸੋਚ ਵਾਰ-ਵਾਰ ਉਠਦੀ ਹੈ ਕਿ ਜਿੱਤ ਕੇ ਲੜਾਈਆਂ ਹਾਰਨ ਗਿੱਝਾ ਹੋਇਆ ਪੰਜਾਬ ਇਸ ਵਾਰ ਕੀ ਕਰੇਗਾ!

# ਚੋਣ ਬਾਂਡ ਅਤੇ ਭਾਜਪਾ ਦੀ ਅਮੀਰੀ

ਤੁਸੀਂ ਅਜਿਹੀ ਖੇਡ ਕਿਵੇਂ ਖੇਡੋਗੇ ਜਿਸ ਵਿਚ ਖੇਡ ਦਾ ਕੋਈ ਇਕ ਖਿਡਾਰੀ ਆਪਣੀ ਮਰਜ਼ੀ ਨਾਲ ਖੇਡ ਦੇ ਨਿਯਮ ਬਦਲ ਦੇਵੇ? ਜੇ ਤੁਸੀਂ ਇਤਰਾਜ਼ ਜ਼ਾਹਿਰ ਕਰਦਿਆਂ ਆਖਦੇ ਹੋ ਕਿ ਅਜਿਹਾ ਕਰਨਾ ਨਾਵਾਜਬ ਹੈ ਤਾਂ ਜਵਾਬ ਮਿਲਦਾ ਹੈ- 'ਖੇਡ ਮੈਦਾਨ ਤਾਂ ਸਾਰਿਆਂ ਲਈ ਇਕਸਾਰ ਹੈ!' ਇਹ ਭਾਰਤੀ ਚੋਣਾਂ ਬਾਰੇ ਕੋਈ ਮਨਘੜਤ ਸਥਿਤੀ ਨਹੀਂ ਹੈ ਸਗੋਂ 30 ਦਸੰਬਰ, 2021 ਨੂੰ ਜਾਰੀ ਪ੍ਰੈਸ ਬਿਆਨ ਰਾਹੀਂ ਸਾਫ ਕੀਤਾ ਗਿਆ ਸੀ ਕਿ ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਨੂੰ ਪਹਿਲੀ ਤੋਂ 10 ਜਨਵਰੀ, 2022 ਤੱਕ ਚੁਣਾਵੀ ਬਾਂਡ ਜਾਰੀ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਪੰਜ ਸੂਬਿਆਂ ਵਿਚ ਚੋਣਾਂ ਸਿਰ 'ਤੇ ਹਨ ਅਤੇ ਨਾਲ ਹੀ ਅਗਲੀਆਂ ਆਮ ਚੋਣਾਂ ਲਈ ਵੀ ਤਿਆਰੀਆਂ ਸ਼ੁਰੂ ਹੋ ਗਈਆਂ ਹਨ।

ਪਹਿਲੀ ਵਾਰ ਚੋਣ ਬਾਂਡ ਦਾ ਐਲਾਨ ਮੌਕੇ

**ਅਮਿਤ ਭਾਦੁੜੀ**
**ਜਗਦੀਪ ਐੱਸ ਛੋਕਰ**

ਦੇ ਭਾਰਤ ਦੇ ਵਿੱਤ ਮੰਤਰੀ ਨੇ ਪਹਿਲੀ ਫਰਵਰੀ, 2017 ਨੂੰ ਆਪਣੇ ਬਜਟ ਭਾਸ਼ਣ ਵਿਚ ਕੀਤਾ ਸੀ ਅਤੇ ਇਸ ਨੂੰ 'ਚੋਣਾਂ ਵਾਸਤੇ ਸਿਆਸੀ ਪਾਰਟੀਆਂ ਨੂੰ ਮਿਲਣ ਵਾਲੇ ਫੰਡਾਂ ਵਿਚ ਪਾਰਦਰਸ਼ਤਾ' ਲਿਆਉਣ' ਲਈ ਨਵੀਂ ਕਾਢ ਦਾ ਨਾਂ ਦਿੱਤਾ ਗਿਆ ਸੀ। ਉਸੇ ਦਿਨ ਬਾਅਦ ਵਿਚ ਵਿੱਤ ਮੰਤਰੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਇਹ ਬਾਂਡ ਬੀਅਰਰ (ਧਾਰਕ) ਦੇ ਰੂਪ ਵਿਚ ਹੋਣਗੇ ਤਾਂ ਕਿ ਦਾਨ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾ ਸਕੇ।" ਸਰਕਾਰ ਨੇ ਸਕੀਮ ਬਾਰੇ ਨੋਟੀਫਿਕੇਸ਼ਨ 2 ਜਨਵਰੀ, 2018 ਨੂੰ ਜਾਰੀ ਕੀਤਾ। ਉਦੋਂ ਤੋਂ 'ਗੁੰਮਨਾਮ' ਫੰਡਿੰਗ ਅਤੇ 'ਪਾਰਦਰਸ਼' ਚੋਣ ਪ੍ਰਕਿਰਿਆ ਇਸ ਲੋਕਤੰਤਰ ਦੀ ਸਰਜ਼ਮੀਨ ਉਤੇ ਪੁਰਅਮਨ ਢੰਗ ਨਾਲ ਸਹਿ-ਹੋਂਦ ਵਿਚ ਰਹਿ ਰਹੇ ਹਨ। ਅਪਰਾਧ ਦਾ ਇਤਿਹਾਸ ਪੂਰੇ ਜਨਤਕ ਦ੍ਰਿਸ਼ ਵਿਚ ਦੱਸਿਆ ਗਿਆ, ਕੁੱਲ ਮਿਲਾ ਕੇ ਗੈਬਰੀਅਲ ਗਾਰਸ਼ੀਆ ਮਾਰਕੇਜ਼ ਦੇ ਮਸ਼ਹੂਰ ਨਾਵਲ 'ਕਰੌਨਿਕਲ ਆਫ ਏ ਡੈੱਥ ਫੋਰਟੋਲਡ' ਵਾਂਗ। ਫਰਕ ਸਿਰਫ ਇੰਨਾ ਹੈ ਕਿ ਉਹ ਕੋਈ ਜਾਦੂਈ ਹਕੀਕਤ ਨਹੀਂ ਸੀ, ਜਦੋਂਕਿ ਭਾਰਤੀ ਚੋਣ ਇਕ ਸੱਚਾਈ ਹੈ। ਸਰਕਾਰ ਨੇ ਚੁਣਾਵੀ ਬਾਂਡ ਨੂੰ ਇਕ 'ਧਨ ਬਿਲ' ਦੇ ਰੂਪ ਵਿਚ ਪੇਸ਼ ਕੀਤਾ ਪਰ ਅਜਿਹਾ ਕਰਨਾ ਗੈਰ-ਸੰਵਿਧਾਨਿਕ ਸੀ ਕਿਉਂਕਿ ਇਹ ਬਾਂਡ ਸੰਵਿਧਾਨ ਵਿਚ ਦਿੱਤੀ 'ਧਨ ਬਿਲ' ਦੀ ਪਰਿਭਾਸ਼ਾ ਦੇ ਘੇਰੇ ਵਿਚ ਨਹੀਂ ਆਉਂਦੇ।

ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਐਕਟ ਦੀ ਧਾਰਾ 31 ਤਹਿਤ ਕਰੰਸੀ ਜਾਰੀ ਕਰਨ ਸਬੰਧੀ ਇਕੋ-ਇਕ ਅਥਾਰਿਟੀ ਹੈ ਅਤੇ ਇਸ ਨੇ ਸਰਕਾਰ ਨੂੰ ਚੁਣਾਵੀ ਬਾਂਡ ਜਾਰੀ ਕਰਨ ਖਿਲਾਫ ਰਾਇ ਦਿੱਤੀ ਸੀ ਤੇ ਇਸ ਨੂੰ 'ਕਾਲੇ ਧਨ ਨੂੰ ਚਿੱਟਾ ਬਣਾਉਣ ਦੀ ਕਾਰਵਾਈ ਨੂੰ ਉਤਸ਼ਾਹਿਤ ਕਰਨ' ਦਾ ਵਸੀਲਾ ਕਰਾਰ ਦਿੱਤਾ ਸੀ। ਆਰ.ਬੀ.ਆਈ. ਨਾਲ ਵੀ ਚੁਣਾਵੀ ਬਾਂਡਾਂ ਬਾਰੇ ਐਲਾਨ ਤੋਂ ਮਹਿਜ਼ ਚਾਰ ਦਿਨ ਪਹਿਲਾਂ ਰਾਬਤਾ ਕੀਤਾ ਗਿਆ ਅਤੇ ਉਸ ਨੂੰ 'ਛੇਤੀ ਤੋਂ ਛੇਤੀ ਟਿੱਪਣੀ ਦੇਣ ਦੀ ਬੇਨਤੀ' ਕੀਤੀ ਗਈ ਸੀ, ਨਾ ਕਿ ਸਹਿਮਤੀ ਦੇਣ ਦੀ। ਇਸ ਤਰ੍ਹਾਂ ਆਰ.ਬੀ.ਆਈ. ਵੱਲੋਂ ਜ਼ਾਹਰ ਕੀਤੇ ਗਏ ਵਿਚਾਰਾਂ ਨੂੰ ਵਿੱਤੀ ਮੰਤਰਾਲੇ ਨੇ ਖਾਰਜ ਕਰ ਦਿੱਤਾ



ਜਦੋਂ ਇਸ ਤਜਵੀਜ਼ਸ਼ੁਦਾ ਸਕੀਮ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਪ੍ਰਤੀਕਿਰਿਆ ਪੁੱਛੀ ਗਈ ਤਾਂ ਇਸ ਨੇ ਕਿਹਾ, "ਇਸ ਦਾ ਸਿਆਸੀ ਵਿੱਤ/ਸਿਆਸੀ ਪਾਰਟੀਆਂ ਦੀ ਫੰਡਿੰਗ ਦੇ ਪਾਰਦਰਸ਼ਤਾ ਵਾਲੇ ਪਹਿਲੂ ਉਤੇ ਬਹੁਤ ਗੰਭੀਰ ਅਸਰ ਹੋਵੇਗਾ। ਜਿਥੋਂ ਤੱਕ ਸਿਆਸੀ ਦਾਨ ਦਿੱਤੇ ਜਾਣ ਦੇ ਮਾਮਲੇ ਦਾ ਸਵਾਲ ਹੈ, ਇਹ ਮਾੜਾ ਕਦਮ ਹੈ।" ਕਮਿਸ਼ਨ ਨੇ ਹੋਰ ਸਪਸ਼ਟ ਕੀਤਾ ਕਿ ਇਸ ਦੇ ਸਿੱਟੇ ਵਜੋਂ "ਸਿਆਸੀ ਫੰਡਿੰਗ ਲਈ ਕਾਗਜ਼ੀ ਕੰਪਨੀਆਂ ਰਾਹੀਂ ਕਾਲੇ ਧਨ ਦੀ ਵਰਤੋਂ ਵਿਚ ਇਜ਼ਾਫਾ ਹੋਵੇਗਾ" ਕਿਉਂਕਿ "ਇਸ ਨਾਲ ਇਸ ਸੰਭਾਵਨਾ ਨੂੰ ਬਲ ਮਿਲੇਗਾ ਕਿ ਅਜਿਹੀਆਂ ਕਾਗਜ਼ੀ ਕੰਪਨੀਆਂ ਮਹਿਜ਼ ਸਿਆਸੀ ਪਾਰਟੀਆਂ ਨੂੰ ਦਾਨ ਦੇਣ ਦੇ ਇਕੋ-ਇਕ ਮਕਸਦ ਨਾਲ ਹੀ ਬਣਾਈਆਂ ਜਾਣ ਅਤੇ ਇਨ੍ਹਾਂ ਰਾਹੀਂ ਹੋਰ ਕੋਈ ਕਾਰੋਬਾਰ ਨਹੀਂ ਹੋਵੇਗਾ।"

ਇਸ ਦੇ ਬਾਵਜੂਦ ਕਈ ਮੀਟਿੰਗਾਂ ਦੀ ਲੜੀ ਦੇ ਬਾਵਜੂਦ ਵਿੱਤ ਮੰਤਰਾਲੇ ਵਿਚਲੇ ਇਕ ਸਕੱਤਰ ਨੇ ਸੰਬੰਧਿਤ ਫਾਈਲ ਉਤੇ ਦਰਜ ਕੀਤਾ ਕਿ "ਮੇਰੀ ਸਮਝ ਮੁਤਾਬਕ ਚੋਣ ਕਮਿਸ਼ਨ ਚੁਣਾਵੀ ਬਾਂਡਜ਼ ਦੇ ਸਿਆਸੀ ਦਾਨਾਂ ਸੰਬੰਧੀ ਵਾਜਬ ਅਤੇ ਵਧੇਰੇ ਪਾਰਦਰਸ਼ੀ ਢਾਂਚਾ ਹੋਣ ਸਬੰਧੀ ਕਾਫੀ ਹੱਦ ਤੱਕ ਸੰਤੁਸ਼ਟ ਸੀ", ਹਾਲਾਂਕਿ ਰਿਕਾਰਡ ਉਤੇ ਅਜਿਹੀ ਕੋਈ ਗੱਲ ਨਹੀਂ ਹੈ ਜੋ ਵਿੱਤ ਮੰਤਾਰਾਲੇ ਦੇ ਇਸ ਦਾਅਵੇ ਨੂੰ ਸੱਚ ਸਾਬਤ ਕਰਦੀ ਹੋਵੇ। ਇਸ ਦੇ ਉਲਟ, ਚੋਣ ਕਮਿਸ਼ਨ ਨੇ ਮਾਰਚ 2019 ਵਿਚ ਦਿੱਤੇ ਹਲਫਨਾਮੇ ਵਿਚ ਇਥੋਂ ਤੱਕ ਆਖਿਆ ਕਿ ਚੁਣਾਵੀ ਬਾਂਡ ਦਾ ਜੋ ਮੌਜੂਦਾ ਰੂਪ ਹੈ, ਉਸ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ। ਇਸ ਦੀ ਥਾਂ ਰਿਕਾਰਡ ਉਤੇ ਜੋ ਹੈ, ਉਹ ਇਕ ਸਵਾਲ ਹੈ ਜਿਹੜਾ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਰਾਜ ਸਭਾ ਵਿਚ ਮੈਂਬਰ ਮੁਹੰਮਦ ਨਦੀਮੁਲ ਹੱਕ ਨੇ ਪੁੱਛਿਆ ਸੀ: "ਕੀ ਭਾਰਤੀ ਚੋਣ ਕਮਿਸ਼ਨ ਨੇ ਚੁਣਾਵੀ ਬਾਂਡਾਂ ਬਾਰੇ ਕੋਈ ਫਿਕਰਮੰਦੀ ਜ਼ਾਹਰ ਕੀਤੀ ਹੈ?" ਇਸ ਉਤੇ ਵਿੱਤ ਰਾਜ ਮੰਤਰੀ ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਕਿ ਸਰਕਾਰ ਨੂੰ 'ਚੋਣ ਕਮਿਸ਼ਨ ਵੱਲੋਂ ਇਲੈਕਟੋਰਲ ਬੀਅਰਰ ਬਾਂਡਜ਼ ਉਤੇ ਚਿੰਤਾ ਜ਼ਾਹਰ ਕੀਤੇ ਜਾਣ' ਬਾਰੇ ਕੋਈ ਇਤਲਾਹ ਨਹੀਂ ਮਿਲੀ।

ਇਸ ਬਾਰੇ ਜਾਰੀ ਨੋਟੀਫਿਕੇਸ਼ਨ ਮੁਤਾਬਕ ਦਾਨ ਦੇਣ ਸੰਬੰਧੀ ਖਿੜਕੀ ਸਾਲ ਵਿਚ ਸਿਰਫ ਚਾਰ ਵਾਰ ਦਸ ਦਸ ਦਿਨਾਂ ਲਈ ਖੁੱਲ੍ਹਣੀ ਸੀ ਪਰ "ਲੋਕ ਸਭਾ ਦੀਆਂ ਆਮ ਚੋਣਾਂ ਵਾਲੇ ਸਾਲ ਦੌਰਾਨ ਇਸ ਨੂੰ ਵਾਧੂ 30 ਦਿਨਾਂ ਲਈ" ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ 'ਲੋਕ ਸਭਾ ਦੀਆਂ ਆਮ ਚੋਣਾਂ' ਦੇ ਇਸ ਸਪਸ਼ਟ ਨਿਯਮ ਦੇ ਬਾਵਜੂਦ ਪ੍ਰਧਾਨ ਮੰਤਰੀ ਦਫਤਰ ਨੇ ਹੁਕਮ ਦਿੱਤਾ ਕਿ ਇਸ ਸਕੀਮ ਨੂੰ ਸੂਬਾਈ ਵਿਧਾਨ ਸਭਾ ਚੋਣਾਂ ਲਈ ਵੀ ਖੋਲ੍ਹਿਆ ਜਾਵੇਗਾ ਅਤੇ ਇਸ ਤਰ੍ਹਾਂ ਸਰਕਾਰ ਨੇ ਖੁਦ ਬਣਾਇਆ ਨਿਯਮ ਹੀ ਤੋੜ ਦਿੱਤਾ ਅਤੇ ਇਸ ਤੋਂ ਛੇਤੀ ਹੀ ਬਾਅਦ ਵਿੱਤ ਮੰਤਰਾਲੇ ਨੇ ਉਦੋਂ ਇਕ ਹੋਰ ਨਿਯਮ ਤੋੜ ਦਿੱਤਾ, ਜਦੋਂ ਇਸ ਨੇ ਐੱਸਬੀਆਈ ਨੂੰ ਹੁਕਮ ਜਾਰੀ ਕੀਤਾ ਕਿ ਉਹ ਦਸ ਕਰੋੜ ਰੁਪਏ ਮੁੱਲ ਦੇ ਉਨ੍ਹਾਂ ਬਾਂਡਜ਼ ਨੂੰ ਇਨਕੈਸ਼ ਕਰ ਸਕਦਾ ਹੈ ਜਿਨ੍ਹਾਂ ਦੀ 15 ਦਿਨਾਂ ਦੀ ਮਿਆਦ ਪਹਿਲਾਂ ਹੀ ਪੁੱਗ ਚੁੱਕੀ ਸੀ।

ਦਾਨ ਕਰਤਾ ਦੇ ਨਾਂ ਦਾ ਭੇਤ ਉਦੋਂ ਤੱਕ ਕਾਇਮ ਰਹਿ ਸਕੇਗਾ, ਜਦੋਂ ਤੱਕ ਚੁਣਾਵੀ ਬਾਂਡ ਵੇਚਣ ਲਈ ਇਕੋ-ਇਕ ਅਧਿਕਾਰਤ ਬੈਂਕ ਐੱਸਬੀਆਈ ਰਹੇਗਾ ਅਤੇ ਇਹ ਬਾਂਡ ਖਰੀਦਣ ਵਾਲਿਆਂ ਕੋਲੋਂ ਕੇ.ਵਾਈ.ਸੀ. ਵੇਰਵੇ ਹਾਸਲ ਕਰੇਗਾ। ਬੈਂਕ ਇਨ੍ਹਾਂ ਵੇਰਵਿਆਂ ਨੂੰ ਉਦੋਂ ਤੱਕ ਕਿਸੇ ਨਾਲ ਸਾਂਝੇ ਨਹੀਂ ਕਰੇਗਾ, ਜਦੋਂ ਤੱਕ ਇਸ ਮੁਤੱਲਕ ਅਦਾਲਤ ਦੇ ਹੁਕਮ ਨਾ ਹੋਣ। ਇਸ ਗੱਲ ਤੇ ਜ਼ੋਰ ਦਿੱਤਾ ਗਿਆ ਸੀ ਕਿ ਦਾਨ ਕਰਤਾ ਤੋਂ ਇਲਾਵਾ ਹੋਰ ਕੋਈ ਇਹ ਨਹੀਂ ਜਾਣ ਸਕੇਗਾ ਕਿ ਸੰਬੰਧਤ ਬਾਂਡ ਕਿਸ ਪਾਰਟੀ ਨੂੰ ਦਾਨ ਕੀਤਾ ਗਿਆ ਹੈ, ਕਿਉਂਕਿ ਚੁਣਾਵੀ ਬਾਂਡ ਦੇ ਉਤੇ ਕੋਈ ਲੜੀ ਨੰਬਰ ਆਦਿ ਵੀ ਨਹੀਂ ਹੋਣਗੇ ਪਰ ਇਹ ਦਾਅਵਾ ਵੀ ਝੂਠਾ ਸਾਬਤ ਹੋਇਆ, ਜਿਵੇਂ 'ਦਿ ਕੁਇੰਟ' ਨੇ ਖੋਜੀ ਪੱਤਰਕਾਰੀ ਦੀ ਲਾਸਾਨੀ ਮਿਸਾਲ ਵਿਚ ਫੈਸਲਾਕੁਨ ਢੰਗ ਨਾਲ ਸਾਬਤ ਕੀਤਾ। ਗ਼ੌਰਤਲਬ ਹੈ ਕਿ ਹਰ ਬਾਂਡ ਉਤੇ ਨਿਵੇਕਲਾ ਅੱਖਰਾਂ ਤੇ ਅੰਕਾਂ ਤੇ ਆਧਾਰਤ ਨੰਬਰ ਛਪਿਆ ਹੁੰਦਾ ਹੈ ਜਿਹੜਾ ਸਿਰਫ ਅਲਟਰਾ-ਵਾਇਲਟ ਰੌਸ਼ਨੀ ਵਿਚ ਹੀ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੁਫੀਆ ਪਛਾਣ ਨੇ ਤਾਂ ਸਗੋਂ ਵਿਰੋਧੀ ਪਾਰਟੀਆਂ ਲਈ ਫੰਡ ਜੁਟਾਉਣਾ ਹੋਰ ਵੀ ਮੁਸ਼ਕਿਲ ਬਣਾ ਦਿੱਤਾ ਹੈ।

ਇਹ ਖਦਸ਼ੇ ਉਦੋਂ ਪਹਿਲੇ ਹੀ ਸਾਲ ਸੱਚ ਸਾਬਤ ਹੋਏ ਜਦੋਂ ਚੁਣਾਵੀ ਬਾਂਡਾਂ ਦੀ ਵਿਕਰੀ ਦੇ ਅਸਲ ਵੇਰਵੇ ਜੱਗ ਜ਼ਾਹਿਰ ਹੋਏ। 2017-18 ਵਿਚ ਕੁੱਲ 215 ਕਰੋੜ ਰੁਪਏ ਦੇ ਬਾਂਡ ਵੇਚੇ ਗਏ ਅਤੇ ਇਨ੍ਹਾਂ ਵਿਚੋਂ 210 ਕਰੋੜ ਰੁਪਏ ਦੇ ਬਾਂਡ ਹਾਕਮ ਪਾਰਟੀ ਭਾਜਪਾ ਨੂੰ ਹੀ ਦਾਨ ਕੀਤੇ ਗਏ ਸਨ। ਇਹ ਰੁਝਾਨ ਲਗਾਤਾਰ ਜਾਰੀ ਹੈ ਅਤੇ ਜਿਨ੍ਹਾਂ ਤਿੰਨ ਸਾਲਾਂ ਦੇ ਅੰਕੜੇ ਅਜੇ ਤੱਕ ਉਪਲਬਧ ਹਨ, ਉਨ੍ਹਾਂ ਦੌਰਾਨ ਜਿੰਨੇ ਵੀ ਚੁਣਾਵੀ ਬਾਂਡਜ਼ ਖਰੀਦੇ ਗਏ ਹਨ, ਉਨ੍ਹਾਂ ਦਾ 82 ਫੀਸਦੀ ਹਿੱਸਾ ਇਕੱਲੀ ਭਾਜਪਾ ਨੂੰ ਹੀ ਮਿਲਿਆ ਹੈ। ਦਰਅਸਲ ਚੁਣਾਵੀ ਬਾਂਡ ਸਕੀਮ ਨੂੰ ਬੜੀ ਚਲਾਕੀ ਨਾਲ ਸਾਰੀਆਂ ਹੀ ਸਿਆਸੀ ਪਾਰਟੀਆਂ ਲਈ ਫਾਇਦੇਮੰਦ ਹੋਣ ਵਜੋਂ ਦਿਖਾਉਂਦਿਆਂ ਬਣਾਇਆ ਗਿਆ ਹੈ ਕਿ ਉਨ੍ਹਾਂ ਨੂੰ ਇਹ ਉਮੀਦ ਜਾਗੇ ਕਿ ਜਦੋਂ ਵੀ ਉਨ੍ਹਾਂ ਨੂੰ ਕਿਸੇ ਸੂਬਾਈ ਵਿਧਾਨ ਸਭਾ ਵਿਚ ਬਹੁਮਤ ਹਾਸਲ ਹੋਇਆ ਤਾਂ ਉਹ ਇਸ ਸਕੀਮ ਦਾ ਫਾਇਦਾ ਲੈ ਸਕਣਗੀਆਂ ਤਾਂ ਕਿ ਕੋਈ ਵੀ ਸਿਆਸੀ ਦਲ ਸਕੀਮ ਦਾ ਵਿਰੋਧ ਨਾ ਕਰੇ।

ਅਜੇ ਤੱਕ ਮਹਿਜ਼ 15 ਖੇਤਰੀ ਪਾਰਟੀਆਂ ਨੂੰ ਹੀ ਚੁਣਾਵੀ ਬਾਂਡਾਂ ਤਹਿਤ ਫੰਡ ਹਾਸਲ ਹੋਏ ਹਨ ਅਤੇ ਇਨ੍ਹਾਂ ਵਿਚੋਂ ਉਪਰ ਦੱਸੇ ਤਿੰਨ ਸਾਲਾਂ ਦੇ ਅਰਸੇ ਦੌਰਾਨ ਸਭ ਤੋਂ ਜ਼ਿਆਦਾ ਫੰਡ 264 ਕਰੋੜ ਰੁਪਏ ਇਕੱਤਰ ਕਰਨ ਵਾਲੀ ਪਾਰਟੀ ਬੀਜੂ ਜਨਤਾ ਦਲ ਹੈ। ਵਿਰੋਧੀ ਪਾਰਟੀਆਂ ਲਈ ਤਾਂ ਚੋਣ ਬਾਂਡ ਨੁਕਸਾਨ ਤੇ ਡਰ ਦਾ ਕਾਰਨ ਬਣੇ ਹੋਏ ਹਨ ਕਿਉਂਕਿ ਇਕ ਪਾਸੇ ਇਨ੍ਹਾਂ ਨੂੰ ਫੰਡਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੂਜੇ ਪਾਸੇ ਉਨ੍ਹਾਂ ਨੂੰ ਡਰ ਹੈ ਕਿ ਇਨ੍ਹਾਂ ਰਾਹੀਂ ਫੰਡ ਲੈਣ ਨਾਲ ਕਿਤੇ ਉਨ੍ਹਾਂ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੇ ਸੀ.ਬੀ.ਆਈ. ਦੀਆਂ ਕਾਰਵਾਈਆਂ ਦਾ ਸਾਹਮਣਾ ਨਾ ਕਰਨਾ ਪਵੇ। ਇਹ ਡਰ ਖਤਮ ਕਰਨਾ ਜ਼ਰੂਰੀ ਹੈ। ਸੁਪਰੀਮ ਕੋਰਟ ਅਗਸਤ 2017 ਤੋਂ ਦੋ ਪਟੀਸ਼ਨਾਂ ਦੇ ਆਧਾਰ ਉਤੇ ਇਸ ਮਾਮਲੇ ਤੇ ਗ਼ੌਰ ਕਰ ਰਹੀ ਹੈ। ਇਸ ਮੁਤੱਲਕ ਪਹਿਲੀ ਨਿੱਗਰ ਸੁਣਵਾਈ 12 ਅਪਰੈਲ, 2019 ਨੂੰ ਹੋਈ ਸੀ ਜਿਸ ਦੌਰਾਨ ਅਦਾਲਤ ਨੇ ਅੰਤਰਿਮ ਹੁਕਮ ਵਿਚ ਕਿਹਾ ਸੀ, "ਵਿਰੋਧੀ ਦਾਅਵੇ ਕਈ ਵਜ਼ਨਦਾਰ ਮੁੱਦਿਆਂ ਨੂੰ ਉਭਾਰਦੇ ਹਨ, ਜਿਹੜੇ ਮੁਲਕ ਦੀ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਉਤੇ ਬੜਾ ਭਾਰੀ ਅਸਰ ਪਾਉਂਦੇ ਹਨ। ਅਜਿਹੇ ਵਜ਼ਨਦਾਰ ਮੁੱਦਿਆਂ ਬਾਰੇ ਡੂੰਘਾਈ ਨਾਲ ਸੁਣਵਾਈ ਕਰਨ ਦੀ ਲੋੜ ਹੋਵੇਗੀ।"

ਕਾਨੂੰਨ ਆਪਣੇ ਢੰਗ ਨਾਲ ਚੱਲੇਗਾ ਤੇ ਸਮਾਂ ਲਵੇਗਾ ਪਰ ਇਸ ਅਰਸੇ ਦੌਰਾਨ ਵਿਰੋਧੀ ਸਿਆਸੀ ਪਾਰਟੀਆਂ ਨੂੰ ਚੋਣਾਂ ਲੜਨੀਆਂ ਪੈਣਗੀਆਂ। ਕੀ ਉਹ ਇਸ ਢੰਗ ਨਾਲ ਮੁਕਾਬਲੇ ਦੇ ਮੈਦਾਨ ਵਿਚ ਨਿੱਤਰਨਗੀਆਂ, ਜਦੋਂ ਉਨ੍ਹਾਂ ਦਾ ਇਕ ਹੱਥ ਪਿਛਾਂਹ ਪਿੱਠ ਨਾਲ ਬੰਨ੍ਹਿਆ ਗਿਆ ਹੋਵੇ ਜਾਂ ਫਿਰ ਕੀ ਉਹ ਘੱਟੋ-ਘੱਟ ਇਸ ਮੁੱਦੇ ਉਤੇ ਇਕਮੁੱਠਤਾ ਦਾ ਮੁਜ਼ਾਹਰਾ ਕਰਦੀਆਂ ਹੋਈਆਂ ਮਿਲ ਕੇ ਇਸ ਸਕੀਮ ਨੂੰ ਖਤਮ ਕਰਨ ਲਈ ਦਬਾਅ ਪਾਉਣਗੀਆਂ?

---

# ਉਤਰ ਪ੍ਰਦੇਸ਼ ਦੀ ਚੋਣ-ਲੜਾਈ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਚੋਣ ਰਣਨੀਤੀ ਦੀ ਕਮਾਨ ਇਕ ਵਾਰ ਫਿਰ ਸੰਭਾਲ ਲਈ ਹੈ। ਉਨ੍ਹਾਂ ਪੱਛਮੀ ਉਤਰ ਪ੍ਰਦੇਸ਼ ਤੋਂ ਦਖਲ ਦੇਣਾ ਸ਼ੁਰੂ ਕੀਤਾ ਹੈ। ਇਸ ਪਿੱਛੇ ਸਿੱਧੇ-ਸਿੱਧੇ ਦੋ ਕਾਰਨ ਹਨ। ਪਹਿਲਾ, ਉਤਰ ਪ੍ਰਦੇਸ਼ ਵਿਚ ਮਤਦਾਨ ਦਾ ਪਹਿਲਾ ਦੌਰ ਪੱਛਮੀ ਉਤਰ ਪ੍ਰਦੇਸ਼ ਵਿਚ ਹੈ। ਦੂਜਾ, ਇਹ ਉਹੀ ਇਲਾਕਾ ਹੈ ਜਿੱਥੇ 2014 ਦੀਆਂ ਚੋਣਾਂ ਦੌਰਾਨ ਅਮਿਤ ਸ਼ਾਹ ਨੇ 'ਬਦਲਾ ਲੈਣ ਦਾ ਸਮਾਂ ਆ ਗਿਆ ਹੈ' ਵਰਗਾ

**ਅਭੈ ਕੁਮਾਰ ਦੂਬੇ**

ਭਾਸ਼ਨ ਦੇ ਕੇ ਹਿੰਦੂ ਅਤੇ ਮੁਸਲਮਾਨ ਕਿਸਾਨਾਂ ਦੇ ਦਰਮਿਆਨ ਵਿਵਾਦ ਨੂੰ ਹਵਾ ਦਿੱਤੀ ਸੀ। ਪੱਛਮੀ ਉਤਰ ਪ੍ਰਦੇਸ਼ ਦੇ ਜੱਟ ਚੌਧਰੀਆਂ ਨੇ ਅਮਿਤ ਸ਼ਾਹ ਨੂੰ ਕਿਹਾ ਸੀ ਕਿ 'ਬਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਵਾਰ ਇੱਥੇ ਲੈ ਆਓ, ਫਿਰ ਸਾਰੀਆਂ ਵੋਟਾਂ ਤੁਹਾਡੀਆਂ ਹੀ ਹਨ।' ਪ੍ਰਧਾਨ ਮੰਤਰੀ ਮੋਦੀ ਨਾਲ ਮੀਟਿੰਗ ਕਰਵਾਈ ਗਈ ਅਤੇ ਇਸ ਖੇਤਰ ਦੇ ਹਿੰਦੂ ਭਾਈਚਾਰਿਆਂ ਨੇ ਭਾਜਪਾ ਵੋਟਰਾਂ ਦਾ ਬਾਣਾ ਪਹਿਨ ਲਿਆ। ਇਸ ਤੋਂ ਬਾਅਦ 2017 ਦੀਆਂ ਚੋਣਾਂ ਵਿਚ ਅਤੇ ਫਿਰ 2019 ਦੀਆਂ ਚੋਣਾਂ ਵਿਚ ਉਨ੍ਹਾਂ ਨੇ ਭਾਜਪਾ ਨੂੰ ਡਟ ਕੇ ਵੋਟਾਂ ਪਾਈਆਂ। ਇਸ ਵਾਰ ਭਾਜਪਾ ਨੂੰ ਸ਼ੱਕ ਹੈ ਕਿ ਪਹਿਲਾਂ ਵਾਂਗ ਉਸ ਨੂੰ ਸ਼ਾਇਦ ਵੋਟਾਂ ਨਾ ਪੈਣ। ਕਿਸਾਨ ਅੰਦੋਲਨ ਉਸ ਦੀ ਮੁੱਖ ਵਜ੍ਹਾ ਹੈ ਪਰ ਸੀ-ਵੋਟਰ ਦੇ ਸਰਵੇਖਣ 'ਤੇ ਨਜ਼ਰ ਮਾਰੀਏ ਤਾਂ ਭਾਜਪਾ ਇੰਨੀਆਂ ਮੁਸ਼ਕਿਲਾਂ ਦੇ ਬਾਵਜੂਦ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ ਸ਼ਕਤੀਸ਼ਾਲੀ ਗੱਠਜੋੜ ਦੇ ਮੁਕਾਬਲੇ ਤਕਰੀਬਨ ਸੱਤ ਫੀਸਦੀ ਅੱਗੇ ਨਜ਼ਰ ਆ ਰਹੀ ਹੈ। ਅਜਿਹਾ ਕਿਉਂ?

ਗੁੱਜਰ ਨੇਤਾ ਓਮ ਪ੍ਰਕਾਸ਼ ਭੜਾਨਾ ਭਾਜਪਾ ਦਾ ਸਾਥ ਛੱਡ ਚੁੱਕੇ ਹਨ। ਸੈਣੀਆਂ ਦੇ ਨੇਤਾ ਧਰਮ ਸਿੰਘ ਸੈਣੀ ਵੀ ਭਾਜਪਾ ਛੱਡ ਕੇ ਸਮਾਜਵਾਦੀ ਪਾਰਟੀ ਵਿਚ ਜਾ ਚੁੱਕੇ ਹਨ। ਜਾਟ ਪਹਿਲਾਂ ਹੀ ਨਾਰਾਜ਼ ਹਨ। ਅਜਿਹੇ ਉਲਟ ਹਾਲਾਤ ਦੇ ਬਾਵਜੂਦ ਭਾਜਪਾ ਦਾ ਲਗਾਤਾਰ ਅੱਗੇ ਰਹਿਣਾ ਮਜਬੂਰ ਕਰਦਾ ਹੈ ਕਿ ਚੋਣ ਸਥਿਤੀ ਨੂੰ ਨਵੇਂ ਸਿਰੇ ਤੋਂ ਦੇਖਿਆ ਜਾਵੇ। ਕਿਤੇ ਅਜਿਹਾ ਤਾਂ ਨਹੀਂ ਕਿ ਚੋਣ ਵਿਸ਼ਲੇਸ਼ਣ ਕਰਨ ਦੀ ਸਾਡੀ ਧੁਰੀ ਹੀ ਗਲਤ ਹੋਵੇ। ਅਸੀਂ ਸਾਰੇ ਇਹ ਮੰਨ ਕੇ ਚੱਲ ਰਹੇ ਹਾਂ ਕਿ ਪੂਰੇ ਉਤਰ ਪ੍ਰਦੇਸ਼ ਵਿਚ ਲੜਾਈ ਸਿੱਧੀ ਭਾਜਪਾ ਅਤੇ ਸਮਾਜਵਾਦੀ ਪਾਰਟੀ ਵਿਚ ਹੋ ਰਹੀ ਹੈ; ਭਾਵ, ਅਸੀਂ ਇਹ ਮੰਨ ਲਿਆ ਹੈ ਕਿ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਦੀ ਭੂਮਿਕਾ ਮਾਮੂਲੀ ਹੋ ਜਾਵੇਗੀ ਪਰ ਸੀ-ਵੋਟਰ ਦਾ ਸਰਵੇਖਣ ਦਿਖਾ ਰਿਹਾ ਹੈ ਕਿ ਬਸਪਾ ਨੂੰ ਤਕਰੀਬਨ 15 ਫੀਸਦੀ ਵੋਟਾਂ ਮਿਲ ਰਹੀਆਂ ਹਨ।

ਦੂਜਾ, ਕਾਂਗਰਸ ਅਤੇ ਹੋਰਾਂ ਨੂੰ ਮਿਲਾ ਕੇ ਦੇਖੀਏ ਤਾਂ ਲਗਭਗ 25 ਫੀਸਦੀ ਵੋਟ ਬਰਬਾਦ ਹੋ ਰਹੇ ਹਨ। ਇਹ ਸਾਰੇ ਗੈਰ-ਭਾਜਪਾ ਵੋਟਰ ਹਨ। ਜੇ ਬਸਪਾ ਨੂੰ ਮਿਲ ਰਹੇ ਵੋਟਰਾਂ ਦਾ ਅੱਧਾ ਹਿੱਸਾ ਹੀ ਸਮਾਜਵਾਦੀ ਪਾਰਟੀ ਨਾਲ ਜੋੜ ਦਿੱਤਾ ਜਾਵੇ ਤਾਂ ਉਹ ਭਾਜਪਾ ਦੇ ਬਰਾਬਰ ਆ ਜਾਂਦੀ ਹੈ। ਜ਼ਾਹਿਰ ਹੈ ਕਿ ਲੜਾਈ ਓਨੀ ਸਿੱਧੀ ਵੀ ਨਹੀਂ, ਜਿੰਨੀ ਦੱਸੀ ਜਾ ਰਹੀ ਹੈ ਅਤੇ ਚੋਣ ਸੰਘਰਸ਼ ਦੀ ਇਹ ਬਹੁਕੋਣੀ ਸਥਿਤੀ ਭਾਜਪਾ ਦੇ ਪੱਖ ਵਿਚ ਜਾ ਸਕਦੀ ਹੈ। 'ਡਬਲ ਐਂਟੀ-ਇਨਕੁਬੈਂਸੀ' (ਰਾਜ ਸਰਕਾਰ ਨਾਲ ਨਾਖੁਸ਼ੀ ਦੇ ਨਾਲ-ਨਾਲ ਕੇਂਦਰ ਸਰਕਾਰ ਤੋਂ ਵੀ ਨਾਖੁਸ਼ੀ) ਦੇ ਬਾਵਜੂਦ ਭਾਜਪਾ ਨੂੰ ਇਹ ਸਰਵੇਖਣ ਸਾਰੇ ਸੂਬੇ ਵਿਚ ਕਿਤੇ ਘੱਟ ਜਾਂ ਕਿਤੇ ਜ਼ਿਆਦਾ ਅੱਗੇ ਦਿਖਾ ਰਿਹਾ ਹੈ। ਸੋਚਣਾ ਪਵੇਗਾ ਕਿ ਕਿਤੇ ਇਹ ਬਹੁਕੋਣੀ ਸਥਿਤੀ ਦਾ ਹੀ ਨਤੀਜਾ ਤਾਂ ਨਹੀਂ।

ਇਸੇ ਮੁਕਾਮ 'ਤੇ ਇਹ ਮੁਲੰਕਣ ਵੀ ਕਰਨਾ ਪਵੇਗਾ ਕਿ ਭਾਜਪਾ ਆਪਣੀ ਮੁਹਿੰਮ ਵਿਚ ਫਿਰਕਾਪ੍ਰਸਤੀ ਦਾ ਦਾਅ ਕਿਸ ਹੱਦ ਤੱਕ ਖੇਡੇਗੀ। 2017 ਦੀਆਂ ਚੋਣਾਂ ਤੋਂ ਬਾਅਦ ਮੁਲੰਕਣ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਜਿੱਤ ਦਾ ਚਰਿੱਤਰ ਸਮਾਜਿਕ ਸਮਝਿਆ ਜਾਣਾ ਚਾਹੀਦਾ ਹੈ ਜਾਂ ਫਿਰਕੂ? 1967 ਤੋਂ ਬਾਅਦ ਹਿੰਦੂ ਏਕਤਾ ਦੇ ਨਾਂ 'ਤੇ ਭਾਜਪਾ ਕੋਲ ਉਚੀਆਂ ਜਾਤੀਆਂ ਅਤੇ ਕੁਝ ਗੈਰ-ਯਾਦਵ ਪਛੜੀਆਂ ਜਾਤਾਂ ਦਾ ਸਮੀਕਰਨ ਹੁੰਦਾ ਸੀ ਪਰ 2014 ਤੋਂ ਬਾਅਦ ਭਾਜਪਾ ਨੇ ਵਿਰਾਟ ਹਿੰਦੂ ਵੋਟ ਹਾਸਲ ਕਰਨ ਦੀ ਯੋਜਨਾ ਚਲਾਈ। ਇਸ ਲਈ ਜ਼ਰੂਰੀ ਸੀ ਕਿ ਭਾਜਪਾ ਨੂੰ ਉਚੀਆਂ ਜਾਤਾਂ ਦੇ ਨਾਲ-ਨਾਲ ਗੈਰ-ਯਾਦਵ ਅਤੇ ਗੈਰ-ਜਾਟਵ ਜਾਤਾਂ ਦਾ ਸਮਰਥਨ ਵੀ ਮਿਲਦਾ। ਜੇ ਭਾਜਪਾ ਬਹੁਗਿਣਤੀ ਵੋਟਰਾਂ ਨੂੰ ਉਨ੍ਹਾਂ ਦਾ ਹਿੰਦੂ ਹੋਣਾ ਯਾਦ ਦਿਵਾਉਣ ਵਿਚ ਕਾਮਯਾਬ ਰਹੀ ਤਾਂ ਉਸ ਦੇ ਪਿੱਛੇ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਮੁਸਲਮਾਨ ਕੇਂਦਰਤ ਰਣਨੀਤੀ ਦੀ ਭੂਮਿਕਾ ਵੀ ਸੀ ਪਰ ਇਸ ਦੇ ਬਾਵਜੂਦ ਮੈਂ ਇਹੀ ਸਿੱਟਾ ਕੱਢਿਆ ਸੀ ਕਿ ਉਤਰ ਪ੍ਰਦੇਸ਼ ਦੇ ਚਾਲੀ ਫੀਸਦੀ ਤੋਂ ਵੱਧ ਵੋਟਰਾਂ ਨੇ ਫਿਰਕੂ ਨਜ਼ਰੀਏ ਨਾਲ ਇਹ ਸਰਕਾਰ ਨਹੀਂ ਚੁਣੀ। ਨਰਿੰਦਰ ਮੋਦੀ ਨੇ ਪੂਰੇ ਸੂਬੇ ਵਿਚ ਤੀਹ ਤੋਂ ਜ਼ਿਆਦਾ ਭਾਸ਼ਨ ਦਿੱਤੇ ਪਰ 'ਕਬਰਸਤਾਨ' ਵਾਲਾ ਇਕ ਭਾਸ਼ਨ ਛੱਡ ਕੇ ਉਨ੍ਹਾਂ ਨੇ ਆਮ ਤੌਰ 'ਤੇ ਫਿਰਕੂ ਸਮਝੇ ਜਾਣ ਵਾਲੇ ਮੁੱਦੇ ਨਹੀਂ ਸਨ ਚੁੱਕੇ। ਦਰਅਸਲ, ਗੈਰ-ਜਾਟਵ ਅਤੇ ਗੈਰ-ਯਾਦਵ ਵੋਟਰਾਂ ਨੂੰ ਭਾਜਪਾ ਨੇ ਇਹ ਸਮਝਾਉਣ ਦੀ ਯੋਜਨਾ ਬਣਾਈ ਸੀ ਕਿ ਜੇ ਅਖਿਲੇਸ਼ ਦੀ ਸਰਕਾਰ ਆਈ ਤਾਂ ਉਹ ਸਿਰਫ ਯਾਦਵਾਂ ਅਤੇ ਮੁਸਲਮਾਨਾਂ ਦੀ ਸਰਕਾਰ ਹੋਵੇਗੀ, ਤੇ ਜੇਕਰ ਮਾਇਆਵਤੀ ਦੀ ਸਰਕਾਰ ਆਈ ਤਾਂ ਉਹ ਵੀ ਸਿਰਫ ਜਾਟਵਾਂ ਅਤੇ ਮੁਸਲਮਾਨਾਂ ਦੀ ਸਰਕਾਰ ਹੋਵੇਗੀ।

ਆਪਣੀ ਇਸੇ ਰਣਨੀਤੀ ਨੂੰ ਜ਼ਿਆਦਾ ਵਿਸ਼ਵਾਸਯੋਗ ਬਣਾਉਣ ਲਈ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਇਕ ਬ੍ਰਾਹਮਣ ਨੂੰ ਹਟਾ ਕੇ ਇਕ ਪਛੜੀ ਜਾਤ ਦੇ ਨੇਤਾ ਨੂੰ ਪਾਰਟੀ ਦੇ ਸੰਗਠਨ ਦੀ ਕਮਾਨ ਸੌਂਪੀ ਸੀ। ਇਸ ਤੋਂ ਇਲਾਵਾ ਵੀ ਭਾਜਪਾ ਨੇ ਅਪਨਾ ਦਲ ਅਤੇ ਸੁਹੇਲ ਦੇਵ ਦੇ ਨਾਂ 'ਤੇ ਬਣੀ ਪਾਰਟੀ ਦੇ ਨਾਲ ਗੱਠਜੋੜ ਕੀਤਾ ਸੀ ਅਤੇ ਕਈ ਕਮਜ਼ੋਰ ਜਾਤਾਂ ਦੇ ਨੇਤਾਵਾਂ ਨੂੰ ਸੰਗਠਨ ਵਿਚ ਜਗ੍ਹਾ ਦਿੱਤੀ ਸੀ। 2017 ਦੀਆਂ ਚੋਣਾਂ ਤੋਂ ਬਾਅਦ ਛੇ ਮਹੀਨਿਆਂ ਵਿਚ ਹੀ ਭਾਜਪਾ ਨੇ ਪੂਰੇ ਸੂਬੇ ਵਿਚ ਦੋ ਸੌ ਤੋਂ ਜ਼ਿਆਦਾ ਪਛੜੇ ਵਰਗ ਇਕੱਠੇ ਕੀਤੇ। ਉਹ ਮੰਨ ਕੇ ਚੱਲੀ ਕਿ ਉਚੀਆਂ ਜਾਤਾਂ ਦੀਆਂ ਵੋਟਾਂ ਤਾਂ ਉਸ ਨੂੰ ਮਿਲਣੀਆਂ ਹੀ ਹਨ, ਇਸ ਲਈ ਉਨ੍ਹਾਂ ਦਾ ਸਾਰਾ ਧਿਆਨ ਕਮਜ਼ੋਰ ਜਾਤਾਂ ਦੀਆਂ ਵੋਟਾਂ ਬਟੋਰਨ 'ਤੇ ਹੋਣਾ ਚਾਹੀਦਾ ਹੈ। ਇਹੀ ਕਾਰਨ ਹੈ ਕਿ ਭਾਜਪਾ ਦੀਆਂ ਚਾਲੀ ਫੀਸਦੀ ਵੋਟਾਂ ਵਿਚੋਂ ਅੱਧੀਆਂ ਤੋਂ ਕਿਤੇ ਘੱਟ ਵੋਟਾਂ ਹੀ ਉਚੀਆਂ ਜਾਤਾਂ ਦੀਆਂ ਸਨ। ਬਾਕੀ ਸਮਰਥਨ ਉਸ ਨੇ ਕਮਜ਼ੋਰ ਜਾਤਾਂ ਤੋਂ ਹੀ ਜੁਟਾਇਆ ਸੀ। ਇਸ ਲਈ ਸੰਭਾਵਨਾ ਇਹੀ ਦਿਸ ਰਹੀ ਸੀ ਕਿ ਮੁੱਖ ਮੰਤਰੀ ਦੀ ਕੁਰਸੀ 'ਤੇ ਇਨ੍ਹਾਂ ਭਾਈਚਾਰਿਆਂ ਤੋਂ ਆਇਆ ਕੋਈ ਨੇਤਾ ਬਿਠਾਇਆ ਜਾਂਦਾ ਪਰ ਜਿਸ ਨੇਤਾ ਨੂੰ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਠਾਇਆ ਗਿਆ, ਉਹ ਰਾਜਪੂਤ ਸੀ ਅਤੇ ਭਗਵੇਂ ਕੱਪੜੇ ਪਹਿਨਣ ਦੇ ਬਾਵਜੂਦ ਉਸ ਨੇ ਪ੍ਰਬੰਧਕੀ ਤਰਜੀਹਾਂ ਅਤੇ ਨਿਯੁਕਤੀਆਂ ਵਿਚ ਰਾਜਪੂਤਾਂ ਦਾ ਖਾਸ ਪੱਖ ਲਿਆ। ਨਤੀਜਾ ਇਹ ਨਿਕਲਿਆ ਕਿ ਭਾਜਪਾ ਦਾ ਸਮਾਜਕ ਸਮੀਕਰਨ ਵਿਗੜਨ ਲੱਗਾ।

ਸਵਾਲ ਹੈ: ਕੀ ਅਮਿਤ ਸ਼ਾਹ ਯੋਗੀ ਪ੍ਰਸ਼ਾਸਨ ਦੀਆਂ ਪੈਦਾ ਕੀਤੀਆਂ ਇਨ੍ਹਾਂ ਸਮੱਸਿਆਵਾਂ ਤੋਂ ਦੂਰ ਜਾ ਕੇ ਭਾਜਪਾ ਤੋਂ ਨਾਰਾਜ਼ ਵੋਟਰਾਂ ਨੂੰ ਇਕ ਵਾਰ ਫਿਰ ਆਪਣੇ ਵੱਲ ਖਿੱਚ ਸਕਣਗੇ? ਪੱਛਮੀ ਉਤਰ ਪ੍ਰਦੇਸ਼ ਵਿਚ ਭਾਜਪਾ ਨੂੰ ਭਰੋਸਾ ਇਸ ਗੱਲ 'ਤੇ ਹੈ ਕਿ ਸਮਾਜਵਾਦੀ ਪਾਰਟੀ ਵਲੋਂ ਮੁਸਲਮਾਨ ਉਮੀਦਵਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਇਸ ਦੀ ਪ੍ਰਤੀਕਿਰਿਆ ਜਾਟ ਵੋਟਰਾਂ 'ਤੇ ਹੋਵੇਗੀ। ਇਹੀ ਉਹ ਮੁਕਾਮ ਹੋਵੇਗਾ ਜਿੱਥੇ ਪੱਛਮੀ ਉਤਰ ਪ੍ਰਦੇਸ਼ ਵਿਚ ਕਿਸਾਨ ਅੰਦੋਲਨ ਨਾਲ ਪੈਦਾ ਹੋਈ ਰਾਜਨੀਤਕ ਚੇਤਨਾ ਦੀ ਪ੍ਰੀਖਿਆ ਹੋਵੇਗੀ। ਇਸ ਚੇਤਨਾ ਨੇ ਹਿੰਦੂ ਅਤੇ ਮੁਸਲਮਾਨ ਕਿਸਾਨਾਂ ਦਰਮਿਆਨ ਰਾਜਨੀਤਕ ਏਕਤਾ ਕਰਵਾਈ ਸੀ। ਜੇ ਚੋਣ ਮੁਕਾਬਲੇ ਦੇ ਦਬਾਅ ਵਿਚ ਇਹ ਏਕਤਾ ਪ੍ਰਭਾਵੀ ਨਾ ਰਹਿ ਸਕੀ ਤਾਂ ਕਿਸਾਨ ਅੰਦੋਲਨ ਦੀ ਰਾਜਨੀਤਕ ਵਿਰਾਸਤ ਤੇਜ਼ੀ ਨਾਲ ਖਤਮ ਹੁੰਦੀ ਜਾਵੇਗੀ।

# ਆਦਿੱਤਿਆਨਾਥ ਦਾ ਦਹਿਸ਼ਤੀ ਰਾਜ-2

## ਖਾਸ ਰਿਪੋਰਟ

***ਯੋਗੀ ਆਦਿੱਤਿਆਨਾਥ ਨੇ ਪਿਛਲੇ ਪੰਜ ਸਾਲ ਤੋਂ, ਜਦੋਂ ਤੋਂ ਉਹ ਉਤਰ ਪ੍ਰਦੇਸ਼ ਦਾ ਮੁੱਖ ਬਣਿਆ, ਨੇ ਸੂਬੇ ਵਿਚ ਫਿਰਕੂ ਹਨੇਰੀ ਲਿਆਂਦੀ ਹੋਈ ਹੈ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਖਾਸ ਰਿਪੋਰਟ ਆਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖਨਾਥ ਮੱਠ ਦਾ ਮਹੰਤ ਬਣਨ ਅਤੇ ਫਿਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਅਹਿਮ ਸਥਾਨ ਰੱਖਦੇ ਸੂਬੇ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਮੁੱਖ ਚਿਹਰਾ ਬਣ ਕੇ ਉਭਰਨ ਦੇ ਸਿਆਸੀ ਸਫਰ ਉਪਰ ਝਾਤ ਪੁਆਉਂਦੀ ਹੈ। ਝਾਅ ਮਸ਼ਹੂਰ ਕਿਤਾਬ 'ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ' ਦਾ ਲੇਖਕ ਅਤੇ 'ਅਯੁੱਧਿਆ: ਦਿ ਡਾਰਕ ਨਾਈਟ' ਦਾ ਸਹਿ-ਲੇਖਕ ਹੈ। ਉਹਦੀ ਤਾਜ਼ਾ ਕਿਤਾਬ 'ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਐਂਡ ਦਿ ਮੇਕਿੰਗ ਆਫ ਹਿੰਦੂ ਵੋਟ' ਹੈ। 'ਕਾਰਵਾਂ' ਮੈਗਜ਼ੀਨ ਦੇ ਨਵੇਂ ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦੇ ਲੜੀਵਾਰ ਅਨੁਵਾਦ ਦੀ ਦੂਜੀ ਕਿਸ਼ਤ ਪੇਸ਼ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

**ਧੀਰੇਂਦਰ ਕੇ. ਝਾਅ**
**ਅਨੁਵਾਦ : ਬੂਟਾ ਸਿੰਘ**



ਦਿਗਵਿਜੇ ਨਾਥ 1935 ਤੋਂ 1969 ਤੱਕ ਗੋਰਖਨਾਥ ਮੰਦਰ ਦਾ ਮੁਖੀ ਰਿਹਾ ਅਤੇ ਉਹ 20ਵੀਂ ਸਦੀ ਦੇ ਸਭ ਤੋਂ ਚਤੁਰ ਸਾਧੂਆਂ ਵਿਚੋਂ ਇਕ ਸੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੁਆਰਾ ਬਰਾਬਰ ਸਤਿਕਾਰੇ ਜਾਂਦੇ ਮੱਠ ਜਿਸ ਦੇ ਸ਼ਰਧਾਲੂ ਮੁੱਖ ਤੌਰ 'ਤੇ ਨੀਵੀਆਂ ਜਾਤਾਂ ਦੇ ਹੁੰਦੇ ਸਨ, ਨੂੰ ਠਾਕੁਰਾਂ ਦੁਆਰਾ ਕੰਟਰੋਲ ਹਿੰਦੂਤਵ ਰਾਜਨੀਤੀ ਦੇ ਕੇਂਦਰ ਵਿਚ ਬਦਲਣ ਲਈ ਜ਼ਿੰਮੇਵਾਰ ਸੀ। ਦਿਗਵਿਜੇ 1937 ਵਿਚ ਹਿੰਦੂ ਮਹਾਸਭਾ ਵਿਚ ਸ਼ਾਮਿਲ ਹੋਇਆ, ਜਦੋਂ ਇਸ ਦਾ ਪ੍ਰਧਾਨ ਵੀ.ਡੀ. ਸਾਵਰਕਰ ਸੀ ਜੋ ਹੁਣ ਸੰਘ ਪਰਿਵਾਰ ਦਾ ਚਿੰਨ੍ਹ ਹੈ। ਦਿਗਵਿਜੇ ਨੇ ਹਿੰਦੂ ਅਤਿਵਾਦੀਆਂ ਨੂੰ ਐਮ.ਕੇ. ਗਾਂਧੀ ਦੀ ਹੱਤਿਆ ਕੀਤੇ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਉਸ ਨੂੰ ਮਾਰਨ ਦੀ ਅਪੀਲ ਕੀਤੀ ਸੀ ਅਤੇ ਨਤੀਜੇ ਵਜੋਂ ਉਸ ਨੇ ਨੌਂ ਮਹੀਨੇ ਜੇਲ੍ਹ ਵਿਚ ਗੁਜ਼ਾਰੇ। ਹਿੰਦੂ ਮਹਾਸਭਾ ਦੇ ਜਨਰਲ ਸਕੱਤਰ ਵਜੋਂ ਤਰੱਕੀ ਮਿਲਣ ਤੋਂ ਬਾਅਦ ਉਸ ਨੇ ਵਾਅਦਾ ਕੀਤਾ ਕਿ ਜੇ ਪਾਰਟੀ ਸੱਤਾ 'ਚ ਆਈ ਤਾਂ ਮੁਸਲਮਾਨਾਂ ਦੀ ਵਫਾਦਾਰੀ ਦੀ ਪਰਖ ਕੀਤੀ ਜਾਵੇਗੀ। ਜੂਨ 1950 ਵਿਚ 'ਦਿ ਸਟੇਟਸਮੈਨ' ਨੇ ਉਸ ਦੇ ਬਿਆਨ ਦੀ ਰਿਪੋਰਟ ਇਸ ਤਰ੍ਹਾਂ ਛਾਪੀ, "ਇਹ ਮੁਸਲਮਾਨਾਂ ਨੂੰ ਪੰਜ ਤੋਂ 10 ਸਾਲਾਂ ਤੱਕ ਵੋਟ ਦੇ ਅਧਿਕਾਰ ਤੋਂ ਵਾਂਝੇ ਰੱਖੇਗੀ, ਇਹ ਉਹ ਸਮਾਂ ਹੋਵੇਗਾ ਜੋ ਉਨ੍ਹਾਂ ਨੂੰ ਸਰਕਾਰ ਨੂੰ ਇਹ ਜਚਾਉਣ 'ਚ ਲੱਗੇਗਾ ਕਿ ਉਨ੍ਹਾਂ ਦੇ ਹਿਤ ਅਤੇ ਭਾਵਨਾਵਾਂ ਭਾਰਤ ਪੱਖੀ ਹਨ।"

ਹਿੰਦੂ ਮਹਾਸਭਾ ਦਾ ਨੇਤਾ ਹੋਣ ਦੇ ਬਾਵਜੂਦ ਦਿਗਵਿਜੇ ਹਮੇਸ਼ਾ ਆਪਣੀ ਪਾਰਟੀ ਤੋਂ ਪਾਰ ਜਾ ਕੇ ਦੇਖਣ ਲਈ ਤਿਆਰ ਸੀ। ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਸ ਨੇ ਆਰ.ਐਸ.ਐਸ. ਅਤੇ ਇਸ ਦੀਆਂ ਮਾਤਹਿਤ ਜਥੇਬੰਦੀਆਂ ਨਾਲ ਸਾਂਝ ਪਾਈ, ਜ਼ਿਆਦਾਤਰ ਉਨ੍ਹਾਂ ਦੀ ਸਰਪ੍ਰਸਤੀ ਕਰਕੇ। 1949 ਵਿਚ ਉਸ ਨੇ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਅੰਦਰ ਗੁਪਤ ਰੂਪ ਵਿਚ ਰਾਮ ਦੀ ਮੂਰਤੀ ਸਥਾਪਤ ਕਰਨ ਦੀ ਮੁਹਿੰਮ ਦੀ ਅਗਵਾਈ ਕੀਤੀ ਜਿਸ ਨਾਲ ਰਾਮ ਜਨਮ ਭੂਮੀ ਅੰਦੋਲਨ ਸ਼ੁਰੂ ਹੋ ਗਿਆ।

ਵੈਦਿਆਨਾਥ ਨੇ 1969 ਵਿਚ ਦਿਗਵਿਜੇ ਦੀ ਮੌਤ ਤੋਂ ਬਾਅਦ ਮਹੰਤ ਦਾ ਅਹੁਦਾ ਸੰਭਾਲਿਆ। ਉਸ ਨੇ 1989 ਤੱਕ ਹਿੰਦੂ ਮਹਾਸਭਾ ਦੀ ਟਿਕਟ 'ਤੇ ਚੋਣ ਲੜੀ ਜਦੋਂ ਉਹ ਰਾਮ ਜਨਮ ਭੂਮੀ ਅੰਦੋਲਨ ਦਾ ਚਿਹਰਾ ਬਣ ਗਿਆ ਅਤੇ ਭਗਵਾ ਰਾਜਨੀਤੀ ਨੂੰ ਅੱਗੇ ਵਧਾਉਣ ਵਿਚ ਉਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

1989 ਵਿਚ ਧਰਮ ਸੰਸਦ ਵਿਚ ਉਸ ਦੇ ਭਾਸ਼ਣ ਜੋ ਅਲਾਹਾਬਾਦ ਵਿਚ ਕੁੰਭ ਮੇਲੇ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਕਰਵਾਈ ਸਾਧੂਆਂ ਦੀ ਇਕੱਤਰਤਾ ਸੀ, ਨੇ ਅੰਦੋਲਨ ਦੀ ਨੀਂਹ ਰੱਖ ਦਿੱਤੀ ਜਿਸ ਨੇ ਬਾਬਰੀ ਮਸਜਿਦ ਨੂੰ ਤੋੜਨਾ ਲਗਭਗ ਸੰਭਵ ਦਿੱਤਾ। 'ਦਿ ਸਟੇਟਸਮੈਨ' ਨੇ ਪਹਿਲੀ ਫਰਵਰੀ 1989 ਨੂੰ ਰਿਪੋਰਟ ਛਾਪੀ ਕਿ ਅਵੈਦਿਆਨਾਥ ਕਹਿੰਦਾ ਹੈ ਕਿ "ਕੁਰਾਨ ਮੁਸਲਮਾਨਾਂ ਨੂੰ ਦੂਜੇ ਧਰਮਾਂ ਦੇ ਪਵਿੱਤਰ ਸਥਾਨਾਂ ਵਿਚ ਮਸਜਿਦਾਂ ਬਣਾਉਣ ਤੋਂ ਮਨ੍ਹਾ ਕਰਦਾ ਹੈ।" ਅਖਬਾਰ ਨੇ ਉਸ ਦੇ ਹਵਾਲੇ ਨਾਲ ਕਿਹਾ, "ਤੇ ਵਿਵਾਦ ਤੋਂ ਬਚਣ ਲਈ ਸਾਨੂੰ ਕਿਸੇ ਹੋਰ ਜਗ੍ਹਾ 'ਤੇ ਮੰਦਰ ਬਣਾਉਣ ਲਈ ਕਹਿਣਾ ਇੰਝ ਹੈ, ਜਿਵੇਂ ਰਾਵਣ ਨਾਲ ਯੁੱਧ ਤੋਂ ਬਚਣ ਲਈ ਭਗਵਾਨ ਰਾਮ ਨੂੰ ਕਿਸੇ ਹੋਰ ਸੀਤਾ ਨਾਲ ਵਿਆਹ ਕਰਨ ਲਈ ਕਹਿਣਾ।"

1992 'ਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ ਬਾਅਦ ਹਾਲਾਤ ਫੈਸਲਾਕੁਨ ਸਥਿਤੀ 'ਚ ਪਹੁੰਚ ਗਏ। ਬਾਬਰੀ ਕਾਂਡ ਬਾਰੇ ਲਿਬਰਹਾਨ ਕਮਿਸ਼ਨ ਦੀ ਰਿਪੋਰਟ ਵਿਚ ਅਵੈਦਿਆਨਾਥ ਦਾ ਨਾਮ ਮੁਲਕ ਨੂੰ ਫਿਰਕੂ ਤਬਾਹੀ ਦੇ ਕੰਢੇ 'ਤੇ ਲਿਜਾਣ ਦੇ ਦੋਸ਼ੀ ਪਾਏ ਗਏ ਲੋਕਾਂ ਦੀ ਸੂਚੀ ਵਿਚ ਪ੍ਰਮੁੱਖਤਾ ਨਾਲ ਦਿੱਤਾ ਗਿਆ ਸੀ।

ਅਵੈਦਿਆਨਾਥ ਇਸ ਸਮੇਂ ਤੱਕ ਭਾਜਪਾ ਵਿਚ ਸ਼ਾਮਿਲ ਹੋ ਗਿਆ ਸੀ - ਉਹ ਪਹਿਲਾਂ 1991 ਅਤੇ ਫਿਰ 1996 'ਚ ਗੋਰਖਪੁਰ ਤੋਂ ਸੰਸਦ ਮੈਂਬਰ ਚੁਣਿਆ ਗਿਆ ਸੀ। ਉਸ ਨੇ ਇਸ ਅਹੁਦੇ ਲਈ ਚੋਣ ਭਾਜਪਾ ਦੀ ਟਿਕਟ 'ਤੇ ਲੜੀ ਸੀ, ਉਸ ਨੇ ਇਕ ਹੱਦ ਤੱਕ ਖੁਦਮੁਖਤਾਰੀ ਬਣਾਈ ਰੱਖੀ - ਇਹ ਪ੍ਰਥਾ ਅਦਿੱਤਿਆਨਾਥ ਨੇ ਵੀ ਬਰਕਰਾਰ ਰੱਖੀ ਹੈ। ਅਵੈਦਿਆਨਾਥ ਨੇ ਆਪਣੇ ਚੇਲੇ ਲਈ ਜਗ੍ਹਾ ਬਣਾ ਕੇ ਛੇਤੀ ਹੀ ਚੋਣ ਰਾਜਨੀਤੀ ਤੋਂ ਸੰਨਿਆਸ ਲੈ ਲਿਆ। 1998 'ਚ ਅਦਿੱਤਿਆਨਾਥ ਲੋਕ ਸਭਾ ਵਿਚ ਸਭ ਤੋਂ ਘੱਟ ਉਮਰ ਦਾ ਸੰਸਦ ਮੈਂਬਰ ਬਣਿਆ।

ਅਵੈਦਿਆਨਾਥ ਦੀ 2014 'ਚ 95 ਸਾਲ ਦੀ ਉਮਰ 'ਚ ਮੌਤ ਹੋ ਗਈ। ਮੋਦੀ ਜੋ ਉਸ ਸਾਲ ਪ੍ਰਧਾਨ ਮੰਤਰੀ ਬਣਿਆ ਸੀ, ਨੇ ਕਿਹਾ ਕਿ ਉਸ ਨੂੰ "ਉਸ ਦੇ ਦੇਸ਼ ਭਗਤੀ ਦੇ ਜਜ਼ਬੇ ਅਤੇ ਸਮਾਜ ਦੀ ਸੇਵਾ ਲਈ ਉਸ ਦੇ ਦ੍ਰਿੜ ਯਤਨਾਂ ਲਈ" ਚੇਤੇ ਕੀਤਾ ਜਾਵੇਗਾ।

ਆਖਰਕਾਰ ਅਦਿੱਤਿਆਨਾਥ ਨੇ ਮਹੰਤ ਦਾ ਅਹੁਦਾ ਸੰਭਾਲ ਲਿਆ। ਅਵੈਦਿਆਨਾਥ ਦੇ ਅਧੀਨ ਉਸ ਦੀ ਤਕੜੀ ਸਿਖਲਾਈ ਹੋ ਚੁੱਕੀ ਸੀ, ਤੇ ਉਹ ਪਹਿਲਾਂ ਹੀ ਗੋਰਖਪੁਰ ਤੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕਾ ਸੀ। 2002 'ਚ ਉਸ ਨੇ ਹਿੰਦੂ ਯੁਵਾ ਵਾਹਿਨੀ ਬਣਾ ਲਈ ਜੋ ਪਿਛਲੇ ਦਹਾਕੇ ਵਿਚ ਉਸ ਲਈ ਆਪਣਾ ਖੁਦ ਦਾ ਲੜਾਕੂ ਸ਼ਕਤੀ ਆਧਾਰ ਵਿਕਸਤ ਕਰਨ 'ਚ ਸਹਾਈ ਹੋਈ। ਇਸ ਗਰੁੱਪ ਨੇ ਜਿੱਥੇ ਪੂਰੇ ਰਾਜ ਵਿਚ ਹਿੰਦੂਤਵ ਫਾਇਰਬਰੈਂਡ ਦੇ ਰੂਪ ਵਿਚ ਉਸ ਦਾ ਅਕਸ ਮਜ਼ਬੂਤ ਕੀਤਾ, ਉੱਥੇ ਗੋਰਖਪੁਰ ਨੇ ਉਸ ਦੇ ਸੱਤਾ ਦੇ ਤਖਤ ਦੀ ਭੂਮਿਕਾ ਨਿਭਾਈ ਜਿੱਥੋਂ ਉਸ ਨੇ ਪੂਰਬੀ ਉੱਤਰ ਪ੍ਰਦੇਸ਼ ਵਿਚ ਆਪਣਾ ਦਬਦਬਾ ਕਾਇਮ ਕੀਤਾ।

ਮੱਠ ਵਿਚ ਸ਼ਾਮਲ ਹੋਣ ਤੋਂ ਬਾਅਦ ਅਦਿੱਤਿਆਨਾਥ ਨੇ ਜ਼ਿਆਦਾਤਰ ਸ਼ੁਰੂਆਤੀ ਵਕਤ ਗਾਵਾਂ ਦੀ ਦੇਖਭਾਲ ਕਰਦਿਆਂ ਆਪਣੇ ਗੁਰੂ ਦੀ ਸੇਵਾ ਕਰਦਿਆਂ ਅਤੇ ਆਪਣੀ ਨਵੀਂ ਦੁਨੀਆ 'ਚ ਆਪਣੇ ਪੈਰ ਜਮਾਉਂਦਿਆਂ ਗੁਜ਼ਾਰਿਆ। 1996 ਦੀਆਂ ਗਰਮੀਆਂ ਵਿਚ ਅਦਿੱਤਿਆਨਾਥ ਨੇ ਅਨਿਸ਼ਚਿਤਤਾ ਤਿਆਗ ਦਿੱਤੀ ਅਤੇ ਮਹਾਰਾਣਾ ਪ੍ਰਤਾਪ ਇੰਟਰ ਕਾਲਜ - ਜੋ ਗੋਰਖਨਾਥ ਮੱਠ ਦੁਆਰਾ ਚਲਾਈ ਜਾਂਦੀ ਸੰਸਥਾ ਹੈ, ਦੀ ਵਰਤੋਂ ਕਰਦੇ ਹੋਏ ਨਵੀਂ ਸ਼ੁਰੂਆਤ ਕਰਨ ਲਈ ਜਨਤਕ ਤੌਰ 'ਤੇ ਸਾਹਮਣੇ ਆ ਗਿਆ। ਕਾਲਜ ਦੇ ਪਾੜ੍ਹਿਆਂ ਦੀ ਸ਼ਹਿਰ ਦੇ ਗੋਲਘਰ ਬਾਜ਼ਾਰ ਵਿਚ ਦੁਕਾਨਦਾਰਾਂ ਨਾਲ ਲੜਾਈ ਹੋ ਗਈ ਸੀ, ਅਦਿੱਤਿਆਨਾਥ ਨੇ ਉਨ੍ਹਾਂ ਦੀ ਡਟ ਕੇ ਹਮਾਇਤ ਕੀਤੀ।


ਸੁਨੀਲ ਸਿੰਘ ਨੇ ਮੈਨੂੰ ਦੱਸਿਆ, "ਉਦੋਂ ਮੈਂ ਪਹਿਲੀ ਵਾਰ ਅਦਿੱਤਿਆਨਾਥ ਨੂੰ ਦੇਖਿਆ। ਉਹ ਵਿਦਿਆਰਥੀਆਂ ਦੇ ਮੁੱਦੇ ਨੂੰ ਉਠਾਉਣ ਲਈ ਆਤਮ-ਵਿਸ਼ਵਾਸੀ ਅਤੇ ਦ੍ਰਿੜ ਸੰਕਲਪ ਜਾਪਦਾ ਸੀ। ਮੈਂ ਉਸ ਤੋਂ ਸੱਚਮੁੱਚ ਪ੍ਰਭਾਵਿਤ ਹੋਇਆ।" ਕਾਲਜ ਦੇ ਸਾਬਕਾ ਵਿਦਿਆਰਥੀ ਸਿੰਘ ਨੇ ਇਕਮੁੱਠਤਾ ਦਿਖਾਉਣ ਲਈ ਕੈਂਪਸ ਦਾ ਗੇੜਾ ਮਾਰਿਆ। ਸੁਨੀਲ ਸਿੰਘ ਨੇ ਦੱਸਿਆ, "ਲੜਾਈ ਮਾਮੂਲੀ ਗੱਲ ਨੂੰ ਲੈ ਕੇ ਸ਼ੁਰੂ ਹੋਈ ਪਰ ਇਹ ਦੋਵੇਂ ਧਿਰਾਂ ਵਿਚਕਾਰ ਵੱਡੇ ਟਕਰਾਅ 'ਚ ਬਦਲ ਗਈ ਜਿਸ ਦੇ ਨਤੀਜੇ ਵਜੋਂ ਪੁਲਿਸ ਵਿਦਿਆਰਥੀਆਂ ਦਾ ਪਿੱਛਾ ਕਰਦੀ ਹੋਸਟਲ ਤੱਕ ਗਈ।...ਜਦੋਂ ਤਣਾਅ ਜ਼ਿਆਦਾ ਸੀ, ਅਦਿੱਤਿਆਨਾਥ ਕਾਲਜ ਦੇ ਹੋਸਟਲ ਵਿਚ ਗਿਆ। ਉਸ ਦੀ ਮੌਜੂਦਗੀ ਨੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ। ਉਹ ਉਸ ਦੇ ਪਿੱਛੇ ਲਾਮਬੰਦ ਹੋ ਗਏ ਅਤੇ ਪੁਲਿਸ ਨੂੰ ਪਿੱਛੇ ਹਟਣਾ ਪਿਆ।"




*ਗੋਰਖਪੁਰ ਅਤੇ ਮੇਰਠ ਵਿਚ ਬਣਾਏ ਹਿੰਦੂ ਯੁਵਾ ਵਾਹਿਨੀ ਦੇ ਦਫਤਰ।*

ਸੁਨੀਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਅਦਿੱਤਿਆਨਾਥ ਵਿਚ ਆਪਣਾ ਆਦਰਸ਼ ਮਿਲ ਗਿਆ। ਅਗਲੀ ਸਵੇਰ ਸੁਨੀਲ ਸਿੰਘ ਆਪਣੇ ਮਿੱਤਰਾਂ ਅਸ਼ੀਸ਼ ਸਿੰਘ ਸ਼੍ਰੀਨਾਤੇ, ਅਮਿਤ ਸਿੰਘ, ਕੁਮਾਰ ਗੌਰਵ ਅਤੇ ਮਯੰਕ ਤ੍ਰਿਪਾਠੀ ਨਾਲ ਅਦਿੱਤਿਆਨਾਥ ਦੇ ਦਰਸ਼ਨਾਂ ਕਰਨ ਲਈ ਮੰਦਰ ਜਾ ਪਹੁੰਚਿਆ। ਸੁਨੀਲ ਸਿੰਘ ਨੇ ਚੇਤੇ ਕੀਤਾ ਕਿ ਉਹ ਉਨ੍ਹਾਂ ਨੂੰ "ਮੰਦਰ ਨਾਲ ਸੰਬੰਧਤ ਗਊਸ਼ਾਲਾ ਵਿਚ ਉਸਾਰੀ ਦੇ ਕੰਮ ਦੀ ਨਿਗਰਾਨੀ ਕਰਦਾ ਹੋਇਆ ਮਿਲਿਆ। ਸਾਨੂੰ ਦੇਖ ਕੇ ਉਸ ਨੇ ਆਪਣਾ ਕੰਮ ਛੱਡ ਦਿੱਤਾ। ਉਹ ਸਾਡੇ ਨਾਮ ਅਤੇ ਜਾਤ ਪੁੱਛ ਕੇ ਸੰਤ ਆਸ਼ਰਮ ਵਿਚ ਆਪਣੇ ਕਮਰੇ 'ਚ ਲੈ ਗਿਆ। ਅਸੀਂ ਗੋਰਖਪੁਰ ਦੇ ਰਾਜਨੀਤਕ ਮਾਹੌਲ ਅਤੇ ਠਾਕੁਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਲੰਮੀ ਚਰਚਾ ਕੀਤੀ।" ਸੁਨੀਲ ਸਿੰਘ ਖੁਦ ਠਾਕੁਰ ਹੈ।

ਸੁਨੀਲ ਸਿੰਘ ਅਤੇ ਉਸ ਦੇ ਸਾਥੀਆਂ ਨੇ ਰੋਜ਼ਾਨਾ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਅਤੇ ਮਿਲ ਕੇ ਆਪਣੇ ਉਦੇਸ਼ ਲਈ ਹੋਰ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕਰ ਕੀਤਾ। ਉਸ ਨੇ ਦੱਸਿਆ, "ਅਸੀਂ ਗਊਸ਼ਾਲਾ ਦੇ ਨੇੜੇ ਜ਼ਮੀਨ ਵੀ ਪੱਧਰੀ ਕੀਤੀ ਅਤੇ ਉੱਥੇ ਬੈਡਮਿੰਟਨ ਖੇਡਣਾ ਸ਼ੁਰੂ ਕੀਤਾ।" ਅਦਿੱਤਿਆਨਾਥ ਦੀ ਜਿਸ ਗੱਲ ਨੇ ਉਨ੍ਹਾਂ ਨੂੰ ਖਾਸ ਤੌਰ 'ਤੇ ਪ੍ਰਭਾਵਿਤ ਕੀਤਾ, ਉਹ ਸੀ- "ਉਸ ਨੇ ਗੋਰਖਪੁਰ ਵਿਚ ਠਾਕੁਰਾਂ ਦੀ ਸਥਿਤੀ ਨੂੰ ਸਮਝਣ 'ਚ ਖਾਸ ਦਿਲਚਸਪੀ ਲਈ।"



*ਗੋਰਖਪੁਰ ਮੰਦਰ ਦਾ ਮੁਢਲਾ ਮੁਖੀ ਦਿਗਵਿਜੇ ਨਾਥ ਹੈ।*

ਅਦਿੱਤਿਆਨਾਥ ਨੇ ਆਪਣੇ ਆਪ ਨੂੰ ਖੇਤਰ ਦੀ ਤਣਾਓਪੂਰਨ ਜਾਤਪਾਤੀ ਗਤੀਸ਼ੀਲਤਾ ਦੇ ਕੇਂਦਰ 'ਚ ਰੱਖਣਾ ਸ਼ੁਰੂ ਕਰ ਦਿੱਤਾ ਸੀ। ਗੋਰਖਪੁਰ ਦੇ ਸੀਨੀਅਰ ਪੱਤਰਕਾਰ ਮਨੋਜ ਕੁਮਾਰ ਨੇ ਮੈਨੂੰ ਦੱਸਿਆ, "ਇਹ ਜਾਤੀ ਆਧਾਰਤ ਭੇਦਭਾਵ ਵਾਂਗ ਜਾਪਦਾ ਹੈ ਪਰ ਇਹ ਇਸ ਤੋਂ ਵੀ ਅੱਗੇ ਹੈ।" ਇਹ ਉਹ ਵਕਤ ਸੀ ਜਦੋਂ ਦੋ ਗੈਂਗਸਟਰਾਂ - ਹਰੀਸ਼ੰਕਰ ਤਿਵਾੜੀ ਜੋ ਬ੍ਰਾਹਮਣ ਸੀ ਤੇ ਠਾਕੁਰ ਵਰਿੰਦਰ ਪ੍ਰਤਾਪ ਸ਼ਾਹੀ - ਦੀ ਜਾਤੀ ਆਧਾਰਤ ਦੁਸ਼ਮਣੀ ਦਾ ਗੋਰਖਪੁਰ ਉੱਪਰ ਬੋਲਬਾਲਾ ਸੀ। ਇੱਥੋਂ ਤੱਕ ਕਿ ਅਦਿੱਤਿਆਨਾਥ ਦੀ ਤਾਕਤ ਦਾ ਮੁੱਖ ਸਰੋਤ ਗੋਰਕਸ਼ਾਪੀਠ ਮੱਠ ਵੀ ਠਾਕੁਰ ਮੱਠ ਵਜੋਂ ਮਸ਼ਹੂਰ ਸੀ।

ਠਾਕੁਰ ਦੇ ਦਬਦਬੇ ਵਾਲੇ ਖੇਤਰ ਦਾ ਸਿਰਮੌਰ ਆਗੂ ਬਣਨ ਲਈ ਅਦਿੱਤਿਆਨਾਥ ਨੂੰ ਪਹਿਲਾਂ ਸਿਰਮੌਰ ਠਾਕੁਰ ਨੇਤਾ ਬਣਨਾ ਪੈਣਾ ਸੀ। 1996 ਦੀਆਂ ਲੋਕ ਸਭਾ ਚੋਣਾਂ ਵਿਚ ਅਵੈਦਿਆਨਾਥ ਨੂੰ ਵੀਰੇਂਦਰ ਪ੍ਰਤਾਪ ਸ਼ਾਹੀ ਤੋਂ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜੋ ਗੋਰਖਪੁਰ ਸੀਟ ਲਈ ਸਮਾਜਵਾਦੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਿਹਾ ਸੀ ਅਤੇ ਦੂਜੇ ਸਥਾਨ 'ਤੇ ਰਿਹਾ ਸੀ। 1997 'ਚ ਉੱਭਰ ਰਹੇ ਬ੍ਰਾਹਮਣ ਗੈਂਗਸਟਰ ਸ੍ਰੀ ਪ੍ਰਕਾਸ਼ ਸ਼ੁਕਲਾ ਵੱਲੋਂ ਸ਼ਾਹੀ ਦਾ ਕਤਲ ਗੋਰਖਪੁਰ ਵਿਚ ਠਾਕੁਰਾਂ ਦੇ ਦਬਦਬੇ ਲਈ ਪਛਾੜ ਜਾਪਦਾ ਸੀ ਪਰ ਇਸ ਨੇ ਅਦਿੱਤਿਆਨਾਥ ਨੂੰ ਖਾਲੀ ਥਾਂ ਭਰਨ ਦਾ ਮੌਕਾ ਵੀ ਦਿੱਤਾ।

1998 'ਚ ਅਗਲੀਆਂ ਲੋਕ ਸਭਾ ਚੋਣਾਂ ਵਿਚ ਅਵੈਦਿਆਨਾਥ ਨੇ ਚੋਣ ਨਾ ਲੜਨ ਦਾ ਫੈਸਲਾ ਕੀਤਾ ਅਤੇ ਆਪਣੇ ਜਾਨਸ਼ੀਨ ਨੂੰ ਭਾਜਪਾ ਉਮੀਦਵਾਰ ਬਣਨ ਦੀ ਇਜਾਜ਼ਤ ਦੇ ਦਿੱਤੀ। ਹਾਲਾਂਕਿ ਉਹ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਜਮਨਾ ਪ੍ਰਸਾਦ ਨਿਸ਼ਾਦ ਜੋ ਹੋਰ ਪਛੜੀਆਂ ਸ਼੍ਰੇਣੀਆਂ 'ਚੋਂ ਸੀ, ਵਿਰੁੱਧ ਜਿੱਤ ਗਿਆ ਪਰ ਜਿੱਤ ਦਾ ਅੰਤਰ 1996 ਵਾਲੇ ਤੋਂ ਤੇਜ਼ੀ ਨਾਲ ਘੱਟ ਗਿਆ ਸੀ। ਮੁਸਲਮਾਨਾਂ ਅਤੇ ਓ.ਬੀ.ਸੀ. ਵਿਚ ਹਮਾਇਤੀ ਆਧਾਰ ਵਾਲੀ ਸਮਾਜਵਾਦੀ ਪਾਰਟੀ ਭਾਜਪਾ ਦੇ ਪਾੜੇ ਨੂੰ ਤੇਜ਼ੀ ਨਾਲ ਭਰਦੀ ਜਾਪਦੀ ਸੀ ਜੋ ਅਦਿੱਤਿਆਨਾਥ ਨੂੰ ਅਨਿਸ਼ਚਿਤ ਸਿਆਸੀ ਹੋਣੀ ਵੱਲ ਲਿਜਾ ਰਹੀ ਸੀ।

ਅਦਿੱਤਿਆਨਾਥ ਦੀ ਅਗਵਾਈ ਹੇਠ ਫਿਰਕੂ ਹਮਲਿਆਂ ਦੀ ਸੂਚੀ ਦਿੰਦਿਆਂ ਸੁਨੀਲ ਸਿੰਘ ਨੇ ਕਿਹਾ, "ਇਸ ਪਿਛੋਕੜ 'ਚ ਗੋਰਖਪੁਰ ਅਤੇ ਨੇੜਲੇ ਖੇਤਰਾਂ 'ਚ ਖੁੱਲ੍ਹੇਆਮ ਮੁਸਲਿਮ ਵਿਰੋਧੀ ਫਿਰਕੂ ਰਾਜਨੀਤੀ ਸ਼ੁਰੂ ਹੋਈ।... ਮੈਂ ਲੱਗਭੱਗ ਸਭ ਘਟਨਾਵਾਂ ਵਿਚ ਉਸ ਦੇ ਨਾਲ ਸੀ। ਸ਼ਾਇਦ ਹੀ ਕੋਈ ਅਜਿਹਾ ਮਾਮਲਾ ਹੋਵੇ ਜਿਸ ਵਿਚ ਮੈਂ ਉਸ ਦੇ ਨਾਲ ਦੋਸ਼ੀ ਨਾ ਰਿਹਾ ਹੋਵਾਂ।"

ਇਨ੍ਹਾਂ ਵਿਚੋਂ ਸਭ ਤੋਂ ਬਦਨਾਮ 1999 ਦਾ ਪੰਚਰੁਖੀਆ ਕਾਂਡ ਸੀ। ਸੁਨੀਲ ਸਿੰਘ ਨੇ ਦੱਸਿਆ, "ਅਸੀਂ ਮਹਾਰਾਜਗੰਜ ਵਿਚ ਸੀ ਜਦੋਂ ਖਬਰ ਆਈ ਕਿ ਕਿਸੇ ਨੇ ਪਿੱਪਲ ਦਾ ਪੌਦਾ ਪੁੱਟ ਦਿੱਤਾ ਹੈ ਜੋ ਕੁਝ ਸਥਾਨਕ ਹਿੰਦੂਆਂ ਨੇ ਲਾਇਆ ਸੀ। ਇਸ ਨੂੰ ਹਟਾਉਣ ਵਾਲਿਆਂ ਨੇ ਦਾਅਵਾ ਕੀਤਾ ਕਿ ਜਿਸ ਜਗ੍ਹਾ ਇਹ ਲਾਇਆ ਗਿਆ ਸੀ, ਉਹ ਮੁਸਲਮਾਨ ਕਬਰਿਸਤਾਨ ਦਾ ਹਿੱਸਾ ਸੀ। ਅਦਿੱਤਿਆਨਾਥ ਨੇ ਤੁਰੰਤ ਐਲਾਨ ਕੀਤਾ ਕਿ ਉਹ ਉਸੇ ਥਾਂ 'ਤੇ ਦੁਬਾਰਾ ਪਿਪਲ ਦਾ ਪੌਦਾ ਲਗਾਉਣ ਲਈ ਸਿੱਧਾ ਪੰਚਰੁਖੀਆ ਜਾਵੇਗਾ।" ਇਸ ਐਲਾਨ ਨਾਲ ਸਥਾਨਕ ਪ੍ਰਸ਼ਾਸਨ ਚੁਕੰਨਾ ਹੋ ਕੇ ਹਰਕਤ 'ਚ ਆ ਗਿਆ- "ਅਸੀਂ ਝੱਟਪੱਟ ਉਸ ਪਿੰਡ ਪਹੁੰਚ ਗਏ ਪਰ ਇਸ ਤੋਂ ਪਹਿਲਾਂ ਕਿ ਅਸੀਂ ਆਪਣੀ ਕਾਰਵਾਈ ਨੂੰ ਅੰਜਾਮ ਦਿੰਦੇ, ਪੁਲਿਸ ਨੇ ਆ ਕੇ ਸਾਨੂੰ ਉੱਥੋਂ ਦਬੱਲ ਦਿੱਤਾ।"

ਅਦਿੱਤਿਆਨਾਥ ਦਾ ਕਾਫਲਾ ਪਿੰਡ ਤੋਂ ਭੱਜ ਤੁਰਿਆ ਪਰ ਉਨ੍ਹਾਂ ਨੂੰ ਤਲਤ ਅਜ਼ੀਜ਼ ਦੀ ਅਗਵਾਈ ਵਿਚ ਸਮਾਜਵਾਦੀ ਪਾਰਟੀ ਦੇ ਵਰਕਰਾਂ ਨੇ ਰੁਕਣ ਲਈ ਮਜਬੂਰ ਕਰ ਦਿੱਤਾ ਜੋ ਅਦਾਲਤ ਵਿਚ ਗ੍ਰਿਫਤਾਰੀ ਦੇਣ ਲਈ ਪਿੰਡ ਦੀ ਮੁੱਖ ਸੜਕ 'ਤੇ ਇਕੱਠੇ ਹੋਏ ਸਨ। ਉਹ ਰਾਜ ਦੀ ਸੱਤਾਧਾਰੀ ਭਾਜਪਾ ਸਰਕਾਰ ਅਧੀਨ ਵਿਗੜ ਰਹੀ ਕਾਨੂੰਨ ਵਿਵਸਥਾ ਖਿਲਾਫ ਪ੍ਰਦਰਸ਼ਨ ਕਰ ਰਹੇ ਸਨ। ਵਿਵਾਦ ਇਕਦਮ ਗੁੱਸੇਖੋਰ ਨਾਅਰੇਬਾਜ਼ੀ ਤੋਂ ਗੋਲੀਆਂ ਦੀ ਵਾਛੜ 'ਚ ਬਦਲ ਗਿਆ। ਅਜ਼ੀਜ਼ ਦੇ ਸੁਰੱਖਿਆ ਗਾਰਡ ਸੱਤਿਆਪ੍ਰਕਾਸ਼ ਯਾਦਵ ਨਾਂ ਦੇ ਹੌਲਦਾਰ ਦੇ ਚਿਹਰੇ 'ਤੇ ਗੋਲੀ ਲੱਗਣ ਨਾਲ ਉਹ ਡਿਗ ਪਿਆ, ਖੂਨ ਬਹੁਤ ਜ਼ਿਆਦਾ ਵਹਿ ਰਿਹਾ ਸੀ। ਬਾਅਦ ਵਿਚ ਉਸ ਦੀ ਮੌਤ ਹੋ ਗਈ। ਅਜ਼ੀਜ਼ ਅਤੇ ਸਮਾਜਵਾਦੀ ਪਾਰਟੀ ਦੇ ਹੋਰ ਵਰਕਰ ਭੈਅਭੀਤ ਹੋਏ ਆਲੇ-ਦੁਆਲੇ ਦੇ ਖੇਤਾਂ 'ਚ ਭੱਜ ਗਏ ਅਤੇ ਅਦਿੱਤਿਆਨਾਥ ਤੇ ਉਸ ਦੇ ਆਦਮੀਆਂ ਦੇ ਨਿਕਲਣ ਲਈ ਰਾਹ ਪੱਧਰਾ ਹੋ ਗਿਆ।

ਤਿੰਨ ਘੰਟੇ ਬਾਅਦ ਮਹਾਰਾਜਗੰਜ ਪੁਲਿਸ ਨੇ ਅਦਿੱਤਿਆਨਾਥ ਅਤੇ 24 ਹੋਰਾਂ 'ਤੇ ਇਰਾਦਾ ਕਤਲ, ਦੰਗੇ, ਮਾਰੂ ਹਥਿਆਰ ਰੱਖਣ, ਪੂਜਾ ਸਥਾਨ ਦੀ ਬੇਅਦਬੀ, ਮੁਸਲਿਮ ਕਬਰਿਸਤਾਨ ਵਿਚ ਘੁਸਣ ਅਤੇ ਵੈਰ ਭਾਵਨਾ ਨੂੰ ਉਕਸਾਉਣ ਸਮੇਤ ਅਪਰਾਧਾਂ ਦੀ ਲੰਮੀ ਸੂਚੀ ਤਹਿਤ ਐਫ.ਆਈ.ਆਰ. ਦਰਜ ਕੀਤੀ।

ਪੰਚਰੁਖੀਆ ਕਾਂਡ ਨੇ ਅਦਿੱਤਿਆਨਾਥ ਨੂੰ ਗੋਰਖਪੁਰ ਵਿਚ ਸਨਸਨੀਖੇਜ਼ ਹਸਤੀ ਬਣਾ ਦਿੱਤਾ ਪਰ ਇਸ ਨੇ ਸਮਾਜਵਾਦੀ ਪਾਰਟੀ ਦੀ ਵਧ ਰਹੀ ਹਮਾਇਤ ਨੂੰ ਪੁੱਠਾ ਗੇੜਾ ਨਹੀਂ ਦਿੱਤਾ। ਕੁਝ ਮਹੀਨੇ ਬਾਅਦ 1999 ਵਿਚ ਹੋਈ ਲੋਕ ਸਭਾ ਚੋਣ ਵਿਚ ਅਦਿੱਤਿਆਨਾਥ ਦੀ ਨਿਸ਼ਾਦ ਨਾਲੋਂ ਜਿੱਤ ਦਾ ਫਰਕ ਹੋਰ ਸੁੰਗੜ ਕੇ ਸਿਰਫ ਸੱਤ ਹਜ਼ਾਰ ਵੋਟਾਂ ਰਹਿ ਗਿਆ।

ਜਾਪਦਾ ਹੈ, 2002 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਨਾਲ ਹੋਈ ਦੁਰਗਤ ਨੇ ਅਦਿੱਤਿਆਨਾਥ ਨੂੰ ਨਿੱਜੀ ਹਿੰਦੂ ਮਿਲੀਸ਼ੀਆ ਬਣਾਉਣ ਲਈ ਪ੍ਰੇਰਿਆ। ਇਹ ਮੌਕਾ ਚੋਣ ਨਤੀਜਿਆਂ ਦੇ ਐਲਾਨ ਦੇ ਇਕ ਹਫਤੇ ਦੇ ਅੰਦਰ ਆਇਆ। 27 ਫਰਵਰੀ 2002 ਨੂੰ ਗੁਜਰਾਤ ਦੇ ਛੋਟੇ ਜਿਹੇ ਕਸਬੇ ਗੋਧਰਾ ਵਿਚ ਰੇਲਵੇ ਸਟੇਸ਼ਨ ਦੇ ਬਾਹਰ ਸਾਬਰਮਤੀ ਐਕਸਪ੍ਰੈਸ ਦੇ ਡੱਬੇ 'ਚ ਅੱਗ ਲੱਗਣ ਕਾਰਨ 59 ਲੋਕ ਮਾਰੇ ਗਏ। ਇਸ ਘਟਨਾ ਨੇ ਹਾਲੀਆ ਭਾਰਤੀ ਇਤਿਹਾਸ ਵਿਚ ਮੁਸਲਿਮ ਵਿਰੋਧੀ ਹਿੰਸਾ ਦੇ ਸਭ ਤੋਂ ਭਿਆਨਕ ਵਿਸਫੋਟ ਨੂੰ ਜਨਮ ਦਿੱਤਾ, ਖਾਸ ਤੌਰ 'ਤੇ ਗੁਜਰਾਤ ਵਿਚ ਕੇਂਦਰਤ ਖੂਨ-ਖਰਾਬੇ ਨਾਲ। ਜਦੋਂ ਮੁਲਕ ਟੈਲੀਵਿਜ਼ਨ 'ਤੇ ਪ੍ਰਸਾਰਿਤ ਕੀਤੇ ਪਹਿਲੇ ਕਤਲੇਆਮ ਦੇ ਦ੍ਰਿਸ਼ਾਂ ਨਾਲ ਪ੍ਰੇਸ਼ਾਨ ਸੀ - ਕਿਉਂਕਿ ਸਦੀ ਦੇ ਆਖਰੀ ਦਹਾਕੇ 'ਚ ਪ੍ਰਾਈਵੇਟ ਨਿਊਜ਼ ਚੈਨਲਾਂ 'ਚ ਉਛਾਲ ਆਇਆ ਸੀ - ਅਦਿੱਤਿਆਨਾਥ ਨੇ ਹਿੰਦੂ ਯੁਵਾ ਵਾਹਿਨੀ ਖੜ੍ਹੀ

***(ਬਾਕੀ ਅਗਲੇ ਸਫੇ 'ਤੇ)***

# ਬਾਤਾਂ ਪਾਉਂਦੇ ਪਖਰ ਗੀਦੇ, ਭਾਂਡੇ ਟੀਂਡੇ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਸਾਹਮਣੇ ਦੇਸ਼ ਵੰਡ ਦੀਆਂ ਬਾਤਾਂ ਪਾਉਂਦੀ ਇਕ ਲਾ-ਮਿਸਾਲ ਪੁਸਤਕ ਪਈ ਹੈ। ਇਸ ਦੀ ਲੇਖਿਕਾ ਆਂਚਲ ਮਲਹੋਤਰਾ ਨੇ ਮੋਂਟਰੀਅਲ (ਕੈਨੇਡਾ) ਤੋਂ ਫਾਈਨ ਆਰਟਸ ਦੀ ਮਾਸਟਰਜ਼ ਕੀਤੀ ਹੋਈ ਹੈ। ਉਸ ਦੇ ਦਾਦਾ ਅਜੋਕੇ ਪਾਕਿਸਤਾਨ ਦੇ ਜ਼ਿਲ੍ਹਾ ਬਹਾਉਦੀਨ ਵਿਚ ਪੈਂਦੇ ਕਸਬਾ ਮਲਕਵਾਲ ਤੋਂ ਸਨ ਤੇ ਦਾਦੀ ਡੇਰਾ ਇਸਮਾਈਲ ਖਾਨ ਦੇ ਨਿੱਕੇ ਪਿੰਡ ਮੁਰਿਆਲੀ ਤੋਂ। ਇਹ ਪੁਸਤਕ ਸੰਤਾਲੀ ਦੀ ਵੰਡ ਸਮੇਂ ਏਧਰ ਤੇ ਓਧਰ ਦੀਆਂ ਉਨ੍ਹਾਂ ਵਸਤਾਂ ਬਾਰੇ ਹੈ, ਜਿਹੜੀਆਂ ਵੰਡ ਦਾ ਅੱਖੀਂ ਡਿੱਠਾ ਵਰਣਨ ਬਣ ਜਾਂਦੀਆਂ ਹਨ। ਪੁਸਤਕ ਦਾ ਨਾਂ ਹੈ 'ਬਟਵਾਰੇ ਦੀ ਕਹਾਣੀ/ਵਸਤਾਂ ਦੀ ਜ਼ੁਬਾਨੀ' (ਲੋਕਗੀਤ ਪ੍ਰਕਾਸ਼ਨ, ਪੰਨੇ 416, ਮੁੱਲ 400 ਰੁ.)। ਹਾਰਪਰ ਕੌਲਿਨਜ਼ ਵਲੋਂ ਪ੍ਰਕਾਸ਼ਿਤ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਅਨੁਵਾਦ।

ਸਾਨੂੰ ਕਿਸੇ ਨੂੰ ਵੀ ਕੱਪੜੇ ਮਾਪਣ ਵਾਲੇ ਗਜ਼, ਪਿੱਤਲ ਦੇ ਘੜੇ, ਰਸੋਈ ਦੇ ਬਰਤਨ, ਉਣਨ ਵਾਲੇ ਬਾਗ, ਫੁਲਕਾਰੀਆਂ ਤੇ ਪਸ਼ਮੀਨੇ ਦੀਆਂ ਸ਼ਾਲਾਂ ਜਾਂ ਫਿਰ ਫਟੀਆਂ-ਪੁਰਾਣੀਆਂ ਹੱਥ ਲਿਖਤਾਂ, ਚਿੱਠੀਆਂ, ਕਵਿਤਾਵਾਂ, ਧਾਰਮਿਕ ਪੋਥੀਆਂ ਤੇ ਗਹਿਣੇ ਗੱਟੇ ਭੁੱਲੇ ਨਹੀਂ ਹਨ ਪਰ ਇਸ ਰਚਨਾ ਵਿਚ ਲੇਖਿਕਾ ਨੇ ਉਨ੍ਹਾਂ ਵਸਤਾਂ ਦੀ ਬਾਤ ਪਾਈ ਹੈ, ਜਿਹੜੀਆਂ ਮਿੱਟੀ ਦੀਆਂ ਮਾਧੋ ਹੋਣ ਦੇ ਬਾਵਜੂਦ ਮੂੰਹ ਜ਼ਬਾਨੀ ਉਸ ਵੇਲੇ ਬਾਰੇ ਦੱਸਦੀਆਂ ਹਨ, ਜਿਸ ਨੂੰ ਸੱਤ ਦਹਾਕੇ ਹੋ ਚੁੱਕੇ ਹਨ।

ਲੇਖਿਕਾ ਲਿਖਦੀ ਹੈ ਕਿ ਜਦੋਂ ਉਹ ਆਪਣੇ ਨਾਨਕਿਆਂ, ਦਾਦਕਿਆਂ ਅਤੇ ਹੋਰ ਵਡੇਰਿਆਂ ਤੋਂ ਉਨ੍ਹਾਂ ਦੇ ਬਚਪਨ ਤੇ ਜਵਾਨੀ ਦੀਆਂ ਗੱਲਾਂ ਸੁਣਦੀ ਸੀ ਤਾਂ ਉਸ ਦੇ ਮਨ ਵਿਚ ਅਜੋਕਾ ਪਾਕਿਸਤਾਨ ਕੋਈ ਗੈਰ-ਹਿੰਦੁਸਤਾਨ ਜਾਂ ਬਾਹਰਲਾ ਦੇਸ਼ ਨਹੀਂ ਸੀ ਆਉਂਦਾ। ਉਸ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕੋ ਢੰਗ ਨਾਲ ਗੰਨੇ ਤੋੜਦਿਆਂ ਜਾਂ ਆਲੂ-ਪੂਰੀ ਖਾਂਦਿਆਂ ਤੱਕਿਆ ਤੇ ਜਾਣਿਆ ਸੀ। ਉਹਦੇ ਲਈ ਹਿੰਦੂ ਮੁਸਲਿਮ ਤੇ ਸਿੱਖਾਂ ਵਿਚ ਜੇ ਕੋਈ ਫਰਕ ਸੀ ਤਾਂ ਕੇਵਲ ਏਨਾ ਜਿੰਨਾ ਗੁਲਜ਼ਾਰ ਸਿੰਘ, ਗੁਲਜ਼ਾਰੀ ਲਾਲ ਜਾਂ ਗੁਲਜ਼ਾਰ ਮੁਹੰਮਦ ਵਿਚ ਹੈ। ਕੇਵਲ ਨਾਂ ਦਾ ਫਰਕ ਉਂਝ ਸਾਰੇ ਇਕ ਦੂਜੇ ਦੇ ਜਾਣੂ, ਮਿੱਤਰ ਤੇ ਹਮਸਫਰ ਸਨ। ਇਸ ਪੁਸਤਕ ਵਿਚ ਵਸਤਾਂ ਹੀ ਬੋਲਦੀਆਂ ਹਨ ਬੰਦੇ ਨਹੀਂ, ਏਥੇ ਮਿੱਟੀ ਬੋਲਦੀ ਹੈ ਤੇ ਮੋਤੀ ਬਾਤਾਂ ਪਾਉਂਦੇ ਹਨ। ਲੇਖਿਕਾ ਦੀ ਕਲਾ ਦਾ ਕਮਾਲ ਇਸ ਵਿਚ ਹੈ ਕਿ ਉਸ ਨੇ ਲੋਕਾਂ ਦੇ ਘਰੀਂ ਜਾ ਕੇ ਉਨ੍ਹਾਂ ਦੀਆਂ ਅਲਮਾਰੀਆਂ ਤੇ ਖੱਲਾਂ ਖੂੰਜਿਆਂ ਵਿਚ ਪਏ ਟਰੰਕਾਂ, ਕਨਸਤਰਾਂ ਤੇ ਉਨ੍ਹਾਂ ਦੀਆਂ ਦਰਾਜ਼ਾਂ ਵਿਚ ਪਈਆਂ ਭੁੱਲੀਆਂ ਵਿਸਰੀਆਂ ਗਥਲੀਆਂ ਨੂੰ ਖੁਲ੍ਹਵਾਇਆ ਤੇ ਮਾਲਕਾਂ ਤੋਂ ਉਨ੍ਹਾਂ ਦੀ ਵਿੱਥਿਆ ਜਾਣੀ। ਇਨ੍ਹਾਂ ਮੁਲਾਕਾਤਾਂ ਨੇ ਮਾਲਕਾਂ ਨੂੰ ਇਨ੍ਹਾਂ ਵਸਤਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ।

ਬਟਵਾਰੇ ਦੀ ਕਹਾਣੀ ਬਟਵਾਰੇ ਨਾਲੋਂ ਵੀ ਵੱਡੀ ਹੈ। ਇਸ ਦੀ ਮਿਤੀ ਤਾਂ ਕੇਵਲ 15 ਅਗਸਤ, 1947 ਸੀ ਪਰ ਦੋਵਾਂ ਦੇਸ਼ਾਂ ਦੀ ਮਿੱਟੀ, ਮੀਂਹ, ਖੇਤ, ਖਤਾਨਾਂ, ਰਸਮ, ਰਿਵਾਜ, ਰਵਾਇਤਾਂ, ਸਾਕ ਸਕੀਰੀਆਂ, ਝਗੜੇ ਝੇੜੇ, ਪ੍ਰਕਿਰਤੀ, ਭਾਸ਼ਾ, ਗੀਤ-ਸੰਗੀਤ, ਕਲਾ, ਕਵਿਤਾ ਦੀ ਕਹਾਣੀ ਕਦੀ ਨਹੀਂ ਮੁੱਕੀ ਤੇ ਨਾ ਹੀ ਮੁੱਕਣ ਵਾਲੀ ਹੈ। ਜੇ ਸੱਤ ਦਹਾਕੇ ਨਹੀਂ ਭੁੱਲੀ ਤਾਂ ਪਤਾ ਨਹੀਂ ਹੋਰ ਕਿੰਨੇ ਦਹਾਕੇ ਤੁਰਦੀ ਰਹੇਗੀ।




ਭਾਰਤ ਦੀ ਸੁਤੰਤਰਤਾ ਦੇ ਸਾਢੇ ਸੱਤਵੇਂ ਤੇ ਭਾਰਤੀ ਗਣਤੰਤਰ ਦੇ ਸੱਤਵੇਂ ਦਹਾਕੇ ਵਿਚ ਦੇਸ਼ ਵੰਡ ਦੀ ਕਥਾ ਬਣੀ ਇਸ ਰਚਨਾ ਦਾ ਸਵਾਗਤ ਕਰਨਾ ਬਣਦਾ ਹੈ।

### ਜੜ੍ਹਾਂ ਤੋਂ ਉੱਖੜੇ ਸਿਆਸੀ ਚਿਹਰੇ

ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਲ ਬਦਲਣ ਵਾਲਿਆਂ ਦੀਆਂ ਜੜ੍ਹਾਂ ਫਰੋਲਣ ਦਾ ਦੌਰ ਸ਼ੁਰੂ ਹੋ ਗਿਆ ਹੈ। ਮੇਰੀ ਮਨਪਸੰਦ ਸੋਚ ਵਾਲੀਆਂ ਖੱਬੇ ਪੱਖੀ ਪਾਰਟੀਆਂ ਤੇ ਬਸਪਾ ਨੂੰ ਵੱਡੀ ਢਾਹ ਲੱਗ ਚੁੱਕੀ ਹੈ ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਤਕ ਪਿਛਲੀ ਅੱਧੀ ਸਦੀ ਵਿਚ ਬਲਵੰਤ ਸਿੰਘ ਰਾਮੂਵਾਲੀਆ, ਜਗਮੀਤ ਸਿੰਘ ਬਰਾੜ ਤੇ ਮਨਪ੍ਰੀਤ ਸਿੰਘ ਬਾਦਲ ਨੇ ਆਪੋ ਆਪਣੀਆਂ ਵੱਖਰੀਆਂ ਪਾਰਟੀਆਂ ਬਣਾਈਆਂ ਪਰ ਸਿਆਸੀ ਪਿੜ ਵਿਚ ਉਨ੍ਹਾਂ ਦੀ ਕੋਈ ਪਛਾਣ ਨਹੀਂ ਬਣ ਸਕੀ। ਅੰਤ ਵਿਚ ਕਿਸੇ ਦਾ ਕੁਝ ਨਹੀਂ ਬਣਿਆ ਸਿਵਾਏ ਮਨਪ੍ਰੀਤ ਸਿੰਘ ਬਾਦਲ ਦੇ, ਜਿਸ ਨੇ ਮੁੜ ਕਾਂਗਰਸ ਵਰਗੀ ਵੱਡੀ ਪਾਰਟੀ ਦਾ ਪੱਲਾ ਫੜ ਲਿਆ। ਕੈਪਟਨ ਅਮਰਿੰਦਰ ਸਿੰਘ ਨੇ ਵੀ ਨਵੀਂ ਪਾਰਟੀ ਬਣਾ ਲਈ ਹੈ ਤੇ ਭਾਜਪਾ ਨਾਲ ਸਾਂਝ ਪਾ ਲਈ ਹੈ। ਗੜ੍ਹਸ਼ੰਕਰ ਦਾ ਵਿਧਾਨ ਸਭਾ ਹਲਕਾ ਵੀ ਜੜ੍ਹੋਂ ਉੱਖੜੇ ਸਿਆਸੀ ਚਿਹਰਿਆਂ ਨੂੰ ਉਭਾਰਦਾ ਜਾਪਦਾ ਹੈ। ਏਥੋਂ ਦੀਆਂ ਦੁੱਕੀਆਂ ਤਿੱਕੀਆਂ ਵੀ ਸਿਆਸੀ ਲਾਭ ਲੈਣ ਲਈ ਇਕ ਪਾਸੇ ਤੋਂ ਟਪੂਸੀ ਮਾਰ ਕੇ ਦੂਜੇ ਪਾਸੇ ਜਾ ਕੇ ਵੱਡੇ ਲਾਭਾਂ ਦੀ ਆਸ ਲਾਈ ਬੈਠੀਆਂ ਹਨ। ਟਪੂਸੀਆਂ ਮਾਰਨ ਵਾਲਿਆਂ ਦਾ ਭਵਿੱਖ ਤਾਂ ਧੁੰਦਲਾ ਹੀ ਹੁੰਦਾ ਹੈ। ਵੇਖੋ ਕੀ ਬਣਦਾ ਹੈ।

### ਕਿਰਪਾਲ ਯੋਗੀ ਦਾ ਤੁਰ ਜਾਣਾ

ਇਨ੍ਹਾਂ ਦਿਨਾਂ ਵਿਚ ਇਸ ਦੁਨੀਆ ਨੂੰ ਅਲਵਿਦਾ ਕਹਿਣ ਵਾਲਿਆਂ ਵਿਚੋਂ ਕਿਰਪਾਲ ਸਿੰਘ ਯੋਗੀ ਇਕ ਉੱਦਮੀ ਤੇ ਸਿਰੜੀ ਜੀਊੜਾ ਸੀ। ਉਹ ਪੰਜਾਬ, ਦਿੱਲੀ ਤੇ ਸ਼ਿਮਲਾ ਦੇ ਛਾਪੇਖਾਨਿਆਂ ਵਿਚ ਛੋਟੇ-ਮੋਟੇ ਕੰਮ ਕਰ ਕੇ ਪੜ੍ਹਿਆ ਤੇ ਪ੍ਰੋਫੈਸਰ ਦੀ ਉਪਾਧੀ ਤਕ ਪਹੁੰਚਿਆ।

ਉਹ ਇਕੋ ਇਕ ਅਜਿਹਾ ਵਿਅਕਤੀ ਹੈ, ਜਿਸ ਬਾਰੇ ਉਹਦੇ ਜੀਉਂਦੇ ਜੀਅ ਗੁਰਦਾਸਪੁਰ ਦੇ ਤਰਸੇਮ ਸਿੰਘ ਭੰਗੂ ਨੇ ਉਹਦੇ ਜੀਵਨ ਨੂੰ ਆਧਾਰ ਬਣਾ ਕੇ ਪੂਰਾ ਸੂਰਾ ਨਾਵਲ ਲਿਖਿਆ ਤੇ ਇਕ ਸਾਧਾਰਨ ਬੈਠਕ ਵਿਚ ਰਿਲੀਜ਼ ਕੀਤਾ। ਭੰਗੂ ਨੇ ਇਸਦਾ ਨਾਂ 'ਫਰਸ਼ ਤੋਂ ਅਰਸ਼' ਤਕ ਰੱਖਿਆ ਹੈ। ਪੜ੍ਹੋ ਤੇ ਮਾਣੋ।

### ਅੰਤਿਕਾ

ਸਰਦਾਰ ਪੰਛੀ

ਦਿਲ ਰਹੇ ਕਾਲੇ ਦੇ ਕਾਲੇ ਭਗਵੇਂ ਬਾਣੇ ਹੋ ਗਏ,
ਕੁਝ ਕੁ ਡੇਰੇ ਚੋਰਾਂ ਦੇ ਹੀ ਬਹੁ ਟਿਕਾਣੇ ਹੋ ਗਏ।
ਤੂੰ ਵੀ ਹੁਣ ਕੁਝ ਅਕਲ ਤੋਂ ਲੈ ਕੰਮ ਭੋਲੇ 'ਪੰਛੀਆ',
**ਜੋ ਸੀ ਤੇਰੇ ਤੋਂ ਵੀ ਪਾਗਲ, ਉਹ ਸਿਆਣੇ ਹੋ ਗਏ।**

---

ਕਰਨ ਲਈ ਪਹਿਲੇ ਕਦਮ ਚੁੱਕੇ।

ਵਾਹਿਨੀ ਬਣਾਏ ਜਾਣ ਦੇ ਇਕ ਸਾਲ ਦੇ ਅੰਦਰ ਗੋਰਖਪੁਰ ਅਤੇ ਇਸ ਦੇ ਗੁਆਂਢੀ ਜ਼ਿਲ੍ਹਿਆਂ 'ਚ ਬੇਸ਼ੁਮਾਰ ਛੋਟੀਆਂ ਘਟਨਾਵਾਂ ਤੋਂ ਇਲਾਵਾ ਫਿਰਕੂ ਹਿੰਸਾ ਦੇ ਘੱਟੋ-ਘੱਟ ਛੇ ਵੱਡੇ ਕਾਂਡ ਹੋਏ। ਜੂਨ ਮਹੀਨੇ ਕੁਸ਼ੀਨਗਰ ਜ਼ਿਲ੍ਹੇ ਦੇ ਮੋਹਨ ਮੁੰਡੇਰਾ, ਗੋਰਖਪੁਰ ਜ਼ਿਲ੍ਹੇ ਦੇ ਨਾਥੂਆ ਅਤੇ ਸ਼ਹਿਰ ਦੇ ਤੁਰਕਮਾਨਪੁਰ ਇਲਾਕੇ 'ਚ; ਅਗਸਤ ਵਿਚ ਮਹਾਰਾਜਗੰਜ ਜ਼ਿਲ੍ਹੇ ਵਿਚ ਨਰਕਤਾਹਾ; ਤੇ ਸਤੰਬਰ ਵਿਚ ਮਹਾਰਾਜਗੰਜ ਜ਼ਿਲ੍ਹੇ 'ਚ ਭੇਦਾਹੀ ਤੇ ਸੰਤ ਕਬੀਰ ਨਗਰ ਜ਼ਿਲ੍ਹੇ ਦੇ ਧਨਘਾਟਾ ਵਿਚ ਵੱਡੇ ਕਾਂਡ ਵਾਪਰੇ। ਸੱਭਿਆਚਾਰਕ ਸੰਸਥਾ ਵਜੋਂ ਰਜਿਸਟਰਡ ਹੋਣ ਦੇ ਬਾਵਜੂਦ ਗਰੁੱਪ ਪੂਰਾ ਹਮਲਾਵਰ ਸੀ। ਇਸ ਦੀ ਤਰਜੀਹੀ ਰਣਨੀਤੀ ਹਿੰਦੂ ਅਤੇ ਮੁਸਲਮਾਨ ਵਿਚਕਾਰ ਹਰ ਤਕਰਾਰ ਅਤੇ ਝਗੜੇ ਨੂੰ ਮਜ਼੍ਹਬੀ ਰੰਗਤ ਦੇਣਾ ਤੇ ਇਸ ਨੂੰ ਪੂਰੀ ਤਰ੍ਹਾਂ ਨਾਲ ਫਿਰਕੂ ਦੰਗਿਆਂ ਵਿਚ ਬਦਲਣ ਦੀ ਸੀ। ਅਗਲੇ ਸਾਲਾਂ 'ਚ ਫਿਰਕੂ ਗੜਬੜ ਲਗਾਤਾਰ ਜਾਰੀ ਰਹੀ, ਕਿਉਂਕਿ ਸਥਾਨਕ ਪ੍ਰਸ਼ਾਸਨ ਬੇਅਸਰ ਰਿਹਾ।

ਇਸ ਖੇਤਰ ਦੇ ਫਿਰਕੂ ਦੰਗਿਆਂ ਬਾਰੇ ਵੇਰਵਾ ਤਿਆਰ ਕਰਨ ਵਾਲੇ ਮਨੋਜ ਕੁਮਾਰ ਨੇ ਦੱਸਿਆ, "2007 ਵਿਚ ਅਦਿੱਤਿਆਨਾਥ ਦੀ ਗ੍ਰਿਫਤਾਰੀ ਤੱਕ ਗੋਰਖਪੁਰ ਅਤੇ ਲਾਗਲੇ ਜ਼ਿਲ੍ਹਿਆਂ 'ਚ ਘੱਟੋ-ਘੱਟ 22 ਵੱਡੇ ਦੰਗੇ ਹੋ ਚੁੱਕੇ ਹਨ।" ਅਸਲ ਵਿਚ, ਹਿੰਦੂ ਯੁਵਾ ਵਾਹਿਨੀ ਦੀਆਂ ਭੜਕਾਊ ਮੁਹਿੰਮਾਂ ਨੇ ਅਦਿੱਤਿਆਨਾਥ ਨੂੰ ਭਰਪੂਰ ਚੋਣ ਲਾਭ ਦਿੱਤਾ। 2004 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਨੇ ਗੋਰਖਪੁਰ ਸੀਟ ਜਿੱਤੀ, ਜਦੋਂ ਕਿ ਪੂਰੇ ਮੁਲਕ 'ਚ ਭਾਜਪਾ ਦੀ ਹਾਰ ਹੋਈ। ਉਸ ਦੀ ਜਿੱਤ ਦਾ ਫਰਕ ਤੇਜ਼ੀ ਨਾਲ ਵਧ ਕੇ ਇਕ ਲੱਖ ਚਾਲੀ ਹਜ਼ਾਰ ਤੋਂ ਵੱਧ ਵੋਟਾਂ ਤੱਕ ਪਹੁੰਚ ਗਿਆ।

ਸ਼ੁਰੂ 'ਚ ਇਉਂ ਜਾਪਿਆ ਕਿ 2007 ਦੇ ਝਟਕੇ, ਜਦੋਂ ਉਹ ਜੇਲ੍ਹ ਗਿਆ ਅਤੇ ਬਾਅਦ ਵਿਚ ਲੋਕ ਸਭਾ ਵਿਚ ਰੋਇਆ- ਨੇ ਸ਼ੁਰੂ 'ਚ ਅਦਿੱਤਿਆਨਾਥ ਨੂੰ ਸਿਆਸੀ ਤੌਰ 'ਤੇ ਵਧੇਰੇ ਸਮਝਦਾਰ ਅਤੇ ਸੰਜਮੀ ਬਣਾ ਦਿੱਤਾ ਸੀ। ਥੋੜ੍ਹੇ ਸਮੇਂ ਲਈ ਉਸ ਨੇ ਆਮ ਤੌਰ 'ਤੇ ਨਿੱਜੀ ਰੂਪ 'ਚ ਭੀੜ ਦੀ ਅਗਵਾਈ ਕਰਨ ਅਤੇ ਮੁਸਲਮਾਨਾਂ 'ਤੇ ਹਮਲਿਆਂ 'ਚ ਹਿੱਸਾ ਲੈਣ ਤੋਂ ਪਰਹੇਜ਼ ਕੀਤਾ ਜਿਵੇਂ ਉਹ ਪਹਿਲਾਂ ਕਰਦਾ ਸੀ। ਅਦਿੱਤਿਆਨਾਥ ਸਿਰਫ ਭੜਕਾਊ ਭਾਸ਼ਣ ਦੇਣ ਅਤੇ ਸੰਕੇਤਕ ਕਾਰਵਾਈਆਂ 'ਚ ਹਿੱਸਾ ਲੈਣ 'ਤੱਕ ਸੀਮਤ ਰਿਹਾ, ਜਦੋਂ ਕਿ ਬਾਕੀ ਕੰਮ ਉਸ ਦੀ ਹਿੰਦੂ ਮਿਲੀਸ਼ੀਆ ਕਰਦੀ ਰਹੀ। ਇਸ ਰਣਨੀਤੀ ਨਾਲ ਉਹ 2009 'ਚ ਹੋਰ ਵੀ ਵੱਡੇ ਫਰਕ ਨਾਲ ਲੋਕ ਸਭਾ 'ਚ ਵਾਪਸ ਆ ਗਿਆ।

ਜਦੋਂ ਨਰਿੰਦਰ ਮੋਦੀ ਨੇ 2014 ਦੀਆਂ ਆਮ ਚੋਣਾਂ ਲਈ ਆਪਣੀ ਮੁਹਿੰਮ ਸ਼ੁਰੂ ਕੀਤੀ ਤਾਂ ਅਦਿੱਤਿਆਨਾਥ ਅਤੇ ਉਸ ਦੀ ਮਿਲੀਸ਼ੀਆ ਨੇ ਪੂਰਬੀ ਉੱਤਰ ਪ੍ਰਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਆਪਣੀ ਡੂੰਘੀ ਜਥੇਬੰਦਕ ਮੌਜੂਦਗੀ ਨਾਲ ਇਸ ਵਿਚ ਕੇਂਦਰੀ ਭੂਮਿਕਾ ਨਿਭਾਈ। ਭਾਜਪਾ ਦੀ ਜਿੱਤ ਅਤੇ ਮੋਦੀ ਦੀ ਤਰੱਕੀ ਤੋਂ ਬਾਅਦ ਹਿੰਦੂ ਯੁਵਾ ਵਾਹਿਨੀ ਨੇ ਰਾਜ ਦੀਆਂ 2017 ਵਿਧਾਨ ਸਭਾ ਚੋਣਾਂ ਲਈ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਪੇਸ਼ ਕਰਨ ਲਈ ਭਾਜਪਾ ਨੂੰ ਮਜਬੂਰ ਕਰਨ ਖਾਤਰ ਮੁਹਿੰਮ ਵਿੱਢ ਦਿੱਤੀ ਪਰ ਉਹ ਆਪਣਾ ਰਾਹ ਅਖਤਿਆਰ ਨਹੀਂ ਕਰ ਸਕਦਾ ਸੀ ਅਤੇ ਭਾਜਪਾ ਇਸ ਅਹੁਦੇ ਲਈ ਕਿਸੇ ਵਿਅਕਤੀ ਨੂੰ ਚੁਣੇ ਬਿਨਾ ਹੀ ਚੋਣ ਮੈਦਾਨ 'ਚ ਕੁੱਦ ਪਈ। ਚੋਣਾਂ ਤੋਂ ਪਹਿਲਾਂ ਅਦਿੱਤਿਆਨਾਥ ਨੂੰ ਰਤਾ ਕੁ ਝਟਕਾ ਲੱਗਾ। ਵਾਹਿਨੀ ਦੇ ਆਗੂਆਂ ਦੀਆਂ ਵਧਦੀਆਂ ਰਾਜਨੀਤਕ ਇੱਛਾਵਾਂ ਨੇ ਮਿਲੀਸ਼ੀਆ ਵਿਚ ਫੁੱਟ ਪਾ ਦਿੱਤੀ, ਜਦੋਂ ਸੁਨੀਲ ਸਿੰਘ ਸਮੇਤ ਇਸ ਦੇ ਕੁਝ ਮੈਂਬਰਾਂ ਨੂੰ ਭਾਜਪਾ ਵੱਲੋਂ ਚੋਣ ਉਮੀਦਵਾਰ ਨਹੀਂ ਬਣਾਇਆ ਗਿਆ। ਬਾਗੀਆਂ ਨੇ ਦਰਜਨ ਤੋਂ ਵੱਧ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਪਰ ਉਹ ਹਾਰ ਗਏ।





*ਮਹੰਤ ਅਵੈਦਿਆਨਾਥ ਤੇ ਯੋਗੀ ਅਦਿੱਤਿਆਨਾਥ ਅਤੇ (ਸੱਜੇ) ਹਿੰਦੂ ਯੁਵਾ ਵਾਹਿਨੀ ਦਾ ਮੁਖੀ ਰਿਹਾ ਸੁਨੀਲ ਸਿੰਘ।*

ਹੁਣ ਅਦਿੱਤਿਆਨਾਥ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਪਾਲਾਬੰਦੀ ਕਰਨ ਵਾਲਾ ਵਿਅਕਤੀ ਸੀ।

ਅਗਲਾ ਮੁੱਖ ਮੰਤਰੀ ਕਿਸ ਨੂੰ ਬਿਠਾਉਣਾ ਹੈ, ਭਾਜਪਾ ਨੇ ਇਹ ਫੈਸਲਾ ਕਰਨ ਤੋਂ ਪਹਿਲਾਂ ਹਫਤਾ ਬੇਚੈਨੀ ਭਰਿਆ ਸੀ। ਜਿਸ ਦਿਨ 11 ਮਾਰਚ ਨੂੰ ਵੋਟਾਂ ਦੀ ਗਿਣਤੀ ਹੋਈ, ਲਖਨਊ ਵਿਚ ਅਫਵਾਹਾਂ ਅਤੇ ਵਿਵਾਦਾਂ ਦੀ ਭਰਮਾਰ ਸੀ ਕਿਉਂਕਿ ਪਾਰਟੀ ਦੇ ਅੰਦਰ ਜ਼ੋਰਦਾਰ ਕਸ਼ਮਕਸ਼ ਚੱਲ ਰਹੀ ਸੀ। ਮਨੋਜ ਸਿਨਹਾ ਨੂੰ ਇਸ ਅਹੁਦੇ ਲਈ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਸੀ। ਜਦੋਂ ਅਦਿੱਤਿਆਨਾਥ ਦੇ ਸਿਰ 'ਤੇ ਤਾਜ ਸਜਿਆ ਤਾਂ ਦੇਖਣ ਵਾਲੇ ਹੈਰਾਨ ਰਹਿ ਗਏ।

ਜਦੋਂ ਅਦਿੱਤਿਆਨਾਥ ਸਫਲਤਾ ਦੀ ਟੀਸੀ 'ਤੇ ਪਹੁੰਚਿਆ ਤਾਂ ਉਸ ਦਾ ਅਤੀਤ ਵੀ ਨਾਲ ਜੁੜਿਆ ਰਿਹਾ। ਅਲਾਹਾਬਾਦ ਹਾਈ ਕੋਰਟ ਨੇ ਪਰਵੇਜ਼ ਪਰਵਾਜ਼ ਵੱਲੋਂ ਦਾਇਰ ਪਟੀਸ਼ਨ 'ਤੇ ਕਾਰਵਾਈ ਕਰਦੇ ਹੋਏ 10 ਮਾਰਚ 2017 ਨੂੰ (ਵੋਟਾਂ ਦੀ ਗਿਣਤੀ ਤੋਂ ਇਕ ਦਿਨ ਪਹਿਲਾਂ) ਹੁਕਮ ਜਾਰੀ ਕਰਕੇ ਰਾਜ ਸਰਕਾਰ ਨੂੰ 2007 ਵੱਲੋਂ ਅਦਿੱਤਿਆਨਾਥ ਦੇ ਗੋਰਖਪੁਰ ਵਿਚ ਦਿੱਤੇ ਭੜਕਾਊ ਭਾਸ਼ਣ ਨਾਲ ਸੰਬੰਧਤ ਕੇਸ ਦੀ ਸਥਿਤੀ ਦੱਸਣ ਲਈ ਕਿਹਾ। ਮੁੱਖ ਮੰਤਰੀ ਬਣਦਿਆਂ ਹੀ ਉਸ ਨੂੰ ਆਪਣੇ ਮੇਜ਼ ਉੱਪਰ ਪੁਲਿਸ ਵੱਲੋਂ ਇਸ ਕੇਸ ਦਾ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦੀ ਬੇਨਤੀ ਮਿਲੀ।

ਪਰਵਾਜ਼ ਨੇ ਇਕ ਦਹਾਕੇ ਤੱਕ ਇਸ ਕੇਸ ਦੀ ਪੈਰਵਾਈ ਕੀਤੀ ਸੀ। ਉਸ ਨੇ 2017 ਵਿਚ ਮੈਨੂੰ ਦੱਸਿਆ, "ਸ਼ੁਰੂ 'ਚ ਮੈਂ ਸੋਚਦਾ ਸੀ ਕਿ ਇਸ ਦਾ ਨਤੀਜਾ ਬੁਰਾ ਹੋਵੇਗਾ। ਮੇਰੇ ਕੋਲ ਜੋ ਵੀ ਜਾਇਦਾਦ ਸੀ, ਵੇਚਣੀ ਪਈ ਤਾਂ ਜੋ ਮੈਂ ਅਦਾਲਤੀ ਲੜਾਈ ਲੜ ਸਕਾਂ ਜੋ ਅਨੰਤ ਜਾਪਦੀ ਸੀ ਪਰ ਮੇਰੇ ਕੋਲ ਅਦਿੱਤਿਆਨਾਥ ਦੇ ਖਿਲਾਫ ਠੋਸ ਸਬੂਤ ਸਨ, ਤੇ ਇਹ ਘੋਰ ਨਿਰਾਸ਼ਾ 'ਚ ਵੀ ਮੈਨੂੰ ਢਾਰਸ ਦਿੰਦੇ ਰਹੇ।"

ਪਰਵਾਜ਼ ਨੇ ਜੋ ਸਬੂਤ ਜੁਟਾਏ ਸਨ, ਉਨ੍ਹਾਂ ਦੇ ਆਧਾਰ 'ਤੇ ਪੁਲਿਸ ਨੇ ਸ਼ੁਰੂ 'ਚ ਐਫ.ਆਈ.ਆਰ. ਦਰਜ ਕਰਨ ਤੋਂ ਨਾਂਹ ਕਰ ਦਿੱਤੀ। ਉਹ ਅਦਾਲਤ ਚਲਾ ਗਿਆ। ਹਾਈ ਕੋਰਟ ਦੇ ਦਖਲ ਤੋਂ ਬਾਅਦ ਹੀ ਉਹ ਸਤੰਬਰ 2008 'ਚ ਗੋਰਖਪੁਰ ਦੇ ਛਾਉਣੀ ਥਾਣੇ 'ਚ ਐਫ.ਆਈ.ਆਰ. ਦਰਜ ਕਰਵਾ ਸਕਿਆ। ਬਾਅਦ ਵਿਚ ਕ੍ਰਾਈਮ ਬ੍ਰਾਂਚ-ਸੀ.ਆਈ.ਡੀ. ਨੇ ਦੋਸ਼ਾਂ ਦੀ ਜਾਂਚ ਕੀਤੀ ਅਤੇ ਦੇਖਿਆ ਕਿ ਅਦਿੱਤਿਆਨਾਥ ਤੇ ਉਸ ਦੇ ਚਾਰ ਸਾਥੀਆਂ ਵਿਰੁੱਧ ਮੁਕੱਦਮਾ ਚਲਾਉਣ ਲਈ ਚੋਖਾ ਦਮ ਹੈ। ਕ੍ਰਾਈਮ ਬ੍ਰਾਂਚ-ਸੀ.ਆਈ.ਡੀ. ਦੇ ਸੁਝਾਏ ਦੋਸ਼ਾਂ ਵਿਚੋਂ ਇਕ ਭਾਰਤੀ ਦੰਡਾਵਲੀ ਦੀ ਧਾਰਾ 153 ਤਹਿਤ ਸੀ; ਭਾਵ, ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਉਕਸਾਉਣਾ, ਇਸ ਅਪਰਾਧ ਦਾ ਨੋਟਿਸ ਲੈਣ ਲਈ ਸਰਕਾਰੀ ਮਨਜ਼ੂਰੀ ਦੀ ਲੋੜ ਸੀ। ਇਸ ਲਈ 10 ਜੁਲਾਈ 2015 ਨੂੰ ਪੁਲਿਸ ਦੀ ਅਪਰਾਧ ਸ਼ਾਖਾ ਨੇ ਉੱਤਰ ਪ੍ਰਦੇਸ਼ ਦੇ ਗ੍ਰਹਿ ਵਿਭਾਗ ਤੋਂ ਅਦਿੱਤਿਆਨਾਥ ਅਤੇ ਹੋਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗੀ। ਇਹ ਬੇਨਤੀ ਲਗਭਗ ਦੋ ਸਾਲ ਪਈ ਰਹੀ ਕਿਉਂਕਿ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਦੀ ਅਦਿੱਤਿਆਨਾਥ ਪ੍ਰਤੀ ਖੁਸ਼ਾਮਦੀ ਨੀਤੀ ਨੂੰ 2017 ਦੀਆਂ ਚੋਣਾਂ ਵਿਚ ਸਮਾਜਵਾਦੀ ਪਾਰਟੀ ਦੀ ਹਾਰ ਹੋਣ ਤੱਕ ਜਾਰੀ ਰੱਖਿਆ।

ਹੁਣ ਜਦੋਂ ਉਹ ਮੁੱਖ ਮੰਤਰੀ ਸੀ ਤਾਂ ਅਦਿੱਤਿਆਨਾਥ ਲਈ ਆਪਣੇ ਕੰਮਾਂ ਦੀ ਖਿਲਾਫ ਜਨਤਕ ਜਾਂਚ ਤੋਂ ਬਚਣਾ ਬਹੁਤ ਮੁਸ਼ਕਿਲ ਸੀ। ਇਸ ਤੋਂ ਬਾਅਦ ਦੇ ਮਹੀਨਿਆਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਸਵੈ-ਸੁਰੱਖਿਆ ਅਜੇ ਵੀ ਉਸ ਦਾ ਮੁੱਖ ਰਾਹ ਦਰਸਾਊ ਉਦੇਸ਼ ਹੈ - ਉਹ ਮੁਕੱਦਮੇ ਤੋਂ ਬਿਨਾ ਹੀ ਆਪਣੇ ਕੇਸ ਦਾ ਨਿਬੇੜਾ ਕਰਨ 'ਚ ਕਾਮਯਾਬ ਹੋ ਗਿਆ।

11 ਮਈ 2017 ਨੂੰ ਰਾਜ ਸਰਕਾਰ ਨੇ ਮੁੱਖ ਸਕੱਤਰ ਰਾਹੁਲ ਭਟਨਾਗਰ ਦੁਆਰਾ ਦਾਇਰ ਹਲਫਨਾਮੇ ਰਾਹੀਂ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਉਸ ਨੇ ਐਫ.ਆਈ.ਆਰ. ਵਿਚ ਨਾਮਜ਼ਦ ਅਦਿੱਤਿਆਨਾਥ ਅਤੇ ਹੋਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਦੇ ਆਧਾਰ 'ਤੇ ਅਲਾਹਾਬਾਦ ਹਾਈ ਕੋਰਟ ਨੇ 22 ਫਰਵਰੀ 2018 ਨੂੰ ਪਰਵਾਜ਼ ਦੀ ਪਟੀਸ਼ਨ ਖਾਰਜ ਕਰ ਦਿੱਤੀ। ਆਪਣੇ ਸਹਿ-ਪਟੀਸ਼ਨਰ ਅਸਦ ਹਯਾਤ ਨਾਲ ਉਸ ਨੇ ਹੁਣ ਸੁਪਰੀਮ ਕੋਰਟ ਦਾ ਦਰ ਖੜਕਾਇਆ ਹੈ।

4 ਜੂਨ 2018 ਨੂੰ ਸੁਪਰੀਮ ਕੋਰਟ ਦੀ ਅਪੀਲ 'ਤੇ ਵਿਚਾਰ ਕਰਨ ਤੋਂ ਪਹਿਲਾਂ ਗੋਰਖਪੁਰ ਦੇ ਰਾਜਘਾਟ ਥਾਣੇ ਨੇ ਪਰਵਾਜ਼ ਅਤੇ ਉਸ ਦੇ ਦੋਸਤ ਜੁੰਮਨ ਬਾਬਾ 'ਤੇ ਬਲਾਤਕਾਰ ਦਾ ਦੋਸ਼ ਲਗਾਉਂਦੇ ਹੋਏ ਐਫ.ਆਈ.ਆਰ. ਦਰਜ ਕੀਤੀ। ਕੇਸ ਦੀ ਲਗਾਤਾਰ ਰਿਪੋਰਟਿੰਗ ਕਰਨ ਵਾਲੇ ਮਨੋਜ ਕੁਮਾਰ ਅਨੁਸਾਰ ਦੋਸ਼ਾਂ 'ਚ ਕੋਈ ਦਮ ਨਹੀਂ ਸੀ। ਉਸ ਨੇ ਦਲੀਲ ਦਿੱਤੀ ਕਿ ਰਾਜਘਾਟ ਦੇ ਐਸ.ਐਚ.ਓ. ਆਸ਼ੂਤੋਸ਼ ਕੁਮਾਰ ਸਿੰਘ ਜਿਸ ਨੇ ਕਥਿਤ ਘਟਨਾ ਦੀ ਤਫਤੀਸ਼ ਕੀਤੀ, ਨੂੰ ਖੁਦ ਨੂੰ ਇਹ ਮਾਮਲਾ ਖੋਖਲਾ ਜਾਪਿਆ ਸੀ। ਮਨੋਜ ਕੁਮਾਰ ਨੇ ਮੈਨੂੰ ਦੱਸਿਆ, "ਆਪਣੀ ਰਿਪੋਰਟ ਵਿਚ ਉਸ ਨੇ ਮੈਨੂੰ ਦੱਸਿਆ ਕਿ ਜਿਸ ਥਾਂ 'ਤੇ ਕਥਿਤ ਜੁਰਮ ਹੋਇਆ ਸੀ, ਉਹ ਭੀੜ-ਭੜੱਕੇ ਵਾਲੀ ਥਾਂ ਸੀ ਅਤੇ ਜੁਰਮ ਦੇ ਸਮੇਂ ਵੀ ਇਲਾਕਾ ਲੋਕਾਂ ਨਾਲ ਭਰਿਆ ਹੋਇਆ ਸੀ।" ਉਸ ਨੇ ਇਹ ਵੀ ਜ਼ਿਕਰ ਕੀਤਾ ਕਿ ਕਥਿਤ ਬਲਾਤਕਾਰ ਸਮੇਂ ਦੋਵਾਂ ਮੁਲਜ਼ਮਾਂ ਦੀ ਲੋਕੇਸ਼ਨ ਵਾਰਦਾਤ ਵਾਲੀ ਥਾਂ ਤੋਂ ਕਾਫੀ ਦੂਰ ਸੀ। ਇਸ ਲਈ ਐਸ.ਐਚ.ਓ. ਨੇ ਆਪਣੀ ਰਿਪੋਰਟ ਵਿਚ ਐਫ.ਆਈ.ਆਰ. ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।"

ਐਸ.ਐਚ.ਓ. ਨੇ ਆਪਣੀ ਰਿਪੋਰਟ ਦੇਣ ਤੋਂ ਬਾਅਦ ਪਰਵਾਜ਼ ਨੇ ਫੇਸਬੁੱਕ ਪੋਸਟ ਵਿਚ ਪੁੱਛਿਆ ਕਿ ਜਦੋਂ ਉਹ 'ਪੂਰਵਾਂਚਲ ਦੇ ਫਿਰਕਾਪ੍ਰਸਤਾਂ' ਵਿਰੁੱਧ ਕਾਨੂੰਨੀ ਲੜਾਈ ਵਿਚ ਰੁੱਝਿਆ ਹੋਇਆ ਸੀ, ਫਿਰ ਕੌਣ ਉਸ ਨੂੰ ਇਸ ਕੇਸ ਵਿਚ ਝੂਠਾ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਾਅਦ ਵਿਚ ਉਸੇ ਮਹੀਨੇ ਗੋਰਖਪੁਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਸ਼ਲਭ ਮਾਥੁਰ ਨੇ ਐਸ.ਐਚ.ਓ. ਦੀ ਰਿਪੋਰਟ ਖਾਰਜ ਕਰ ਦਿੱਤੀ ਜਿਸ ਨੇ ਮਾਮਲੇ ਦੀ ਨਵੀਂ ਜਾਂਚ ਦੇ ਆਦੇਸ਼ ਦਿੱਤੇ। ਇਸ ਦੂਜੀ ਜਾਂਚ ਦੇ ਆਧਾਰ 'ਤੇ ਪਰਵਾਜ਼ ਨੂੰ 25 ਸਤੰਬਰ ਨੂੰ ਗ੍ਰਿਫਤਾਰ ਕੀਤਾ ਗਿਆ। ਮਨੋਜ ਕੁਮਾਰ ਨੇ ਕਿਹਾ, "ਉਸ ਅਤੇ ਉਸ ਦੇ ਦੋਸਤ 'ਤੇ ਜ਼ਿਲ੍ਹਾ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ ਸੀ ਜਿਸ ਨੇ ਉਨ੍ਹਾਂ ਨੂੰ ਜੁਲਾਈ 2020 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ।"

ਦੋਵਾਂ ਮਾਮਲਿਆਂ ਵਿਚ ਅਪੀਲਾਂ ਵਿਚਾਰ-ਅਧੀਨ ਹਨ - ਅਦਿੱਤਿਆਨਾਥ ਖਿਲਾਫ ਨਫਰਤ ਭਰੇ ਭਾਸ਼ਣ ਦੇ ਮਾਮਲੇ 'ਚ ਸੁਪਰੀਮ ਕੋਰਟ ਵਿਚ ਅਤੇ ਪਰਵਾਜ਼ ਦੇ ਖਿਲਾਫ ਬਲਾਤਕਾਰ ਦੇ ਮਾਮਲੇ 'ਚ ਅਲਾਹਾਬਾਦ ਹਾਈ ਕੋਰਟ ਵਿਚ।

ਮੈਂ ਅਦਿੱਤਿਆਨਾਥ ਨੂੰ ਕਈ ਇੰਟਰਵਿਊ ਬੇਨਤੀਆਂ ਭੇਜੀਆਂ ਪਰ ਕੋਈ ਜਵਾਬ ਨਹੀਂ ਮਿਲਿਆ।

(ਚਲਦਾ)

# ਖੂਹ ਦੀਆਂ ਬਾਤਾਂ...

**ਕਲਾ ਪਰਿਕਰਮਾ**



ਸਭਿਆਚਾਰ ਵਿਸ਼ਾਲ ਵਰਤਾਰਾ ਹੈ। ਇਸ ਵਿਚ ਸੰਬੰਧਿਤ ਸਮਾਜ ਦੇ ਸਾਰੇ ਪੱਖ ਸਿੱਧੇ ਅਸਿੱਧੇ ਤਰੀਕੇ ਨਾਲ ਸਮਾਏ ਹੁੰਦੇ ਹਨ। ਕੁਝ ਇਸੇ ਤਰ੍ਹਾਂ ਹੀ ਪੰਜਾਬੀ ਸਭਿਆਚਾਰ ਹੈ। ਇਹ ਕੁਦਰਤ, ਰੁੱਤਾਂ, ਰੁੱਖਾਂ, ਪਸ਼ੂਆਂ, ਪੰਛੀਆਂ ਸਮੇਤ ਮਨੁੱਖੀ ਜ਼ਿੰਦਗੀ ਦੇ ਹਰ ਪੱਖ ਨੂੰ ਆਪਣੇ ਵਿਚ ਵੱਖ-ਵੱਖ ਤਰੀਕਿਆਂ ਨਾਲ ਸਮੋਈ ਬੈਠਾ ਹੈ। ਖੂਹ, ਟੋਭੇ, ਛੱਪੜ, ਸੱਥ ਤੇ ਦੂਸਰੇ ਪੱਖ ਤੇ ਸਾਧਨ ਵੀ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਹਿੱਸਾ ਹਨ। ਇਸੇ ਤਰ੍ਹਾਂ ਖੂਹ ਦੂਸਰੇ ਸਭਿਆਚਾਰ ਦੇ ਲੋਕਾਂ ਦੇ ਨਾਲ-ਨਾਲ ਪੰਜਾਬੀਆਂ ਵਿਚ ਹਰਮਨ ਪਿਆਰਾ ਅਤੇ ਪੰਜਾਬੀ ਸਭਿਆਚਾਰ ਵਿਚ ਖਾਸ ਸਥਾਨ ਰੱਖਣ ਵਾਲਾ ਹੈ।

ਪਾਣੀ ਮਨੁੱਖ ਅਤੇ ਦੂਸਰੇ ਜੀਵਾਂ ਲਈ ਜ਼ਰੂਰੀ ਲੋੜ ਹੈ। ਪੁਰਾਤਨ ਸਮੇਂ ਤੋਂ ਹੀ ਮਨੁੱਖ ਕੁਦਰਤੀ ਜਲ ਸਰੋਤਾਂ 'ਤੇ ਨਿਰਭਰ ਰਹਿੰਦਾ ਰਿਹਾ

**ਜੱਗਾ ਸਿੰਘ ਆਦਮਕੇ**
**ਫੋਨ: +91-94178-32908**

ਹੈ। ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਲਗਾਤਾਰ ਸਾਧਨਾਂ ਦੀ ਖੋਜ ਤਹਿਤ ਪਾਣੀ ਸਰੋਤ ਦੇ ਰੂਪ ਵਿਚ ਖੂਹ ਲੱਭਿਆ ਗਿਆ। ਇਸ ਤਰ੍ਹਾਂ ਪੁਰਾਤਨ ਸਮਿਆਂ ਤੋਂ ਖੂਹ ਪਾਣੀ ਦਾ ਬੇਹੱਦ ਮਹੱਤਵਪੂਰਨ ਸਰੋਤ ਰਿਹਾ ਹੈ। ਖੂਹ ਲੋਕਾਂ ਨੂੰ ਪਾਣੀ ਦਾ ਸਾਧਨ ਹੋਣ ਦੇ ਨਾਲ ਨਾਲ ਪੰਜਾਬੀ ਜਨ ਜੀਵਨ ਅਤੇ ਸਭਿਆਚਾਰ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਖੂਹ ਦਾ ਜ਼ਿਕਰ ਪੰਜਾਬੀ ਸਾਹਿਤ, ਲੋਕ ਸਾਹਿਤ, ਗੀਤਾਂ, ਕਹਾਵਤਾਂ ਆਦਿ ਵਿਚ ਅਕਸਰ ਮਿਲਦਾ ਹੈ। ਸਾਫ ਤੇ ਤਾਜ਼ਾ ਪਾਣੀ ਦੇ ਆਧੁਨਿਕ ਸਾਧਨਾਂ ਦੀ ਘਾਟ ਕਾਰਨ ਲੋਕ ਖੂਹ 'ਤੇ ਨਿਰਭਰ ਸਨ। ਇਸ ਲਈ ਭਾਰਤ ਦੇ ਦੂਸਰੇ ਹਿੱਸਿਆਂ ਸਮੇਤ ਪੰਜਾਬ ਦੇ ਪਿੰਡਾਂ, ਨਗਰਾਂ ਵਿਚ ਲੋਕਾਂ ਵੱਲੋਂ ਸਾਂਝੇ ਖੂਹ ਖੁਦਵਾਏ ਜਾਂਦੇ ਸਨ। ਸਾਧਨਾਂ ਵਾਲੇ ਲੋਕ ਆਪਣੇ ਵੱਖਰੇ ਨਿੱਜੀ ਖੂਹ ਵੀ ਲਗਵਾਉਂਦੇ ਸਨ। ਸਾਂਝੇ ਖੂਹਾਂ ਦੀ ਘਰ ਤੋਂ ਦੂਰੀ ਅਤੇ ਵਿੱਤੀ ਸਾਧਨਾਂ ਸਦਕੇ ਸਰਦੇ ਪੁੱਜਦੇ ਘਰ ਆਪਣਾ ਨਿੱਜੀ ਖੂਹ ਖੁਦਵਾਉਂਦੇ ਸਨ। ਅਜਿਹਾ ਹੋਣ ਕਾਰਨ ਕਿਸੇ ਕੋਲ ਨਿੱਜੀ ਖੂਹ ਹੋਣਾ ਪਾਣੀ ਦੇ ਨਿੱਜੀ ਸਾਧਨ ਤੋਂ ਅੱਗੇ ਹੋਰ ਅਰਥ ਵੀ ਰੱਖਦਾ ਸੀ। ਅਜਿਹਾ ਹੋਣ ਕਾਰਨ ਧੀਆਂ ਦੀ ਇੱਛਾ ਹੁੰਦੀ ਸੀ ਕਿ ਉਨ੍ਹਾਂ ਨੂੰ ਅਜਿਹਾ ਘਰ ਮਿਲੇ ਜਿਸ ਕੋਲ ਆਪਣਾ ਖੂਹ ਹੋਵੇ:

ਦੇਈਂ ਵੇ ਬਾਬਲਾ ਓਸ ਘਰੇ
ਜਿੱਥੇ ਵਗਣ ਦੋਵਾਟੇ ਖੂਹ।
ਠੰਢਾ ਮਿੱਠਾ ਜਲ ਮਿਲੇ
ਮੇਰੀ ਖਿੜੀ ਰਹੇ ਸਦਾ ਰੂਹ।
ਵੇ ਬਾਬਲਾ ਤੇਰਾ ਪੁੰਨ ਹੋਵੇ।

ਖੂਹ 'ਤੇ ਪਾਣੀ ਭਰਨ ਵਾਲਿਆਂ ਵੱਲੋਂ ਆਮ ਗੱਲਾਂ ਤੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਹੁੰਦੀ ਸੀ। ਲੋਕਾਂ ਦੇ ਘਰ ਪਰਿਵਾਰਾਂ ਵਿਚ ਵਾਪਰਨ ਵਾਲੀਆਂ ਗੰਭੀਰ ਕਿਸਮ ਦੀਆਂ ਗੱਲਾਂ ਦਾ ਸੰਚਾਰ ਵੀ ਖੂਹ 'ਤੇ ਹੀ ਹੁੰਦਾ ਸੀ। ਅਜਿਹਾ ਹੋਣ ਕਾਰਨ ਲੋਕਾਂ ਨੂੰ ਲੱਜ ਅਤੇ ਖੂਹ ਟੋਭਿਆਂ 'ਤੇ ਗੱਲਾਂ ਹੋਣ ਦਾ ਡਰ ਆਮ ਹੀ ਰਹਿੰਦਾ ਸੀ:

ਸੁਣ ਨੀਂ ਕੁੜੀਏ ਮਛਲੀ ਵਾਲੀਏ
ਮਛਲੀ ਨਾ ਚਮਕਾਈਏ।
ਨੀਂ ਖੂਹ ਟੋਭੇ 'ਤੇ ਚਰਚਾ ਹੁੰਦੀ
ਚਰਚਾ ਨਾ ਕਰਵਾਈਏ।
ਧਰਮੀ ਬਾਬਲ ਦੀ
ਪੱਗ ਨੂੰ ਦਾਗ ਨਾ ਲਾਈਏ।

ਖੂਹ ਪੀਣ ਦੇ ਪਾਣੀ ਦਾ ਸਰੋਤ ਹੋਣ ਦੇ ਨਾਲ-ਨਾਲ ਲੋਕਾਂ ਲਈ ਮੇਲ-ਮਿਲਾਪ ਦਾ ਸਰੋਤ ਵੀ ਰਿਹਾ ਹੈ। ਲੋਕ ਗੀਤਾਂ ਵਿਚ ਇਸ ਸੰਬੰਧੀ ਵਰਣਨ ਕੁਝ ਇਸ ਤਰ੍ਹਾਂ ਕੀਤਾ ਮਿਲਦਾ ਹੈ:

ਖੂਹ 'ਤੇ ਪਾਣੀ ਮੈਂ ਭਰਾਂ
ਚੀਰੇ ਵਾਲਿਆ ਵੇ।
ਆ ਗਾਗਰ ਨੂੰ ਹੱਥ ਲਵਾ
ਤੈਨੂੰ ਮਿਲਣ ਦਾ ਦਿਲ ਮੇਰੇ ਚਾਅ।

ਖੂਹ ਸਭਿਆਚਾਰ ਦੇ ਪੱਖ ਤੋਂ ਪੰਜਾਬੀ ਮੁਟਿਆਰਾਂ ਦੇ ਪਹਿਰਾਵੇ ਅਤੇ ਹਾਰ ਸ਼ਿੰਗਾਰ ਦੇ ਦਰਸ਼ਨ ਕਰਵਾਉਣ ਵਾਲੀ ਥਾਂ ਵੀ ਸਾਬਤ ਹੁੰਦਾ ਹੈ। ਖੂਹ ਤੋਂ ਪਾਣੀ ਭਰਨ ਜਾਣ ਸਮੇਂ ਆਮ ਕਰਕੇ ਵਿਆਹੁਤਾ ਮੁਟਿਆਰਾਂ ਪੂਰਾ ਹਾਰ ਸ਼ਿੰਗਾਰ ਕਰਕੇ ਅਤੇ ਸਜ ਕੇ ਜਾਂਦੀਆਂ ਸਨ। ਇਸ ਸਮੇਂ ਉਨ੍ਹਾਂ ਨੇ ਪੂਰੇ ਗਹਿਣੇ ਗੱਟੇ ਪਾਏ ਹੁੰਦੇ ਸਨ। ਖੂਹ 'ਤੇ ਪਾਣੀ ਭਰਨ ਜਾਣ ਦੇ ਅਜਿਹੇ ਵਰਤਾਰੇ ਦਾ ਵਰਣਨ ਲੋਕ ਬੋਲੀਆਂ ਵਿਚ ਕੁਝ ਇਸ ਤਰ੍ਹਾਂ ਮਿਲਦਾ ਹੈ:

ਖੂਹ ਤੋਂ ਪਾਣੀ ਭਰਨ ਗਈ ਸੀ
ਡੋਲ ਭਰ ਲਿਆਈ ਸਾਰਾ
ਤੁਰਦੀ ਦਾ ਲੱਕ ਝੂਟੇ ਖਾਂਦਾ
ਪੈਲਾਂ ਪਾਉਂਦਾ ਗਰਾਰਾ
ਜੱਟਾਂ ਦੇ ਪੁੱਤ ਸਾਧ ਹੋ ਗਏ
ਛੱਡ ਗਏ ਤਖਤ ਹਜ਼ਾਰਾ
ਤੇਰੀਆਂ ਡੰਡੀਆਂ ਦਾ
ਚੰਦ ਵਰਗਾ ਚਮਕਾਰਾ।

ਪਾਣੀ ਹਰ ਕਿਸੇ ਦੀ ਜ਼ਰੂਰਤ ਹੈ ਪਰ ਬਹੁਤ ਸਾਰੇ ਲੋਕਾਂ ਦੇ ਨਿੱਜੀ ਖੂਹਾਂ ਤੋਂ ਮੁਟਿਆਰਾਂ ਪਾਣੀ ਭਰਨ ਤੋਂ ਕੁਝ ਇਸ ਤਰ੍ਹਾਂ ਦੇ ਕਾਰਨਾਂ ਕਰਕੇ ਕਿਨਾਰਾ ਵੀ ਕਰਦੀਆਂ :

ਪਾਵੇ ਪਾਵੇ ਪਾਵੇ
ਬਈ ਛੜਿਆਂ ਦਾ ਖੂਹ ਚੱਲਦਾ
ਕੋਈ ਕੱਪੜੇ ਧੋਣ ਨਾ ਆਵੇ।

ਖੂਹ ਤੋਂ ਪਾਣੀ ਭਰਨ ਵਾਲੀਆਂ ਮੁਟਿਆਰਾਂ ਦੀ ਸਮੂਹਾਂ ਵਿਚ ਖੂਹ 'ਤੇ ਆਵਾਜਾਈ ਲੱਗੀ ਰਹਿੰਦੀ। ਅਜਿਹੇ ਸਮੇਂ ਮੁਟਿਆਰਾਂ ਤੇ ਕੂੰਜਾਂ ਵਿਚ ਸਮਾਨਤਾ ਦਰਸਾਉਣ ਵਾਲਿਆਂ ਨੂੰ ਪਾਣੀ ਭਰਨ ਜਾਂਦੀਆਂ ਮੁਟਿਆਰਾਂ ਦੇ ਸਮੂਹ ਕੂੰਜਾਂ ਦੀਆਂ ਡਾਰਾਂ ਵਾਂਗ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦੇ:

ਦੇਸ ਮੇਰੇ ਦੀਆਂ ਕੁੜੀਆਂ ਦੇਖ ਲਓ
ਅੱਲ੍ਹੜ ਤੇ ਮੁਟਿਆਰਾਂ।
ਚੁੱਕ ਕੇ ਘੜੇ ਚੱਲੀਆਂ ਖੂਹ 'ਤੇ ਪਾਣੀ ਨੂੰ
ਜਿਉਂ ਕੂੰਜਾਂ ਦੀਆਂ ਡਾਰਾਂ।

ਪੰਜਾਬੀ ਜਨ ਜੀਵਨ, ਲੋਕ ਸਾਹਿਤ ਆਦਿ ਵਿਚ ਖੂਹ ਰਚਿਆ ਮਿਚਿਆ ਹੋਇਆ ਹੈ। ਖੂਹ ਦਾ ਜ਼ਿਕਰ ਪੰਜਾਬੀ ਦੇ ਵੱਖ-ਵੱਖ ਸਾਹਿਤ ਰੂਪਾਂ ਵਿਚ ਅਕਸਰ ਹੀ ਮਿਲਦਾ ਹੈ। ਪੰਜਾਬੀ ਬੁਝਾਰਤਾਂ ਵਿਚ ਵੀ ਖੂਹ ਦਾ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ:

ਆਰ ਢਾਂਗਾਂ ਪਾਰ ਢਾਂਗਾਂ
ਵਿਚ ਟੱਲਮ ਟੱਲੀਆਂ।
ਆਉਣ ਕੂੰਜਾਂ ਦੇਣ ਬੱਚੇ
ਨਦੀ ਨਹਾਉਣ ਚੱਲੀਆਂ।

ਲੋਕ ਬੋਲੀਆਂ ਵਿਚ ਵੱਖ-ਵੱਖ ਪ੍ਰਸੰਗਾਂ ਵਿਚ ਖੂਹ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

ਤਾਰਾਂ ਤਾਰਾਂ ਤਾਰਾਂ
ਬੋਲੀਆਂ ਖੂਹ ਭਰ ਦਿਆਂ
ਜਿੱਥੇ ਪਾਣੀ ਭਰਨ ਮੁਟਿਆਰਾਂ।

ਖੂਹ ਪੀਣ ਦੇ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ ਨਾਲ ਹੋਰਨਾਂ ਪੱਖਾਂ ਲਈ ਵੀ ਵਰਤਿਆ ਜਾਂਦਾ ਹੈ:

ਖੂਹ 'ਤੇ ਬੈਠੀ ਦਾਤਣ ਕਰਦੀ
ਚਿੱਟਿਆਂ ਦੰਦਾਂ ਦੀ ਮਾਰੀ।

ਪੰਜਾਬੀ ਜਨ ਜੀਵਨ ਵਿਚ ਖੂਹ ਦੇ ਬਹੁਪੱਖੀ ਮਹੱਤਵ ਕਾਰਨ ਪੰਜਾਬੀ ਦੇ ਅਨੇਕਾਂ ਮੁਹਾਵਰੇ ਅਖਾਣਾਂ ਵਿਚ ਵੀ ਖੂਹ ਦਾ ਜ਼ਿਕਰ ਵੱਖ-ਵੱਖ ਅਰਥਾਂ ਵਿਚ ਮਿਲਦਾ ਹੈ: ਖੂਹ ਦੀ ਮਿੱਟੀ ਖੂਹ ਵਿਚ ਲੱਗਣੀ, ਖੂਹ ਦਾ ਡੱਡੂ, ਕੀਤੀ ਕਰਾਈ ਖੂਹ ਵਿਚ ਪਾਉਣਾ, ਖੂਹ ਪੁੱਟਦੇ ਨੂੰ ਖਾਤਾ ਤਿਆਰ, ਅਕਲਾਂ ਬਾਝੋਂ ਖੂਹ ਖਾਲੀ, ਖੂਹ ਖਾਤਾ ਗੰਦਾ ਕਰਨਾ, ਖੂਹ ਗਿੜਦਿਆਂ ਦੇ ਸਾਕ ਮਿਲਦਿਆਂ ਦੇ ਆਦਿ।

ਇਹ ਕਿਵੇਂ ਹੋ ਸਕਦਾ ਹੈ ਕਿ ਲੋਕਾਂ ਲਈ ਵਿਸ਼ੇਸ਼ ਮਹੱਤਵ ਰੱਖਣ ਵਾਲਾ ਖੂਹ ਪੰਜਾਬੀ ਇਤਿਹਾਸ ਮਿਥਿਹਾਸ ਪੱਖੋਂ ਮਹੱਤਵ ਨਾ ਰੱਖਦਾ ਹੋਵੇ। ਪੰਜਾਬ ਦੇ ਬਹੁਤ ਸਾਰੇ ਖੂਹ ਇਤਿਹਾਸਕ ਪੱਖ ਤੋਂ ਮਹੱਤਵਪੂਰਨ ਹਨ। ਪੰਜਾਬੀ ਕਿੱਸਿਆਂ ਵਿਚ ਖੂਹ ਦਾ ਜ਼ਿਕਰ ਮਿਲਦਾ ਹੈ। ਫਿਰ ਭਾਵੇਂ ਉਹ ਕੀਮਾ ਮਲਕੀ ਦਾ ਮੇਲ ਜਾਂ ਪੂਰਨ ਭਗਤ ਨੂੰ ਮਤਰੇਈ ਮਾਂ ਦੇ ਇਸ਼ਾਰੇ ਖੂਹੇ ਪਾਉਣ ਦਾ ਜ਼ਿਕਰ ਕਿਉਂ ਨਾ ਹੋਵੇ।

ਖੂਹ ਨਾਲ ਸਬੰਧਤ ਬਹੁਤ ਸਾਰੇ ਯੰਤਰਾਂ ਆਦਿ ਦਾ ਵਰਣਨ ਪੰਜਾਬੀ ਲੋਕ ਗੀਤਾਂ, ਬੋਲੀਆਂ ਦਾ ਹਿੱਸਾ ਹਨ। ਖੂਹ ਦਾ ਚੱਕ, ਕੁੱਤਾ, ਗਾਧੀ, ਟਿੰਡਾਂ, ਖੇਲ, ਮਣ, ਬੋਕਾ ਆਦਿ ਨੂੰ ਪ੍ਰਤੀਕਾਂ ਦੇ ਰੂਪ ਵਿਚ ਅਕਸਰ ਵਰਤਿਆ ਮਿਲਦਾ ਹੈ। ਬੁਝਾਰਤਾਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ:

ਨਿੱਕਾ ਜਿਹਾ ਕਾਕਾ ਟੈਂ-ਟੈਂ ਬੋਲੇ
ਭਾਰ ਚੁਕਾਇਆ, ਤਾਂ ਸੁਣਦਾ ਨਾ ਕੋਲੇ।

ਖੂਹ 'ਤੇ ਪਾਣੀ ਭਰਨ ਨਾਲ ਸਬੰਧਤ ਵਰਣਨ ਬਹੁਤ ਸਾਰੀਆਂ ਬੋਲੀਆਂ ਵਿਚ ਵੱਖ-ਵੱਖ ਤਰੀਕਿਆਂ ਨਾਲ ਕੀਤਾ ਮਿਲਦਾ ਹੈ:

ਪਿੰਡਾਂ ਵਿਚੋਂ ਪਿੰਡ ਸੁਣੀਂਦਾ
ਉੱਥੋਂ ਦੀ ਇੱਕ ਨਾਰ ਸੁਣੀਂਦੀ
ਖੂਹ 'ਤੇ ਪਾਣੀ ਭਰਦੀ।

ਪੀਣ ਵਾਲੇ ਪਾਣੀ ਦੀਆਂ ਜ਼ਰੂਰਤਾਂ ਦੀ ਪੂਰਤੀ ਦੇ ਨਾਲ ਨਾਲ ਖੂਹ ਸੀਮਤ ਜਿਹੀ ਖੇਤੀਬਾੜੀ ਲਈ ਵੀ ਪਾਣੀ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੇ ਸਨ। ਅਜਿਹਾ ਹੋਣ ਕਾਰਨ ਖੂਹ ਆਰਥਿਕਤਾ ਵਿਚ ਆਪਣਾ ਮਹੱਤਵਪੂਰਨ ਰੋਲ ਨਿਭਾਉਂਦੇ ਰਹੇ ਹਨ। ਖੂਹਾਂ ਦੇ ਆਸ-ਪਾਸ ਆਮ ਕਰਕੇ ਸੰਘਣੇ ਰੁੱਖਾਂ ਕਾਰਨ ਵੱਖਰੀ ਹੀ ਰੌਣਕ ਹੁੰਦੀ ਸੀ। ਅਜਿਹਾ ਹੋਣ ਕਾਰਨ ਖੂਹ 'ਤੇ ਰੱਬ ਵਸਣ ਦੀਆਂ ਗੱਲਾਂ ਵੀ ਹੁੰਦੀਆਂ ਸਨ।

ਸਮਾਂ ਬਦਲਿਆ ਤਾਂ ਆਧੁਨਿਕ ਸਾਧਨਾਂ ਨੇ ਪੁਰਾਤਨ ਸਾਧਨਾਂ ਦੀ ਥਾਂ ਲੈ ਲਈ। ਖੂਹਾਂ ਦੀ ਥਾਂ ਪਹਿਲਾਂ ਨਲਕੇ, ਹੁਣ ਸਬਮਰਸੀਬਲ ਮੋਟਰਾਂ ਧਰਤੀ 'ਚੋਂ ਪਾਣੀ ਕੱਢਣ ਦਾ ਸਾਧਨ ਹਨ। ਅਜਿਹਾ ਹੋਣ ਕਾਰਨ ਖੂਹ ਦੀ ਪਹਿਲਾਂ ਵਾਲਾ ਮਹੱਤਵ ਨਾ ਰਿਹਾ। ਹੁਣ ਖੂਹ ਬੇਅਬਾਦ ਹਨ। ਖੂਹਾਂ ਦੀ ਵਰਤੋਂ ਅਤੇ ਸਾਂਭ ਸੰਭਾਲ ਦੀ ਕਮੀ ਕਾਰਨ ਉਨ੍ਹਾਂ ਦੇ ਕਾਫੀ ਹਿੱਸੇ ਢਹਿ ਗਏ ਹਨ। ਪੰਜਾਬੀ ਸੱਭਿਆਚਾਰ ਦਾ ਇਹ ਸੁੰਦਰ ਰੂਪ ਹੁਣ ਪ੍ਰਦਰਸ਼ਨੀਆਂ ਦਾ ਹਿੱਸਾ ਬਣ ਕੇ ਰਹਿ ਗਿਆ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਫਰਵਰੀ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-519



**ਘਰ ਤਾਂ ਭਾਵੇਂ ਪਾ ਲਏ ਪੱਕੇ, ਪਰ ਸ਼ੌਕ ਲਈ ਚੁੱਲ੍ਹਾ ਰੱਖੀਦਾ,
ਸ਼ਕਲ ਬਣਾ ਕੇ ਬੰਦੇ ਦਾ ਮੂੰਹ, ਵਿਚੋਂ ਰੰਗ ਵਿਰਸੇ ਦਾ ਤੱਕੀਦਾ।
ਕਲਾਕਾਰੀ ਦਾ ਇਹ ਨਮੂਨਾ, ਉੱਤੇ ਸਾਗ ਬਣਾ ਕੇ ਚੱਖੀਦਾ,
ਮੱਕੀ ਦੇ ਮੰਨ ਮੱਖਣ ਦਾ ਪੇੜਾ, ਗਿਲਾਸ ਲੱਸੀ ਦਾ ਡੱਕੀਦਾ।**

### ਕੈਪਸ਼ਨ ਮੁਕਾਬਲਾ-517



ਸੜਕਾਂ ਉੱਪਰ ਰੈਣ ਵਸੇਰਾ
ਹਰ ਪਲ ਭੁੱਖਾ ਢਿੱਡ ਸਤਾਵੇ,
ਸਾਡੀ ਖਾਤਰ ਤਿਉਹਾਰ ਹੈ ਹੁੰਦਾ,
ਖਾਣ ਨੂੰ ਰੱਜਵਾਂ ਜਦ ਮਿਲ ਜਾਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਤਰਸਯੋਗ ਹਾਲਤ ਹੈ ਉਨ੍ਹਾਂ ਦੀ,
ਜੋ ਖੁਦ ਭੁੱਖੇ ਜੰਮੇ, ਭੁੱਖੇ ਹੀ ਅੱਗੇ ਬੱਚੇ
ਪੱਧਰੇ ਮੈਦਾਨ ਜਿੱਥੇ ਜਗ੍ਹਾ ਮਿਲੀ,
ਸੌਣ ਲਈ ਫਟੀ ਪੁਰਾਣੀ
ਬੋਰੀ ਵਿਛਾ
ਨੀਂਦ ਉਸਲਵੱਟੇ ਲੈ ਪੂਰੀ ਕਰਦੇ।
ਮਾਂ ਮਮਤਾ ਫਿਰ ਵੀ ਉਥੇ
ਰਹਿ ਭੁੱਖੀ ਖੁਦ ਬੱਚੇ ਨੂੰ
ਬੁਰਕੀ ਪਹਿਲਾਂ ਦੇਊ।
ਸਰਕਾਰੇ ਦਰਬਾਰੇ ਜੇ ਆਵਾਜ਼ ਵਾ ਪੁੱਜੀ
ਆਪਣੇ ਵਰਗੀਆਂ ਹੋਰਨਾਂ ਨੂੰ ਨਾਲ ਲੈ ਕੇ
ਤਾਂ ਇੰਝ ਹੀ ਰਿੜਕਦੀ
ਰਹੇਗੀ ਉਸ ਤੋਂ ਵੀ ਅਗਲੀ ਪੀੜ੍ਹੀ।
***-ਦਰਸ਼ਨ ਪਾਲ ਦੁਸਾਂਝ***

---

ਸਲੂਣੇ ਚਾਵਲਾਂ ਦਾ ਬਾਟਾ ਰੱਖ ਮੂਹਰੇ
ਖੁਸ਼ੀ ਨਾਲ ਬੱਚਾ ਖਿੜ-ਖਿੜ ਜਾਵੇ।
ਜਦੋਂ ਮੁੱਠੀ ਭਰ ਖਾਣਾ ਵੀ ਨਸੀਬ ਨਾ ਹੋਵੇ,
ਔਲਾਦ ਵਾਸਤੇ ਮਮਤਾ ਪਿਘਲਦੀ ਜਾਵੇ।
ਕਿਰਤੀ ਕੰਮ ਵਾਲੀ ਥਾਂ ਦੇ ਨੇੜੇ ਹੀ
ਡੰਡੇ ਗੱਡ, ਕੱਪੜਾ ਤਾਣ, ਝੌਂਪੜੀ ਸਜਾਵੇ।
ਗਰੀਬੀ ਦੀ ਲੰਬੀ ਔੜ ਵਿਚ
ਸ਼ੁਕਰ ਮਨਾਵੇ ਜੇ ਰੱਜਵਾਂ ਖਾਣਾ ਮਿਲ ਜਾਵੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਮਾਂ ਤਾਂ ਜੰਨਤ ਦਾ ਫੁੱਲ ਹੈ,
ਪਿਆਰ ਕਰਨਾ ਉਸ ਦਾ ਅਸੂਲ ਹੈ,
ਦੁਨੀਆ ਦੀ ਮੁਹੱਬਤ ਫਜ਼ੂਲ ਹੈ,
ਮਾਂ ਨੂੰ ਨਾਰਾਜ਼ ਕਰਨਾ,
ਇਨਸਾਨ ਦੀ ਭੁੱਲ ਹੈ।
***-ਬੱਲਾ ਲਬਾਣਾ***
***ਫੋਨ: 848-235-8344***

---

ਖੁਸ਼ੀ ਸਾਂਭੀ ਨਾ ਜਾਵੇ,
ਵੇਖ ਕੇ ਰੋਟੀ ਨੂੰ,
ਮਾਂ ਆਪਣੇ ਤੋਂ ਪਹਿਲਾਂ ਖੁਆਵੇ
ਬੱਚੀ ਛੋਟੀ ਨੂੰ,
ਬੱਚੀ ਦੀ ਖੁਸ਼ੀ ਦਾ
ਰਿਹਾ ਕੋਈ ਟਿਕਾਣਾ ਨਾ,
ਸਾਡੇ ਕੋਲ ਸਭ ਕੁਝ ਹੁੰਦਿਆਂ ਵੀ
ਅਸੀਂ ਸਿਖਿਆ ਮੁਸਕਰਾਉਣਾ ਨਾ।
***-ਅੰਮ੍ਰਿਤ ਰੰਧਾਵਾ***

# ਚਿੱਲੀ ਵਿਚ ਖੱਬੇ ਪੱਖੀਆਂ ਦੀ ਜਿੱਤ ਦੇ ਅਰਥ

*ਪਿਛਲੇ ਸਾਲ ਲਾਤੀਨੀ ਅਮਰੀਕਾ ਦੇ ਅਹਿਮ ਮੁਲਕ ਪੀਰੂ ਵਿਚ ਖੱਬੇ ਪੱਖੀਆਂ ਦੀ ਸਰਕਾਰ ਬਣਨ ਤੋਂ ਬਾਅਦ ਹੁਣ ਇਕ ਹੋਰ ਲਾਤੀਨੀ ਅਮਰੀਕੀ ਮੁਲਕ ਚਿੱਲੀ ਵਿਚ ਖੱਬੇ ਪੱਖੀਆਂ ਦੀ ਜਿੱਤ ਹੋਈ ਹੈ। ਨਵੇਂ ਰਾਸ਼ਟਰਪਤੀ ਗਾਬਰੀਅਲ ਬੋਰਿਸ਼ ਨੇ ਚੋਣ ਜਿੱਤਣ ਤੋਂ ਬਾਅਦ ਸਮਾਜਿਕ ਅਧਿਕਾਰਾਂ ਦਾ ਵਿਸਤਾਰ ਕਰਨ ਦਾ ਵਾਅਦਾ ਕਰਦਿਆਂ ਚਿੱਲੀ ਦੀ ਪੈਨਸ਼ਨ ਅਤੇ ਸਿਹਤ ਸੰਭਾਲ ਪ੍ਰਣਾਲੀ ਵਿਚ ਸੁਧਾਰ ਕਰਨ, ਕੰਮ ਦਾ ਹਫਤਾ 45 ਤੋਂ 40 ਘੰਟਿਆਂ ਤੱਕ ਘਟਾਉਣ, ਨਿਵੇਸ਼ ਨੂੰ ਉਤਸ਼ਾਹਤ ਕਰਕੇ ਇਸ ਵਿਚਲੀ ਅਸਮਾਨਤਾ ਹੱਲ ਕਰਨ, ਮੂਲ ਨਿਵਾਸੀਆਂ ਤੇ ਰਾਸ਼ਟਰੀ ਵਾਤਾਵਰਨ ਤਬਾਹ ਕਰ ਦੇਣ ਵਾਲੇ ਵਿਵਾਦਪੂਰਨ ਤਜਵੀਜ਼ਸ਼ੁਦਾ ਖਣਨ ਪ੍ਰੋਜੈਕਟ ਰੋਕਣ, ਔਰਤਾਂ ਦੀ ਸਰਕਾਰ ਵਿਚ ਬਰਾਬਰ ਹਿੱਸੇਦਾਰੀ ਬਣਾ ਕੇ ਪਿੱਤਰਸੱਤਾ ਨਕਾਰਨ ਵਰਗੇ ਕਈ ਤਰ੍ਹਾਂ ਦੇ ਐਲਾਨ ਕੀਤੇ ਹਨ।*

ਲਾਤੀਨੀ ਅਮਰੀਕੀ ਮੁਲਕ ਚਿੱਲੀ ਵਿਚ 1970 ਵਿਚ ਸਲਵਾਦੋਰ ਅਲੈਂਦੇ ਸਮਾਜਵਾਦੀ ਸਰਕਾਰ ਦੇ 28ਵੇਂ ਰਾਸ਼ਟਰਪਤੀ ਬਣੇ ਸਨ ਜਿਨ੍ਹਾਂ ਦੀ ਹੱਤਿਆ, ਅਮਰੀਕੀ ਸਹਾਇਤਾ ਪ੍ਰਾਪਤ ਜਨਰਲ ਅਗਸਤੋ ਪਿਨੋਸ਼ੇ ਨੇ ਫੌਜੀ ਤਖਤਾ ਪਲਟ ਦੌਰਾਨ ਕਰ ਦਿੱਤੀ ਸੀ। 1973 ਤੋਂ 1990 ਤੱਕ ਚਿੱਲੀ ਵਿਚ 17 ਸਾਲ ਫੌਜੀ ਤਾਨਾਸ਼ਾਹ ਰਾਜ ਰਿਹਾ। 1990 ਵਿਚ ਲੋਕਤੰਤਰ ਦੀ ਬਹਾਲੀ ਹੋਈ ਪਰ ਕੁੱਲ ਜਮ੍ਹਾਂ-ਜੋੜ ਵਿਚ ਦੱਖਣਪੰਥੀ ਸਰਕਾਰਾਂ ਦਾ ਹੀ ਬੋਲਬਾਲਾ ਰਿਹਾ। ਹੁਣ ਤੱਕ ਚਿੱਲੀ ਅੰਦਰ ਤਾਨਾਸ਼ਾਹੀ ਦੌਰ ਵੇਲੇ ਦਾ ਸੰਵਿਧਾਨ ਹੀ ਚੱਲ ਹੈ। ਹੁਣ ਚਿੱਲੀ ਰਾਸ਼ਟਰਪਤੀ ਚੋਣਾਂ ਵਿਚ 35 ਸਾਲਾ ਖੱਬੇ ਪੱਖੀ ਨੌਜਵਾਨ, ਵਿਦਿਆਰਥੀ ਆਗੂ ਗਾਬਰੀਅਲ ਬੋਰਿਸ਼ ਨੇ 56% ਵੋਟ ਹਾਸਲ ਕਰਕੇ ਦੱਖਣਪੰਥੀ ਜੋਸ ਐਂਤੋਨਿਓ ਕਾਸਟ ਨੂੰ ਹਰਾ ਕੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਹੈ। ਉਸ ਨੇ ਚਿੱਲੀ ਅੰਦਰ ਗਰੀਬੀ ਅਤੇ ਨਾ-ਬਰਾਬਰੀ ਲਈ ਦਹਾਕਿਆਂ ਪਹਿਲਾਂ ਦੱਖਣਪੰਥੀ ਤਾਨਾਸ਼ਾਹ ਅਗੁਸਤੋ ਪਿਨੋਸ਼ੇ ਦੀਆਂ ਸਾਮਰਾਜੀ ਪੱਖੀ ਮੁਕਤ ਬਾਜ਼ਾਰ ਆਰਥਕ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।



**ਮਨਦੀਪ**
ਫੋਨ: +54-9381-338-9246

2018 ਵਿਚ ਚਿੱਲੀ ਦੀਆਂ ਕੁਝ ਖੱਬੇ ਪੱਖੀ ਪਾਰਟੀਆਂ ਦੇ ਗੱਠਜੋੜ ਨਾਲ 'ਸਮਾਜਕ ਤਬਦੀਲੀ' ਨਾਮ ਦੀ ਸਾਂਝੀ ਪਾਰਟੀ ਹੋਂਦ ਵਿਚ ਆਈ ਸੀ। ਚਿੱਲੀ ਦੀ ਕਮਿਊਨਿਸਟ ਪਾਰਟੀ ਸਮੇਤ ਇਸ ਪਾਰਟੀ ਦੇ ਝੰਡੇ ਹੇਠ ਸੱਤਾ ਧਿਰ ਖਿਲਾਫ ਵਾਤਾਵਰਨ, ਖਣਨ ਨੀਤੀ, ਸਬਵੇਅ ਕਿਰਾਇਆਂ ਵਿਚ ਵਾਧਾ, ਗਰੀਬੀ ਤੇ ਨਾ-ਬਰਾਬਰੀ ਦੇ ਮੁੱਦਿਆਂ ਨੂੰ ਲੈ ਕੇ ਲਗਾਤਾਰ ਸੰਘਰਸ਼ ਚੱਲ ਰਿਹਾ ਸੀ। ਬੋਰਿਸ਼ ਇਸ ਸੰਘਰਸ਼ ਦਾ ਪਾਪੂਲਰ ਨੌਜਵਾਨ ਚਿਹਰਾ ਰਿਹਾ। ਉਹ 2006 ਦੇ ਵਿਦਿਆਰਥੀ ਅੰਦੋਲਨ ਜਿਸ ਨੂੰ ਚਿੱਲੀ ਵਿਚ 'ਪੈਂਗੂਇਨ ਕ੍ਰਾਂਤੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੇ ਜਾਰੀ ਰੂਪ ਵਜੋਂ 2011-13 ਦੇ ਬਹੁ-ਚਰਚਿਤ ਵਿਦਿਆਰਥੀ ਸੰਘਰਸ਼ ਦਾ ਆਗੂ ਰਿਹਾ। ਉਸ ਸਮੇਂ ਹੋਰ ਵਿਦਿਆਰਥੀ ਮੰਗਾਂ ਤੋਂ ਇਲਾਵਾ ਮੁਫਤ ਅਤੇ ਸਭ ਲਈ ਬਰਾਬਰ ਸਿੱਖਿਆ ਦੀ ਮੰਗ ਮੁੱਖ ਸੀ, ਤੇ ਇਹ ਮੰਗ ਮੌਜੂਦਾ ਚੋਣ ਮੁਹਿੰਮ ਦਾ ਵੀ ਹਿੱਸਾ ਸੀ। ਚਿੱਲੀ ਨੂੰ ਸਮਾਜਕ ਹੱਕ ਮੁਹੱਈਆ ਕਰਨ ਲਈ ਮੁਲਕ ਦੀ ਨਿੱਜੀ ਪੈਨਸ਼ਨ ਪ੍ਰਣਾਲੀ ਖਤਮ ਕਰਨ, 'ਸੁਪਰ ਅਮੀਰਾਂ' ਉੱਤੇ ਟੈਕਸ ਵਧਾਉਣ ਅਤੇ ਮੂਲ ਨਿਵਾਸੀਆਂ ਅਤੇ ਵਾਤਾਵਰਨ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਬੋਰਿਸ਼ ਦੀ ਚੋਣ ਮੁਹਿੰਮ ਦੇ ਮੁੱਖ ਮੁੱਦੇ ਸਨ।

ਦੂਜੇ ਪਾਸੇ, ਦੱਖਣਪੰਥੀ ਲੀਡਰ ਕਾਸਟ ਸੁਰੱਖਿਆ ਅਤੇ ਪਰਵਾਸ ਵਰਗੇ ਮੁੱਦਿਆਂ ਤੇ ਸਖਤ ਰੁਖ਼ ਨਾਲ ਚੱਲ ਰਿਹਾ ਸੀ। ਉਹ ਪਰਵਾਸੀਆਂ ਨੂੰ ਚਿੱਲੀ ਵਿਚ ਦਾਖਲ ਹੋਣ ਤੋਂ ਰੋਕਣ ਲਈ 'ਸੁਰੱਖਿਆ ਰੁਕਾਵਟ' ਦੀ ਮੰਗ ਕਰਦਾ ਰਿਹਾ। ਉਸ ਨੇ ਸਾਬਕਾ ਤਾਨਾਸ਼ਾਹ ਅਗੁਸਤੋ ਪਿਨੋਸ਼ੇ ਦੀ 'ਆਰਥਕ ਵਿਰਾਸਤ' ਦੀ ਪ੍ਰਸ਼ੰਸਾ ਕੀਤੀ ਅਤੇ ਟੈਕਸ ਨਿਯਮ ਘਟਾਉਣ ਲਈ ਮੁਹਿੰਮ ਚਲਾਈ।

ਚੋਣ ਜਿੱਤਣ ਤੋਂ ਬਾਅਦ ਬੋਰਿਸ਼ ਨੇ ਸਮਾਜਕ ਅਧਿਕਾਰਾਂ ਦਾ ਵਿਸਤਾਰ ਕਰਨ ਦਾ ਵਾਅਦਾ ਕਰਦਿਆਂ ਚਿੱਲੀ ਦੀ ਪੈਨਸ਼ਨ ਅਤੇ ਸਿਹਤ ਸੰਭਾਲ ਪ੍ਰਣਾਲੀ ਵਿਚ ਸੁਧਾਰ ਕਰਨ, ਕੰਮ ਦਾ ਹਫਤਾ 45 ਤੋਂ 40 ਘੰਟਿਆਂ ਤੱਕ ਘਟਾਉਣ, ਨਿਵੇਸ਼ ਨੂੰ ਉਤਸ਼ਾਹਤ ਕਰਕੇ ਇਸ ਵਿਚਲੀ ਅਸਮਾਨਤਾ ਹੱਲ ਕਰਨ, ਮੂਲ ਨਿਵਾਸੀਆਂ ਤੇ ਰਾਸ਼ਟਰੀ ਵਾਤਾਵਰਨ ਤਬਾਹ ਕਰ ਦੇਣ ਵਾਲੇ ਵਿਵਾਦਪੂਰਨ ਤਜਵੀਜ਼ਸ਼ੁਦਾ ਖਣਨ ਪ੍ਰੋਜੈਕਟ ਰੋਕਣ, ਔਰਤਾਂ ਦੀ ਸਰਕਾਰ ਵਿਚ ਬਰਾਬਰ ਹਿੱਸੇਦਾਰੀ ਬਣਾ ਕੇ ਪਿੱਤਰਸੱਤਾ ਨਕਾਰਨ, ਚਿੱਲੀ ਦੀ ਨਵ-ਉਦਾਰਵਾਦੀ ਮੁਕਤ ਬਾਜ਼ਾਰ ਦੀ ਆਰਥਕਤਾ ਤੇ ਰੋਕ ਲਗਾਉਣ, ਲੋਕਤੰਤਰ ਦੀ ਦੇਖਭਾਲ ਕਰਨ ਅਤੇ ਨਾ-ਬਰਾਬਰੀ ਤੇ ਗਰੀਬੀ ਖਤਮ ਕਰਨ ਦਾ ਐਲਾਨ ਕੀਤਾ ਹੈ। ਚਿੱਲੀ ਦੇ ਚੋਣ ਨਤੀਜੇ ਦੱਸਦੇ ਹਨ ਕਿ ਲੋਕਾਂ ਨੇ ਮੁਲਕ ਅੰਦਰ ਤਾਨਾਸ਼ਾਹੀ ਦੇ ਪ੍ਰਸ਼ੰਸਕ ਕਾਸਟ ਨੂੰ ਨਕਾਰਦਿਆਂ ਆਪਣੇ ਬੁਨਿਆਦੀ ਮੁੱਦਿਆਂ ਨੂੰ ਮਹੱਤਵ ਦਿੱਤਾ ਹੈ। ਇਸ ਤੋਂ ਇਲਾਵਾ ਬੋਰਿਸ਼ ਨੇ ਦਲੇਰਾਨਾ ਦਾਅਵਾ ਕੀਤਾ ਕਿ "ਜੇ ਚਿੱਲੀ ਨਵ-ਉਦਾਰਵਾਦ ਦਾ ਪੰਘੂੜਾ ਸੀ ਤਾਂ ਇਹ ਉਸ ਦੀ ਕਬਰ ਵੀ ਹੋਵੇਗਾ।"





*ਚਿੱਲੀ ਦਾ ਨਵਾਂ ਰਾਸ਼ਟਰਪਤੀ 35 ਸਾਲਾ ਗਾਬਰੀਅਲ ਬੋਰਿਸ਼ ਅਤੇ (ਸੱਜੇ) ਮਰਹੂਮ ਰਾਸ਼ਟਰਪਤੀ ਸਲਵਾਦੋਰ ਅਲੈਂਦੇ ਜਿਸ ਨੂੰ 1973 ਤਖਤਾ-ਪਲਟ ਤੋਂ ਤੁਰੰਤ ਬਾਅਦ ਕਤਲ ਕਰ ਦਿੱਤਾ ਗਿਆ ਸੀ।*

ਇਸ ਜਿੱਤ ਨਾਲ ਜਿੱਥੇ ਲੋਕਾਂ ਅੰਦਰ ਆਸ ਦੀ ਨਵੀਂ ਕਿਰਨ ਦੇਖਣ ਨੂੰ ਮਿਲ ਰਹੀ ਹੈ, ਉੱਥੇ ਲਾਤੀਨੀ ਅਮਰੀਕਾ ਦੇ ਖੱਬੇ ਪੱਖੀਆਂ ਅੰਦਰ ਵੀ ਬਦਲ ਰਹੇ ਸਿਆਸੀ ਮੂਡ ਅਤੇ 'ਗੁਲਾਬੀ ਲਹਿਰ' ਦੀ ਅੰਗੜਾਈ ਬਾਰੇ ਹੁਲਾਸ ਹੈ। ਅਰਜਨਟੀਨਾ, ਪੇਰੂ, ਬੋਲੀਵੀਆ ਤੇ ਵੈਨੇਜ਼ੁਏਲਾ ਤੋਂ ਬਾਅਦ ਚਿੱਲੀ ਅੰਦਰ ਖੱਬਾ ਪੱਖ ਮਜ਼ਬੂਤ ਹੋਣਾ ਆਉਂਦੇ ਸਾਲ ਦੀਆਂ ਬਰਾਜ਼ੀਲ ਚੋਣਾਂ ਅੰਦਰ ਖੱਬੇ ਪੱਖੀਆਂ ਲਈ ਸਾਜ਼ਗਰ ਹੋ ਸਕਦਾ ਹੈ। ਲੂਲਾ ਦਿ ਸਿਲਵਾ ਬਰਾਜ਼ੀਲ ਦਾ ਵੱਡਾ ਖੱਬੇ ਪੱਖੀ ਲੀਡਰ ਹੈ ਅਤੇ ਬਰਾਜ਼ੀਲ ਦੇ ਲੋਕ ਦੱਖਣਪੰਥੀ ਜਾਇਰ ਬੋਲਸੋਨਾਰੋ ਦੀਆਂ ਨਵ-ਉਦਾਰਵਾਦੀ ਨੀਤੀਆਂ ਤੋਂ ਅੱਕੇ ਹੋਏ ਹਨ। ਕਿਊਬਾ, ਪੇਰੂ, ਕੋਲੰਬੀਆ ਸਮੇਤ ਬਾਕੀ ਲਾਤੀਨੀ ਮੁਲਕਾਂ ਦੀਆਂ ਖੱਬੇ ਪੱਖੀ ਸਰਕਾਰਾਂ ਨੇ ਜਿੱਥੇ ਬੋਰਿਸ਼ ਨੂੰ ਜਿੱਤ ਦੀਆਂ ਵਧਾਈਆਂ ਦੇ ਸੰਦੇਸ਼ ਭੇਜੇ ਹਨ, ਉੱਥੇ ਵਪਾਰਕ ਸੰਬੰਧ ਵਧਾਉਣ ਅਤੇ ਸਾਥ ਦੇਣ ਦਾ ਭਰੋਸਾ ਵੀ ਦਿੱਤਾ ਹੈ।

ਲਾਤੀਨੀ ਅਮਰੀਕੀ ਮੁਲਕਾਂ ਅੰਦਰ ਦਹਾਕਿਆਂ ਤੋਂ ਸਾਮਰਾਜੀ ਵਿੱਤੀ ਸਰਮਾਏ ਦੀ ਚੌਧਰ ਰਹੀ ਹੈ। ਖੱਬੇ ਪੱਖੀਆਂ ਲਈ ਚੋਣਾਂ ਜਿੱਤਣ ਤੋਂ ਬਾਅਦ ਹੋਰ ਵੀ ਵੱਡੀ ਚੁਣੌਤੀ ਖੜ੍ਹੀ ਹੁੰਦੀ ਰਹੀ ਹੈ। ਪੱਛੜੀ ਆਰਥਕਤਾ ਵਾਲੇ ਇਹ ਮੁਲਕ ਜਿੱਥੇ ਕੌਮਾਂਤਰੀ ਮੁਦਰਾ ਫੰਡ ਅਤੇ ਸੰਸਾਰ ਵਪਾਰ ਸੰਸਥਾ ਵਰਗੀਆਂ ਅਮਰੀਕੀ ਵਿੱਤੀ ਸੰਸਥਾ ਦੇ ਕਰਜ਼ ਬੋਝ ਹੇਠ ਫਸੇ ਹੋਏ ਹਨ, ਉੱਥੇ ਇਨ੍ਹਾਂ ਦੀ ਆਰਥਕਤਾ ਵੱਡੀਆਂ ਸਾਮਰਾਜੀ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਵਿਦੇਸ਼ੀ ਨਿਵੇਸ਼ ਨਾਲ ਬੱਝੀ ਹੋਈ ਹੈ, ਤੇ ਇਹ ਵੱਡੇ ਆਰਥਕ-ਸਿਆਸੀ ਦਾਬੇ ਹੇਠ ਪਿਸ ਰਹੇ ਹਨ। ਬੋਰਿਸ਼ ਦੀ ਜਿੱਤ ਤੋਂ ਬਾਅਦ ਚਿੱਲੀ ਦੀ ਕਰੰਸੀ ਪੇਸੋ ਅਮਰੀਕੀ ਡਾਲਰ ਦੇ ਮੁਕਾਬਲੇ ਰਿਕਾਰਡ ਹੇਠਲੇ ਪੱਧਰ ਤੇ ਡਿੱਗ ਗਈ, ਸਟਾਕ ਮਾਰਕੀਟ 10% ਡਿੱਗ ਗਈ, ਮਾਈਨਿੰਗ ਸਟਾਕਾਂ ਨੇ ਬੇਹੱਦ ਬੁਰਾ ਪ੍ਰਦਰਸ਼ਨ ਕੀਤਾ। ਨਿਵੇਸ਼ਕ ਸਥਿਰਤਾ ਨੂੰ ਲੈ ਕੇ ਫਿਕਰਮੰਦ ਹਨ। ਉਹ ਸੋਚਦੇ ਹਨ ਕਿ ਉੱਚ ਟੈਕਸਾਂ ਅਤੇ ਕਾਰੋਬਾਰ ਦੇ ਸਖ਼ਤ ਸਰਕਾਰੀ ਨਿਯਮਾਂ ਦੇ ਨਤੀਜੇ ਵਜੋਂ ਉਨ੍ਹਾਂ ਦੇ ਮੁਨਾਫੇ ਨੂੰ ਨੁਕਸਾਨ ਹੋਵੇਗਾ। ਇਸ ਨਾਲ ਨਿਵੇਸ਼ ਪ੍ਰਭਾਵਿਤ ਹੋ ਰਿਹਾ ਹੈ ਅਤੇ ਬੇਰੁਜ਼ਗਾਰੀ ਵਧਣ, ਆਮਦਨ ਘਟਣ ਅਤੇ ਮਹਿੰਗਾਈ ਤੇ ਗਰੀਬੀ ਵਧਣ ਦੇ ਅਨੁਮਾਨ ਲਗਾਏ ਜਾ ਰਹੇ ਹਨ। ਅਮਰੀਕਾ ਵੱਲੋਂ ਆਰਥਕ ਤੇ ਵਪਾਰਕ ਰੋਕਾਂ ਲਗਾਉਣ ਅਤੇ ਉਸ ਦੀਆਂ ਵਿੱਤੀ ਸੰਸਥਾਵਾਂ ਵੱਲੋਂ ਕਰਜ਼ ਮੋੜਨ ਦੇ ਦਬਾਅ ਨਵੀਂ ਸਰਕਾਰ ਅੱਗੇ ਚੁਣੌਤੀਆਂ ਖੜ੍ਹੀਆਂ ਕਰ ਸਕਦੇ ਹਨ। ਇਹੀ ਹਸ਼ਰ ਪਹਿਲਾਂ ਅਰਜਨਟੀਨਾ ਅਤੇ ਬਾਅਦ ਵਿਚ ਵੈਨੇਜ਼ੁਏਲਾ ਅੰਦਰ ਵਾਪਰ ਚੁੱਕਾ ਹੈ। ਇਨ੍ਹਾਂ ਦੋਵਾਂ ਦੇਸ਼ਾਂ ਅੰਦਰ ਖੱਬੇ ਪੱਖੀ ਸਰਕਾਰਾਂ ਹੋਂਦ ਵਿਚ ਆਉਣ ਤੋਂ ਬਾਅਦ ਸਾਲ ਦੇ ਅੰਦਰ ਅੰਦਰ ਆਰਥਕਤਾ ਨੂੰ ਪੰਗੂ ਬਣਾ ਦਿੱਤਾ ਗਿਆ ਅਤੇ ਇਹ ਦੋਵੇਂ ਦੇਸ਼ ਬੁਰੀ ਤਰ੍ਹਾਂ ਆਰਥਕ ਸੰਕਟ ਵਿਚ ਘਿਰ ਗਏ ਸਨ। ਸਾਮਰਾਜੀ ਸਰਮਾਇਆ ਇਹੀ ਖੇਡ ਚਿੱਲੀ ਅੰਦਰ ਵੀ ਖੇਡੇਗਾ। ਚਿੱਲੀ ਦੀ ਆਰਥਕਤਾ ਦੀ ਰੀੜ੍ਹ ਤਾਂਬਾ ਬਰਾਮਦ ਹੈ ਜੋ ਚਿੱਲੀ ਦੀ ਕੁੱਲ ਘਰੇਲੂ ਪੈਦਾਵਾਰ ਦਾ 20% ਬਣਦਾ ਹੈ। ਇਹ ਬਰਾਮਦ ਸੰਸਾਰ ਮੰਡੀ ਨਾਲ ਜੁੜੀ ਹੋਈ ਹੈ। ਸੰਸਾਰ ਮੰਡੀ ਵਿਚ ਤਾਂਬੇ ਦੀਆਂ ਕੀਮਤਾਂ ਵਿਚ ਆਇਆ ਉਤਰਾਅ-ਚੜ੍ਹਾਅ ਚਿੱਲੀ ਦੀ ਆਰਥਕਤਾ ਉੱਤੇ ਆਪਣਾ ਚੰਗਾ-ਮਾੜਾ ਪ੍ਰਭਾਵ ਪਾਉਂਦਾ ਹੈ। ਸਾਮਰਾਜੀ ਏਕਾਧਿਕਾਰ ਸੰਸਾਰ ਮੰਡੀ ਵਿਚ ਤਾਂਬੇ ਦੀਆਂ ਕੀਮਤਾਂ ਕੰਟਰੋਲ ਕਰਦਾ ਹੈ। ਨਤੀਜੇ ਵਜੋਂ ਚਿੱਲੀ ਵਿਚੋਂ ਸਾਮਰਾਜੀ ਚੌਧਰ ਅੱਗੇ ਉੱਠੀ ਨਵੀਂ ਵੰਗਾਰ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਸਕਦੀ ਹੈ। ਅਮਰੀਕੀ ਸਾਮਰਾਜੀ ਪ੍ਰਭਾਵ ਵਾਲੇ ਮੁਲਕ ਵਿਚ ਖੱਬੇ ਪੱਖ ਦੇ ਉਭਾਰ ਨੂੰ ਅਮਰੀਕਾ ਆਪਣੀ ਸਿਆਸੀ ਚੌਧਰ ਦੇ ਖੋਰੇ ਦੇ ਨਾਲ ਨਾਲ ਆਪਣੀ ਮੰਡੀ ਅਤੇ ਮੁਨਾਫੇ ਲਈ ਵੀ ਚੁਣੌਤੀ ਸਮਝਦਾ ਹੈ।

ਅਮਰੀਕਾ ਨੇ ਚਿੱਲੀ ਅੰਦਰ ਮਹਿੰਗੇ ਕਰਜ਼ੇ, ਅਸਾਵੇਂ ਵਪਾਰ, ਅਸਾਵੇਂ ਮੁਦਰਾ ਤਬਾਦਲੇ ਅਤੇ ਵਪਾਰ ਰਾਹੀਂ ਅੰਨ੍ਹੀ ਲੁੱਟ-ਖਸੁੱਟ ਕੀਤੀ ਹੈ। ਸਿੱਟੇ ਵਜੋਂ ਕਰਜ਼ ਜਾਲ ਵਿਚ ਫਸੇ ਲੋਕਾਂ ਨੂੰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਮਹਿੰਗਾਈ ਦਾ ਸਾਹਮਣਾ ਕਰਨਾ ਪਿਆ। ਕੁਝ ਦਹਾਕਿਆਂ ਤੋਂ ਅਮਰੀਕੀ ਸਾਮਰਾਜ ਨੇ ਆਰਥਕ ਸੁਧਾਰਾਂ ਦੇ ਨਾਮ ਹੇਠ ਆਪਣੀਆਂ ਪਿੱਠੂ ਸਰਕਾਰਾਂ ਰਾਹੀਂ ਚਿੱਲੀ ਅੰਦਰ ਉਸਰੇ ਪਬਲਿਕ ਸੈਕਟਰ ਨੂੰ 'ਘਾਟੇਵੰਦਾ' ਤੇ 'ਚਿੱਟਾ ਹਾਥੀ' ਕਹਿ ਕੇ ਭੰਡਿਆ। ਹੌਲੀ ਹੌਲੀ ਪਬਲਿਕ ਸੈਕਟਰ ਤੋੜ ਕੇ ਅਨੇਕਾਂ ਜਨਤਕ ਸੇਵਾਵਾਂ ਦਾ ਭੋਗ ਪਾ ਦਿੱਤਾ ਅਤੇ ਇਸ ਨੂੰ ਕੌਡੀਆਂ ਦੇ ਭਾਅ ਪ੍ਰਾਈਵੇਟ ਦੇਸੀ ਵਿਦੇਸ਼ੀ ਕੰਪਨੀਆਂ ਹਵਾਲੇ ਕਰ ਦਿੱਤਾ। ਲਾਤੀਨੀ ਅਮਰੀਕਾ ਦੇ ਬਾਕੀ ਮੁਲਕਾਂ ਵਾਂਗ ਚਿੱਲੀ ਨਵ-ਉਦਾਰਵਾਦੀ ਨੀਤੀਆਂ ਦੀ ਪ੍ਰਯੋਗਸ਼ਾਲਾ ਰਿਹਾ ਹੈ। ਭਾਰਤ ਵਿਚ ਤਿੰਨ ਖੇਤੀ ਕਾਨੂੰਨ ਵੀ ਨਵ-ਉਦਾਰਵਾਦੀ ਨੀਤੀਆਂ ਦੀ ਹੀ ਦੇਣ ਸਨ। ਜਿੰਨੀ ਤੀਬਰਤਾ ਨਾਲ ਨਵ-ਉਦਾਰਵਾਦੀ ਹਮਲਿਆਂ ਦੀ ਮਾਰ ਅੱਜ ਭਾਰਤ ਸਹਿ ਰਿਹਾ ਹੈ, ਚਿੱਲੀ ਦੇ ਲੋਕਾਂ ਨੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਸ ਨੂੰ ਆਪਣੇ ਪਿੰਡੇ ਉਪਰ ਹੰਢਾਇਆ ਹੈ।

ਇਸ ਵਕਤ ਬੋਰਿਸ਼ ਸਰਕਾਰ ਅੱਗੇ ਵੱਡੀਆਂ ਚੁਣੌਤੀਆਂ ਹਨ: ਮੁਫਤ ਸਿੱਖਿਆ ਤੇ ਸਿਹਤ, ਤਾਨਾਸ਼ਾਹ ਪਿਨੋਸ਼ੇ ਦੇ ਦੌਰ ਦਾ ਪੁਰਾਣਾ ਸੰਵਿਧਾਨ ਬਲਦ ਕੇ ਨਵਾਂ ਸੰਵਿਧਾਨ ਬਣਾਉਣਾ, ਵਿਵਾਦਪੂਰਨ ਤਜਵੀਜ਼ਸ਼ੁਦਾ ਖਣਨ ਪ੍ਰੋਜੈਕਟ ਰੋਕਣਾ ਅਤੇ ਆਰਥਕ ਵਿਕਾਸ ਦੇ ਮਾਰਗ ਤੇ ਚੱਲਦਿਆਂ ਆਰਥਕ ਸਥਿਰਤਾ ਕਾਇਮ ਕਰਨਾ। ਇਸ ਤੋਂ ਬਿਨਾ ਗਰੀਬੀ ਅਤੇ ਨਾ-ਬਰਾਬਰੀ ਖਤਮ ਕਰਨਾ ਵੀ ਦੋ ਵੱਡੇ ਮੁੱਦੇ ਹਨ ਜਿਨ੍ਹਾਂ ਦੁਆਲੇ ਚੋਣ ਮੁਹਿੰਮ ਚਲਾਈ ਗਈ ਸੀ। ਚਿੱਲੀ ਵਿਚ ਨਾ-ਬਰਾਬਰੀ ਦੀ ਇੰਤਹਾ ਹੈ। ਸੰਯੁਕਤ ਰਾਸ਼ਟਰ ਅਨੁਸਾਰ ਲਾਤੀਨੀ ਅਮਰੀਕਾ ਵਿਚੋਂ ਦੁਨੀਆ ਦਾ ਸਭ ਤੋਂ ਵੱਡਾ ਆਮਦਨੀ ਪਾੜਾ ਚਿੱਲੀ ਵਿਚ ਹੈ। ਮੁਲਕ ਵਿਚ 1% ਆਬਾਦੀ ਮੁਲਕ ਦੀ 25% ਦੌਲਤ ਦੀ ਮਾਲਕ ਹੈ। ਚਿੱਲੀ ਵੱਡੇ ਕਰਜ਼ ਬੋਝ ਹੇਠ ਹੈ। ਸੈਂਟਰਲ ਬੈਂਕ ਆਫ ਚਿੱਲੀ ਦੇ ਪਿਛਲੇ ਸਾਲ ਦੇ ਸਰਵੇਖਣ ਅਨੁਸਾਰ ਤਿੰਨ ਚੌਥਾਈ ਆਬਾਦੀ ਭਾਰੀ ਕਰਜ਼ੇ ਹੇਠ ਹੈ। ਜਨਤਕ ਸਿੱਖਿਆ ਅਤੇ ਸਿਹਤ ਸੇਵਾਵਾਂ ਢਹਿ-ਢੇਰੀ ਹੋ ਗਈਆਂ ਹਨ। ਇਸ ਹਾਲਤ ਵਿਚ ਸੁਧਾਰ ਬੋਰਿਸ਼ ਸਰਕਾਰ ਲਈ ਵੱਡੀ ਚੁਣੌਤੀ ਹੈ। ਚਿੱਲੀ ਦੀ ਆਰਥਕਤਾ ਨੂੰ ਠੁੰਮਣਾ ਦੇਣ ਲਈ ਜੇ ਬੋਰਿਸ਼ ਸਰਕਾਰ ਵਿਦੇਸ਼ੀ ਨਿਵੇਸ਼ ਅਨੁਕੂਲ ਨੀਤੀਆਂ ਬਣਾਉਂਦੀ ਹੈ ਤਾਂ ਨਿਵੇਸ਼ਕਾਂ ਨੂੰ ਟੈਕਸ ਛੋਟਾਂ ਦੇਣੀਆਂ ਪੈਣਗੀਆਂ। ਇਸ ਲਈ ਨਿਵੇਸ਼ਕਾਂ ਉੱਤੇ ਟੈਕਸ ਕਟੌਤੀ ਵੱਡੀ ਸਮੱਸਿਆ ਖੜ੍ਹੀ ਕਰੇਗੀ ਕਿਉਂਕਿ ਬੋਰਿਸ਼ ਦਾ ਦਾਅਵਾ ਸੁਪਰ ਅਮੀਰਾਂ ਉੱਤੇ ਟੈਕਸ ਵਧਾਉਣ ਦਾ ਹੈ। ਦੂਜੇ ਪਾਸੇ, ਜੇ ਇਹ ਟੈਕਸ ਵਧਾਏ ਜਾਂਦੇ ਹਨ ਤਾਂ ਵਿਦੇਸ਼ੀ ਨਿਵੇਸ਼ਕ ਚਿੱਲੀ ਵਿਚ ਨਿਵੇਸ਼ ਕਰਨ ਤੋਂ ਕਤਰਾਉਣਗੇ। ਇਸ ਸੂਰਤ ਵਿਚ ਨਵੀਂ ਸਰਕਾਰ ਨੂੰ ਸਵੈ-ਨਿਰਭਰ ਆਰਥਕਤਾ ਦੇ ਔਖੇ ਪੈਂਡੇ ਉੱਤੇ ਚੱਲਣਾ ਹੋਵੇਗਾ ਜਿਸ ਲਈ ਮਹੱਤਵਪੂਰਨ ਉਦਯੋਗਾਂ, ਬੈਂਕਾਂ ਅਤੇ ਹੋਰ ਵਪਾਰਕ ਕੇਂਦਰਾਂ ਦੇ ਕੌਮੀਕਰਨ ਦਾ ਵੱਡਾ ਫੈਸਲਾ ਕਰਨਾ ਪਵੇਗਾ। ਇਸ ਤੋਂ ਬਿਨਾ ਨਵੀਂ ਖੱਬੇ ਪੱਖੀ ਬੋਰਿਸ਼ ਸਰਕਾਰ ਲੋਕਾਂ ਦੇ ਵਾਅਦਿਆਂ ਉੱਤੇ ਖਰੀ ਨਹੀਂ ਉੱਤਰ ਸਕਦੀ। ਨਵੀਂ ਸਰਕਾਰ ਨੂੰ ਅਮਰੀਕੀ ਸਾਮਰਾਜ, ਚਿੱਲੀ ਅਤੇ ਗਆਂਢੀ ਮੁਲਕਾਂ ਦੀਆਂ ਦੱਖਣਪੰਥੀ ਤਾਕਤਾਂ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਹਿਣਾ ਹੋਵੇਗਾ।

ਦੱਖਣੀ ਅਮਰੀਕੀ ਮੁਲਕਾਂ ਦੀ ਸਾਮਰਾਜੀ ਵਿਰੋਧੀ ਸੰਘਰਸ਼ ਦੀ ਆਪਣੀ ਸ਼ਾਨਾਮੱਤੀ ਵਿਰਾਸਤ ਹੈ। ਚੇ ਗੁਵੇਰਾ ਲਾਤੀਨੀ ਸਮਾਜ ਦਾ ਵੱਡਾ ਇਨਕਲਾਬੀ ਨੌਜਵਾਨ ਨਾਇਕ ਹੈ। ਇਸ ਤੋਂ ਬਿਨਾ ਅਮਰੀਕੀ ਸਾਮਰਾਜ ਨਾਲ ਟੱਕਰ ਲੈਣ ਵਾਲਿਆਂ ਵਿਚੋਂ ਕਿਊਬਾ ਦਾ ਫੀਦਲ ਕਾਸਤਰੋ, ਵੈਨੇਜ਼ੁਏਲਾ ਦਾ ਹਿਊਗੋ ਸ਼ਾਵੇਜ਼, ਪੇਰੂ ਦਾ ਆਗੂ ਗੰਜ਼ਾਲੋ, ਚਿੱਲੀ ਦਾ ਸਲਵਾਦੋਰ ਅਲੈਂਦੇ ਆਦਿ ਕੌਮੀ ਮੁਕਤੀ ਲਹਿਰ ਦੇ ਵੱਡੇ ਖੱਬੇ ਪੱਖੀ ਆਗੂ ਸਨ। ਗਾਬਰੀਅਲ ਬੋਰਿਸ਼ ਇਸੇ ਵਿਰਾਸਤ ਦੀ ਪੈਦਾਇਸ਼ ਹੈ ਅਤੇ ਉਸ ਦੀ ਜਿੱਤ ਚਿੱਲੀ ਦੇ ਲੋਕਾਂ ਦੁਆਰਾ ਨਵ-ਉਦਾਰਵਾਦੀ ਨੀਤੀਆਂ ਉੱਤੇ ਦਿੱਤਾ ਸਿੱਧਾ ਪ੍ਰਤੀਕਰਮ ਹੈ। ਲਾਤੀਨੀ ਅਮਰੀਕਾ ਦੇ ਇਨ੍ਹਾਂ ਮੁਲਕਾਂ ਦਾ ਸਾਮਰਾਜ ਵਿਰੋਧੀ ਆਮ ਰੁਝਾਨ ਰਿਹਾ ਹੈ। ਇਉਂ ਚਿੱਲੀ ਅੰਦਰ ਸਾਮਰਾਜ ਅਤੇ ਉਸ ਦੀਆਂ ਨਵ-ਉਦਾਰਵਾਦੀ ਨੀਤੀਆਂ ਨੂੰ ਪਿਛਲਮੋੜਾ ਦੇਣ ਲਈ ਖੱਬੇ ਪੱਖੀ ਕਾਂਗ ਦਾ ਉਭਾਰ ਹਾਂ-ਪੱਖੀ ਵਰਤਾਰਾ ਹੈ।

## ਚਿੱਲੀ ਦਾ 1970 ਵਾਲਾ ਇਤਿਹਾਸ ਅਤੇ 1973 ਵਾਲਾ ਤਖਤਾ-ਪਲਟ


*ਚਿੱਲੀ ਵਿਚ 1970 ਦੀਆਂ ਰਾਸ਼ਟਰਪਤੀ ਚੋਣਾਂ ਸਮੇਂ ਸੰਸਾਰ ਪ੍ਰਸਿੱਧ ਕਵੀ ਪਾਬਲੋ ਨੇਰੂਦਾ, ਵਿਕਟਰ ਜਾਰਾ ਅਤੇ ਸਲਵਾਦੋਰ ਅਲੈਂਦੇ ਤਿੰਨ ਹਰਮਨ ਪਿਆਰੇ ਖੱਬੇ ਪੱਖੀ ਚਿਹਰੇ ਸਨ। ਉਸ ਵਕਤ ਪਾਬਲੋ ਨੇਰੂਦਾ ਰਾਸ਼ਟਰਪਤੀ ਅਹੁਦੇ ਦੇ ਮੁੱਖ ਦਾਅਵੇਦਾਰ ਸਨ ਪਰ ਉਨ੍ਹਾਂ ਆਪਣੀ ਇਹ ਦਾਅਵੇਦਾਰੀ ਆਪਣੇ ਮਿੱਤਰ ਸਲਵਾਦੋਰ ਅਲੈਂਦੇ ਨੂੰ ਸੌਂਪ ਦਿੱਤੀ। ਜਿੱਤ ਤੋਂ ਬਾਅਦ ਅਲੈਂਦੇ ਸਰਕਾਰ ਨੇ ਨਵ-ਉਦਾਰਵਾਦੀ ਨੀਤੀਆਂ ਦੇ ਉਲਟ ਸਿਹਤ, ਸਿੱਖਿਆ, ਖੇਤੀਬਾੜੀ ਤੇ ਉਦਯੋਗਿਕ ਖੇਤਰ ਵਿਚ ਕਈ ਇਨਕਲਾਬੀ ਸੁਧਾਰ ਕੀਤੇ। ਅਮਰੀਕੀ ਸ਼ਹਿ ਪ੍ਰਾਪਤ ਫੌਜੀ ਜਨਰਲ ਪਿਨੋਸ਼ੇ ਨੇ ਚਿੱਲੀ ਵਿਚ ਭਿਆਨਕ ਕਤਲੇਆਮ ਰਚਾ ਕੇ ਨਵੀਂ ਸਮਾਜਵਾਦੀ ਸਰਕਾਰ ਦਾ ਤਖਤਾ ਪਲਟ ਦਿੱਤਾ। 11 ਸਤੰਬਰ 1973 ਨੂੰ ਰਾਸ਼ਟਰਪਤੀ ਸਲਵਾਦੋਰ ਅਲੈਂਦੇ ਦੀ ਰਿਹਾਇਸ਼ ਉਤੇ ਬੰਬਾਰੀ ਕਰਕੇ ਉਸ ਦਾ ਭੇਤਭਰੀ ਹਾਲਤ ਵਿਚ ਕਤਲ ਕਰ ਦਿੱਤਾ ਗਿਆ। ਉਸ ਦੇ ਹਜ਼ਾਰਾਂ ਸਮਰਥਕਾਂ ਨੂੰ ਭੇਤਭਰੇ ਹਾਲਤ ਵਿਚ ਕਤਲ ਅਤੇ ਹਜ਼ਾਰਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਸੱਤਾ ਹਥਿਆਉਣ ਤੋਂ ਬਾਰਾਂ ਦਿਨਾਂ ਬਾਅਦ (23 ਸਤੰਬਰ 1973) ਪਿਨੋਸ਼ੇ ਦੇ ਗੁਰਗਿਆਂ ਨੇ ਪਾਬਲੋ ਨੇਰੂਦਾ ਨੂੰ ਮਾਰ ਦਿੱਤਾ। ਵਿਕਟਰ ਜਾਰਾ ਨੂੰ ਚਿੱਲੀ ਦੇ ਇਕ ਸਟੇਡੀਅਮ ਵਿਚ ਬੰਦੀ ਬਣਾਏ ਪੰਜ ਹਜ਼ਾਰ ਕੈਦੀਆਂ ਸਾਹਮਣੇ ਗੋਲੀਆਂ ਮਾਰ ਕੇ ਮਾਰ ਦਿੱਤਾ। ... ਅਲੈਂਦੇ ਦੇ ਕਤਲ ਬਾਰੇ ਪਾਬਲੋ ਨੇਰੂਦਾ ਨੇ ਲਿਖਿਆ ਸੀ, "ਸਲਵਾਦੋਰ ਅਲੈਂਦੇ (ਰਾਸ਼ਟਰਪਤੀ) ਉਨ੍ਹਾਂ (ਅਮਰੀਕਾ ਦੀ ਸ਼ਹਿ ਤੇ ਬਗਾਵਤ ਕਰ ਰਹੀਆਂ ਫੌਜਾਂ) ਦਾ ਆਪਣੇ ਦਫਤਰ ਵਿਚ ਇੰਤਜ਼ਾਰ ਕਰ ਰਿਹਾ ਸੀ। ਉਸ ਦੇ ਵੱਡੇ ਦਿਲ ਤੋਂ ਬਿਨਾ ਉਸ ਦਾ ਕੋਈ ਹੋਰ ਸਾਥੀ ਨਹੀਂ ਸੀ। ਉਹ ਅੱਗ ਦੀਆਂ ਲਾਟਾਂ ਤੇ ਧੂੰਏਂ ਨਾਲ ਘਿਰਿਆ ਹੋਇਆ ਸੀ। ਉਸ (ਅਲੈਂਦੇ) ਨੂੰ ਮਸ਼ੀਨਗੰਨ ਨਾਲ ਗੋਲੀਆਂ ਮਾਰ ਕੇ ਮਾਰਨਾ ਪਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਹਨੇ ਕਦੇ ਵੀ ਅਸਤੀਫਾ ਨਹੀਂ ਦੇਣਾ। ਉਸ ਦੀ ਮ੍ਰਿਤਕ ਦੇਹ ਨੂੰ ਲੁਕਾ ਛਿਪਾ ਕੇ ਕਿਸੇ ਗੁਮਨਾਮ ਥਾਂ ਤੇ ਦਫਨ ਕਰ ਦਿੱਤਾ ਗਿਆ। ਲਾਸ਼ ਦੇ ਪਿੱਛੇ ਇਕ ਔਰਤ ਸੀ ਜਿਸ ਦੇ ਦਿਲ ਵਿਚ ਸਾਰੀ ਦੁਨੀਆ ਦਾ ਗਮ ਸੀ। ਚਿੱਲੀ ਦੇ ਫੌਜੀਆਂ ਜਿਨ੍ਹਾਂ ਆਪਣੇ ਵਤਨ ਨੂੰ ਫਿਰ ਧੋਖਾ ਦੇ ਦਿੱਤਾ ਸੀ, ਨੇ ਉਸ ਪ੍ਰਤਾਪੀ ਮ੍ਰਿਤਕ ਸਰੀਰ ਦੇ ਚੀਥੜੇ ਚੀਥੜੇ ਕਰ ਦਿੱਤੇ ਸਨ।"*

# ਪੰਜਾਬ ਦਾ ਖੇਤੀ ਸੰਕਟ: ਤੀਜੇ ਬਦਲ ਦੀ ਭਾਲ ਵਲ

***ਪੰਜਾਬ ਦਾ ਹੀ ਨਹੀਂ, ਸਮੁੱਚੇ ਭਾਰਤ ਦਾ ਖੇਤੀ ਖੇਤਰ ਸੰਕਟ ਅਤੇ ਸਮੱਸਿਆਵਾਂ ਵਿਚ ਘਿਰਿਆ ਹੋਇਆ ਹੈ। ਹਾਲ ਹੀ ਵਿਚ ਚੱਲਿਆ ਕਿਸਾਨ ਅੰਦੋਲਨ ਇਸ ਸੰਕਟ ਦਾ ਹੀ ਪ੍ਰਤੀ-ਰੂਪ ਸੀ। ਇਹ ਅੰਦੋਲਨ ਭਾਵੇਂ ਜਿੱਤਿਆ ਗਿਆ ਹੈ ਪਰ ਖੇਤੀ ਦੀਆਂ ਸਮੱਸਿਆਵਾਂ ਅਜੇ ਵੀ ਜਿਉਂ ਦੀਆਂ ਤਿਉਂ ਹਨ। ਬਲਦੇਵ ਦੂਹੜੇ ਨੇ ਆਪਣੇ ਇਸ ਲੇਖ ਵਿਚ ਅਮਰੀਕਾ ਅਤੇ ਕੈਨੇਡਾ ਵਿਚ ਪ੍ਰਚਲਿਤ ਕੁਝ ਖੇਤੀ ਮਾਡਲਾਂ ਦੀ ਚਰਚਾ ਕਰਦਿਆਂ ਬਦਲ ਵਜੋਂ ਕੁਝ ਮਾਡਲ ਸੁਝਾਏ ਹਨ।***

ਅਸੀਂ ਸੰਯੁਕਤ ਕਿਸਾਨ ਮੋਰਚੇ ਦੀ ਜਿੱਤ ਲਈ ਉਨ੍ਹਾਂ ਨੂੰ ਮੁਬਾਰਕ ਦਿੰਦੇ ਹਾਂ। ਇਹ ਜਿੱਤ ਲੋਕਾਂ ਦੀ ਜਿੱਤ ਹੈ ਜੋ ਸਾਬਤ ਕਰਦੀ ਹੈ ਕਿ ਜੇ ਲੋਕ ਇਕੱਠੇ ਹੋ ਜਾਣ ਤਾਂ ਉਨ੍ਹਾਂ ਦੀ ਸਿਆਸੀ ਤਾਕਤ ਅੱਗੇ ਸਟੇਟ ਵੀ ਖੜ੍ਹ ਨਹੀਂ ਸਕਦਾ ਪਰ ਅਜੇ ਪੰਜਾਬ ਵਿਚ ਇਹ ਚੇਤਨਾ ਪੂਰੀ ਤਰ੍ਹਾਂ ਨਹੀਂ ਫੈਲੀ ਕਿ ਜੇ ਲੋਕ ਇਕੱਠੇ ਹੋ ਕੇ ਆਰਥਕ ਤਾਕਤ ਪੈਦਾ ਕਰਨ ਤਾਂ ਕੀ ਕੁਝ ਕੀਤਾ ਜਾ ਸਕਦਾ ਹੈ।

ਹੁਣ ਜਦੋਂ ਮੋਦੀ ਸਰਕਾਰ ਅਤੇ ਡਬਲਿਊ.ਟੀ.ਓ. ਦਾ ਨਵ-ਉਦਾਰ ਮਾਡਲ ਕਿਸਾਨਾਂ ਨੇ ਨਕਾਰ ਦਿੱਤਾ ਹੈ, ਖੇਤੀ ਕਾਨੂੰਨ ਵੀ ਵਾਪਸ ਲੈ ਲਏ ਗਏ ਹਨ ਤਾਂ ਹੁਣ ਕਿਹੜਾ ਮਾਡਲ ਲਾਗੂ ਹੋਣਾ ਚਾਹੀਦਾ ਹੈ ਤਾਂ ਕਿ ਖੇਤੀ ਆਰਥਕ ਅਤੇ ਵਾਤਾਵਾਰਨਕ ਤੌਰ 'ਤੇ ਟਿਕਾਊ ਅਤੇ ਮੁਨਾਫੇ ਵਾਲੀ ਹੋ ਸਕੇ? ਇਸ ਸਵਾਲ ਦਾ ਜਵਾਬ ਜ਼ਰੂਰੀ ਹੈ ਕਿਉਂਕਿ ਮੌਜੂਦਾ ਮਾਡਲ ਕੰਮ ਨਹੀਂ ਕਰ ਰਿਹਾ। ਇਸ ਮਾਡਲ ਅਧੀਨ ਖੇਤੀ ਵਿਚ ਬਹੁਤ ਸਮੱਸਿਆਵਾਂ ਹਨ। ਕਿਸੇ ਹੋਰ ਮਾਡਲ ਦੀ ਅਣਹੋਂਦ ਕਾਰਨ ਕਿਸਾਨ ਮੌਜੂਦਾ ਮਾਡਲ ਕਾਇਮ ਰੱਖਣ



**ਬਲਦੇਵ ਦੂਹੜੇ**
**ਈਮੇਲ:** davebduhre@live.ca
**ਫੋਨ: 519-731-1985**

ਲਈ ਸਭ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਮੰਗ ਰਹੇ ਹਨ। ਇਹ ਮੰਗ ਠੀਕ ਨਹੀਂ ਕਿਉਂਕਿ ਬਹੁਤ ਸਾਰੇ ਕਾਰਨਾਂ ਕਰਕੇ ਇਹ ਮਾਡਲ ਸਹੀ ਨਤੀਜੇ ਨਹੀਂ ਪੈਦਾ ਕਰ ਸਕਦਾ।

ਇਸ ਲੇਖ ਵਿਚ ਅਸੀਂ ਉਤਪਾਦਨ ਦੇ ਤਿੰਨ ਮਾਡਲ ਪਰਖਾਂਗੇ ਅਤੇ ਦੇਖਾਂਗੇ ਕਿ ਪੰਜਾਬ ਲਈ ਕਿਹੜਾ ਮਾਡਲ ਬਿਹਤਰ ਹੋ ਸਕਦਾ ਹੈ। ਇਵੇਂ ਹੀ ਅਸੀਂ ਮੰਡੀ (ਮਾਰਕਟਿੰਗ) ਦੇ ਤਿੰਨ ਮਾਡਲ ਪਰਖਾਂਗੇ ਅਤੇ ਦੇਖਾਂਗੇ ਕਿ ਕਿਹੜਾ ਮਾਡਲ ਪੰਜਾਬ ਲਈ ਵਧੀਆ ਹੈ।

ਮਾਡਲਾਂ ਦੀ ਗੱਲ ਕਰਦਿਆਂ ਸ਼ਰਤ ਇਹ ਹੈ ਕਿ ਮਾਡਲ, ਖੇਤੀ ਨੂੰ ਆਰਥਕ ਅਤੇ ਵਾਤਾਵਰਨ ਦੇ ਨਜ਼ਰੀਏ ਤੋਂ ਟਿਕਾਊ ਬਣਾਉਣ ਵਾਲੇ ਹੋਣੇ ਚਾਹੀਦੇ ਹਨ। ਜਿਥੋਂ ਤੱਕ ਆਰਥਕਤਾ ਦਾ ਸਵਾਲ ਹੈ, ਇਹ ਨਾ ਸਿਰਫ ਬਰਕਰਾਰ ਰਹਿਣ ਯੋਗ ਹੋਵੇ ਸਗੋਂ ਵਿਕਾਸਮੁਖੀ ਵੀ ਹੋਵੇ।

ਪੰਜਾਬ ਨੂੰ ਕੁਦਰਤ ਨੇ ਵਧੀਆ ਵਸੀਲੇ ਦਿਤੇ ਹਨ। ਜ਼ਰਖੇਜ਼ ਜ਼ਮੀਨ, ਖੁੱਲ੍ਹਾ ਪਾਣੀ ਅਤੇ ਖੇਤੀਬਾੜੀ ਲਈ ਚਾਰ ਮੌਸਮ। ਇਸ ਦੇ ਨਾਲ ਨਾਲ ਬਹਾਦਰ ਅਤੇ ਮਿਹਨਤੀ ਲੋਕ ਵੀ ਦਿੱਤੇ ਹਨ। ਇਨ੍ਹਾਂ ਕੁਦਰਤੀ ਨਿਹਮਤਾਂ ਕਾਰਨ ਪੰਜਾਬ ਸਦੀਆਂ ਤੋਂ ਅਨਾਜ ਦਾ ਭੰਡਾਰ ਰਿਹਾ ਹੈ। ਹਰੇ ਇਨਕਲਾਬ ਨੇ ਨਵੇਂ ਹਾਲਾਤ ਪੈਦਾ ਕਰ ਦਿਤੇ ਜਿਸ ਵਿਚ ਉਤਪਾਦਨ ਦੇ ਸਾਧਨਾਂ ਵਿਚ ਵੱਡੀ ਤਬਦੀਲੀ ਆਈ। ਹੁਣ ਲੋੜ ਹੈ ਕਿ ਕਾਨੂੰਨ ਅਤੇ ਮਾਡਲ ਬਦਲ ਕੇ ਅਦਾਰਿਆਂ ਨੂੰ ਇਸ ਤਬਦੀਲੀ ਦੇ ਅਨੁਕੂਲ ਅਤੇ ਕੁਸ਼ਲ ਬਣਾਇਆ ਜਾਵੇ।

ਸਭ ਤੋਂ ਵੱਡੀ ਸਮਸਿਆ ਹੈ ਕਿ ਲੱਖਾਂ ਟਨ ਅਨਾਜ ਪੈਦਾਵਾਰ ਦੇ ਬਾਵਜੂਦ ਪੰਜਾਬ ਵਿਚ ਕਿਸੇ ਪਾਸੇ ਵੀ ਸਰਮਾਇਆ ਜਮ੍ਹਾਂ ਨਹੀਂ ਹੋ ਰਿਹਾ। ਵਾਤਾਵਰਨ ਨੂੰ ਸੁਧਾਰਨ, ਨਵੀਂ ਤਕਨਾਲੋਜੀ ਵਾਲਾ ਬੁਨਿਆਦੀ ਢਾਂਚਾ ਬਣਾਉਣ, ਅਰਥਚਾਰੇ ਵਿਚ ਵੰਨ-ਸਵੰਨਤਾ ਲਿਆਉਣ ਅਤੇ ਸੂਬੇ ਦੇ ਵਿਕਾਸ ਲਈ ਸਰਮਾਏ ਦੀ ਲੋੜ ਹੈ।

ਹੁਣ ਵਕਤ ਹੈ ਕਿ ਉਤਪਾਦਨ ਅਤੇ ਮਾਰਕਟਿੰਗ ਦੇ ਨਵੇਂ ਮਾਡਲ ਅਪਣਾਏ ਜਾਣ ਜੋ ਵਾਤਾਵਰਨ ਦੇ ਅਨੁਕੂਲ ਵੀ ਹੋਣ ਅਤੇ ਸਰਮਾਇਆ ਜਮ੍ਹਾਂ ਕਰਨ ਵਿਚ ਵੀ ਸਹਾਈ ਹੋ ਸਕਣ ਤਾਂ ਕਿ ਨਾ ਸਿਰਫ ਖੇਤੀ ਵਿਚ ਵੰਨ-ਸਵੰਨਤਾ ਲਿਆਂਦੀ ਜਾ ਸਕੇ ਸਗੋਂ ਪੰਜਾਬ ਦੇ ਅਰਥਚਾਰੇ ਵਿਚ ਵੀ ਵੰਨ-ਸਵੰਨਤਾ ਆਵੇ।

ਸ਼ੁਰੂਆਤ ਮਾਰਕਟਿੰਗ ਦੇ ਤਿੰਨ ਮਾਡਲ ਪਰਖਣ ਤੋਂ ਕਰਦੇ ਹਾਂ।

**1) ਅਮਰੀਕਨ ਮਾਡਲ**

ਅਮਰੀਕਨ ਮਾਡਲ ਖੁੱਲ੍ਹੀ ਮੰਡੀ ਦਾ ਮਾਡਲ ਹੈ। ਇਸ ਵਿਚ ਵੱਡੀਆਂ ਕਾਰਪੋਰੇਸ਼ਨਾਂ ਕਿਸਾਨਾਂ ਤੋਂ ਮਾਲ ਖਰੀਦ ਕੇ ਪ੍ਰੋਸੈਸ ਕਰਦੀਆਂ ਹਨ। ਉਤਪਾਦਨ ਵਧਾਉਣ ਲਈ ਮੰਡੀ ਬਹੁਤ ਕਾਰਗਰ ਅਦਾਰਾ ਹੈ ਪਰ ਖੁੱਲ੍ਹੀ ਮੰਡੀ ਵਿਚ ਉਤਪਾਦਨ, ਮੰਗ ਤੋਂ ਕਿਤੇ ਅੱਗੇ ਲੰਘਣ (over production) ਦਾ ਰੁਝਾਨ ਰੱਖਦਾ ਹੈ। ਜਦੋਂ ਵੀ ਉਤਪਾਦਨ, ਮੰਗ ਤੋਂ ਵਾਧੂ ਪੈਦਾ ਹੋ ਜਾਂਦਾ ਹੈ ਤਾਂ ਬਹੁਤ ਸਾਰੇ ਉਤਪਾਦਕ ਨਕਾਰਾ ਹੋ ਜਾਂਦੇ ਹਨ। ਇਹ ਮਾਡਲ ਖੇਤੀਬਾੜੀ ਨਾਲ ਮੇਲ ਨਹੀਂ ਖਾਂਦਾ। ਇਸ ਨਾਲ ਛੋਟੇ ਫਾਰਮ ਲਗਾਤਾਰ ਖਤਮ ਅਤੇ ਵੱਡੇ ਫਾਰਮ ਹੋਰ ਵੱਡੇ ਹੁੰਦੇ ਰਹਿੰਦੇ ਹਨ।

ਅਮਰੀਕਾ ਵਿਚ ਮੰਡੀ ਆਧਾਰਤ ਵਾਤਾਵਰਨ ਕਿਸਾਨਾਂ ਲਈ ਸੁਖਦਾਇਕ ਨਹੀਂ ਹੈ। ਇੰਨੇ ਅਮੀਰ ਮੁਲਕ ਵਿਚ ਵੀ ਕਿਸਾਨਾਂ ਨੂੰ ਆਤਮ-ਹਤਿਆ ਕਰਨੀ ਪੈਂਦੀ ਹੈ। ਅਜਿਹੀ ਹਾਲਤ ਅੰਨਦਾਤਾ ਦੀ ਨਹੀਂ ਹੋਣੀ ਚਾਹੀਦੀ। ਬਹੁਤ ਸਾਰੇ ਅਮਰੀਕੀ ਕਿਸਾਨ ਹੁਣ ਅਜਿਹੀ ਖੁੱਲ੍ਹੀ ਮੰਡੀ ਦੇ ਖਿਲਾਫ ਹੋ ਰਹੇ ਹਨ।

ਖੁੱਲ੍ਹੀ ਮੰਡੀ ਉਤਪਾਦਨ ਵਧਾਉਣ ਲਈ ਵਧੀਆ ਹੈ ਪਰ ਕੀ ਅੰਧਾਧੁੰਦ ਉਤਪਾਦਨ ਵਧਾਉਣਾ ਜ਼ਰੂਰੀ ਹੈ? ਉਂਝ, ਇਸ ਵਿਕਾਸ ਲਈ ਬਹੁਤ ਵੱਡੀ ਇਨਸਾਨੀ ਅਤੇ ਵਾਤਾਵਾਰਨਕ ਕੀਮਤ ਤਾਰਨੀ ਪੈਂਦੀ ਹੈ। ਕੀ ਵਾਤਾਵਰਨ ਅਤੇ ਇਨਸਾਨ ਕੋਈ ਅਰਥ ਨਹੀਂ ਰੱਖਦੇ? ਅਸਲ ਵਿਚ ਜੇ ਇਨਸਾਨ ਅਤੇ ਧਰਤੀ ਪੱਖੀ ਮਾਡਲ ਬਣਾਉਣੇ ਹਨ ਤਾਂ ਉਤਪਾਦ ਲਈ ਥੋੜ੍ਹੀ ਜਿਹੀ ਵਾਧੂ ਕੀਮਤ ਤਾਂ ਦੇਣੀ ਹੀ ਪਵੇਗੀ। ਇਹ ਗੱਲ ਕੈਨੇਡੀਅਨ ਮਾਡਲ ਬਾਰੇ ਦੇਖਦੇ ਹੋਏ ਅਸੀਂ ਅੱਗੇ ਤੋਰਾਂਗੇ। ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅਮਰੀਕਣ ਖੁੱਲੀ ਮੰਡੀ ਦੇ ਸਿਸਟਮ ਵਿਚ ਕਿਸਾਨੀ ਨੂੰ ਬਹੁਤ ਸਬਸਿਡੀਆਂ ਦੇ ਕੇ ਕਾਇਮ ਰੱਖਿਆ ਜਾਂਦਾ ਹੈ; ਕੈਨੇਡੀਅਨ ਮਾਡਲ ਵਿਚ ਕਿਸੇ ਸਬਸਿਡੀ ਦੀ ਲੋੜ ਨਹੀਂ ਪੈਂਦੀ।

ਕੈਨੇਡੀਅਨ ਵ੍ਹੀਟ ਬੋਰਡ ਕਈ ਦਹਾਕੇ ਵਧੀਆ ਕੰਮ ਕਰਦਾ ਰਿਹਾ। ਫਿਰ ਕੰਜ਼ਰਵੇਟਿਵ ਪਾਰਟੀ ਦੇ ਸਟੀਵਨ ਹਾਰਪਰ ਨੇ ਇਸ ਦਾ ਤਕਰੀਬਨ ਅੱਧਾ ਹਿੱਸਾ ਸਾਊਦੀ ਅਰਬ ਦੀ ਇੱਕ ਕੰਪਨੀ ਨੂੰ ਵੇਚ ਦਿਤਾ। ਹੁਣ ਕੈਨੇਡੀਅਨ ਕਣਕ ਦੀ ਵਿਕਰੀ ਵਿਚੋਂ ਇੱਕ ਹਿੱਸਾ ਸਾਊਦੀ ਅਰਬ ਨੂੰ ਜਾਂਦਾ ਹੈ।

ਇਸ ਮਾਡਲ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਸਬਸਸਿਡੀਆਂ ਨਾਲ ਵਾਧੂ ਅਨਾਜ (ਕਣਕ, ਮੱਕੀ ਆਦਿ) ਪੈਦਾ ਕਰ ਕੇ ਕੌਮਾਂਤਰੀ ਮੰਡੀਆਂ ਵਿਚ ਭੇਜ ਦਿੰਦੇ ਹਨ ਜਿਸ ਨਾਲ ਘੱਟ ਵਿਕਸਿਤ ਮੁਲਕਾਂ ਦੀ ਖੇਤੀ ਉਤੇ ਬਹੁਤ ਭੈੜਾ ਅਸਰ ਪੈਂਦਾ ਹੈ। ਉਂਝ ਵੀ, ਇਹ ਗੱਲ ਵਾਤਾਵਰਨ ਲਈ ਅਤਿਅੰਤ ਭੈੜੀ ਹੈ ਕਿ ਲੋੜ ਤੋਂ ਵਾਧੂ ਅਨਾਜ ਪੈਦਾ ਕੀਤਾ ਜਾਵੇ ਅਤੇ ਫਿਰ ਇਸ ਤੋਂ ਛੁਟਕਾਰਾ ਪਾਉਣ ਦੇ ਸਾਧਨ ਲੱਭੇ ਜਾਣ। ਅਮਰੀਕਾ ਵਿਚ ਮਿਲੀਅਨ ਮਿਲੀਅਨ ਲਿਟਰ ਦੁੱਧ ਡੋਲ੍ਹਿਆ ਜਾ ਰਿਹਾ ਹੈ। ਸਰਮਾਏਦਾਰੀ ਨਿਜ਼ਾਮ ਦੀ ਅੰਧਾਧੁੰਦ ਵਿਕਾਸ ਰੁਚੀ ਵਾਤਾਵਰਨ ਦਾ ਸਤਿਆਨਾਸ ਕਰ ਸਕਦੀ ਹੈ। ਇਸੇ ਕਰਕੇ ਇਸ ਨਾਲੋਂ ਵਧੇਰੇ ਤਰਕਮਈ ਮਾਡਲ ਉਸਾਰਨੇ ਚਾਹੀਦੇ ਹਨ।

ਇੱਕ ਹੋਰ ਸੱਮਸਿਆ ਇਸ ਮਾਡਲ ਦੀ ਇਹ ਹੈ ਕਿ ਲੋਕ ਖੇਤੀ ਵਿਚੋਂ ਨਿਕਲ ਕੇ ਸਨਅਤ ਜਾਂ ਸੇਵਾ ਸੈਕਟਰ ਵਿਚ ਜਾਣੇ ਲਾਜ਼ਮੀ ਹਨ ਪਰ ਪੰਜਾਬ ਵਿਚ ਸਨਅਤੀ ਜਾਂ ਉਤਰ-ਸਨਅਤੀ ਅਰਥਚਾਰਾ ਵਿਕਸਿਤ ਨਹੀਂ ਹੋ ਸਕਿਆ, ਇਸ ਲਈ ਕਿਸਾਨਾਂ ਕੋਲ ਇਹ ਚੋਣ ਨਹੀਂ ਹੈ।

ਵਾਤਾਵਰਨ ਦਾ ਸੰਕਟ ਬਹੁਤ ਗੰਭੀਰ ਹੋ ਰਿਹਾ ਹੈ, ਮਨੁੱਖਤਾ ਦੀ ਹੋਂਦ ਨੂੰ ਸਸਤੀ ਖਪਤਕਾਰੀ ਲਈ ਕੁਰਬਾਨ ਕਰਨਾ ਮਹਾਂ ਮੂਰਖਤਾ ਹੋਵੇਗੀ। ਸੋ, ਅਮਰੀਕਨ ਮਾਡਲ ਪੰਜਾਬ ਦੀ ਖੇਤੀ ਲਈ ਠੀਕ ਨਹੀਂ।

**2) ਮੌਜੂਦਾ ਭਾਰਤੀ ਮਾਡਲ**

ਇਸ ਮਾਡਲ ਅਧੀਨ ਸਰਕਾਰ ਲੋੜ ਤੋਂ ਕਿਤੇ ਵੱਧ ਅਨਾਜ ਐਮ.ਐਸ.ਪੀ. ਦੇ ਰੇਟ ਨਾਲ ਖਰੀਦਦੀ ਹੈ। ਬੜਾ ਸਾਦਾ ਜਿਹਾ ਮਾਡਲ ਹੈ ਪਰ ਹੈ ਨੇਤਰਹੀਣ। ਆਓ ਇਸ ਦੀਆਂ ਕਮੀਆਂ ਅਤੇ ਸਮੱਸਿਆਵਾਂ ਦੀ ਗੱਲ ਕਰੀਏ।

**ਪਹਿਲੀ ਸਮੱਸਿਆ:** ਇਸ ਮਾਡਲ ਵਿਚ ਕਿਸਾਨ ਉਹੀ ਫਸਲਾਂ ਪੈਦਾ ਕਰਦਾ ਹੈ ਜਿਨ੍ਹਾਂ ਉਤੇ ਐਮ.ਐਸ.ਪੀ. ਮਿਲਦੀ ਹੈ। ਇਸ ਨਾਲ ਮੋਨੋਕਲਚਰ ਹੋਂਦ ਵਿਚ ਆਉਂਦੀ ਹੈ; ਭਾਵ, ਕਿਸਾਨ ਬਹੁਤ ਥੋੜ੍ਹੀਆਂ ਫਸਲਾਂ ਹੀ ਬੀਜੀ ਜਾਂਦੇ

***ਹੁਣ ਵਕਤ ਹੈ ਕਿ ਉਤਪਾਦਨ ਅਤੇ ਮਾਰਕਟਿੰਗ ਦੇ ਨਵੇਂ ਮਾਡਲ ਅਪਨਾਏ ਜਾਣ ਜੋ ਵਾਤਾਵਰਨ ਦੇ ਅਨੁਕੂਲ ਵੀ ਹੋਣ ਅਤੇ ਸਰਮਾਇਆ ਜਮ੍ਹਾਂ ਕਰਨ ਵਿਚ ਵੀ ਸਹਾਈ ਹੋ ਸਕਣ ਤਾਂ ਕਿ ਨਾ ਸਿਰਫ ਖੇਤੀ ਵਿਚ ਵੰਨ-ਸਵੰਨਤਾ ਲਿਆਂਦੀ ਜਾ ਸਕੇ ਸਗੋਂ ਪੰਜਾਬ ਦੇ ਅਰਥਚਾਰੇ ਵਿਚ ਵੀ ਵੰਨ-ਸਵੰਨਤਾ ਆਵੇ।***



ਹਨ। ਮੋਨੋਕਲਚਰ ਨਾਲ ਮਿੱਟੀ ਦੀ ਦੁਰਦਸ਼ਾ ਹੁੰਦੀ ਹੈ ਅਤੇ ਉਪਜਾਊਪੁਣਾ ਘਟਦਾ ਹੈ। ਨਤੀਜੇ ਵਜੋਂ ਝਾੜ ਲੈਣ ਲਈ ਖਾਦਾਂ ਦੀ ਵਰਤੋਂ ਵਧਦੀ ਜਾਂਦੀ ਹੈ। ਇਸ ਕਿਸਮ ਦੀ ਖੇਤੀ ਦਾ ਵਾਤਾਵਰਨ ਉਤੇ ਬਹੁਤ ਭੈੜਾ ਅਸਰ ਹੁੰਦਾ ਹੈ। ਰਸਾਇਣਾਂ ਦੀ ਵਾਧੂ ਵਰਤੋਂ ਨਾਲ ਜ਼ਹਿਰੀਲੇ ਪਦਾਰਥ ਹਵਾ ਅਤੇ ਪਾਣੀ ਵਿਚ ਜਾਣ ਲਗਦੇ ਹਨ। ਇਸ ਨਾਲ ਉਤਪਾਦਕਾਂ ਅਤੇ ਖਪਤਕਾਰਾਂ, ਦੋਹਾਂ ਦੀ ਸਿਹਤ 'ਤੇ ਭੈੜਾ ਅਸਰ ਹੁੰਦਾ ਹੈ।

**ਦੂਜੀ ਸਮੱਸਿਆ:** ਵਸੀਲਿਆਂ ਅਤੇ ਕਿਰਤ ਦਾ ਖਰਚਾ ਕਰਕੇ ਲੋੜ ਤੋਂ ਵਾਧੂ ਐਮ.ਐਸ.ਪੀ. ਵਾਲੀਆਂ ਫਸਲਾਂ ਪੈਦਾ ਕਰਨੀਆਂ ਹਨ ਜਿਨ੍ਹਾਂ ਦੀ ਕਿਸੇ ਨੂੰ ਵੀ ਲੋੜ ਨਹੀਂ ਅਤੇ ਜੋ ਸਰਕਾਰੀ ਗੋਦਾਮਾਂ ਦੇ ਵਿਚ ਵੀ ਅਤੇ ਬਾਹਰ ਵੀ ਬਿਨਾ ਵਰਤੇ ਖਰਾਬ ਹੋ ਜਾਂਦੀਆਂ ਹਨ। ਇਹ ਗੱਲ ਆਰਥਿਕ ਤੌਰ 'ਤੇ ਵੀ ਗਲਤ ਹੈ ਅਤੇ ਵਾਤਾਵਾਰਨਕ ਤੌਰ 'ਤੇ ਵੀ। ਜਿਸ ਤਰੀਕੇ ਨਾਲ ਸਰਕਾਰ ਅਨਾਜ ਪ੍ਰਬੰਧ ਕਰ ਰਹੀ ਹੈ, ਉਸ ਬਾਰੇ 'ਟੋਰਾਂਟੋ ਸਟਾਰ' ਵਿਚ ਛਪੇ ਇਕ ਲੇਖ ਵਿਚ ਕਿਹਾ ਗਿਆ ਸੀ ਕਿ 'ਉਸ ਮੁਲਕ ਵਿਚ ਅਨਾਜ ਸੜਨ ਨੂੰ ਅਪਰਾਧਕ ਕੁਤਾਹੀ ਮੰਨਿਆ ਜਾਣਾ ਚਾਹੀਦਾ ਹੈ ਜਿੱਥੇ ਕੁਪੋਸ਼ਿਤ ਬੱਚਿਆਂ ਦੀ ਦਰ ਸੰਸਾਰ ਭਰ ਵਿਚ ਸਭ ਤੋਂ ਜ਼ਿਆਦਾ ਹੈ'।

***ਪੰਜਾਬ ਨੂੰ ਕੁਦਰਤ ਨੇ ਵਧੀਆ ਵਸੀਲੇ ਦਿਤੇ ਹਨ। ਜ਼ਰਖੇਜ਼ ਜ਼ਮੀਨ, ਖੁੱਲ੍ਹਾ ਪਾਣੀ ਅਤੇ ਖੇਤੀਬਾੜੀ ਲਈ ਚਾਰ ਮੌਸਮ। ਇਸ ਦੇ ਨਾਲ ਨਾਲ ਬਹਾਦਰ ਅਤੇ ਮਿਹਨਤੀ ਲੋਕ ਵੀ ਦਿੱਤੇ ਹਨ। ਇਨ੍ਹਾਂ ਕੁਦਰਤੀ ਨਿਹਮਤਾਂ ਕਾਰਨ ਪੰਜਾਬ ਸਦੀਆਂ ਤੋਂ ਅਨਾਜ ਦਾ ਭੰਡਾਰ ਰਿਹਾ ਹੈ। ਹਰੇ ਇਨਕਲਾਬ ਨੇ ਨਵੇਂ ਹਾਲਾਤ ਪੈਦਾ ਕਰ ਦਿਤੇ ਜਿਸ ਵਿਚ ਉਤਪਾਦਨ ਦੇ ਸਾਧਨਾਂ ਵਿਚ ਵੱਡੀ ਤਬਦੀਲੀ ਆਈ। ਹੁਣ ਲੋੜ ਹੈ ਕਿ ਕਾਨੂੰਨ ਅਤੇ ਮਾਡਲ ਬਦਲ ਕੇ ਅਦਾਰਿਆਂ ਨੂੰ ਇਸ ਤਬਦੀਲੀ ਦੇ ਅਨੁਕੂਲ ਅਤੇ ਕੁਸ਼ਲ ਬਣਾਇਆ ਜਾਵੇ।***

**ਤੀਜੀ ਸਮੱਸਿਆ:** ਵਸੀਲਿਆਂ ਦੀ ਗਲਤ ਵਰਤੋਂ ਹੈ। ਮੌਜੂਦਾ ਮਾਡਲ ਦਾ ਇੱਕ ਹਿਸਾ ਬਿਜਲੀ ਦੀ ਸਬਸਿਡੀ ਹੈ ਜਿਸ ਕਾਰਨ ਪਾਣੀ ਦੀ ਲੋੜੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਨਤੀਜੇ ਵਜੋਂ ਜ਼ਮੀਨੀ ਪਾਣੀ ਦੀ ਸਤ੍ਹਾ ਲਗਾਤਾਰ ਡਿਗ ਰਹੀ ਹੈ। ਜੇ ਇਹ ਗੱਲ ਜਾਰੀ ਰਹੀ ਤਾਂ ਇੱਕ ਦਿਨ ਪੰਜਾਬ ਦਾ ਸਾਰਾ ਪਹੁੰਚਯੋਗ ਪਾਣੀ ਖਤਮ ਹੋ ਸਕਦਾ ਹੈ। ਇਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ।

**ਚੌਥੀ ਸਮੱਸਿਆ:** ਕਿਸਾਨ ਆਪਣੇ ਹੀ ਉਤਪਾਦਨ ਦੀ ਕੀਮਤ ਤੈਅ ਨਹੀਂ ਕਰ ਸਕਦੇ। ਇਹ ਗੱਲ ਕਿਸੇ ਹੋਰ ਸੈਕਟਰ 'ਤੇ ਲਾਗੂ ਨਹੀਂ ਹੁੰਦੀ। ਆਪਣੇ ਪੈਦਾ ਕੀਤੇ ਉਤਪਾਦਾਂ ਦੀ ਲਾਗਤ ਜਾਂ ਸ਼ੁਰੂਆਤੀ ਕੀਮਤ ਅਤੇ ਮੰਡੀ ਕਿਸਾਨਾਂ ਦੇ ਆਪਣੇ ਹੱਥ ਹੋਣੀ ਚਾਹੀਦੀ ਹੈ ਜਿਵੇਂ ਇਹ ਹੋਰ ਸਭ ਸਨਅਤਾਂ ਵਿਚ ਹੈ। ਪੈਰਿਸ ਆਧਾਰਤ ਇਕ ਵਿਦਵਾਨ ਸਮੂਹ (ਥਿੰਕ ਟੈਂਕ) ਅਨੁਸਾਰ, ਹੋਰ ਮੁਲਕ ਕਿਸਾਨ ਨੂੰ ਸਬਸਿਡੀ ਦਿੰਦੇ ਹਨ ਪਰ ਭਾਰਤ ਵਿਚ ਕਿਸਾਨ ਮੁਲਕ ਨੂੰ ਸਬਸਿਡੀ ਦੇ ਰਿਹਾ ਹੈ। ਇਹ ਸਿਰਫ ਇਸ ਕਰਕੇ ਹੋ ਰਿਹਾ ਹੈ, ਕਿਉਂਕਿ ਕਿਸਾਨ ਆਪਣੇ ਉਤਪਾਦ ਦੀ ਕੀਮਤ ਆਪ ਨਹੀਂ ਲਾ ਰਿਹਾ ਸਗੋਂ ਕੇਂਦਰ ਸਰਕਾਰ ਲਾ ਰਹੀ ਹੈ।

ਇਨ੍ਹਾਂ ਤੱਥਾਂ ਕਰਕੇ ਹੀ ਇਹ ਨਾਕਾਮ ਮਾਡਲ ਹੈ ਜਿਸ ਵਿਚ ਮੰਗ ਤੋਂ ਵਾਧੂ ਉਤਪਾਦਨ ਹੁੰਦਾ ਹੈ (ਜੇ ਨਾ ਖਰੀਦਿਆ ਜਾਵੇ ਤਾਂ ਖੇਤੀ ਵਿਚ ਵੰਨ-ਸਵੰਨਤਾ ਵੀ ਆਵੇਗੀ) ਅਤੇ ਇਸ ਮਾਡਲ ਨਾਲ ਕੋਈ ਸਰਮਾਏ ਦੀ ਇਕਤਰਤਾ ਨਹੀਂ ਹੋ ਰਹੀ। ਨਤੀਜੇ ਵਜੋਂ ਬੁਨਿਆਦੀ ਢਾਂਚਾ ਵੀ ਹੋਂਦ ਵਿਚ ਨਹੀਂ ਆ ਰਿਹਾ।

ਇਨ੍ਹਾਂ ਕਾਰਨਾਂ ਕਰਕੇ ਐਮ.ਐਸ.ਪੀ. ਮਾਡਲ ਬਿਲਕੁਲ ਗਲਤ ਹੈ। ਕਿਸਾਨਾਂ ਨੂੰ ਇਸ ਮਾਡਲ ਅਧੀਨ ਸਾਰੀਆਂ ਫਸਲਾਂ 'ਤੇ ਸਰਕਾਰੀ ਖਰੀਦ ਦੀ ਮੰਗ ਕਰਨੀ ਠੀਕ ਨਹੀਂ।

**ਕੈਨੇਡੀਅਨ ਮੈਨੇਜਮੈਂਟ ਮਾਡਲ**

ਕੈਨੇਡੀਅਨ ਮੈਨੇਜਮੈਂਟ ਮਾਡਲ ਕਿਸਾਨਾਂ ਦੇ ਮਾਰਕਟਿੰਗ ਬੋਰਡ ਰਾਹੀਂ ਚਲਾਇਆ ਜਾਣ ਵਾਲਾ ਮਾਡਲ ਹੈ। ਕਿਸਾਨ ਇਹ ਬੋਰਡ ਆਪ ਬਣਾਉਂਦੇ ਹਨ, ਆਪ ਇਸ ਦੇ ਮੈਂਬਰ ਵੀ ਹਨ ਅਤੇ ਆਪਣਾ ਬੋਰਡ ਆਫ ਡਾਇਰੈਕਟਰਜ਼ ਵੀ ਆਪ ਚੁਣਦੇ ਹਨ। ਕਿਸਾਨਾਂ ਦੇ ਇਸ ਮਾਰਕਟਿੰਗ ਬੋਰਡ ਦਾ ਕੰਮ ਹੈ, ਕਿਸਾਨਾਂ ਦੇ ਪੈਦਾ ਕੀਤੇ ਉਤਪਾਦ ਨੂੰ ਵੇਚਣਾ। ਇਹ ਬੋਰਡ ਉਤਪਾਦ ਦੀ ਕੀਮਤ ਇਸ ਹਿਸਾਬ ਨਾਲ ਤੈਅ ਕਰਦਾ ਹੈ ਕਿ ਪੈਦਾ ਕਰਨ ਵਾਲੇ ਕਿਸਾਨ ਨੂੰ ਜਾਇਜ਼ ਪੱਧਰ ਦਾ ਮੁਨਾਫਾ ਜ਼ਰੂਰ ਹੋਵੇ। ਇਹ ਸਪਲਾਈ ਕੰਟਰੋਲ ਕਰਕੇ ਕੀਮਤਾਂ ਡਿਗਣ ਤੋਂ ਜਾਂ ਬਹੁਤ ਚੜ੍ਹਨ ਤੋਂ ਬਚਾਉਂਦਾ ਹੈ। ਜੇ ਮੰਗ ਵਧ ਜਾਵੇ ਅਤੇ ਕੀਮਤਾਂ ਵਧਣ ਲੱਗਣ ਤਾਂ ਬੋਰਡ ਆਪਣੇ ਕਿਸਾਨਾਂ ਦੀ ਮਦਦ ਨਾਲ ਸਪਲਾਈ ਵਧਾ ਦਿੰਦਾ ਹੈ; ਜੇ ਸਪਲਾਈ ਵਧ ਹੋ ਜਾਵੇ ਅਤੇ ਕੀਮਤਾਂ ਡਿਗਣ ਲੱਗਣ ਤਾਂ ਇਹ ਸਪਲਾਈ ਘਟਾ ਦਿੰਦਾ ਹੈ। ਇੰਜ ਕਰਨ ਨਾਲ ਇਹ ਮੰਗ ਅਤੇ ਸਪਲਾਈ ਨੂੰ ਨੇੜੇ ਤੇੜੇ ਹੀ ਰੱਖਦੇ ਹਨ। ਕੀਮਤਾਂ ਦੀ ਪੱਧਰ ਅਜਿਹੀ ਰਹਿੰਦੀ ਹੈ ਕਿ ਕਿਸਾਨ ਨੂੰ ਜਾਇਜ਼ ਮੁਨਾਫਾ ਬਣਦਾ ਰਹਿੰਦਾ ਹੈ ਅਤੇ ਖਪਤਕਾਰਾਂ ਨੂੰ ਬਹੁਤ ਵਾਧੂ ਕੀਮਤ ਨਹੀਂ ਦੇਣੀ ਪੈਂਦੀ।

ਜਿਹੜੀ ਗੱਲ ਮੰਡੀ ਬਹੁਤ ਕਿਸਮ ਦੀ ਸਮਾਜਕ ਅਤੇ ਆਰਥਕ ਤੋੜ ਭੱਜ ਕਰਕੇ ਪ੍ਰਾਪਤ ਕਰਦੀ ਹੈ, ਉਹ ਮਾਰਕਟਿੰਗ ਬੋਰਡ ਥੋੜੀ ਜਿਹੀ ਕੋਸ਼ਿਸ਼ ਨਾਲ ਹੀ ਪ੍ਰਾਪਤ ਕਰ ਲੈਂਦਾ ਹੈ। ਇਹ ਮਾਡਲ ਇਨਸਾਨ ਅਤੇ ਵਾਤਾਵਰਨ ਪ੍ਰਤੀ ਚੇਤੰਨ ਤੇ ਸੰਵੇਦਨਸ਼ੀਲ ਹੈ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਕੈਨੇਡੀਅਨ ਮਾਡਲ ਵਿਚ ਸਰਕਾਰ ਨੂੰ ਕੋਈ ਸਬਸਿਡੀ ਨਹੀਂ ਦੇਣੀ ਪੈਂਦੀ। ਕਿਸਾਨ ਆਪਣਾ ਭਾਰ ਆਪ ਚੁੱਕਦੇ ਹਨ ਸਗੋਂ ਟੈਕਸ ਦੇ ਕੇ ਸਰਕਾਰ ਦੀ ਮਦਦ ਕਰਦੇ ਹਨ। ਕਈ ਲੋਕ ਕਹਿੰਦੇ ਹਨ ਕਿ ਕੈਨੇਡੀਅਨ ਲੋਕਾਂ ਨੂੰ ਦੁੱਧ ਅਤੇ ਆਂਡਿਆਂ ਵਗੈਰਾ ਦੀ ਵਾਧੂ ਕੀਮਤ ਦੇਣੀ ਪੈਂਦੀ ਹੈ ਪਰ ਅਧਿਐਨ ਅਨੁਸਾਰ ਕੈਨੇਡਾ ਦੇ ਖਪਤਕਾਰਾਂ ਨੂੰ ਕੋਈ ਬਹੁਤੀ ਵਾਧੂ ਕੀਮਤ ਨਹੀਂ ਤਾਰਨੀ ਪੈਂਦੀ। ਸੀ.ਬੀ.ਸੀ. ਦੀ ਰਿਪੋਰਟ ਅਨੁਸਾਰ ਅਮੀਰ ਲੋਕ ਕੈਨੇਡਾ ਵਿਚ 554 ਡਾਲਰ ਸਾਲਾਨਾ ਵਾਧੂ ਖਰਚਦੇ ਹਨ ਅਤੇ ਆਮ ਲੋਕ 339 ਡਾਲਰ।

ਕੈਨੇਡੀਅਨ ਲੋਕ ਸਿਰਫ ਇਕੋ ਹੀ ਕੀਮਤ ਤਾਰਦੇ ਹਨ ਪਰ ਕਿਸੇ ਵਿਦਵਾਨ ਦੇ ਕਹਿਣ ਮੁਤਾਬਕ, ਅਮਰੀਕਨ ਅਤੇ ਯੂਰਪੀ ਲੋਕ ਦੋ ਕੀਮਤਾਂ ਤਾਰਦੇ ਹਨ; ਇਕ ਸਟੋਰ ਵਿਚ ਦੁੱਧ ਵਗੈਰਾ ਖਰੀਦਣ ਵੇਲੇ ਅਤੇ ਦੂਜੀ ਟੈਕਸ ਭਰਨ ਵੇਲੇ ਸਬਸਿਡੀ ਦੀ।

ਸਪਲਾਈ ਮੈਨੇਜਮੈਂਟ ਸਰਮਾਏਦਾਰੀ ਨਿਜ਼ਾਮ ਵਿਚ ਨਵੇਂ ਟਰੈਂਡ ਦੇ ਤੌਰ 'ਤੇ ਦਾਖਲ ਹੋਣ ਵਾਲੀ ਹੈ ਜਦੋਂ ਲੌਗਰਿਦਮ ਵਰਤ ਕੇ ਆ ਰਹੇ ਸਮੇਂ ਦੀ ਮੰਗ ਦੇ ਅੰਦਾਜ਼ੇ ਲਾਏ ਜਾ ਸਕਦੇ ਹਨ; ਜਾਂ ਫਿਰ ਲੋਕ ਜਦੋਂ ਕਿਸੇ ਚੀਜ਼ ਦਾ ਆਰਡਰ ਦੇਣ, ਉਸੇ ਵੇਲੇ ਉਸ ਨੂੰ ਬਣਾ ਕੇ ਭੇਜ ਦਿੱਤਾ ਜਾਵੇ। ਦੂਜੇ ਅਰਥਾਂ ਵਿਚ ਮੰਡੀ ਦੇ ਉਤਰਾਅ ਚੜ੍ਹਾਅ ਅਸਲ ਵਿਚ ਪਹਿਲਾਂ ਹੀ ਜਾਂਚ ਲਏ ਜਾਣ ਅਤੇ ਉਨ੍ਹਾਂ ਨੂੰ ਮੈਨੇਜ ਕੀਤਾ ਜਾਵੇ।

**ਪੰਜਾਬ ਵਿਚ ਕੈਨੇਡੀਅਨ ਸਿਸਟਮ**

ਪੰਜਾਬੀ ਲੋਕਾਂ ਦੀ ਸੋਚ ਅਜੇ ਮਾਡਲਾਂ ਦੀ ਭਾਲ ਵਿਚ ਤੁਰੀ ਨਹੀਂ। ਉਂਝ, ਜੇ ਅਜਿਹਾ ਸਿਸਟਮ ਲਾਗੂ ਹੋ ਜਾਵੇ ਤਾਂ ਸਭ ਸਬਸਿਡੀਆਂ ਖਤਮ ਹੋ ਸਕਦੀਆਂ ਹਨ। ਫਿਰ ਪੰਜਾਬ ਸਰਕਾਰ ਨੂੰ ਬਿਜਲੀ ਸਬਸਿਡੀ ਦੇਣ ਦੀ ਲੋੜ ਨਹੀਂ। ਬਿਜਲੀ ਸਬਸਿਡੀ ਖਤਮ ਹੋਣ ਨਾਲ ਪੰਜਾਬ ਸਰਕਾਰ ਨੂੰ ਕੋਈ 8 ਹਜ਼ਾਰ ਕਰੋੜ ਦਾ ਫਾਇਦਾ ਹੋਵੇਗਾ। ਇਸ ਨਾਲ ਪਾਣੀ ਦੀ ਲੋੜੋਂ ਵਾਧੂ ਵਰਤੋਂ ਵੀ ਹਟੇਗੀ। ਜੇ ਜ਼ਮੀਨ ਹੇਠਲੇ ਪਾਣੀ ਦੀ ਸਤ੍ਹਾ ਮੁੜ ਉਤੇ ਲਿਆਂਦੀ ਜਾ ਸਕੇ ਤਾਂ ਇਹ ਬਹੁਤ ਚੰਗੀ ਅਤੇ ਅਹਿਮ ਗੱਲ ਹੋਵੇਗੀ।

ਅਸ਼ੋਕ ਗੁਲਾਟੀ ਅਨੁਸਾਰ ਪੰਜਾਬ ਸਰਕਾਰ ਦੀ ਬਿਜਲੀ ਸਬਸਿਡੀ 8275 ਕਰੋੜ ਦੀ ਹੈ। ਖਾਦਾਂ ਉਤੇ ਕੇਂਦਰ ਸਰਕਾਰ ਦੀ ਸਬਸਿਡੀ ਕੋਈ 5000 ਕਰੋੜ ਹੈ। ਇਸ ਦੇ ਨਾਲ ਨਾਲ ਹੋਰ ਕਈ ਸਬਸਿਡੀਆਂ ਹਨ। ਜੇ ਇਨ੍ਹਾਂ ਦੀ ਕੁੱਲ ਰਕਮ 15000 ਕਰੋੜ ਦੇ ਨੇੜੇ ਹੋਵੇ ਤਾਂ ਇਹ ਪੈਸਾ ਪੰਜਾਬ ਵਿਚ ਕਿਸਾਨਾਂ ਦੇ ਬੋਰਡ ਦੇ ਨਿਰਦੇਸ਼ਨ ਅਧੀਨ ਕਿਸੇ ਅਹਿਮ ਕੰਮ 'ਤੇ ਲਾਇਆ ਜਾ ਸਕਦਾ ਹੈ। ਮਿਸਾਲ ਵਜੋਂ 100 ਮੀਟ੍ਰਿਕ ਟਨ ਸਟੋਰ ਕਰਨ ਵਾਲਾ ਸਾਈਲੋ 5 ਲੱਖ ਦਾ ਲੱਗ ਜਾਂਦਾ ਹੈ। 15000 ਕਰੋੜ ਨਾਲ ਬੇਗਿਣਤ ਪਿੰਡਾਂ ਵਿਚ ਸਾਈਲੋ ਬਣਾਏ ਜਾ ਸਕਦੇ ਹਨ ਤਾਂ ਕਿ ਕਣਕ ਅਤੇ ਹੋਰ ਫਸਲਾਂ ਦੀ ਗੁਣਵੱਤਾ ਕਾਇਮ ਰੱਖਦੇ ਹੋਏ ਇਨ੍ਹਾਂ ਨੂੰ ਸਟੋਰ ਕੀਤਾ ਜਾ ਸਕੇ। ਇਸ ਨਾਲ ਇਹ ਬਰਾਮਦ ਕਰਨ ਦੇ ਲਾਇਕ ਵੀ ਰਹਿ ਸਕਦੀਆਂ ਹਨ।

ਸਵਾਲ ਇਹ ਨਹੀਂ ਕਿ ਪੰਜਾਬ ਵਿਚ ਕਿਸਾਨਾਂ ਦਾ ਮਾਰਕਟਿੰਗ ਬੋਰਡ ਬਣਾਇਆ ਜਾ ਸਕਦਾ ਹੈ ਜਾਂ ਨਹੀਂ; ਪੰਜਾਬ ਵਿਚ ਮੰਡੀ ਬੋਰਡ ਪਹਿਲਾਂ ਹੀ ਹੈ ਪਰ ਇਸ ਦਾ ਕਾਰਜ ਠੀਕ ਨਹੀਂ ਅਤੇ ਇਹ ਹੈ ਵੀ ਸਰਕਾਰੀ ਜਿਸ ਵਿਚ ਅਫਸਰਸ਼ਾਹੀ ਹੀ ਸਭ ਕੁਝ ਕਰਦੀ ਹੈ। ਇਸ ਲਈ ਇਹ ਸਪਲਾਈ ਮੈਨੇਜਮੈਂਟ ਨਹੀਂ ਕਰਦਾ ਅਤੇ ਨਾ ਹੀ ਸਹੀ ਤਰੀਕੇ

***(ਬਾਕੀ ਅਗਲੇ ਸਫੇ 'ਤੇ)***

# ਮੇਰਾ ਪਿੰਡ



ਭੁਪਿੰਦਰ ਸਿੰਘ ਬਰਗਾੜੀ

ਰਾਤ ਦੇ ਸਾਢੇ ਨੌਂ ਦਾ ਸਮਾਂ ਹੈ। ਬਠਿੰਡਿਓਂ ਕਿਸੇ ਛੋਟੇ ਜਿਹੇ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਬਾਅਦ ਵਾਪਸ ਪਿੰਡ ਆ ਰਿਹਾ ਹਾਂ। ਗੱਡੀ ਵਿਚ ਸਤਿੰਦਰ ਸਰਤਾਜ ਵੱਜ ਰਿਹਾ, 'ਸਰੂਰ ਬਣਿਆ', ਤੇ ਮਾਹੌਲ ਬੱਝਿਆ ਹੋਇਆ ਪੂਰਾ। ਪਿੰਡ ਦਾ ਬੱਸ ਅੱਡਾ ਪਾਰ ਕਰਕੇ ਮੈਂ ਆਪਣੀ ਕਾਰ ਨੂੰ ਹਾਈਵੇ ਵਿਚੋਂ ਬਾਹਰ ਕੱਢ ਕੇ ਘਰ ਨੂੰ ਜਾਂਦੀ ਸਰਵਿਸ ਰੋਡ 'ਤੇ ਪਾਉਣਾ ਹੈ। ਕਾਰ ਕੱਟ ਕੋਲ ਪਹੁੰਚਦੀ ਹੈ ਤੇ ਮੈਂ ਸੋਚਦਾ ਹਾਂ ਕਿ ਅੱਜ ਪਹਿਲਾਂ ਵਾਂਗ ਆਪਣੇ ਸੱਜੇ ਪਾਸੇ ਨਹੀਂ ਦੇਖਾਂਗਾ ... ... ਫਿਰ ਵੀ ਪਤਾ ਨਹੀਂ ਮੈਨੂੰ ਕੀ ਹੁੰਦਾ ਹੈ ਤੇ ਮੈਂ ਸੁੱਤੇ-ਸਿੱਧ ਸੱਜੇ ਪਾਸੇ ਦੇਖ ਲੈਂਦਾ ਹਾਂ ਜਿੱਥੇ ਨੈਸ਼ਨਲ ਹਾਈਵੇ ਵਾਲਿਆਂ ਨੇ ਡਿਵਾਈਡਰ 'ਤੇ ਮੀਲ ਪੱਥਰ ਲਾਇਆ ਹੋਇਆ ਹੈ। ਇਸ ਉਤੇ ਹਿੰਦੀ ਵਿਚ ਲਿਖਿਆ ਹੋਇਆ ਹੈ 'ਬਰਗਾੜੀ ਜ਼ੀਰੋ'। ... ਤੇ ਵੇਖਣ ਸਾਰ ਮੈਂ 'ਉੱਖੜ ਜਾਨਾਂ' ਅਕਸਰ ... ... ਤੇ ਅੱਜ ਵੀ ਇਹੋ ਹੋਇਆ। ਹੱਥ ਸਿੱਧਾ 'ਮਿਊਟ' ਦੇ ਬਟਨ ਤੇ ਜਾਂਦਾ ਹੈ ਤੇ ਸਰਤਾਜ ਚੁੱਪ ਹੋ ਜਾਂਦਾ ਹੈ। ਮੈਂ ਕਦੋਂ ਕਾਰ ਪਾਰਕ ਕਰਦਾ ਹਾਂ ... ਕਦੋਂ ਗੇਟ ਖੋਲ੍ਹ ਕੇ ਬਿਨਾ ਕੁਝ ਕਹੇ ਅੰਦਰ ਜਾਂਦਾ ਹਾਂ ਤੇ ਜਾ ਕੇ ਬੈੱਡ 'ਤੇ ਪੈ ਜਾਂਦਾ ਹਾਂ ... ... ਮੈਨੂੰ ਨਹੀਂ ਯਾਦ। ਮੇਰੇ ਖਿਆਲ ਮੈਨੂੰ ਸੌ ਸਾਲ ਪਿੱਛੇ ਲੈ ਜਾਂਦੇ ਹਨ ਜਦੋਂ ਆਜ਼ਾਦੀ ਦੀ ਲੜਾਈ ਚੱਲ ਰਹੀ ਹੈ ... ... ਜੈਤੋ ਦਾ ਮੋਰਚਾ ਲੱਗਿਆ ਹੋਇਆ ਹੈ। ਜੱਥੇ ਆ ਰਹੇ ਹਨ। ਮੇਰੇ ਪਿੰਡ ਵਿਚ ਆ ਕੇ ਯੋਧੇ ਪੜਾਅ ਕਰਦੇ 'ਲੰਗਰ ਪਾਣੀ ਛਕਦੇ' ਜੈਤੋ ਨੂੰ ਜਾਂਦੇ ਕੱਚੇ ਰਾਹ ਪੈ ਜਾਂਦੇ। ਬਾਬੇ ਰੁਲੀਆ ਸਿਹੁੰ ਤੇ ਮੇਰੇ ਦਾਦੇ ਵਰਗੇ ਹੋਰ ਕਈ ਗਰਾਈਂ ਹਕੂਮਤ ਨਾਲ ਲੜਦੇ ਕਦੇ ਰੂਪੋਸ਼ ਹੁੰਦੇ ਹਨ ... ਕਦੇ ਜੇਲ੍ਹ ਅੰਦਰ ਕਦੇ ਬਾਹਰ ਹੁੰਦੇ ਰਹੇ। ਅੰਤ ਆਜ਼ਾਦੀ ਮਿਲਦੀ ਹੈ ਤੇ ਮੁਸਲਮਾਨਾਂ ਨੂੰ ਪਾਕਿਸਤਾਨ ਜਾਣ ਦਾ ਹੁਕਮ ਹੁੰਦਾ ਹੈ। ਸਾਰਾ ਪਿੰਡ ਖੂਹ 'ਤੇ ਇਕੱਠਾ ਹੁੰਦਾ ਹੈ; ਕਹਿੰਦੇ 'ਨਹੀਂ ਜਾਣ ਦੇਣਾ' ਪਰ ਜਾਣਾ ਤਾਂ ਪੈਣਾ। ਫਿਰ ਕਹਿੰਦੇ- 'ਅਸੀਂ ਕਿਸੇ ਦਾ ਨੁਕਸਾਨ ਨਹੀਂ ਹੋਣ ਦੇਣਾ'। ਸਾਡੇ ਬਾਬੇ ਕਹਿੰਦੇ ਆ- 'ਸਮਾਨ ਬੰਨ੍ਹੋ ਥੋਡੇ ਨਾਲ ਚੱਲਾਂਗੇ ... ... ... ਜੋ ਛੱਡ ਕੇ ਜਾਣਾ ਸਾਡੇ ਕੋਲ ਅਮਾਨਤ ਰਹੂ'।

ਹਲਚਲਾ ਲੰਘ ਗਿਆ। ਮੇਰੇ ਪਿੰਡ ਦੇ ਕਿਸੇ ਇੱਕ ਵੀ ਮੁਸਲਮਾਨ ਦੀ ਜਾਨ ਪਾਕਿਸਤਾਨ ਪਹੁੰਚਣ ਤੱਕ ਨਹੀਂ ਗਈ ਤੇ ਨਾ ਕਿਸੇ ਦਾ ਕੁਝ ਲੁੱਟਣ ਦਿੱਤਾ ਤੇ ਨਾਂ ਹੀ ਮੇਰੇ ਪਿੰਡ ਦਾ ਕੋਈ ਲੁਟੇਰਿਆਂ ਨਾਲ ਰਲਿਆ। ਬਾਬੇ ਮੁੜ ਆਏ। ਅਠੱਤਰ 'ਚ ਹਿਲਜੁਲ ਹੋਈ। ਚੁਰਾਸੀ 'ਚ ਨਸਲਕੁਸ਼ੀ ਦੇ ਭੰਨੇ ਲੋਕ ਉੱਜੜ ਕੇ ਮੇਰੇ ਪਿੰਡ ਪਹੁੰਚੇ। 'ਪਨਾਹ ਮਿਲੀ'। ਪੀੜਤ ਲੋਕ ਆਪਣੇ ਮਰਿਆਂ ਦਾ ਗਮ ਭੁੱਲ ਗਏ। ਤੇ ਪਿੰਡ ਵਿਚ ਆਪਣੇ ਕੰਮ ਧੰਦੀਂ ਲੱਗੇ ਵਸਦੇ ਰਸਦੇ ਆ। ਕਾਲੇ ਦਿਨਾਂ ਦੀ ਹਨ੍ਹੇਰੀ ਵਗੀ ਸਾਰੇ ਪੰਜਾਬ ਨੇ ਆਪਣੇ ਪਿੰਡੇ ਤੇ ਝੱਲੀ। ਸਾਡੇ ਪਿੰਡ ਦੇ 'ਕਿਸੇ ਬਸ਼ਿੰਦੇ' ਨੇ ਨਾ ਕਿਸੇ ਦੀ ਜਾਨ ਲਈ ਤੇ ਨਾ ਜਾਣ ਦਿੱਤੀ। ਸਮਾਂ ਲੰਘਿਆ ਨਵੀਂ ਪੀੜ੍ਹੀ ਦੇ ਜੁਆਨ ਪੜ੍ਹ ਲਿਖ ਕੇ ਸਿਰੇ ਦੇ ਅਹੁਦਿਆਂ ਤੇ ਪਹੁੰਚੇ। ਵਿਦੇਸ਼ਾਂ 'ਚ ਝੰਡੇ ਗੱਡੇ। ਪੰਡਤਾਂ ਦੇ ਕ੍ਰਿਸ਼ਨ ਵਰਗਿਆਂ ਨੇ ਤਰਕਸ਼ੀਲ ਸੁਸਾਇਟੀ ਬਣਾ ਕੇ ਲੋਕਾਂ ਨੂੰ ਧਾਗੇ ਤਵੀਤਾਂ ਦੇ ਵਹਿਮਾਂ 'ਚੋਂ ਕੱਢਿਆ। ਸਾਰੀ ਦੁਨੀਆ ਵਿਚ ਪਿੰਡ ਦੀ ਠੁੱਕ ਬਣਾਈ।




ਸੱਤ ਕੁ ਸਾਲ ਪਹਿਲਾਂ ਮੰਦਭਾਗਾ ਸਮਾਂ ਆਇਆ ਤੇ ਨਾ-ਸ਼ੁਕਰਿਆਂ ਨੇ ਨਾਲ ਦੇ ਪਿੰਡੋਂ 'ਗੁਰੂ ਬਾਬੇ ਦਾ ਪਵਿੱਤਰ ਸਰੂਪ' ਚੋਰੀ ਕੀਤਾ। ਏਸ ਤੋਂ ਵੀ ਮਾੜਾ ਕੀਤਾ ਕਿ ਮੇਰੇ ਪਿੰਡ ਦੀਆਂ ਗਲੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ 'ਪੱਤਰੇ' ਖਿਲਾਰੇ। ਕੋਈ ਕਿਤੇ ਕੋਈ ਕਿਤੇ। ਮੇਰੇ ਗਰਾਈਆਂ ਨੇ ਸਾਰੇ ਇਕੱਠੇ ਕੀਤੇ। ਹੰਝੂਆਂ ਨਾਲ ਵਗਦੀਆਂ ਅੱਖਾਂ ਲੈ ਕੇ, ਸੁੱਚੇ ਰੁਮਾਲਾਂ ਨਾਲ 'ਪੱਤਰਿਆਂ' ਨੂੰ ਸਾਫ ਕਰਦੇ ਹੋਏ ਲੋਕ ਗੁਰਦੁਆਰੇ ਨੂੰ ਤੁਰ ਪਏ। ਕੋਈ ਕਿਸੇ ਗਲੀ ਕੋਈ। ਕੋਈ ਕਿਸੇ ਗਲੀ। ਸਾਰਾ ਪਿੰਡ ਰੋਣਹਾਕਾ ਹੋਇਆ ਖੜ੍ਹਾ, ਅਸੀਂ ਆਪਣੇ ਅੱਖੀਂ ਦੇਖਿਆ। ਹਰ ਚਿਹਰੇ ਤੇ ਦੁੱਖ ਦਰਦ ਝਲਕਾਂ ਮਾਰੇ ਤੇ ਇੱਕ ਅਣਕਹੀ ਗੱਲ ਹਰ ਇਕ ਦੇ ਦਿਲ ਕਿ 'ਇਹ ਘਿਨਾਉਣਾ ਕਾਰਾ ਕੋਈ ਸਾਡੇ ਪਿੰਡ ਦਾ ਵਾਸੀ ਨਹੀਂ ਕਰ ਸਕਦਾ'। ਪੁਲਿਸ ਪਹੁੰਚੀ। ਜਾਂਚਾਂ ਹੋਈਆਂ। ਧਰਨੇ ਮੋਰਚੇ ਲੱਗੇ, ਰਾਜਨੀਤੀਆਂ ਹੋਈਆਂ। ਫੇਰ ਕਹਿੰਦੇ- 'ਬੰਦੇ ਫੜੇ ਗਏ'। 'ਅੰਦਰ ਦੇ ਤੇ'। ਜਾਂਚ ਕਰਨ ਸੀ.ਬੀ .ਆਈ ਲਾ ਦਿੱਤੀ। ਸਾਡੇ ਕੋਲ ਵੀ ਆਉਂਦੇ ਸੀ.ਬੀ.ਆਈ. ਵਾਲੇ। ਸੌਦਾ ਲਿਜਾਂਦੇ ਚਾਹ ਪਾਣੀ ਪੀਂਦੇ। ਮੈਂ ਪੁੱਛਿਆ- 'ਜਿਹਨਾਂ ਦੀ ਜਾਂਚ ਕਰਦੇ ਓਂ, ਕੋਈ ਇੱਕ ਵੀ ਬੰਦਾ ਸਾਡੇ ਪਿੰਡ ਦਾ ......?' ਕਹਿੰਦੇ- 'ਇੱਕ ਵੀ ਨਹੀਂ'। ਮੈਂ ਦੁਹਰਾ ਕੇ ਪੁੱਛਦਾ ਹਾਂ- 'ਸਾਡੇ ਪਿੰਡ ਦਾ ਕੋਈ ਵੀ ਬੰਦਾ ਸ਼ੱਕੀ ਨਹੀਂ'। ਕਹਿੰਦਾ 'ਮਾਅ ਸਾਹਬ, ਆਪਕੇ ਗਾਂਵ ਕੇ ਤੋ ਭਲੇ ਲੋਗ ਹੈਂ ... ਯੇਹ ਥੋੜ੍ਹਾ ਐਸਾ ਕਾਮ ਕਰ ਸਕੇਂਗੇ, ਬੰਦੇ ਤੋ ਔਰ ਹੀ ਹੈਂ, ਆਪ ਕੇ ਗਾਂਵ ਕਾ ਤੋ ਏਕ ਆਦਮੀ ਭੀ ਸਸਪੈਕਟ ਨਹੀਂ ਹੈ'।

ਮੈਂ ਦਿਲ ਤੇ ਹੱਥ ਧਰਦਾਂ ਤੇ ਇੱਕ ਅਸੀਮ ਤਸੱਲੀ ਦਾ ਅਨੁਭਵ ਕਰਦਾ ਹੋਇਆ ਕਹਿਣ ਲੱਗਦਾ ਹਾਂ, 'ਫਿਰ ਮੇਰਾ ਪਿੰਡ ਜ਼ੀਰੋ ਕਿਵੇਂ ਹੋ ਸਕਦਾ? ਮੇਰਾ ਪਿੰਡ ਜ਼ੀਰੋ ਨਹੀਂ ਆ... ... ਮੇਰਾ ਪਿੰਡ ਜ਼ੀਰੋ ਨਹੀਂ ਆ...'। ਏਨੇ ਨੂੰ ਪਤਨੀ ਮੈਨੂੰ ਝੰਜੋੜਦੀ ਹੋਈ ਕਹਿੰਦੀ 'ਕੀ ਬੋਲੀ ਜਾਂਦੇ ਹੋ ... ... ਕੀ ਹੋਇਆ ਥੋਨੂੰ' ...? ਤੇ ਮੈਂ 'ਅੱਭੜਵਾਹਿਆ' ਉੱਠ ਬਹਿੰਦਾ ਹਾਂ।

ਮੇਰੀਆਂ ਅੱਖਾਂ ਅੱਗੇ ਉਹੀ 'ਮੀਲ ਪੱਥਰ' ਘੁੰਮ ਰਿਹਾ ਹੈ ਜਿਸ 'ਤੇ ਲਿਖਿਆ 'ਬਰਗਾੜੀ ਜ਼ੀਰੋ'... ... ਪਰ ਮੈਂ ਆਪਣੇ ਆਪ ਨੂੰ ਧਰਵਾਸਾ ਦਿੰਦਾ ਹਾਂ- 'ਮੇਰਾ ਪਿੰਡ ਜ਼ੀਰੋ ਨਹੀਂ ਆ'। ... ਸੱਚੀਂ, ਲੋਕੋ ਮੇਰਾ ਪਿੰਡ ਜ਼ੀਰੋ ਨਹੀਂ ਆ।

---

ਨਾਲ ਕਿਸਾਨਾਂ ਦੇ ਉਤਪਾਦ ਦੀ ਮਾਰਕਟਿੰਗ ਕਰਦਾ ਹੈ। ਸੋ ਜਾਂ ਤਾਂ ਮੰਡੀ ਬੋਰਡ ਦਾ ਮੈਂਡੇਟ ਬਦਲ ਕੇ ਇਸ ਨੂੰ ਕਿਸਾਨਾਂ ਦੇ ਹਵਾਲੇ ਕੀਤਾ ਜਾਵੇ; ਜਾਂ ਫਿਰ ਮੰਡੀ ਬੋਰਡ ਦੇ ਸਮਾਨੰਤਰ ਕਿਸਾਨਾਂ ਦਾ ਕੈਨੇਡੀਅਨ ਸਟਾਈਲ ਦਾ ਬੋਰਡ ਬਣਾਇਆ ਜਾਵੇ। ਅਜਿਹੇ ਬੋਰਡ ਨੂੰ ਸਥਾਨਕ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਆਪਣੇ ਭੋਜਨ ਪਦਾਰਥ ਵੇਚਣੇ ਚਾਹੀਦੇ ਹਨ। ਸਭ ਫਸਲਾਂ 'ਤੇ ਐਮ.ਐਸ.ਪੀ. ਮੰਗਣ ਦੀ ਥਾਂ ਅਨਾਜ ਬਰਾਮਦ ਕਰਨ ਦਾ ਅਧਿਕਾਰ ਮੰਗਣਾ ਚਾਹੀਦਾ ਹੈ।

ਇਸ ਬੋਰਡ ਨੂੰ ਵਿਗਿਆਨੀਆਂ ਅਤੇ ਮੰਡੀ ਦੇ ਮਾਹਿਰਾਂ ਦੀ ਮਦਦ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿੰਨੀ ਜ਼ਮੀਨ ਕਿਸ ਫਸਲ ਲਈ ਵਰਤੀ ਜਾਵੇ ਤਾਂ ਕਿ ਉਤਪਾਦ ਵਿਚ ਵਾਧੂ ਸਪਲਾਈ ਦਾ ਮਾਹੌਲ ਨਾ ਬਣੇ ਅਤੇ ਜਾਇਜ਼ ਕੀਮਤਾਂ ਜਾਰੀ ਰਹਿਣ।

---

ਪੰਜਾਬ ਵਿਚ ਪੰਜ ਏਕੜ ਤੋਂ ਘੱਟ ਦੇ ਫਾਰਮ ਨੂੰ ਛੋਟਾ ਫਾਰਮ ਕਿਹਾ ਜਾਂਦਾ ਹੈ। ਜੇ ਅਸੀਂ ਕੌਮਾਂਤਰੀ ਮਿਆਰ ਨਾਲ ਦੇਖੀਏ ਤਾਂ ਪੰਜਾਬ ਦੇ ਤਕਰੀਬਨ ਸਾਰੇ ਫਾਰਮ ਹੀ ਛੋਟੇ ਫਾਰਮ ਹਨ। ਇਨ੍ਹਾਂ ਵਿਚ ਵੱਡੇ ਅਕਾਰ ਦੀ ਬੱਚਤ (Economy of scale) ਬਹੁਤ ਮੁਸ਼ਕਿਲ ਹੈ। ਇਨ੍ਹਾਂ ਵਿਚ ਲਾਗਤ ਘੱਟ ਕਰਨ ਵਾਲੀ ਤਕਨਾਲੋਜੀ ਲਾਉਣੀ ਵੀ ਮੁਸ਼ਕਿਲ ਹੈ। ਇਸ ਲਈ ਸਰਮਾਏ ਦੀ ਬਹੁਤੀ ਇਕੱਤਰਤਾ ਵੀ ਮੁਸ਼ਕਿਲ ਹੈ। ਇਸ ਲਈ ਅੱਜ ਦੀ ਤਕਨਾਲੋਜੀ ਦਾ ਪੂਰਾ ਫਾਇਦਾ ਉਠਾਉਣ ਅਤੇ ਵਾਤਾਵਰਨ ਠੀਕ ਰੱਖਣ ਵਾਲੇ ਖਰਚੇ ਲਈ ਫਾਰਮ ਦਾ ਆਕਾਰ ਵਧਾਉਣਾ ਜ਼ਰੂਰੀ ਹੈ।

ਆਮ ਪਿੰਡਾਂ ਦੀ ਜ਼ਮੀਨ 500 ਤੋਂ 1000 ਏਕੜ ਤੱਕ ਹੈ। ਇਹ ਅੱਜ ਦੇ ਫਾਰਮ ਲਈ ਜਾਇਜ਼ ਜਿਹਾ ਆਕਾਰ ਹੈ। ਜੇ ਦੋ ਤਿੰਨ ਜਾਂ ਚਾਰ ਪਿੰਡ ਇੱਕਠੇ ਹੋ ਜਾਣ ਜਿਵੇਂ ਲਾਂਬੜਾ ਕਾਂਗੜੀ ਵਿਚ ਹਨ ਤਾਂ ਹੋਰ ਵੀ ਬਿਹਤਰ ਹੈ। ਲਾਂਬੜਾ ਕਾਂਗੜੀ ਦੇ ਚਾਰ ਪਿੰਡਾਂ ਦੀ ਕੁੱਲ ਜ਼ਮੀਨ 3500 ਏਕੜ ਹੈ। ਇਹ ਬਹੁਤ ਹੀ ਲਾਹੇਵੰਦ ਫਾਰਮ ਬਣ ਸਕਦੇ ਹਨ ਪਰ ਸਵਾਲ ਹੈ ਕਿ ਕਿਹੋ ਜਿਹਾ ਮਾਡਲ ਅਪਣਾਇਆ ਜਾਵੇ। ਅਸੀਂ ਇਥੇ ਤਿੰਨ ਵੱਖ-ਵੱਖ ਮਾਡਲਾਂ ਦੀ ਗੱਲ ਕਰਾਂਗੇ ਤਾਂ ਕਿ ਦੇਖਿਆ ਜਾ ਸਕੇ ਕਿ ਕਿਹੜਾ ਮਾਡਲ ਬਿਹਤਰ ਰਹਿ ਸਕਦਾ ਹੈ। ਇਹ ਚੰਗਾ ਹੋਵੇਗਾ, ਜੇ ਵਿਦਵਾਨ ਦੋਸਤ ਇਸ ਵਿਚ ਹੋਰ ਵਾਧਾ ਕਰ ਸਕਣ।

**1) ਮੌਂਡਰਾਗੌਨ ਮਾਡਲ**

ਮੌਂਡਰਾਗੌਨ ਮੈਂਬਰ ਕੋਆਪ ਕਾਰਪੋਰੇਸ਼ਨਾਂ ਦੀ ਫੈਡਰੇਸ਼ਨ ਹੈ ਜਿਸ ਦੀ ਆਪਣੀ ਬਣਤਰ ਵੀ ਕੋਆਪ ਵਾਲੀ ਹੈ। ਇਹ ਬੁਨਿਆਦੀ ਤੌਰ 'ਤੇ ਵਰਕਰਜ਼ ਜਾਂ ਕਾਮਿਆਂ ਦਾ ਕੋਆਪ ਹੈ। ਇਹ ਭਾਵੇਂ ਬਹੁਤ ਕਾਮਯਾਬ ਕੋਆਪ ਹੈ ਪਰ ਪਿੰਡ ਪੱਧਰ 'ਤੇ ਇਹ ਜਾਇਜ਼ ਮਾਡਲ ਨਹੀਂ। ਕਿਸਾਨ ਆਪਣੀ ਜ਼ਮੀਨ ਦੀ ਮਲਕੀਅਤ ਨਹੀਂ ਛੱਡਣੀ ਚਾਹੁਣਗੇ। ਇਸ ਲਈ ਇਹ ਕਿਸਾਨਾਂ ਦੀ ਸਾਂਝੀ ਖੇਤੀ ਲਈ ਜਾਇਜ਼ ਮਾਡਲ ਨਹੀਂ। ਹਾਂ, ਇਹ ਮਾਡਲ ਪਿੰਡਾਂ ਵਿਚ ਹੋਰ ਕਿਸਮ ਦੀ ਸਨਅਤ ਲਾਉਣ ਜਾਂ ਮਸ਼ੀਨਰੀ ਸਾਂਝੀ ਕਰਨ ਲਈ ਸਹੀ ਹੋ ਸਕਦਾ ਹੈ ਪਰ ਸਾਂਝੀ ਖੇਤੀ ਲਈ ਨਹੀਂ। ਫਿਰ ਵੀ ਇਹ ਸੂਬਾਈ ਪੱਧਰ 'ਤੇ ਕਿਸਾਨਾਂ ਦੀਆਂ ਆਰਥਕ ਸੰਸਥਾਵਾਂ ਦੀ ਫੈਡਰੇਸ਼ਨ ਬਣਾਉਣ ਲਈ ਵਧੀਆ ਰਹਿ ਸਕਦਾ ਹੈ। ਪੰਜਾਬ ਪੱਧਰ ਦਾ ਮਾਰਕਟਿੰਗ ਬੋਰਡ ਬਣਾਉਣ ਲਈ ਇਹ ਵਧੀਆ ਰਹਿ ਸਕਦਾ ਹੈ।

**2) ਲਾਂਬੜਾ ਕਾਂਗੜੀ ਮਾਡਲ**

ਲਾਂਬੜਾ ਕਾਂਗੜੀ ਮਾਡਲ ਕਾਮਯਾਬ ਮਾਡਲ ਹੈ ਪਰ ਇਹ ਵੀ ਸਾਂਝੀ ਖੇਤੀ ਦਾ ਮਾਡਲ ਨਹੀ। ਇਹ ਸਾਂਝੀ ਮਸ਼ੀਨਰੀ ਦਾ ਮਾਡਲ ਹੈ ਜੋ ਸਰਵਿਸ ਕਾਰਪੋਰੇਸ਼ਨ ਦੇ ਤੌਰ 'ਤੇ ਕੰਮ ਕਰ ਰਿਹਾ ਹੈ। ਇਹ ਮਾਡਲ ਸਾਰੇ ਪੰਜਾਬ ਵਿਚ ਫੈਲਣਾ ਚਾਹੀਦਾ ਹੈ। ਇਸ ਤੋਂ ਸਿੱਖੇ ਤਜਰਬਿਆਂ ਤੋਂ ਅਸੀਂ ਬੜਾ ਕੁਝ ਕਰ ਸਕਦੇ ਹਾਂ; ਮਸਲਨ, ਇਨ੍ਹਾਂ ਦੀ ਬੈਂਕ ਵਧੀਆ ਕੰਮ ਕਰ ਰਹੀ ਹੈ। ਮੀਥੇਨ ਗੈਸ ਦਾ ਉਤਪਾਦਨ ਅਤੇ ਸਪਲਾਈ ਵੀ ਇਨ੍ਹਾਂ ਦਾ ਚੰਗਾ ਉਦਮ ਹੈ।

ਇਹ ਮਾਡਲ ਹੋਰ ਵਧਾਇਆ ਜਾ ਸਕਦਾ ਹੈ। ਇਹ ਸਾਰੇ ਛੋਟੇ ਕਿਸਾਨਾਂ ਦੀ ਜ਼ਮੀਨ ਮਾਮਲੇ ਜਾਂ ਕਿਰਾਏ 'ਤੇ ਲੈ ਕੇ ਵੱਡੇ ਫਾਰਮ ਬਣਾ ਸਕਦਾ ਹੈ। ਸਾਰੇ ਕਿਸਾਨ ਕਿਉਂਕਿ ਸਾਂਝੀ ਮਸ਼ੀਨਰੀ ਦੀ ਕਾਰਪੋਰੇਸ਼ਨ ਵਿਚ ਮੈਂਬਰ ਹਨ, ਇਸ ਲਈ ਉਨ੍ਹਾਂ ਦੀ ਜ਼ਮੀਨ ਕੋਈ ਬੇਗਾਨੀ ਕਾਰਪੋਰੇਸ਼ਨ ਨਹੀਂ ਇਕੱਠੀ ਕਰ ਰਹੀ ਸਗੋਂ ਉਹ ਆਪ ਹੀ ਕਰ ਰਹੇ ਹਨ ਅਤੇ ਸਾਰਾ ਮੁਨਾਫਾ ਉਨ੍ਹਾਂ ਵਿਚਕਾਰ ਹੀ ਵੰਡਿਆ ਜਾਵੇਗਾ। ਦਾਣੇਦਾਰ ਫਸਲਾਂ ਲਈ ਵੱਡੇ ਫਾਰਮ ਵਧੇਰੇ ਮੁਨਾਫਾ ਪੈਦਾ ਕਰ ਸਕਦੇ ਹਨ।

ਫਾਰਮਾਂ ਦੇ ਲਗਾਤਾਰ ਘਟਦੇ ਆਕਾਰ ਲਈ ਇਹ ਸਭ ਤੋਂ ਵਧੀਆ ਹੱਲ ਹੈ। ਇਸ ਨਾਲ ਜਾਇਦਾਦੀ ਰਿਸ਼ਤਿਆਂ ਵਿਚ ਕੋਈ ਵੱਡੀ ਤਬਦੀਲੀ ਦੀ ਲੋੜ ਨਹੀਂ। ਜੇ ਪਿੰਡ ਦੀ ਜ਼ਮੀਨ 700 ਏਕੜ ਹੈ ਤਾਂ ਇਸ ਨੂੰ ਫਾਰਮ ਦੇ ਤੌਰ 'ਤੇ ਕਾਸ਼ਤ ਕਰਨ ਨਾਲ ਵੱਖਰੀ ਕਿਸਮ ਦੀ ਮਸ਼ੀਨਰੀ ਵਰਤੀ ਜਾ ਸਕਦੀ ਹੈ। ਅਜਿਹੇ ਫਾਰਮ ਵਾਧੂ ਮੁੱਲ ਪੈਦਾ ਕਰ ਸਕਦੇ ਹਨ ਅਤੇ ਇਨ੍ਹਾਂ ਵਿਚ ਪੂੰਜੀ ਨਿਵੇਸ਼ ਲਈ ਸਰਮਾਇਆ ਜਮ੍ਹਾਂ ਹੋ ਸਕਦਾ ਹੈ। ਇਹ ਵਾਧੂ ਸਰਮਾਇਆ ਦੂਜੇ ਦਰਜੇ ਦੀ ਸਨਅਤ ਕਾਇਮ ਕਰਨ ਲਈ ਵਰਤਿਆ ਜਾ ਸਕਦਾ ਹੈ।

**3) ਸੰਯੁਕਤ ਉਦਮਕਾਰੀ ਦਾ ਮਾਡਲ**

ਕੈਨੇਡੀਅਨ ਸਰਕਾਰ ਕਿਸਾਨਾਂ ਨੂੰ ਕਹਿ ਰਹੀ ਹੈ ਕਿ ਉਨ੍ਹਾਂ ਨੂੰ ਇਕੱਠੇ ਹੋ ਕੇ ਜਾਇੰਟ ਵੈਂਚਰ ਵਾਲਾ ਮਾਡਲ ਵਰਤ ਕੇ ਕਾਰੋਬਾਰ ਵਧਾਉਣਾ ਚਾਹੀਦਾ ਹੈ। ਪੰਜਾਬ ਵਿਚ ਪਿੰਡ ਦੇ ਲੋਕ ਇੱਕਠੇ ਹੋ ਕੇ ਇਸ ਮਾਡਲ ਅਧੀਨ ਕਈ ਕਿਸਮ ਦੇ ਕੰਮ ਖੋਲ੍ਹ ਸਕਦੇ ਹਨ। ਇਵੇਂ ਹੀ ਕਈ ਪਿੰਡਾਂ ਦੀਆਂ ਸਾਂਝੀ ਮਸ਼ੀਨਰੀ ਵਾਲੀਆਂ ਕਾਰਪੋਰੇਸ਼ਨਾਂ ਰਲ ਕੇ ਕੋਈ ਵੱਡਾ ਕੰਮ ਕਰ ਸਕਦੀਆਂ ਹਨ। ਬਹੁਤ ਕਿਸਮ ਦੇ ਕਾਰੋਬਾਰ (ਬਿਜ਼ਨਸ) ਖੋਲ੍ਹੇ ਜਾ ਸਕਦੇ ਹਨ: ਜਿਵੇਂ ਫੂਡ ਪ੍ਰੋਸੈਸਿੰਗ, ਸੋਲਰ ਪੈਨੇਲ, ਟਰੈਕਟਰ ਦੇ ਪੁਰਜੇ, ਡਰੋਨ ਡਿਜ਼ਾਈਨ ਅਤੇ ਇਨ੍ਹਾਂ ਦਾ ਉਤਪਾਦਨ ਕਰਨਾ। ਬਹੁਤ ਕੰਮ ਹਨ ਜੋ ਕੀਤੇ ਜਾ ਸਕਦੇ ਹਨ ਅਤੇ ਕੌਮਾਂਤਰੀ ਮੰਡੀ ਵਿਚ ਵਿਕਣ ਵਾਲੀਆਂ ਚੀਜ਼ਾਂ ਵੀ ਬਣਾਈਆਂ ਜਾ ਸਕਦੀਆਂ ਹਨ।

ਸਭ ਤੋਂ ਵਧੀਆ ਗੱਲ ਇਹ ਹੋ ਸਕਦੀ ਹੈ ਕਿ ਪੰਜਾਬ ਦੇ 12 ਹਜ਼ਾਰ ਤੋਂ ਵੱਧ ਪਿੰਡ ਇਸ ਮਾਡਲ ਅਧੀਨ ਸਾਂਝੀ ਪੂੰਜੀ ਨਿਵੇਸ਼ ਕਾਰਪੋਰੇਸ਼ਨ ਬਣਾ ਕੇ ਬਹੁਤ ਵੱਡੇ ਕੰਮਾਂ ਨੂੰ ਹੱਥ ਪਾਉਣ। ਅਜਿਹੀ ਕਾਰਪੋਰੇਸ਼ਨ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਕਾਰੋਬਾਰ ਕਰ ਸਕਦੀ ਹੈ।

ਇਹ ਮਾਡਲ ਲੋਕ ਸਰਮਾਏਦਾਰੀ ਦਾ ਮਾਡਲ ਬਣ ਸਕਦਾ ਹੈ ਜਿਥੇ ਪੰਜਾਬ ਦੇ ਲੋਕ, ਸਰਕਾਰਾਂ ਜਾਂ ਸਰਮਾਏਦਾਰਾਂ ਨੂੰ ਨਿਵੇਸ਼ ਲਈ ਉਡੀਕਣ ਦੀ ਥਾਂ ਆਪ ਹੀ ਪੰਜਾਬ ਦੇ ਸਨਅਤੀਕਰਨ ਦਾ ਕੰਮ ਕਰ ਸਕਦੇ ਹਨ। ਇਹ ਪੰਜਾਬ ਸਰਕਾਰ ਨਾਲੋਂ ਵਧੇਰੇ ਸ਼ਕਤੀਸ਼ਾਲੀ ਬਣ ਸਕਦੀ ਹੈ, ਜੇ ਇਹ ਲੋਕ-ਕਾਰਪੋਰੇਸ਼ਨਾਂ ਦਾ ਸਮੂਹ ਹੋਵੇ ਜਿਸ ਵਿਚ ਮਾਰਕਟਿੰਗ, ਰਿਸਰਚ, ਈਜਾਦਕਾਰੀ, ਉਤਪਾਦਨ, ਬਰਾਮਦ ਆਦਿ ਵਿਭਾਗ ਹੋ ਸਕਦੇ ਹਨ ਪਰ ਇਸ ਦੀ ਕਾਮਯਾਬੀ ਦਾ ਆਧਾਰ ਪਿੰਡਾਂ ਦੀਆਂ ਸਾਂਝੀਦਾਰ ਮਸ਼ੀਨਰੀ ਕਾਰਪੋਰੇਸ਼ਨਾਂ ਅਧੀਨ ਬਣਾਏ ਵੱਡੀ ਸਕੇਲ ਦੀ ਖੇਤੀ ਦੇ ਫਾਰਮ ਹੋਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਹਰ ਪਿੰਡ ਮੁਨਾਫਾ ਪੈਦਾ ਕਰ ਰਿਹਾ ਹੋਵੇ ਅਤੇ ਫਿਰ ਉਸ ਮੁਨਾਫੇ ਦਾ ਇੱਕ ਹਿੱਸਾ ਸੂਬਾਈ ਕਾਰਪੋਰੇਸ਼ਨ ਨੂੰ ਦੇਣ। ਇਹ ਸਾਂਝਾ ਪੂੰਜੀ ਨਿਵੇਸ਼ ਫੰਡ ਕਮਾਲ ਦੇ ਕੰਮ ਕਰ ਸਕਦਾ ਹੈ। ਇਸ ਵਿਚ ਵਿਦੇਸ਼ੀ ਪੰਜਾਬੀਆਂ ਨੂੰ ਪੂੰਜੀ ਨਿਵੇਸ਼ ਦਾ ਮੌਕਾ ਵੀ ਦਿੱਤਾ ਜਾ ਸਕਦਾ ਹੈ।

**ਅੰਤਿਕਾ**

ਉਪਰਲੇ ਤਜਵੀਜ਼ਸ਼ੁਦਾ ਮਾਡਲਾਂ ਵਿਚੋਂ ਕੈਨੇਡੀਅਨ ਅਤੇ ਲਾਂਬੜਾ ਕਾਂਗੜੀ ਮਾਡਲ ਸਾਰੇ ਪੰਜਾਬ ਵਿਚ ਚੱਲਣੇ ਚਾਹੀਦੇ ਹਨ। ਸੰਯੁਕਤ ਉਦਮਕਾਰੀ (ਜਾਇੰਟ ਵੈਂਚਰ) ਜਾਂ ਕੋਆਪ ਮਾਡਲ ਵਰਤ ਕੇ ਬਹੁਤ ਕੁਝ ਕੀਤਾ ਜਾ ਸਕਦਾ ਹੈ। ਪੰਜਾਬ ਪੱਧਰ ਦਾ ਮਾਰਕਟਿੰਗ ਬੋਰਡ ਬਣਾ ਕੇ ਮੌਂਡਰਾਗੌਨ ਕਾਰਪੋਰੇਸ਼ਨ ਨਾਲ ਮਿਲਦੀ ਜੁਲਦੀ ਫੈਡਰੇਸ਼ਨ ਬਣਾਈ ਜਾ ਸਕਦੀ ਹੈ। ਇਸ ਨਾਲ ਪੰਜਾਬ ਵਿਚ ਵੱਡੀ ਸਨਅਤ ਲਾਉਣ ਲਈ ਰਾਹ ਖੁੱਲ੍ਹ ਸਕਦਾ ਹੈ। ਦੁਨੀਆ ਭਰ ਦੀ ਮਾਰਕੀਟ ਖੁੱਲ੍ਹੀ ਪਈ ਹੈ। ਪੰਜਾਬੀ ਲੋਕ ਇਕੱਠੇ ਹੋ ਕੇ ਲੋਕ ਸਰਮਾਏਦਾਰੀ ਦਾ ਮਾਡਲ ਦੁਨੀਆ ਨੂੰ ਪੇਸ਼ ਕਰ ਸਕਦੇ ਹਨ ਜੋ ਇੱਕ ਤਰ੍ਹਾਂ ਨਾਲ ਪ੍ਰਾਈਵੇਟ ਸਰਮਾਏਦਾਰੀ ਦੇ ਬਦਲ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ। ਪੰਜਾਬ ਪੱਧਰ 'ਤੇ ਜੇ ਮਾਰਕਟਿੰਗ ਬੋਰਡ ਬਣਾਇਆ ਜਾਵੇ ਤਾਂ ਉਸ ਦੇ ਕਈ ਵਿਭਾਗ ਹੋ ਸਕਦੇ ਹਨ ਜਿਵੇਂ ਮਾਰਕਟਿੰਗ, ਰਿਸਰਚ, ਪੂੰਜੀ ਨਿਵੇਸ਼, ਬੈਂਕ ਅਤੇ ਨਵੀਨਤਮ ਬੁਨਿਆਦੀ ਢਾਂਚਾ ਬਣਾਉਣਾ ਆਦਿ।

ਇਹ ਮਾਡਲ ਪੰਜਾਬ ਵਿਚ ਹੋਂਦ ਵਿਚ ਆਉਣਗੇ ਕਿ ਨਹੀਂ? ਮੇਰੇ ਖਿਆਲ ਵਿਚ ਇਸ ਦੀ ਕੋਈ ਬਹੁਤੀ ਸੰਭਾਵਨਾ ਨਹੀਂ। ਇਸ ਦਾ ਕਾਰਨ ਹੈ ਪੰਜਾਬੀ ਲੋਕਾਂ ਦੀ ਸਮੂਹਕ ਮਾਨਸਿਕਤਾ। ਪੰਜਾਬੀ ਲੋਕਾਂ ਦੇ ਦਿਮਾਗ ਸਿਆਸਤ ਨਾਲ ਭਰੇ ਪਏ ਹਨ। ਪੰਜਾਬ ਵਿਚ ਵਸਦੇ ਲੋਕ ਆਪਣੀ ਪੁਰਾਣੀ ਰਵਾਇਤ 'ਤੇ ਹੀ ਚੱਲਦੇ ਹਨ। ਸਦੀਆਂ ਤੋਂ ਅਸੀਂ ਸਰਕਾਰਾਂ ਦੇ ਖਿਲਾਫ ਹੀ ਲੜ ਰਹੇ ਹਾਂ। ਹੁਣ ਵੀ ਮਾਹੌਲ ਇਹ ਹੈ ਕਿ ਸਰਕਾਰਾਂ ਤੋਂ ਹੀ ਮੰਗਾਂ ਮੰਗਦੇ ਰਹੋ। ਉਦਮਕਾਰੀ, ਈਜਾਦਕਾਰੀ ਅਤੇ ਸਰਮਾਇਆਕਾਰੀ ਵੱਲ ਧਿਆਨ ਬਿਲਕੁਲ ਨਹੀਂ ਹੈ। ਸਰਮਾਏਦਾਰੀ ਨੂੰ ਇਹ ਅਜੇ ਵੀ ਬਾਹਰੋਂ ਢਾਹੁਣਾ ਚਾਹੁੰਦੇ ਹਨ ਜਦੋਂਕਿ ਸਰਮਾਏਦਾਰੀ ਨੂੰ ਅੰਦਰੋਂ ਫਤਿਹ ਕਰਨਾ ਵਧੇਰੇ ਸੌਖਾ ਹੈ। ਪੰਜਾਬ ਦੇ ਬੁੱਧੀਜੀਵੀਆਂ ਅਤੇ ਨੌਜਵਾਨਾਂ ਨੂੰ ਕਾਰਪੋਰੇਸ਼ਨਾਂ ਬਣਾਉਣ ਦੀ ਗੱਲ ਤਾਂ ਬਿਲਕੁਲ ਓਪਰੀ ਲਗੇਗੀ। ਅਸੀਂ ਅਜੇ ਵੀ ਸ਼ਹੀਦ ਹੋਣ ਲਈ ਤਤਪਰ ਰਹਿੰਦੇ ਹਾਂ।

ਬੜੀ ਅਜੀਬ ਗੱਲ ਹੈ ਕਿ ਜਦੋਂ ਪੰਜਾਬ ਦੇ ਨੌਜਵਾਨ ਕੈਨੇਡਾ ਆ ਜਾਂਦੇ ਹਨ ਤਾਂ ਅਚਾਨਕ ਬਦਲ ਜਾਂਦੇ ਹਨ। ਇਥੇ ਆ ਕੇ ਇਹ ਆਪਣੇ ਕਾਰੋਬਾਰ ਬੜੀ ਤੇਜ਼ੀ ਨਾਲ ਖੋਲ੍ਹਦੇ ਹਨ। ਨਤੀਜੇ ਵਜੋਂ ਪੰਜਾਬੀ ਭਾਈਚਾਰੇ ਵਿਚ ਕਰੋੜਪਤੀ ਬੰਦਿਆਂ ਦੀ ਭਰਮਾਰ ਹੋ ਰਹੀ ਹੈ। ਕਈ ਲੋਕ ਜੋ ਜੇਬ ਵਿਚ ਵੀਹ ਕੁ ਡਾਲਰ ਲੈ ਕੇ ਕੈਨੇਡਾ ਆਏ ਸਨ, ਹੁਣ ਉਨ੍ਹਾਂ ਦੀਆਂ ਕੰਪਨੀਆਂ ਸੌ ਸੌ ਮਿਲੀਅਨ ਡਾਲਰਾਂ ਦੇ ਅਸਾਸੇ ਰੱਖਦੀਆਂ ਹਨ। ਟੈਕਸੀ ਕੰਪਨੀਆਂ, ਟਰੱਕ ਕੰਪਨੀਆਂ, ਫਾਰਮ, ਜੈਨੇਟੋਰੀਅਲ ਕੰਪਨੀਆਂ, ਪੀਜ਼ੇ, ਆਪਟੀਕਲ ਕੰਪਨੀਆਂ, ਕੰਸਟਰਕਸ਼ਨ ਕੰਪਨੀਆਂ ਅਤੇ ਹੋਰ ਅਨੇਕ ਕਿਸਮ ਦੇ ਖੇਤਰਾਂ ਵਿਚ ਇਹ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ।

ਇੱਕ ਗੱਲ ਜੋ ਪੰਜਾਬ ਵਿਚ ਸਾਡੀ ਸੋਚ ਦਾ ਹਿੱਸਾ ਹੈ, ਉਹ ਹੈ ਕਿ ਸਰਕਾਰ ਤੋਂ ਬਹੁਤ ਕੁਝ ਦੀ ਆਸ ਰੱਖੀ ਜਾਂਦੀ ਹੈ ਜਦੋਂਕਿ ਭਾਰਤ ਤੇ ਪੰਜਾਬ ਵਿਚ ਸਰਕਾਰਾਂ ਦੀ ਕਾਰਗੁਜ਼ਾਰੀ ਬਹੁਤ ਨਿਕੰਮੀ ਰਹੀ ਹੈ।

ਪੰਜਾਬ ਵਿਚ ਸੰਯੁਕਤ ਕਿਸਾਨ ਮੋਰਚੇ ਵਿਚ ਜੋ ਸੂਝ, ਸ਼ਾਂਤੀ ਅਤੇ ਹੋਸ਼ ਨਾਲ ਕੰਮ ਕੀਤਾ ਗਿਆ ਹੈ, ਇਹ ਆਸ ਪੈਦਾ ਕਰਦਾ ਹੈ ਕਿ ਪੰਜਾਬੀ ਲੋਕ ਸ਼ਾਇਦ ਹੁਣ ਬਦਲ ਰਹੇ ਹਨ। ਲਗਦਾ ਹੈ, ਸ਼ਾਇਦ ਲੋਕਾਂ ਨੂੰ ਹੁਣ ਆਪਣੀ ਤਾਕਤ ਦਾ ਅੰਦਾਜ਼ਾ ਹੋਣ ਲੱਗ ਪਿਆ ਹੈ। ਜੋ ਕੰਮ ਲੋਕ ਕਰ ਸਕਦੇ ਹਨ, ਉਹ ਸਰਕਾਰਾਂ ਨਹੀਂ ਕਰ ਸਕਦੀਆਂ। ਸੰਯੁਕਤ ਮੋਰਚੇ ਦੇ ਕਿਸਾਨ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਵੱਖ-ਵੱਖ ਮਾਡਲਾਂ ਵਲ ਨਿਗ੍ਹਾ ਮਾਰਨ ਅਤੇ ਪੰਜਾਬ ਦੀ ਆਰਥਕਤਾ ਨੂੰ ਵਿਕਸਤ ਕਰਨ ਵੱਲ ਧਿਆਨ ਦੇਣ।

ਪੰਜਾਬ ਕਿਸੇ ਵਕਤ ਪ੍ਰਤੀ ਜੀਅ ਆਮਦਨ ਦੇ ਲਿਹਾਜ਼ ਨਾਲ ਸਭ ਸੂਬਿਆਂ ਤੋਂ ਉਤੇ ਸੀ। ਅਕਾਲੀਆਂ ਦੀ ਸਰਕਾਰ ਦੌਰਾਨ ਇਹ ਡਿਗਣਾ ਸ਼ੁਰੂ ਹੋਇਆ ਅਤੇ ਕਾਂਗਰਸ ਦੀ ਸਰਕਾਰ ਦੌਰਾਨ ਹੇਠਾਂ ਹੀ ਗਿਆ। ਇਸ ਨੂੰ ਉਤੇ ਚੁੱਕਣ ਅਤੇ ਭਾਰਤ ਦਾ ਸਭ ਤੋਂ ਖੁਸ਼ਹਾਲ ਸੂਬਾ ਬਣਾਉਣ ਲਈ ਵੱਡੀ ਤਬਦੀਲੀ ਦੀ ਲੋੜ ਹੈ। ਮੇਰਾ ਯਕੀਨ ਹੈ ਕਿ ਜੇ ਪੰਜਾਬੀ ਲੋਕ ਕਾਰੋਬਾਰ ਦੇ ਮੈਦਾਨ ਵਿਚ ਨਿੱਤਰ ਪੈਣ ਤਾਂ ਇਹ ਦੁਨੀਆ ਵਿਚ ਕਿਸੇ ਨਾਲ ਵੀ ਮੁਕਾਬਲਾ ਕਰ ਸਕਦੇ ਹਨ।

ਇਸ ਦੀ ਮਿਸਾਲ ਕੈਨੇਡਾ ਵਿਚ ਪੰਜਾਬੀਆਂ ਦੇ ਇਤਿਹਾਸ ਵਿਚੋਂ ਮਿਲਦੀ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਰਤੀ, ਚੀਨੀ, ਆਦਿਵਾਸੀ ਤੇ ਕਾਲੇ, ਸਭ ਸਖਤ ਕਿਸਮ ਦੇ ਨਸਲਵਾਦ ਦੇ ਸ਼ਿਕਾਰ ਸਨ। ਆਦਿਵਾਸੀ ਅਤੇ ਕਾਲੇ ਲੋਕਾਂ ਨੇ ਆਪਣੇ ਹੱਕ ਮੰਗਣ ਦੀ ਹਮੇਸ਼ਾ ਕੋਸ਼ਿਸ਼ ਕੀਤੀ ਜੋ ਅਜੇ ਤੱਕ ਵੀ ਪੂਰੀ ਤਰ੍ਹਾਂ ਮਿਲੇ ਨਹੀਂ। ਪੰਜਾਬੀਆਂ ਨੇ ਆਪਣੇ ਕੰਮ ਅਤੇ ਕਾਰੋਬਾਰ ਸ਼ੁਰੂ ਕਰਕੇ ਉਹ ਤਾਕਤ ਪੈਦਾ ਕਰ ਲਈ ਜਿਸ ਨਾਲ ਹੁਣ ਕੰਮ ਲੱਭਣ ਲਈ ਹੋਰ ਲੋਕ ਇਨ੍ਹਾਂ ਕੋਲ ਆਉਂਦੇ ਹਨ। ਕੋਈ ਵਕਤ ਸੀ, ਵੈਨਕੂਵਰ ਦੀ ਯੈਲੋ ਕੈਬ ਟੈਕਸੀ ਕੰਪਨੀ ਆਪਣੇ ਲੋਕਾਂ ਨੂੰ ਕੰਮ ਦੇਣ ਤੋਂ ਇਨਕਾਰ ਕਰਦੀ ਸੀ, ਫਿਰ ਹਾਲਾਤ ਇਹ ਹੋਏ ਕਿ ਗਰੇਟਰ ਵੈਨਕੂਵਰ ਦੀਆਂ ਸਭ ਟੈਕਸੀ ਕੰਪਨੀਆਂ ਇਨ੍ਹਾਂ ਦੀ ਮਲਕੀਅਤ ਹੇਠ ਆ ਗਈਆਂ। ਅਜਿਹੀ ਹਾਲਤ ਵਿਚ ਵਿਕਤਰੇ ਦੇ ਸ਼ਿਕਾਰ ਹੋਣ ਦੀ ਥਾਂ ਇਹ ਦੂਜੇ ਲੋਕਾਂ ਨਾਲ ਵਿਤਕਰਾ ਕਰਨ ਲੱਗ ਪਏ।

ਮੇਰੀ ਪੰਜਾਬ ਦੇ ਲੋਕਾਂ ਨੂੰ ਇਹ ਅਪੀਲ ਹੋਵੇਗੀ ਕਿ ਖੇਤੀਬਾੜੀ ਦੇ ਰੂਪ ਵਿਚ ਤੁਹਾਡੇ ਕੋਲ ਬਹੁਤ ਵੱਡਾ ਉਤਪਾਦਨ ਆਧਾਰ ਹੈ। ਤੁਹਾਨੂੰ ਇਸ ਆਧਾਰ ਨੂੰ ਜੰਪਿੰਗ ਬੋਰਡ ਦੇ ਤੌਰ 'ਤੇ ਵਰਤ ਕੇ ਵੱਡੇ-ਵੱਡੇ ਕੰਮ ਕਰਨ ਬਾਰੇ ਸੋਚਣਾ ਚਾਹੀਦਾ ਹੈ। ਕੈਨੇਡਾ ਨੂੰ ਭੱਜਣ ਦੀ ਥਾਂ ਪੰਜਾਬ ਨੂੰ ਸਵਰਗ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। ਹੁਣ ਸਿਆਸੀ ਇਨਕਲਾਬ ਦੇ ਸੁਪਨੇ ਛੱਡ ਕੇ ਆਰਥਕ ਇਨਕਲਾਬ ਵੱਲ ਧਿਆਨ ਦਿਓ ਅਤੇ ਸਿੰਗਾਪੁਰ ਤੇ ਦੱਖਣੀ ਕੋਰੀਆ ਦੀਆਂ ਮਿਸਾਲਾਂ ਲੈ ਕੇ ਤੁਰੋ। ਲੋਕ-ਸਰਮਾਏਦਾਰੀ ਦਾ ਮਾਡਲ ਪੰਜਾਬੀ ਲੋਕਾਂ ਦੀ ਫਿਤਰਤ ਦੇ ਅਨੁਕੂਲ ਹੈ।

**ਸਾਂਝੇ ਉਦਮ ਜਾਂ ਲੋਕ-ਸਰਮਾਏਦਾਰੀ ਦੀਆਂ ਕੁਝ ਮਿਸਾਲਾਂ**

1917 ਵਿਚ ਕੋਈ 35 ਕੁ ਪੰਜਾਬੀਆਂ ਨੇ ਰਲ ਕੇ ਲੱਕੜ ਦੀ ਮਿੱਲ ਮੁੱਲ ਲਈ ਜੋ ਅਜੇ ਹੀ ਬੰਦ ਹੋਈ ਸੀ। ਉਨ੍ਹਾਂ ਦਾ ਇਹ ਉਦਮ ਅਗਲੇ ਕੁਝ ਸਾਲਾਂ ਵਿਚ ਛੋਟੇ ਜਿਹੇ ਕਸਬੇ ਜਾਂ ਸ਼ਹਿਰ ਵਿਚ ਬਦਲ ਗਿਆ ਜਿਸ ਦਾ ਨਾਂ ਪਾਲਦੀ ਰੱਖਿਆ। ਇਹ ਉਦਮਕਾਰੀ ਇੰਨੀ ਕਾਮਯਾਬ ਹੋਈ ਕਿ ਅੱਧੀ ਸਦੀ ਦੇ ਕਰੀਬ ਇਨ੍ਹਾਂ ਨੇ ਪੰਜਾਬੀਆਂ, ਜਪਾਨੀਆਂ, ਚੀਨਿਆਂ ਅਤੇ ਕੈਨੇਡੀਅਨ ਗੋਰੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਲੰਬਰ ਇੰਡਸਟਰੀ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕੀਤਾ।

1500 ਈਸਵੀ ਦੇ ਕਰੀਬ ਡੱਚ ਵਪਾਰੀ ਭਾਰਤ ਨਾਲ ਵਪਾਰ ਕਰਨ ਲਈ ਤਤਪਰ ਸਨ ਪਰ ਉਹ ਇਕੱਲੇ ਇਕੱਲੇ ਕਾਮਯਾਬ ਨਹੀਂ ਸੀ ਹੋ ਰਹੇ। ਜਦੋਂ ਉਨ੍ਹਾਂ ਇਕੱਠੇ ਹੋ ਕੇ ਜਾਇੰਟ ਸਟਾਕ ਕੰਪਨੀ (ਡੱਚ ਈਸਟ ਇੰਡੀਆ ਕੰਪਨੀ) ਬਣਾ ਲਈ ਤਾਂ ਉਹ ਨਾ ਸਿਰਫ ਵਪਾਰ ਵਿਚ ਕਾਮਯਾਬ ਹੋ ਗਏ ਸਗੋਂ ਸਾਮਰਾਜੀ ਤਾਕਤ ਬਣ ਗਏ। ਅਸੀਂ ਭਾਵੇਂ ਕਿਸੇ ਕਿਸਮ ਦੇ ਬਸਤੀਵਾਦ ਦੇ ਵਿਰੁਧ ਹਾਂ ਪਰ ਇਹ ਮਿਸਾਲ ਸਿਰਫ ਲੋਕਾਂ ਦੇ ਇਕੱਠੇ ਹੋਣ ਬਾਰੇ ਹੈ।

ਪੰਜ ਨੌਜਵਾਨਾਂ ਨੇ ਇਕੱਠੇ ਹੋ ਕੇ ਮੌਂਡਰਾਗੌਨ ਕਾਰਪੋਰੇਸ਼ਨ ਸ਼ੁਰੂ ਕੀਤੀ ਸੀ ਜੋ ਅੱਜ ਦੁਨੀਆ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਵਿਚੋਂ ਇੱਕ ਹੈ। ਹੁਣ ਇਸ ਦੇ ਮੈਂਬਰ ਕੋਈ 80 ਹਜ਼ਾਰ ਦੇ ਕਰੀਬ ਹਨ।

# ਜੋਕਾਂ ਦੀ ਨਹੀਂ ਲੋਕਾਂ ਦੀ ਸਰਕਾਰ ਚੁਣਿਓ ਜੇ!

'ਅਜੇ ਸੰਸਾਰ ਇਹ ਜੋਕਾਂ ਦਾ ਹੈ ਲੋਕਾਂ ਦਾ ਨਹੀਂ
ਅਸੀਂ ਤਾਂ ਲੋਚਦੇ ਹਾਂ ਬਣ ਜਾਏ ਸੰਸਾਰ ਲੋਕਾਂ ਦਾ।'

ਕਿਸੇ ਸ਼ਾਇਰ ਦੇ ਇਸ ਸ਼ਿਅਰ ਵਿਚ ਜੋਕਾਂ ਦੀ ਗੱਲ ਆਈ ਤਾਂ ਗਲੀ-ਗਲੀ ਹੋਕਾ ਦੇਂਦੇ 'ਸਿੰਗੀਆਂ ਲਵਾ ਲਓ' 'ਸਿੰਗੀਆਂ ਲਵਾ ਲਓ' ਵਾਲੇ ਫ਼ਕੀਰ ਜਿਹੇ ਦਿਸਦੇ ਨੀਮ-ਹਕੀਮ ਚੇਤਿਆਂ ਵਿਚ ਉਭਰ ਖਲੋਤੇ। ਹੁਣ ਤਾਂ ਸ਼ਾਇਦ ਹੀ ਕਦੇ ਕਿਸੇ ਨੇ ਵੇਖੇ-ਸੁਣੇ ਹੋਣ, ਪਰ ਨਿੱਕੇ ਹੁੰਦਿਆਂ ਸਾਡੇ ਪਿੰਡ ਵਿਚ ਲੋਕਾਂ ਦੇ ਗੋਡੇ-ਮੋਢਿਆਂ ਦੀ ਪੀੜ ਦਾ ਸਿੰਗੀਆਂ ਲਾ ਕੇ ਨਿਵਾਰਨ ਕਰਦੇ ਅੱਖੀਂ ਵੇਖੇ ਹਨ। ਕੋਈ ਨਾ ਕੋਈ ਆਪਣੀ ਪੀੜ ਨਿਵਾਰਨ ਲਈ ਇਹੋ ਜਿਹੇ ਗਲੀ ਵਿਚ ਹੋਕਾ ਦੇਂਦੇ ਸਿੰਗੀਆਂ ਵਾਲੇ ਨੂੰ ਸੱਦ ਬਠਾ ਲੈਂਦਾ। ਉਹ ਆਪਣੀ ਕੁੱਜੀ

**ਗੁਰਚਰਨ ਕੌਰ ਥਿੰਦ**
**ਫੋਨ: 403-402-9635**

ਵਿਚੋਂ ਨਿੱਕੇ ਨਿੱਕੇ ਪਤਲੇ ਜਿਹੇ ਜੀਵ (ਜੋਕਾਂ) ਕੱਢਦਾ। ਉਹ ਉਨ੍ਹਾਂ ਨੂੰ ਪੀੜ ਵਾਲੀ ਥਾਂ ਤੇ ਰੱਖ ਦੇਂਦਾ ਅਤੇ ਉਹ ਆਪਣੇ ਸਿੰਗ ਮਾਸ ਵਿਚ ਖੁਭੋ ਕੇ ਇਲਾਜ ਸ਼ੁਰੂ ਕਰ ਦੇਂਦੇ। ਵਿੰਹਦਿਆਂ-ਵਿੰਹਦਿਆਂ ਜੋਕਾਂ ਖੂਨ ਚੂਸ ਕੇ ਫੁੱਲਦੀਆਂ ਜਾਂਦੀਆਂ ਅਤੇ ਰੱਜ ਕੇ ਆਪਣੇ ਆਪ ਮਾਸ ਨਾਲੋਂ ਵੱਖ ਹੋ ਜਾਂਦੀਆਂ। ਕਿਹਾ ਜਾਂਦਾ ਕਿ ਇਨ੍ਹਾਂ ਗੰਦਾ ਖੂਨ ਚੂਸ ਲਿਆ ਹੈ, ਪੀੜ ਠੀਕ ਹੋ ਜਾਵੇਗੀ। ਪੀੜ ਠੀਕ ਹੋਈ ਜਾਂ ਨਾ, ਇਹ ਤਾਂ ਸਿੰਗੀਆਂ ਲਵਾਉਣ ਵਾਲਾ ਜਾਣੇ ਪਰ ਉਹ ਆਪਣੀਆਂ ਜੋਕਾਂ ਦੇ ਢਿੱਡ ਭਰ ਅਤੇ ਪੈਸੇ ਲੈ ਤੁਰਦਾ ਬਣਦਾ। ਹੁਣ ਤਾਂ ਬਹੁਤਿਆਂ ਨੂੰ ਪਤੈ ਕਿ ਗੋਡੇ ਅੰਦਰਲੇ ਗੰਦੇ ਖੂਨ ਕਰਕੇ ਨਹੀਂ ਦੁਖਦੇ ਬਲਕਿ ਗੋਡੇ ਦੀਆਂ ਹੱਡੀਆਂ ਵਿਚਲੀ ਕਾਰਟੀਲੇਜ ਜਿਸ ਨੂੰ ਗਰੀਸ ਵੀ ਕਹਿ ਦੇਂਦੇ ਨੇ, ਘਟ ਜਾਂਦੀ ਹੈ ਤਾਂ ਹੱਡੀਆਂ ਦੇ ਆਪਸ ਵਿਚ ਰਗੜਨ ਕਾਰਨ ਪੀੜ ਹੁੰਦੀ ਹੈ। ਪਰ ਪਿੰਡਾਂ ਦੇ ਭੋਲੇ-ਭਾਲੇ ਮਰੀਜਾਂ ਨੂੰ ਬਹੁਤ ਪਤਾ ਨਹੀਂ ਹੁੰਦਾ ਸੀ। ਚਾਤੁਰ ਨੀਮ-ਹਕੀਮ ਉਨ੍ਹਾਂ ਨੂੰ ਸਹਿਜੇ ਹੀ ਬੁਧੂ ਬਣਾ ਲੈਂਦੇ ਸਨ।

ਅਫਸੋਸ! ਕਿ ਸਾਡੇ ਮੁਆਸ਼ਰੇ ਵਿਚ ਇਸ ਕਿਸਮ ਦੀਆਂ ਮਨੁੱਖੀ-ਜੋਕਾਂ ਮੌਜੂਦ ਹਨ, ਜੋ ਭੋਲੇ-ਭਾਲੇ ਲੋਕਾਂ ਦਾ ਖੂਨ ਪੀਣ ਤੋਂ ਗੁਰੇਜ ਨਹੀਂ ਕਰਦੀਆਂ। ਮੁਆਫ ਕਰਨਾ! ਚੁਣੇ ਹੋਏ ਰਾਜ-ਪ੍ਰਬੰਧ ਦੇ ਅਜੋਕੇ ਨੇਤਾ ਵੀ ਬਹੁਤੇ ਖੂਨ ਪੀਣੀਆਂ ਜੋਕਾਂ ਵਰਗੇ ਹੀ ਹਨ। ਲੋਕਾਂ ਲਈ ਸੁੱਖ-ਸਹੂਲਤਾਂ ਉਪਲਬਧ ਕਰਵਾਉਣ ਦੀ ਥਾਂ ਵਕਤੀ ਲਾਰਿਆਂ-ਲੱਪਿਆਂ ਨਾਲ ਉਨ੍ਹਾਂ ਦਾ ਖੂਨ ਪੀਣੀਆਂ ਜੋਕਾਂ। ਸੱਤ ਤੋਂ ਉਪਰ ਦਹਾਕੇ ਹੋ ਗਏ ਹਨ, ਲੋਕਾਂ ਨੇ ਕਈ ਸਰਕਾਰਾਂ ਬਦਲਦੀਆਂ ਵੇਖੀਆਂ ਹਨ। ਕਈ ਨਵੇਂ ਪੁਰਾਣੇ ਚੋਣ-ਮਦਾਰੀ ਹਰ ਵਾਰੀ ਡੁੱਗਡੁੱਗੀ ਵਜਾਉਂਦੇ ਰਹੇ। ਲੋਕਾਂ ਦੇ ਦੁੱਖ ਤਕਲੀਫ਼ਾਂ ਤੇ ਪੀੜਾਂ ਹਰਨ ਦੇ ਵਧੀਆ ਤੋਂ ਵਧੀਆ ਢੰਗ-ਤਰੀਕੇ ਦਰਸਾਉਂਦੇ ਲੋਕਾਂ ਨੂੰ ਭਰਮਾਉਂਦੇ ਰਹੇ ਅਤੇ ਰਾਜ-ਭਾਗ ਦੇ ਮਾਲਕ ਬਣ ਰੱਜ ਰੱਜ ਲੋਕਾਂ ਦਾ ਖੂਨ ਚੂਸਦੇ ਰਹੇ ਹਨ। ਲੋਕੀਂ ਵੀ ਚੂੰਅ ਨਹੀਂ ਕਰਦੇ। ਕਰਨ ਵੀ ਕਿਵੇਂ! ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ! ਆਖਰ ਡੈਮੋਕ੍ਰੈਟਿਕ ਦੇਸ਼ ਦੇ ਵਾਸੀ ਹਨ।

ਵੇਖੋ ਜੀ, ਡੈਮੋਕ੍ਰੇਸੀ ਪਰਜਾਤੰਤਰ ਜਾਂ ਲੋਕਤੰਤਰ ਜੋ ਵੀ ਇਸ ਨੂੰ ਆਖਦੇ ਹਨ ਉਥੇ ਚੋਣਾਂ ਹੁੰਦੀਆਂ ਹਨ। ਚੋਣਾਂ ਦਾ ਬਿਗਲ ਵਜਦਾ ਹੈ। ਯਥਾਯੋਗ ਪ੍ਰਬੰਧ ਹੁੰਦੇ ਹਨ। ਜ਼ੋਰਾਂ-ਸ਼ੋਰਾਂ ਨਾਲ ਚੋਣ ਪ੍ਰਚਾਰ ਹੁੰਦਾ ਹੈ। ਉਮੀਦਵਾਰ ਆਪਣੀਆਂ ਆਪਣੀਆਂ ਪਾਰਟੀਆਂ ਦਾ ਪੱਖ ਰਖਦੇ ਹਨ। ਲੋਕ ਵੋਟਾਂ ਪਾਉਂਦੇ ਹਨ। ਸਰਕਾਰ ਬਣਦੀ ਹੈ। ਕਹਿੰਦੇ ਹਨ ਕਿ ਅਬਰਾਹਮ ਲਿੰਕਨ, ਜੋ ਕਿ ਅਮਰੀਕਾ ਦਾ ਸੋਲਵਾਂ ਰਾਸ਼ਟਰਪਤੀ ਬਣਿਆ ਸੀ, ਨੇ ਆਪਣੇ ਦੂਸਰੇ ਪ੍ਰਧਾਨਗੀ ਭਾਸ਼ਣ ਸਮੇਂ (1862 ਵਿਚ) ਲੋਕਾਂ ਦੀ ਚੁਣੀ ਹੋਈ ਲੋਕਤਾਂਤ੍ਰਿਕ ਸਰਕਾਰ ਲਈ ਸੰਬੋਧਨ ਵਰਤਿਆ ਸੀ, 'Government of the people, by the people, for the people' ਭਾਵ 'ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ ਚੁਣੀ ਗਈ ਸਰਕਾਰ, ਲੋਕਾਂ ਲਈ ਸਰਕਾਰ'। (ਅਫ਼ਸੋਸ! ਕਿ ਉਸੇ ਅਬਰਾਹਮ ਲਿੰਕਨ ਨੂੰ ਦੋ ਸਾਲ ਬਾਦ ਹੀ ਕਿਸੇ ਨਾਮ-ਨਿਹਾਦ ਦੇਸ਼ ਭਗਤ ਨੇ ਗੋਲੀ ਮਾਰ ਕਤਲ ਕਰ ਦਿੱਤਾ ਸੀ) ਲਗਪਗ ਹਰ ਦੇਸ਼ ਵਿਚ ਡੈਮੋਕ੍ਰੇਸੀ ਦੀ ਇਹੋ ਪਰਿਭਾਸ਼ਾ ਦਿੱਤੀ ਜਾਂਦੀ ਹੈ ਅਤੇ ਸਮਝੀ ਵੀ ਜਾਂਦੀ ਹੈ। ਪ੍ਰੰਤੂ ਸੱਚ ਇਹ ਹੈ ਕਿ ਜਿੰਨੇ ਦੇਸ਼ਾਂ ਵਿਚ ਡੈਮੋਕ੍ਰੇਸੀ ਹੈ ਹਰ ਥਾਂ ਇਸ ਸੋ-ਕਾਲਡ ਡੈਮੋਕ੍ਰੇਸੀ ਦੇ ਰੂਪ ਅਤੇ ਪ੍ਰੀਭਾਸ਼ਾ ਉਨੀ ਹੀ ਕਿਸਮ ਦੀ ਹੈ।

ਖ਼ੈਰ! ਜੋ ਵੀ ਹੈ ਇਸ ਪ੍ਰਕਾਰ ਦੇ ਰਾਜਨੀਤਕ ਪ੍ਰਬੰਧ ਵਿਚ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੁੰਦੀ ਹੈ। ਲੋਕਾਂ ਦੀਆਂ ਵੋਟਾਂ ਦੁਆਰਾ ਲੋਕਾਂ ਦੇ ਨੁਮਾਇੰਦੇ ਚੁਣੇ ਜਾਂਦੇ ਹਨ। ਹਰ ਰਾਜ ਵਲੋਂ ਸਾਫ਼-ਸੁਥਰੀਆਂ ਨਿਰਪੱਖ ਚੋਣਾਂ ਕਰਾਉਣ ਲਈ ਉਚੇਚੇ ਚੋਣ ਪ੍ਰਬੰਧ ਕੀਤੇ ਜਾਂਦੇ ਹਨ ਜਾਂ ਖਵਰੇ ਕਈ ਥਾਂਈਂ ਵਿਖਾਵਾ ਹੀ ਕੀਤਾ ਜਾਂਦਾ ਹੈ, ਇਹ ਉਥੋਂ ਦੀਆਂ ਸਰਕਾਰਾਂ ਦੇ ਹੱਥ ਵਿਚ ਹੁੰਦਾ ਹੈ। ਕਈ ਥਾਂਈਂ ਇਸ ਨਾਮ-ਨਿਹਾਦ ਲੋਕਤਾਂਤ੍ਰਿਕ ਪ੍ਰਣਾਲੀ ਦੇ ਨਾਂ ਤੇ ਕਰੋੜਾਂ ਅਰਬਾਂ ਰੁਪਏ ਖਰਚ ਤਾਂ ਹੁੰਦੇ ਹੀ ਹਨ, ਖੁਰਦ-ਬੁਰਦ ਵੀ ਕਰ ਦਿੱਤੇ ਜਾਂਦੇ ਹਨ। ਵੋਟਾਂ ਪੈਣ ਤੱਕ ਵੋਟਰਾਂ ਦੀਆਂ ਲੋੜਾਂ, ਦੁੱਖਾਂ-ਸੁੱਖਾਂ ਤਕਲੀਫ਼ਾਂ ਸੁਰੱਖਿਆ ਤੇ ਸਹੂਲਤਾਂ ਆਦਿ ਦਾ ਧਿਆਨ ਰੱਖਣ ਦੀਆਂ ਇੰਜ ਬਿਆਨ-ਬਾਜੀਆਂ ਕੀਤੀਆਂ ਜਾਂਦੀਆਂ, ਜਿਵੇਂ ਲੋਕ ਸੱਗਰਿੱਤੇ ਪ੍ਰਾਹੁਣੇ ਹੋਣ। ਜਦ ਉਨ੍ਹਾਂ ਦੇ ਹੱਥ ਮੋਹਰ ਲਾ ਕਾਗਜ਼ ਡੱਬਾਬੰਦ ਕਰ ਦਿੰਦੇ ਹਨ, ਫਿਰ ਤੂੰ ਕੌਣ ਮੈਂ ਕੌਣ? ਸਮਝੋ ਜਨਤਾ ਨੇ ਚਾਰ ਪੰਜ ਸਾਲ ਲਈ ਹੱਥ ਵੱਢ ਕੇ ਦੇ ਦਿੱਤੇ। ਤੇ ਫਿਰ ਲੋਕ ਆਪਣੇ ਹੱਕ ਮੰਗਣ ਲਈ ਰਹਿ ਗਏ ਧਰਨਿਆਂ ਮੁਜਾਹਰਿਆਂ ਜੋਗੇ।

ਚੋਣ ਨਤੀਜੇ ਆਉਂਦੇ ਹਨ। ਸਰਕਾਰ ਬਣ ਜਾਂਦੀ ਹੈ। ਹੁਣ ਸਰਕਾਰ ਹੱਥ ਲੋਕਾਂ ਸਮੇਤ ਉਥੋਂ ਦੇ ਸਾਰੇ ਰਿਸੋਰਸਜ਼ ਹਨ। ਉਹ ਹਰ ਪ੍ਰਕਾਰ ਦੇ ਟੈਕਸਾਂ ਦੀ ਕਮਾਈ ਦੇ ਮਾਲਕ ਅਤੇ ਉਨ੍ਹਾਂ ਨੂੰ ਚੁਣਨ ਵਾਲੇ ਲੋਕ ਉਨ੍ਹਾਂ ਦੇ ਰਹਿਮੋ ਕਰਮ ਤੇ ਪਲਣ ਵਾਲੀ ਆਮ ਜਨਤਾ ਬਣ ਜਾਂਦੀ ਹੈ। ਸਰਕਾਰ ਲੋਕਾਂ ਨਾਲ ਕੀਤੇ ਵਾਇਦੇ ਪੂਰੀ ਕਰਨ ਦੀ ਪਾਬੰਦ ਸਮਝੀ ਜਾਂਦੀ ਹੈ। ਇਸ ਕਾਰਜ ਲਈ ਸਹੁੰ ਜੁ ਚੁੱਕੀ ਤੇ ਚੁਕਾਈ ਹੁੰਦੀ ਹੈ। ਹੁਣ ਉਸ ਲੋਕਾਂ ਦੀ ਮਿਹਨਤ ਦੀ ਕਮਾਈ ਦਾ ਕਿੰਨਾ ਹਿੱਸਾ ਲੋਕਾਂ ਦੀਆਂ ਮੂਲ ਲੋੜਾਂ ਪੂਰੀਆਂ ਕਰਨ ਅਤੇ ਲੋਕਾਂ ਨੂੰ ਸੁੱਖ-ਸਹੂਲਤਾਂ ਉਪਲਬਧ ਕਰਾਉਣ ਤੇ ਖਰਚਣਾ ਹੈ ਇਹ ਚੁਣੇ ਹੋਏ ਨੁਮਾਇੰਦਿਆਂ ਦੀ ਸੂਝ-ਬੂਝ ਨਿਸ਼ਠਾ ਅਤੇ ਦਰਿਆਦਿਲੀ ਤੇ ਨਿਰਭਰ ਕਰਦਾ ਹੈ। ਇੱਥੇ ਹੀ ਪੈਦਾ ਹੁੰਦੀਆਂ ਹਨ 'ਜੋਕਾਂ'। ਉਹ ਲੋਕ ਜੋ ਲੋਕਾਂ ਨਾਲੋਂ ਨਿੱਜ ਦੇ ਸੁੱਖਾਂ ਅਤੇ ਲਾਲਚੀ ਇਰਾਦਿਆਂ ਨੂੰ ਪਹਿਲ ਦੇਂਦੇ ਹਨ।




ਲੋਕ ਕਮਾਈ ਆਪਣੀ ਸਮਝ ਹੜੱਪਣ ਦੀ ਕਰਦੇ ਹਨ। ਸੁੱਕੇ ਲੱਕ ਤੇ ਢਿੱਡ ਛੇਤੀ ਹੀ ਝੱਗਿਆਂ 'ਚੋਂ ਬਾਹਰ ਨੂੰ ਆਉਂਦੇ ਦੀਂਹਦੇ ਹਨ। ਹਮਕ ਮਾਰਦੇ ਗੰਦੇ ਪਾਣੀਆਂ ਅਤੇ ਦਲਦਲਾਂ ਵਿਚ ਰਹਿਣ ਵਾਲੀਆਂ ਸੱਚੀ-ਮੁੱਚੀ ਦੀਆਂ ਜੋਕਾਂ ਵਾਂਗ ਇਹ ਆਪਣੇ ਆਲੇ ਦੁਆਲੇ ਦੇ ਸਿਸਟਮ ਨੂੰ ਦੂਸ਼ਤ ਕਰਦੇ ਹਨ। ਇਨ੍ਹਾਂ ਵੱਡੀਆਂ ਜੋਕਾਂ ਦੀ ਮਦਦ ਨਾਲ ਅਤੇ ਇਨ੍ਹਾਂ ਦੀ ਸੇਵਾ ਹਿੱਤ ਇਹੋ ਜਿਹੀਆਂ ਜੋਕਾਂ ਰਾਜ-ਪ੍ਰਬੰਧ ਦੇ ਹਰ ਖੇਤਰ ਵਿਚ ਉਭਰ ਖਲੋਂਦੀਆਂ ਹਨ। ਜੇ ਨਹੀਂ ਤਾਂ ਸੱਤ੍ਹਾ ਦੇ ਜ਼ੋਰ ਨਾਲ ਉਭਾਰ ਦਿੱਤੀਆਂ ਜਾਂਦੀਆਂ ਹਨ। ਕੁਰਸੀ ਹੱਥ ਆ ਜਾਣ ਤੇ ਫਿਰ ਹੱਥਾਂ ਨਾਲ ਮੁੱਛਾਂ ਨੂੰ ਵੱਟ ਹੀ ਦਿੱਤੇ ਜਾਂਦੇ ਹਨ। ਲੋਕਾਂ ਦਾ ਖੂਨ ਚੂਸਣਾ ਇਨ੍ਹਾਂ ਦਾ ਕਰਮ ਤੇ ਧਰਮ ਬਣ ਜਾਂਦਾ ਹੈ। ਕੁਰਸੀ ਕਾਇਮ ਰਖਣ ਲਈ ਹਰ ਜਾਇਜ਼ ਨਜਾਇਜ਼ ਹੀਲਾ ਵਰਤਣਾ ਹੱਕ ਹੁੰਦਾ ਹੈ। ਲੋਕਾਂ ਦੇ ਹਰਮਨ ਪਿਆਰੇ ਲੋਕ-ਸੇਵਕ ਜੁ ਬਣ ਗਏ ਹੁੰਦੇ ਹਨ। ਲੋਕਾਂ ਦੀਆਂ ਪੀੜਾਂ ਹਰਨ ਦੇ ਇਹ ਦਾਅਵੇਦਾਰ, ਲੋਕਾਂ ਖੁਦ ਆਪਣੇ ਲਈ ਆਪਣੀ ਮਰਜੀ ਨਾਲ ਜੁ ਚੁਣੇ ਹੁੰਦੇ ਨੇ। ਪੀੜ੍ਹੀ ਦਰ ਪੀੜ੍ਹੀ ਰਾਜ ਕਰਦੇ ਇਹ ਲੋਕਾਂ ਨੂੰ ਜੋਕਾਂ ਲਗਦੇ ਹੀ ਨਹੀਂ। ਐਸਾ ਸ਼ਬਦ-ਰੂਪੀ ਜਾਦੂ ਕਰਦੇ ਨੇ ਕਿ ਇਨ੍ਹਾਂ ਜੋਕਾਂ ਵਿਰੁਧ ਉਠਦੀ ਅਵਾਜ਼ ਸੰਘ ਵਿਚ ਫਸ ਇਨ੍ਹਾਂ ਪ੍ਰਤੀ ਸਿਜਦਾ ਬਣ ਰਹਿ ਜਾਂਦੀ ਹੈ

ਮੁਕਰਿਓ ਨਾ, ਆਪਾਂ ਸਾਰੇ ਐਸੀਆਂ ਜੋਕਾਂ ਬਾਰੇ ਜਾਣਦੇ ਹਾਂ। ਉਪਰਲੇ ਸ਼ਿਅਰ ਵਿਚਲੀ ਸ਼ਾਇਰ ਦੀ ਹੂਕ ਨੇ ਜ਼ਰੂਰ ਤੁਹਾਡੇ ਕਲੇਜੇ ਵਿਚ ਵੀ ਧੂਹ ਪਾਈ ਹੋਵੇਗੀ। ਜੋ ਲੋਕਾਂ ਦਾ ਸੰਸਾਰ ਬਣਾਉਣਾ ਲੋਚਦਾ ਹੈ, ਉਨ੍ਹਾਂ ਲੋਕਾਂ ਦਾ ਜੋ ਲੋਕਾਂ ਬਾਰੇ ਸੋਚਦੇ ਹੋਣ, ਨਾ ਕਿ ਲੋਕਾਂ ਦਾ ਖੂਨ ਚੂਸਣ ਵਾਲੇ ਹੋਣ। ਅਜਿਹਾ ਕਰਨ ਦਾ ਮੌਕਾ ਬਾਰ ਬਾਰ ਆਉਂਦਾ ਰਿਹਾ ਹੈ। ਤੁਸੀਂ ਹੀਲੇ ਵੀ ਕਰਦੇ ਆਏ ਹੋ। ਕਿੰਨਾ ਸਫ਼ਲ ਅਸਫ਼ਲ ਰਹੇ ਹੋ, ਤੁਸੀਂ ਬਾਖ਼ੂਬੀ ਜਾਣਦੇ ਹੋ।

ਮੌਕਾ ਹੁਣ ਫਿਰ ਆਇਆ ਹੈ। ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਰਾਜਨੀਤਕ ਪਾਰਟੀਆਂ ਖੁੰਭਾਂ ਵਾਂਗ ਨਿਕਲ ਤੁਰੀਆਂ ਹਨ। ਜਿਹੜੇ ਪਿਛਲੇ ਪੰਜ ਸਾਲ ਕਿਤੇ ਨਜ਼ਰ ਨਹੀਂ ਆਏ ਹੋਣਗੇ, ਹੁਣ ਵੇਖਿਓ ਕਿੰਵੇਂ ਲੋਕ ਹਿਤੈਸ਼ੀ ਬਣ ਬਣ ਨਿਕਲਦੇ ਨੇ। 'ਬਾਈ ਜੀ' 'ਵੀਰ ਜੀ' ਕਹਿੰਦਿਆਂ ਮੂੰਹ ਸੁੱਕਣਗੇ ਇਨ੍ਹਾਂ ਦੇ। ਬਜ਼ੁਰਗਾਂ ਦੇ ਪੈਰੀਂ ਹੱਥ ਲਗਣਗੇ। ਰਾਹ ਜਾਂਦੇ ਰੋਕ-ਰੋਕ ਕੇ ਸਕੀਰੀਆਂ ਕੱਢਣਗੇ। ਕੋਈ ਨਵੀਂ ਗੱਲ ਨਹੀਂ। ਪਰ ਐਤਕੀਂ ਕੁਝ ਵੱਖਰਾ ਜ਼ਰੂਰ ਹੋਊਗਾ ਤੇ ਹੋ ਵੀ ਰਿਹਾ, ਜਿਹਨੇ ਇਨ੍ਹਾਂ ਨੂੰ ਭੰਬਲ ਪਾਈ ਹੋਈ ਆ। ਕਿਸਾਨ ਅੰਦੋਲਨ ਨੇ ਲੋਕਾਂ ਦੇ ਮੂੰਹ ਵਿਚਲੀ ਜ਼ੁਬਾਨ ਨੂੰ ਬੋਲਣ ਲਾ ਦਿੱਤਾ। ਆਪਣੇ ਹੱਕਾਂ ਤੇ ਹਿੱਤਾਂ ਦੀ ਗੱਲ ਹੋਣ ਲਗ ਪਈ ਹੈ। ਹੁਣ ਸਿੱਧੜ ਜਿਹਾ ਵੋਟਰ ਸਮਾਜਕ ਮੁੱਦਿਆਂ ਦੀ ਗੱਲ ਕਰਨ ਲਗ ਪਿਆ। ਸੋਸ਼ਲ ਮੀਡੀਆ ਇਹੋ ਜਿਹੀਆਂ ਖ਼ਬਰਾਂ, ਇੰਟਰਵਿਊਆਂ, ਵਿਚਾਰ ਚਰਚਾਵਾਂ ਤੇ ਹਸੌਣੀਆਂ ਟਿੱਕ-ਟਾਕ ਨਾਲ ਭਰੇ ਪਏ ਹਨ, ਜੋ ਸਮੇਂ ਦੇ ਤੱਥ ਸੱਚ ਦੇ ਪਾਜ ਖੋਲ੍ਹਦਾ ਲੋਕਾਂ ਨੂੰ ਸੁਚੇਤ ਕਰ ਰਹੇ ਹਨ।

ਸਮਾਂ ਵੀ ਐਤਕੀਂ ਵੋਟਰਾਂ ਨਾਲ ਵਫ਼ਾ ਕਰਦਾ ਪ੍ਰਤੀਤ ਹੁੰਦੈ। ਐਮੀਕਰੋਨ ਨਾਂ ਦੇ ਨਵੇਂ ਵਾਇਰਸ ਦੇ ਫੈਲਾਅ ਨੇ ਹਾਲ ਦੀ ਘੜੀ ਚੋਣ-ਰੈਲੀਆਂ ਤੇ ਪਾਬੰਦੀ ਲਵਾ ਦਿੱਤੀ ਹੈ। ਬਹੁਤਿਆਂ ਦੇ ਮੂੰਹਾਂ ਤੇ ਹੱਥਾਂ 'ਤੇ ਖੁਰਕ ਛਿੜੀ ਲਗਦੀ ਏ। ਨਾ ਵੱਡੇ-ਵੱਡੇ ਇਕੱਠ ਨਾ ਉਚੀ-ਉਚੀ ਕੂੜ-ਪ੍ਰਚਾਰ ਅਤੇ ਨਾ ਨਾਅਰੇ ਤੇ ਤਾੜੀਆਂ ਦੀ ਗੜਗੜਾਹਟ। ਕਾਹਦੀਆਂ ਚੋਣਾਂ! ਇੱਕ ਚੰਗੀ ਮੰਨੀ-ਪ੍ਰਮੰਨੀ ਪਾਰਟੀ ਦੇ ਨੇਤਾ ਨੇ ਤਾਂ ਇੰਟਰਵਿਊ ਵਿਚ ਕਹਿ ਹੀ ਦਿੱਤਾ ਕਿ 'ਜਿਨਾ ਚਿਰ 'ਕੱਠ ਨਾ ਹੋਣ, ਰੈਲੀਆਂ ਨਾ ਹੋਣ, ਲੋਕ ਸਾਹਮਣੇ ਨਾ ਬੈਠੇ ਹੋਣ, ਚੋਣਾਂ ਦਾ ਨਜ਼ਾਰਾ ਹੀ ਨਹੀਂ ਆਉਂਦਾ।' ਸੋ ਸਾਡੇ ਮੁਲਕ ਦੇ ਨੇਤਾਵਾਂ ਲਈ ਤਾਂ ਚੋਣਾਂ ਨਜ਼ਾਰਾ ਲੈਣ ਦਾ ਵਧੀਆ ਮੌਕਾ ਹੁੰਦਾ ਜੋ ਸ਼ਾਇਦ ਐਤਕੀਂ ਬਹੁਤਾ ਨਾ ਆਵੇ। ਪਰ ਵੋਟਰਾਂ ਨੂੰ ਲਗਦਾ ਐਤਕੀਂ ਚੰਗਾ ਨਜ਼ਾਰਾ ਆਊ। ਟਿਕਟ ਲੈਣ ਲਈ ਉਮੀਦਵਾਰਾਂ ਦੀਆਂ ਬਾਂਦਰ ਕਲਾਬਾਜ਼ੀਆਂ ਲਗ ਰਹੀਆਂ ਹਨ। ਚੂਹੇ-ਦੌੜ ਲਗੀ ਹੋਈ ਹੈ। ਜਿਹੜੀ ਟਾਹਣੀ ਨੂੰ ਹੱਥ ਪੈਂਦਾ, ਬੱਸ ਫੜ ਲਓ। ਜਿਹੜੀ ਖੁੱਡ ਦੀਂਹਦੀ ਬੱਸ ਭੱਜ ਕੇ ਵੜ ਜਾਓ। ਪਾਰਟੀਆਂ ਨੇ ਖਾਲੀ ਬੱਸਾਂ ਖੜੀਆਂ ਕੀਤੀਆਂ, ਇੱਕ ਛੱਡ ਦੂਜੀ ਵਿਚ ਵੜ ਜਾਓ। ਕੋਈ ਸ਼ਰਮ ਨਹੀਂ ਕੋਈ ਹਰਜ ਨਹੀਂ ਕੋਈ ਦੱਸਣ ਪੁੱਛਣ ਵਾਲਾ ਨਹੀਂ ਕਿਉਂਜੁ ਇਸ ਹਮਾਮ ਵਿਚ ਬਹੁਤੇ ਨੰਗੇ ਨੇ। ਚੋਣਾਂ ਵਿਚ ਇੰਜ ਦੀ ਕੁੱਕੜ-ਖੋਹ ਉਡਦੀ ਪਹਿਲਾਂ ਕਦੇ ਵੇਖਣ ਸੁਣਨ 'ਚ ਨਹੀਂ ਆਈ ਸੀ ਜਿਵੇਂ ਇਸ ਵਾਰ ਹੋ ਰਿਹਾ ਹੈ।

ਟੀ.ਵੀ. ਰੇਡੀਓ ਨਾਲੋਂ ਸੋਸ਼ਲ ਮੀਡੀਆ ਚੰਗੇ ਪੋਲ ਖੋਲ੍ਹ ਰਿਹਾ ਹੈ। ਨੇਤਾ ਲੋਕ ਇੱਕ ਦੂਜੇ ਵਿਰੁੱਧ ਬੋਲਣ ਲਗੇ ਰਤਾ ਜਿਨੀ ਸ਼ਰਮ ਨਹੀਂ ਕਰਦੇ। ਵਿੰਗੇ-ਟੇਢੇ ਢੰਗ ਨਾਲ ਹਰ ਗੱਲ ਦੀ ਇਹੋ ਜਿਹੀ ਚੀਰ ਫਾੜ ਕਰਦੇ ਕਿ ਗੱਲ ਕਿਥੋਂ ਤੁਰਦੀ ਕਿਥੇ ਪਹੁੰਚ ਜਾਂਦੀ ਕਈ ਵਾਰ ਤਾਂ ਸਮਝੋਂ ਬਾਹਰ ਹੋ ਜਾਂਦੀ। ਹਰ ਤਰ੍ਹਾਂ ਦੀ ਤਹਿਜ਼ੀਬ ਛਿੱਕੇ ਟੰਗ ਇਲਜ਼ਾਮ ਤਰਾਸ਼ੀਆਂ, ਮਿਹਣੇ-ਕੁਮੇਹਣੇ ਤੇ ਬਾਤ ਦੇ ਬਤੰਗੜ ਬਣਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਰਾਜਨੀਤੀ ਦੇ ਨਾਂ ਤੇ ਨਿੱਜੀ ਹਮਲਿਆਂ ਨੂੰ ਸਹੀ ਠਹਿਰਾਉਣਾ ਕੋਈ ਇਨ੍ਹਾਂ ਨੀਤੀਵਾਨਾਂ ਤੋਂ ਸਿੱਖੇ। ਖੈਰ! ਨੇਤਾਵਾਂ ਨੇ ਤਾਂ ਆਪਣੀਆਂ ਚੋਣ-ਮੁਹਿੰਮਾਂ ਚਲਾਉਣ ਦੇ ਢੰਗ-ਤਰੀਕਿਆਂ ਵਿਚ ਖਾਸਾ ਵਿਕਾਸ ਕਰ ਲਿਆ ਹੈ। ਇਸ ਵਾਰ ਵੋਟਰ ਨੇ ਆਪਣੀ ਸਿਆਣਪ ਵਰਤਣੀ ਹੈ, 'ਕੌਣ ਸਿਰਫ਼ ਚੋਣ ਲਾਰੇ ਹੀ ਲਾ ਰਿਹਾ, ਕੌਣ ਸ਼ਬਦ-ਜਾਲ ਵਿਛਾ ਭਰਮਾ ਰਿਹਾ, ਕੌਣ ਮੁਫ਼ਤ ਦਾ ਚੋਗਾ ਪਾ ਆਪਣੇ ਖਾਣ ਦਾ ਰਾਹ ਸੁਵੱਲਾ ਕਰ ਰਿਹਾ?' ਤੁਸੀਂ ਵੇਖਣਾ ਸਮਝਣਾ ਤੇ ਸੋਚਣਾ ਕਿ ਜਿਹੜੇ ਭਾਂਡੇ ਵੇਖੇ ਆ, ਪਰਖੇ ਆ, ਠਕੋਰੇ ਆ ਜਾਂ ਟੁਣਕਾਏ ਆ ਉਨ੍ਹਾਂ ਨੂੰ ਹੀ ਮੁੜ ਪਰਖਣਾ ਜਾਂ ਠਕੋਰਨਾ ਕਿ ਕਿਸੇ ਨਵੇਂ ਘੁਮਿਆਰ ਦੀ ਆਵੀ ਦੇ ਨਵੇਂ ਭਾਂਡੇ ਵੀ ਨਿਗ੍ਹਾ ਹੇਠੋਂ ਕੱਢਣੇ।

ਸਿਆਣੇ ਕਹਿੰਦੇ ਨੇ, 'ਨੀਤੀ ਕੋਈ ਵੀ ਹੋਵੇ ਨਜ਼ਰ ਤੇ ਨੀਤ ਸਿੱਧੀ ਹੋਣੀ ਚਾਹੀਦੀ ਹੈ।' ਹੋ ਸਕਦਾ ਨੀਤੀ ਪੱਖੋਂ ਕਮਜ਼ੋਰ ਹੋਣ ਪਰ ਨਜ਼ਰ ਤੇ ਨੀਤ ਸਿੱਧੀ ਵਾਲੇ ਵੀ ਇਸ ਚੋਣ-ਦੰਗਲ ਵਿਚ ਕੋਈ ਨਾ ਕੋਈ ਤਾਂ ਹੋਣਗੇ ਹੀ। ਇਹ ਪਰਖ ਵੋਟਰ ਦੀ ਤੀਸਰੀ ਅੱਖ ਨੇ ਕਰਨੀ ਹੈ। ਤੇ ਇਹ ਅੱਖ ਤੁਹਾਡੇ ਕੋਲ ਹੈ। ਜੋਕਾਂ ਤੇ ਲੋਕਾਂ ਨੇ ਫਿਰ ਮੈਦਾਨ ਮੱਲ ਲਏ ਹਨ। ਫੈਸਲਾ ਤੁਹਾਡੇ ਹੱਥ ਹੈ ਕਿ ਖੂਨ ਪੀ ਪੀ ਫੁੱਲੀਆਂ ਜੋਕਾਂ ਸਿਰ ਤਾਜ ਪਾਉਣੈ ਕਿ ਸੁਹਿਰਦ ਲੋਕਾਂ ਹੱਥ ਆਪਣੀ ਵਾਗਡੋਰ ਫੜਾਉਣੀ ਹੈ।

# ਕੀ ਦੇਸ਼ ਵਿਕ ਰਿਹੈ?

ਫਰੀਦਾਬਾਦ ਰਹਿੰਦਿਆਂ ਕੋਈ 18/20 ਸਾਲ ਪਹਿਲਾਂ ਮੈਨੂੰ ਦੱਸਿਆ ਗਿਆ ਕਿ ਪੈਨ ਕਾਰਡ ਬਣਾਉਣਾ ਪੈਣਾ ਹੈ, ਹੁਣ ਇਹ ਹਰ ਬੈਂਕ ਲੈਣ-ਦੇਣ ਲਈ ਜ਼ਰੂਰੀ ਹੋ ਜਾਣਾ ਹੈ। ਪੁੱਛਣ 'ਤੇ ਮੈਨੂੰ ਨਹਿਰੂ ਗਰਾਊਂਡ ਵਿਚ ਇਕ ਦਫਤਰ ਦਾ ਪਤਾ ਦੱਸਿਆ ਗਿਆ। ਗਰਮੀਆਂ ਦੇ ਦਿਨ ਸਨ ਅਤੇ ਏ.ਸੀ. ਵਾਲਾ ਠੰਢਾ ਦਫਤਰ ਦੇਖ ਕੇ ਜਾਪਿਆ ਕਿ ਮੈਂ ਗਲਤ ਜਗ੍ਹਾ ਆ ਗਿਆ ਹਾਂ।

**ਹਰਜੀਤ ਦਿਉਲ, ਬਰੈਂਪਟਨ**

ਗੇਟ 'ਤੇ ਖੜ੍ਹੇ ਗਾਰਡ ਨੂੰ ਪੁੱਛਿਆ ਤਾਂ ਦਫਤਰ ਦਾ ਪਤਾ ਇਹੀ ਸੀ। ਝਿਜਕਦਿਆਂ ਅੰਦਰ ਗਿਆ ਤਾਂ ਮੈਨੂੰ ਇਕ ਟੇਬਲ 'ਤੇ ਜਾਣ ਲਈ ਕਿਹਾ ਗਿਆ। ਕੁਰਸੀ ਪੇਸ਼ ਹੋਣ ਉਪਰੰਤ ਜਦ ਚਪਰਾਸੀ ਨੇ ਠੰਢੇ ਪਾਣੀ ਦਾ ਗਿਲਾਸ ਪੇਸ਼ ਕੀਤਾ ਤਾਂ ਮੇਰਾ ਮੱਥਾ ਠਣਕਿਆ। ਸੋਚਿਆ ਦੱਸ ਦਵਾਂ ਪਈ ਮੈਂ ਇਕ ਸਾਧਾਰਨ ਨਾਗਰਿਕ ਹਾਂ ਕਿਸੇ ਮੰਤਰੀ ਜਾਂ ਅਫਸਰ ਦਾ ਬੰਦਾ ਨਹੀਂ। ਮੈਨੂੰ ਇੱਕ ਫਾਰਮ ਦਿੱਤਾ ਗਿਆ, ਜੋ ਮੈਂ ਝੱਟ ਭਰ ਕੇ ਦੇ ਦਿੱਤਾ। ਬੜੇ ਅਦਬ ਨਾਲ ਮੈਨੂੰ 15 ਦਿਨ ਬਾਅਦ ਆਉਣ ਲਈ ਕਿਹਾ ਗਿਆ। ਜਦ ਨਿਰਧਾਰਤ ਸਮੇਂ ਬਾਅਦ ਗਿਆ ਤਾਂ ਰਸੀਦ ਦਿਖਾਉਣ 'ਤੇ ਅਰਦਲੀ ਨੇ ਮੇਰੇ ਦਸਤਖਤ ਕਰਾ ਠੰਢੇ ਪਾਣੀ ਦੇ ਗਿਲਾਸ ਨਾਲ ਮੇਰਾ ਪੈਨ ਕਾਰਡ ਮੇਰੇ ਹਵਾਲੇ ਕਰ ਦਿੱਤਾ। ਦਫਤਰੋਂ ਬਾਹਰ ਆ ਕੇ ਮੈਂ ਆਪਣੇ ਚੂੰਢੀ ਵੱਢ ਇਹ ਯਕੀਨ ਕੀਤਾ ਕਿ ਕਿਤੇ ਇਹ ਸੁਫਨਾ ਤਾਂ ਨਹੀਂ ਸੀ ਕਿਉਂਕਿ ਬਿਨਾਂ ਕਿਸੇ ਖੱਜਲਖੁਆਰੀ ਅਤੇ ਸੇਵਾ ਪਾਣੀ (ਸੱਭਿਅਕ ਭਾਸ਼ਾ ਵਿਚ ਸੁਵਿਧਾ ਰਾਸ਼ੀ) ਅੱਜ ਤਕ ਕੋਈ ਕੰਮ ਹੋਇਆ ਨਹੀਂ ਸੀ। ਮਿੱਤਰ ਨੇ ਉਲਝਣ ਦੂਰ ਕੀਤੀ। ਪੈਨ ਕਾਰਡ ਬਣਾਉਣ ਦਾ ਠੇਕਾ ਕਿਸੇ ਪ੍ਰਾਈਵੇਟ ਅਦਾਰੇ ਨੂੰ ਦਿੱਤਾ ਗਿਆ ਹੈ।

ਵੀਹ ਕੁ ਸਾਲ ਫਰੀਦਾਬਾਦ ਸਥਿਤ ਰੈਫਰਿਜਰੇਟਰ ਬਣਾਉਣ ਵਾਲੀ ਵੱਡੀ ਕੰਪਨੀ ਕੈਲਵੀਨੇਟਰ ਆਫ ਇੰਡੀਆ ਵਿਚ ਕੰਮ ਕੀਤਾ। ਤਜਰਬਾ ਸਾਂਝਾ ਕਰਦਾ ਹਾਂ। ਵੱਡਾ ਸੰਸਥਾਨ ਹੋਣ ਦੇ ਬਾਵਜੂਦ ਤਨਖਾਹਾਂ ਔਸਤ ਜਿਹੀਆਂ ਸਨ। ਮਜ਼ਦੂਰਾਂ ਦੀ ਤਾਕਤਵਰ ਯੂਨੀਅਨ ਸੀ। ਵੱਡੇ ਅਦਾਰੇ ਪ੍ਰਾਈਵੇਟ ਹੋਣ ਦੇ ਬਾਵਜੂਦ ਇੱਕ ਪੱਖੋਂ ਸਰਕਾਰੀ ਵਰਗੇ ਹੁੰਦੇ ਹਨ, ਜਿੱਥੇ ਯੂਨੀਅਨ ਸਦਕਾ ਮਜ਼ਦੂਰ ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰਦੇ ਪਰ ਹਰ 3 ਸਾਲ ਬਾਅਦ ਤਨਖਾਹ ਵਿਚ ਭਰਪੂਰ ਵਾਧਾ ਚਾਹੁੰਦੇ ਹਨ। ਲਿਹਾਜ਼ਾ ਕਈ ਕਾਰਖਾਨੇ ਪੈਂਦੇ ਘਾਟੇ ਕਾਰਨ ਮਾਲਕਾਂ ਨੂੰ ਬੰਦ ਕਰਨੇ ਪੈ ਜਾਂਦੇ ਹਨ। ਸਾਡੇ ਵੀ ਇਹੀ ਕਾਟੋ-ਕਲੇਸ਼ ਸ਼ੁਰੂ ਹੋਇਆ। ਜਦ ਕਾਰਖਾਨਾ ਬੰਦ ਹੋਣ ਕਿਨਾਰੇ ਪਹੁੰਚ ਗਿਆ ਤਾਂ ਸਰਕਾਰ ਦੀ ਵਿਦੇਸ਼ੀ ਨਿਵੇਸ਼ ਪਾਲਿਸੀ ਅਧੀਨ ਇਸ ਨੂੰ ਅਮਰੀਕਾ ਦੀ ਹੋਮ ਐਪਲਾਇੰਸ ਕੰਪਨੀ ਵਰਲਪੂਲ ਨੇ ਖਰੀਦ ਲਿਆ। ਯੂਨੀਅਨ ਨੇ ਬੜਾ ਰੌਲਾ ਪਾਇਆ। ਜਲਸੇ-ਜਲੂਸਾਂ ਦਾ ਦੌਰ ਚੱਲਿਆ ਪਰ ਚੰਗੀ ਕਿਸਮਤ ਇਹ ਡੀਲ ਸਿਰੇ ਚੜ੍ਹ ਗਈ। ਅਮਰੀਕੀ ਕੰਪਨੀ ਨੇ ਚੰਗੀ ਤਰ੍ਹਾਂ ਸਰਵੇ ਕਰ ਵਾਧੂ ਦੀ ਅੱਧੀ ਖਲਕਤ ਨੂੰ ਬਾਹਰ ਕੱਢ ਮਾਰਿਆ ਪਰ ਐਵੇਂ ਨਹੀਂ। ਜਾਣ ਵਾਲੇ ਭੰਗੜੇ ਪਾਉਂਦੇ ਗਏ ਕਿਉਂਕਿ ਲੰਮੀ ਸਰਵਿਸ ਸਦਕਾ ਉਨ੍ਹਾਂ ਨੂੰ ਮੋਟੀਆਂ ਰਕਮਾਂ ਦਿੱਤੀਆਂ ਗਈਆਂ, ਜਿਸ ਨਾਲ ਬੇਘਰਾਂ ਘਰ ਬਣਾ ਲਏ ਕਈਆਂ ਬਿਜ਼ਨਸ ਕਰ ਲਏ। ਜੋ ਰਹਿ ਗਏ, ਉਨ੍ਹਾਂ ਤੋਂ ਪੂਰੀ ਸਮਰੱਥਾ ਨਾਲ ਕੰਮ ਲੈ ਤਨਖਾਹਾਂ ਵਧਾ ਦਿੱਤੀਆਂ ਗਈਆਂ। ਇਸ ਤੋਂ ਉਲਟ ਇਸੇ ਸ਼ਹਿਰ ਦੇ ਵੱਡੇ ਅਦਾਰੇ ਮੈਟਲ ਬੌਕਸ ਵਿਚ ਯੂਨੀਅਨ ਦੀ ਬੁਰਛਾਗਰਦੀ ਸਦਕਾ ਮਾਲਕਾਂ ਨਾਲ ਹਿਸਾਬ ਨਾ ਲੈਣ ਦੀ ਜ਼ਿਦ ਪਿਛੇ ਜਦ ਕੰਪਨੀ ਬੰਦ ਹੋ ਗਈ ਤਾਂ ਮੋਟੀਆਂ ਤਨਖਾਹਾਂ ਲੈਣ ਵਾਲੇ ਮਜ਼ਦੂਰ ਸੜਕਾਂ 'ਤੇ 20 ਸਾਲ ਰੁਲਦੇ ਰਹੇ। ਮਾਲਕਾਂ ਦੀ ਧੌਣ 'ਤੇ ਗੋਡਾ ਦੇ ਫੈਸਲਾ ਕਰਾਉਣ ਵਾਲੀਆਂ ਯੂਨੀਅਨਾਂ ਕੁਝ ਨਾ ਕਰ ਸਕੀਆਂ। ਕਾਸ਼ ਮੈਟਲ ਬੌਕਸ ਵੀ ਵਿਕ ਜਾਂਦੀ।

ਆਉ! ਹੁਣ ਭਾਰਤੀ ਰੇਲ ਦੀ ਵੀ ਗੱਲ ਕਰ ਲਈਏ। ਮੇਰੇ ਪਿਤਾ ਜਦ 1970 'ਚ ਰੇਲਵੇ ਸਟੇਸ਼ਨ ਮਾਸਟਰ ਰਿਟਾਇਰ ਹੋਏ ਤਾਂ ਉਨ੍ਹਾਂ ਦੀ ਤਨਖਾਹ ਕੋਈ 400 ਰੁਪਏ ਸੀ। 5 ਕੁ ਸਾਲ ਪਹਿਲਾਂ ਰਿਟਾਇਰ ਹੋਏ ਇੱਕ ਰਿਸ਼ਤੇਦਾਰ ਗਾਰਡ ਦੀ ਪੈਨਸ਼ਨ 35000 ਲੱਗੀ। ਰੇਲਵੇ ਸੇਵਾ ਵਿਚ ਹੈਰਾਨੀਜਨਕ ਸੁਧਾਰ ਮੈਂ ਅੱਖੀਂ ਦੇਖਿਆ ਹੈ। ਲੰਮਾ ਸਮਾਂ ਸਰਕਾਰਾਂ ਨੇ ਸਿਰਫ ਵੋਟ ਬੈਂਕ ਖੁਰਨ ਦੇ ਡਰੋਂ ਰੇਲ ਕਿਰਾਇਆ ਨਹੀਂ ਵਧਾਇਆ। ਰੇਲ ਸੇਵਾ ਨੂੰ ਵਿਕਸਿਤ ਮੁਲਕਾਂ (ਮਸਲਨ ਚੀਨ, ਜਪਾਨ) ਦੀ ਰੇਲ ਸੇਵਾ ਦੀ ਤਰਜ਼ 'ਤੇ ਬੇਹਤਰ ਬਣਾਉਣ ਲਈ ਭਾਰਤ ਲਈ ਕੁਝ ਕਦਮ ਚੁੱਕਣੇ ਜ਼ਰੂਰੀ ਸਨ। ਅੱਜ ਵੀ ਸਰਕਾਰ ਦਾ ਦਾਅਵਾ ਹੈ ਕਿ ਰੇਲਵੇ ਕਦੇ ਵੀ ਪ੍ਰਾਈਵੇਟ ਨਹੀਂ ਕੀਤੀ ਜਾਵੇਗੀ ਪਰ ਪ੍ਰਾਈਵੇਟ ਇਨਵੈਸਟਮੈਂਟ ਬਿਨਾਂ ਸੁਧਾਰ ਸੰਭਵ ਨਹੀਂ, ਜੋ ਵਿਕਸਿਤ ਦੇਸ਼ਾਂ ਵਿਚ ਵੀ ਹੁੰਦਾ ਹੈ। ਰੇਲਵੇ ਨੂੰ ਘਾਟੇ ਵਿਚੋਂ ਵੀ ਕੱਢਣਾ ਜ਼ਰੂਰੀ ਹੈ ਵਰਨਾ ਨਾਗਰਿਕਾਂ ਨੂੰ ਹਰ ਚੀਜ਼ ਸਸਤੀ ਅਤੇ ਮੁਫਤ ਤਾਂ ਵਾਧੂ ਕਰੰਸੀ ਛਾਪ ਕੇ ਹੀ ਦਿੱਤੀ ਜਾ ਸਕਦੀ ਹੈ।

ਹੁਣ ਇੱਕ ਚੁਟਕਲਾ ਵੀ ਸੁਣ ਲਓ। ਪਿੱਛੇ ਜਿਹੇ ਇੱਕ ਰਿਸ਼ਤੇਦਾਰ ਨੇ ਕਿਹਾ, 'ਸੁਣਿਆ ਮੋਦੀ ਨੇ ਲਾਲ ਕਿਲਾ ਅੰਬਾਨੀ ਨੂੰ ਵੇਚ'ਤਾ' ਦਰਅਸਲ ਲਾਲ ਕਿਲੇ ਦੀ ਸਾਂਭ ਸੰਭਾਲ (ਮੇਨਟੀਨੈਂਸ) ਦਾ ਠੇਕਾ ਕਿਸੇ ਕੰਪਨੀ ਨੂੰ ਦਿੱਤਾ ਗਿਆ। ਕੌਣ ਨਹੀਂ ਜਾਣਦਾ ਕਿ ਸਰਕਾਰੀ ਕਰਮਚਾਰੀ ਮੋਟੇ ਵੇਤਨ ਲੈ ਅੱਧੀ ਸਮਰੱਥਾ ਨਾਲ ਵੀ ਕੰਮ ਨਹੀਂ ਕਰਦੇ। ਜੇ ਦੇਸ਼ ਦੀ ਐਨੀ ਫਿਕਰ ਹੈ ਤਾਂ ਨਾਗਰਿਕਾਂ ਨੂੰ ਖੁਦ ਵੀ ਹਰਾਮਖੋਰੀ ਛੱਡ ਪੱਛਮੀ ਮੁਲਕਾਂ ਵਾਂਗ ਈਮਾਨਦਾਰੀ ਨਾਲ ਕੰਮ ਕਰਨ ਦੀ ਆਦਤ ਪਾਉਣੀ ਪਵੇਗੀ ਨਹੀਂ ਤਾਂ ਰੱਬ ਰਾਖਾ!

ਪੁਸਤਕ ਚਰਚਾ

# ਬੇਚੈਨ ਤੇ ਕੁਠਿੰਤ ਮਾਨਸਿਕਤਾ ਦੀਆਂ ਕਹਾਣੀਆਂ 'ਝਾਂਜਰਾਂ ਵਾਲੇ ਪੈਰ'


ਨਿਰੰਜਨ ਬੋਹਾ

ਭਾਵੇਂ 'ਝਾਂਜਰਾਂ ਵਾਲੇ ਪੈਰ' ਅਰਵਿੰਦਰ ਧਾਲੀਵਾਲ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ ਪਰ ਪੰਜਾਬੀ ਕਹਾਣੀ ਦੇ ਪਾਠਕ ਉਸ ਨੂੰ ਚਿਰੋਕਣਾ ਜਾਣਦੇ ਹਨ। ਪੰਜਾਬੀ ਦੇ ਨਾਮਵਰ ਪਰਚਿਆਂ ਵਿਚ ਛਪਦੀਆਂ ਰਹੀਆਂ ਉਸ ਦੀਆਂ ਕਹਾਣੀਆਂ ਨੇ ਉਸ ਦੀ ਪਛਾਣ ਇਕ ਸਮਰੱਥ ਕਹਾਣੀਕਾਰਾ ਵਜੋਂ ਬਣਾ ਦਿੱਤੀ ਸੀ। ਵਾਰਤਕ, ਆਲੋਚਨਾ, ਅਨੁਵਾਦ ਤੇ ਭਾਸ਼ਾਈ ਲਿਪੀਆਂਤਰ ਖੇਤਰ ਵਿਚ ਨਿਰੰਤਰ ਕਿਰਿਆਸ਼ੀਲ ਰਹਿੰਦਿਆਂ ਵੀ ਉਸ ਨੇ ਪੰਜਾਬੀ ਕਹਾਣੀ ਵਿਚ ਆਪਣਾ ਚੰਗਾ ਨਾਂ-ਥਾਂ ਬਣਾ ਲਿਆ ਹੈ। ਉਹ ਸਮਾਜ ਨਾਲੋਂ ਟੁੱਟੇ ਹੋਣ ਦਾ ਸੰਤਾਪ ਭੋਗਦੇ ਪਾਤਰਾਂ ਦੀ ਵਿਕਲੋਤਰੀ ਕਿਸਮ ਦੀ ਮਾਨਸਿਕਤਾ ਦੀਆਂ ਮਹੀਨ ਤੰਦਾਂ ਨੂੰ ਫੜਨ ਵਿਚ ਵਿਸ਼ੇਸ਼ ਮੁਹਾਰਤ ਰੱਖਦੀ ਹੈ। ਜਦੋਂ ਉਹ ਆਪਣੇ ਪਾਤਰਾਂ ਅਤੇ ਸਮਾਜ ਵਿਚਲੀ ਦੂਰੀ ਦੇ ਕਾਰਨ ਤਲਾਸ਼ਦਿਆਂ ਉਨ੍ਹਾਂ ਦੇ ਮਨ ਦੀਆਂ ਅਵਚੇਤਨੀ ਪਰਤਾਂ ਤਕ ਪਹੁੰਚਦੀ ਹੈ ਤਾਂ ਸਮਾਜ ਦੇ ਬਹੁਤ ਸਾਰੇ ਪੂਰਵਲੇ ਵਿਚਾਰਧਾਰਕ, ਨੈਤਿਕ ਤੇ ਸਦਾਚਾਰਕ ਜ਼ਾਬਤੇ ਅਰਥਹੀਣ ਹੁੰਦੇ ਜਾਪਦੇ ਹਨ। ਸਮਾਜ ਨਾਲੋਂ ਟੁੱਟਣ ਦੀ ਪ੍ਰਕਿਰਿਆ ਦੌਰਾਨ ਇਨ੍ਹਾਂ ਪਾਤਰਾਂ ਅੰਦਰ ਜੋ ਕੁਝ ਟੁੱਟਦਾ-ਭੱਜਦਾ ਹੈ ਤੇ ਜਿਹੋ ਜਿਹੀ ਮਾਨਸਿਕ ਕੁੰਠਾ ਉਹ ਹੰਢਾਉਂਦੇ ਹਨ, ਉਸ ਦਾ ਜੀਵੰਤ ਬਿਰਤਾਂਤ ਸਿਰਜ ਕੇ ਹੀ ਉਸ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਸੰਗ੍ਰਹਿ ਦੀ ਟਾਈਟਲ ਕਹਾਣੀ 'ਝਾਂਜਰਾਂ ਵਾਲੇ ਪੈਰ' ਅਨੁਸਾਰ ਪੀੜ੍ਹੀ ਦਰ ਪੀੜ੍ਹੀ ਸਮਾਜ ਦਾ ਗੰਦ ਢੋਣ ਤੇ ਮੁਰਦਾ ਘਰ ਵਿਚ ਮੁਰਦਾ ਸਰੀਰ ਦੀ ਰਾਖੀ ਕਰਦਿਆਂ ਮਾਰਫਾਲੀਨ ਦੀ ਬਦਬੂ ਸਹਿਣ ਵਾਲੇ ਲੋਕਾਂ ਲਈ ਨੈਤਿਕਤਾ ਦੇ ਅਰਥ ਉਹ ਨਹੀਂ ਹੋ ਸਕਦੇ ਜੋ ਸੱਭਿਅਕ ਕਹਾਉਂਦੇ ਲੋਕਾਂ ਲਈ ਹੁੰਦੇ ਹਨ। ਕਹਾਣੀ ਦਾ ਮੁੱਖ ਪਾਤਰ ਵੀ ਮੁਰਦਾ ਘਰ ਦੇ ਯਖ ਠੰਢੇ ਮਾਹੌਲ, ਪ੍ਰਧਾਨ ਜੈਲੀ ਵੱਲੋਂ ਦਿੱਤੀ ਉਕਸਾਹਟ ਤੇ ਆਪਣੇ ਅਵਚੇਤਨ ਵਿਚ ਪਈ ਸਮਾਜ ਤੋਂ ਬਦਲਾ ਲਊ ਪ੍ਰਵਿਰਤੀ ਦੇ ਚਲਦਿਆਂ ਮੁਰਦਾ ਘਰਾਂ ਵਿਚ ਆਉਣ ਵਾਲੀਆਂ ਸੁੰਦਰ ਔਰਤਾਂ ਦੀਆਂ ਮ੍ਰਿਤਕ ਦੇਹਾਂ ਨਾਲ ਸਰੀਰਕ ਸਬੰਧ ਬਣਾਉਣ ਦੇ ਅਨਾਚਾਰ ਵਿਚ ਲਿਪਤ ਹੈ। ਕਹਾਣੀ ਦੀ ਖੂਬਸੂਰਤੀ ਇਹ ਹੈ ਕਿ ਉਹ ਖੁਦ ਵੀ ਆਪਣੀ ਵਿਕਲੋਤਿਰੀ ਮਾਨਸਿਕਤਾ ਤੇ ਅਨਾਚਾਰ ਨੂੰ ਜਸਟੀਫਾਈ ਨਹੀਂ ਕਰਦਾ, ਸਗੋਂ ਆਪਣੇ ਅੰਦਰਲੇ ਸ਼ੈਤਾਨ ਨੂੰ ਇਸ ਲਈ ਦੋਸ਼ੀ ਠਹਿਰਾਉਂਦਾ ਹੈ। ਬੇਹੋਸ਼ ਔਰਤ ਦੀ ਸੁੰਦਰਤਾ ਨੂੰ ਮੁਰਦਾ ਸਮਝ ਕੇ ਭੋਗਣ ਦਾ ਖਮਿਆਜ਼ਾ ਉਸ ਨੂੰ ਆਪਣਾ ਪੁਰਸ਼ਤਵ ਤੇ ਪਤਨੀ ਦੋਹੇਂ ਗੁਆ ਕੇ ਭੁਗਤਣਾ ਪੈਂਦਾ ਹੈ। ਪਤਨੀ ਦੇ ਕਤਲ ਕਾਰਨ ਜੇਲ੍ਹ ਤੋਂ ਵਾਪਸੀ ਵੇਲੇ ਉਸ ਅੰਦਰੋਂ ਝਲਕਦੀ ਆਪਣੇ ਉਜੜੇ ਘਰ ਵਿਚੋਂ ਫਿਰ ਤੋਂ ਘਰ ਤਲਾਸ਼ਣ ਦੀ ਖਾਹਸ਼ ਜੀਵਨ ਨੂੰ ਜਿਉਣ ਯੋਗ ਬਣਾਉਣ ਸਬੰਧੀ ਜਾਰੀ ਰਹਿਣ ਵਾਲੀਆਂ ਮਨੁੱਖੀ ਕੋਸ਼ਿਸ਼ਾਂ ਦਾ ਪੱਖ ਪੂਰ ਕੇ ਕਹਾਣੀ ਦੇ ਸਿਰਜਣੀ ਸੂਹਜ ਵਿਚ ਵਾਧਾ ਕਰਦੀ ਹੈ।

ਕਹਾਣੀ 'ਵੇਦਨ ਕਹੀਏ ਕਿਸ' ਅਨੁਸਾਰ ਸਿਵਿਆਂ ਵਿਚ ਮੁਰਦੇ ਫੂਕਣ ਵਾਲੇ ਬਾਬੇ ਦੀਸ਼ੇ ਡੂਮ, ਮੰਗੇ, ਚਿੱਚੜ, ਕੂੰਤੀ ਤੇ ਨੂਰੀ ਵਰਗੇ ਲੋਕ ਸੰਸਾਰ ਵਿਚ ਆ ਕੇ ਨਾ ਆਇਆਂ ਵਰਗੇ ਹੀ ਹੁੰਦੇ ਹਨ। ਇਹ ਲੋਕ ਨਾ ਤਾਂ ਆਪਣੀ ਵੇਦਨਾ ਕਿਸੇ ਨੂੰ ਸੁਣਾ ਸਕਦੇ ਹਨ ਤੇ ਨਾ ਕੋਈ ਇਨ੍ਹਾਂ ਦਾ ਦਰਦ ਵੰਡਾਉਣ ਨੂੰ ਤਿਆਰ ਹੁੰਦਾ ਹੈ। ਬਾਬਾ ਦੀਸ਼ਾ ਪੀੜ੍ਹੀ ਦਰ ਪੀੜ੍ਹੀ ਸਿਵਿਆਂ ਵਿਚ ਲਾਵਾਰਸ ਲਾਸ਼ਾਂ ਦੇ ਸਸਕਾਰ ਕਰਨ ਦਾ ਕੰਮ ਕਰਦਾ ਆ ਰਿਹਾ ਹੈ ਤੇ ਸਭਿਅਕ ਕਹੇ ਜਾਂਦੇ ਲੋਕਾਂ ਲਈ ਉਹ ਚੰਡਾਲ ਦਾ ਦਰਜਾ ਰੱਖਦਾ ਹੈ। ਆਪਣੀ ਜੁਆਨ ਹੋਈ ਧੀ ਨੂਰੀ ਦਾ ਵਿਆਹ ਆਪਣੇ ਨਾਲ ਕੰਮ ਕਰਦੇ ਲਾਵਾਰਸ ਮੁੰਡੇ ਮੰਗੇ ਨਾਲ ਕਰ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖੁਰੂ ਹੋਣਾ ਚਾਹੁੰਦਾ ਹੈ, ਪਰ ਨੂਰੀ ਇੱਜ਼ਤਦਾਰ ਕਹਾਉਂਦੇ ਸਮਾਜ ਵਿਚ ਆਪਣੀ ਥਾਂ ਲੱਭਣ ਦਾ ਭੁਲੇਖਾ ਸਿਰਜ ਲੈਂਦੀ ਹੈ। ਆਪਣੀ ਧੀ ਦੇ ਕਿਸੇ ਅਮੀਰ ਤੇ ਵਿਗੜੇ ਘਰ ਦੇ ਕਾਕੇ ਨਾਲ ਘਰੋਂ ਭੱਜਣ ਦੀ ਘਟਨਾ ਬਾਬੇ ਨੂੰ ਧੁਰ ਅੰਦਰ ਤਕ ਝੰਜੋੜ ਦਿੰਦੀ ਹੈ, ਕਿਉਂਕਿ ਉਸਨੂੰ ਯਕੀਨ ਹੈ ਕਿ ਇਹ ਸਮਾਜ ਉਸਦੀ ਧੀ ਨੂੰ ਕਿਸੇ ਵੀ ਕੀਮਤ 'ਤੇ ਨੂੰਹ ਜਾਂ ਪਤਨੀ ਵਜੋਂ ਨਹੀਂ ਸਵੀਕਾਰੇਗਾ। ਅੰਤ ਉਸਦੀ ਧੀ ਦੀ ਲਾਵਾਰਸ ਕਰਾਰ ਦਿੱਤੀ ਲਾਸ਼ ਹੀ ਉਸ ਕੋਲ ਸਸਕਾਰ ਲਈ ਪਹੁੰਚਦੀ ਹੈ। ਬਾਬਾ ਤੇ ਉਸ ਨਾਲ ਵਿਆਹ ਕਰਾਉਣ ਦੀ ਆਸ ਰੱਖਦਾ ਰਿਹਾ ਮੰਗਾ ਜਦੋਂ ਉਸਦਾ ਸਸਕਾਰ ਕਰਦੇ ਹਨ ਤਾਂ ਉਨ੍ਹਾਂ ਦੀ ਖਾਮੋਸ਼ ਹੂਕ ਪਾਠਕਾਂ ਨੂੰ ਆਪਣੇ ਅੰਦਰੋਂ ਵੀ ਉਠਦੀ ਮਹਿਸੂਸ ਹੁੰਦੀ ਹੈ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਔਰਤ ਪਾਤਰਾਂ ਦਾ ਸਖਸ਼ੀ ਬਿੰਬ ਸਮੇਂ ਦੀਆਂ ਤੇਜ਼ ਰਫ਼ਤਾਰ ਤਬਦੀਲੀਆਂ ਕਾਰਨ ਗੁੰਝਲਦਾਰ ਤੇ ਪੇਚੀਦਾ ਹੁੰਦੀ ਜਾ ਰਹੀ ਉਨ੍ਹਾਂ ਦੀ ਮਾਨਸਿਕਤਾ ਨੂੰ ਉਘੇੜਦੀਆਂ ਹਨ ਅਤੇ ਉਨ੍ਹਾਂ ਦੇ ਮਨ ਅੰਦਰ ਚਲਦੇ ਜਜ਼ਬਿਆਂ ਦੇ ਪ੍ਰਵਾਹ ਦੀ ਸਜੀਵਤਾ ਨੂੰ ਬਰਕਰਾਰ ਰੱਖਦੀਆਂ ਹਨ। ਕਹਾਣੀ 'ਆਪਣੇ ਹਿੱਸੇ ਦਾ ਅਸਮਾਨ' ਵਿਚਲੀ ਪਾਲੀ ਉਨ੍ਹਾਂ ਔਰਤਾਂ ਦੀ ਪ੍ਰਤੀਨਿਧਤਾ ਕਰਦੀ ਹੈ, ਜਿਨ੍ਹਾਂ ਨੂੰ 21ਵੀਂ ਸਦੀ ਵਿਚ ਪਹੁੰਚ ਕੇ ਵੀ ਆਪਣੇ ਹਿੱਸੇ ਦੇ ਅਸਮਾਨ ਦੀ ਪ੍ਰਾਪਤੀ ਨਹੀਂ ਹੋਈ। ਪਾਲੀ ਦੇ ਪਤੀ ਦਿਆਲ ਦੀ ਡਾਕਟਰੀ ਰਿਪਰੋਟ ਉਸਨੂੰ ਬੱਚੇ ਪੈਦਾ ਕਰਨ ਦੇ ਪੂਰੀ ਤਰ੍ਹਾਂ ਯੋਗ ਨਹੀਂ ਠਹਿਰਾਉਂਦੀ ਤਾਂ ਉਸ ਨੂੰ ਸ਼ੱਕ ਹੋ ਜਾਂਦਾ ਹੈ ਕਿ ਪਾਲੀ ਦੇ ਗਰਭ ਵਿਚਲਾ ਬੱਚਾ ਉਸ ਦਾ ਨਹੀਂ ਹੈ। ਦਿਆਲ ਬਿਨਾਂ ਸੰਭਾਵਿਤ ਤੱਥਾਂ ਦੀ ਪੜਤਾਲ ਕੀਤੇ ਉਸ 'ਤੇ ਬਦਚਲਨੀ ਦੇ ਦੋਸ਼ ਲਾ ਦਿੰਦਾ ਹੈ ਤਾਂ ਪਤੀ ਅੱਗੇ ਝੁਕਣ ਦੀ ਪਰੰਪਰਾਗਤ ਸੋਚ ਤੋਂ ਉਲਟ ਜਾਂਦਿਆਂ ਉਸਨੂੰ ਵੰਗਾਰਦੀ ਹੈ, 'ਮੈਨੂੰ ਛੱਡਣਾ ਚਾਹੁਨਾ ਏਂ...ਛੱਡ ਦੇ...ਤੂੰ ਆਪਣੇ ਸ਼ੱਕ ਨਾਲ ਜੀਅ ਤੇ ਮੈਂ ਆਪਣੇ ਬੱਚੇ ਨਾਲ ਜੀਆਂਗੀ।' ਉਸ ਦੀ ਮਾਨਸਿਕ ਦ੍ਰਿੜਤਾ ਵੇਖ ਕੇ ਦਿਆਲ ਨੂੰ ਉਸਦੇ ਹਿੱਸੇ ਦੀ ਸਪੇਸ ਛੱਡਣੀ ਹੀ ਪੈਂਦੀ ਹੈ।




'ਕਹਾਣੀ ਹੈਸ਼ ਟੈਗ#ਤੂੰ ਉਹ' ਦੀ ਮੁੱਖ ਪਾਤਰ ਜੀਨਾ ਵੀ ਕਿਸੇ ਹੋਰ ਔਰਤ ਵੱਲ ਝੁਕਾਅ ਰੱਖਦੇ ਆਪਣੇ ਪਤੀ ਨੂੰ ਆਪਣੀ ਹੈਸੀਅਤ ਦਾ ਅਹਿਸਾਸ ਕਰਾਉਣ ਲਈ ਉਪਰਲੀ ਕਹਾਣੀ ਦੀ ਪਾਤਰ ਪਾਲੀ ਵਾਲਾ ਰਾਹ ਹੀ ਅਪਣਾਉਂਦੀ ਹੈ। ਇਸ ਕਹਾਣੀ ਵਿਚਲਾ ਕੁਸ਼ਲ ਆਪਣੇ ਵਿਆਹ ਤੋਂ ਪਹਿਲਾਂ ਆਪਣੇ ਮਾਮੇ ਦੀ ਨੂੰਹ ਸੱਤੀ ਨਾਲ ਸਰੀਰਕ ਸਬੰਧ ਰੱਖਦਾ ਰਿਹਾ ਹੈ। ਪਤਨੀ ਕਦੇ ਪਿਆਰ ਨਾਲ ਤੇ ਕਦੇ ਗੁੱਸੇ ਨਾਲ ਉਸ ਨੂੰ ਇਸ ਰਾਹ ਤੋਂ ਮੋੜਨ ਦੀ ਕੋਸ਼ਿਸ਼ ਕਰਦੀ ਹੈ, ਪਰ ਜਦੋਂ ਉਸਨੂੰ ਯਕੀਨ ਹੋ ਜਾਂਦਾ ਹੈ ਕਿ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਹੋ ਰਹੀਆਂ ਹਨ ਤਾਂ ਉਹ ਉਸ ਨਾਲ ਕਿਸੇ ਤਰ੍ਹਾਂ ਦੀ ਸਰੀਰਕ ਤੇ ਮਾਨਸਿਕ ਸਾਂਝ ਨਾ ਰੱਖਣ ਦਾ ਨਿਰਣਾਇਕ ਫੈਸਲਾ ਲੈਂਦਿਆਂ ਆਖਦੀ ਹੈ. 'ਤੂੰ ਪੂਰੀ ਤਰ੍ਹਾਂ ਮੇਰਾ ਨਹੀਂ ਤਾਂ ਮੈਂ ਵੀ ਤੇਰੀ ਨਹੀਂ...ਤੂੰ ਅੱਜ ਤੋਂ ਸਿਰਫ ਮੇਰੇ ਬੱਚੇ ਦਾ ਬਾਪ, ਮਮਾ ਡੈਡ ਦਾ ਪੁੱਤ ਤੇ ਸੱਤੀ ਦਾ ਹੈਸ਼ ਟੈਗ ਏਂ।'

ਕਹਾਣੀ 'ਆਖਿਰ ਉਹ ਹਾਰ ਗਿਆ' ਔਰਤ ਦੀ ਉਸ ਮਾਨਸਿਕ ਕੁੰਠਾ ਦੀ ਗੱਲ ਕਰਦੀ ਹੈ, ਜੋ ਉਸ ਨੂੰ ਜਾਣ-ਬੁੱਝ ਕੇ ਛੁਟਿਆਉਣ ਕਾਰਨ ਪੈਦਾ ਹੁੰਦੀ ਹੈ। ਮਨਜੀਤ ਤੇ ਗੀਤ ਸਹੇਲੀਆਂ ਹਨ ਪਰ ਗੀਤ ਦੇ ਪਰਿਵਾਰ ਦਾ ਆਰਥਿਕ ਰੁਤਬਾ ਮਨਜੀਤ ਦੇ ਪਰਿਵਾਰ ਨਾਲੋਂ ਉਚਾ ਹੈ। ਗੀਤ ਦੀ ਮਾਨਸਿਕ ਸੰਤੁਸ਼ਟੀ ਮਨਜੀਤ ਨਾਲ ਸਮਲਿੰਗੀ ਸਬੰਧ ਜੋੜ ਕੇ ਹੁੰਦੀ ਹੈ ਪਰ ਮਨਜੀਤ ਨੂੰ ਇਹ ਸਬੰਧ ਚਿੱਕੜ ਵਰਗੇ ਹੀ ਲੱਗਦੇ ਹਨ। ਜਦੋਂ ਮਨਜੀਤ ਗੀਤ ਕੋਲ ਇਸ ਗੱਲ ਦਾ ਖੁਲਾਸਾ ਕਰਦੀ ਹੈ ਕਿ ਉਹ ਆਪਣੀ ਮਾਨਸਿਕ ਤੇ ਸਰੀਰਕ ਤ੍ਰਿਪਤੀ ਲਈ ਉਸ ਦੇ ਭਰਾ ਸੁੱਖ ਨੂੰ ਪਸੰਦ ਕਰਦੀ ਹੈ ਤਾਂ ਗੀਤ ਬਹੁਤ ਹੀ ਚੋਭਵੇਂ ਸ਼ਬਦਾਂ ਵਿਚ ਉਸ ਨੂੰ ਉਸਦੀ ਪਰਿਵਾਰਕ ਹੈਸੀਅਤ ਦਾ ਅਹਿਸਾਸ ਕਰਾਉਂਦੀ ਹੈ। ਗੀਤ ਨਾਲੋਂ ਵੱਖ ਹੋਣ ਤੋਂ ਪੱਚੀ ਸਾਲ ਬਾਅਦ ਵੀ ਉਸ ਅੰਦਰ ਆਪਣੀ ਸਹੇਲੀ ਦੇ ਸ਼ਬਦਾਂ ਦੀ ਰੜਕ ਮੌਜੂਦ ਰਹਿੰਦੀ ਹੈ। ਜੇ ਉਹ ਪਤੀ, ਬੱਚੇ ਤੇ ਪੈਸਾ ਸਭ ਕੁਝ ਹਾਸਿਲ ਹੋਣ ਤੋਂ ਬਾਅਦ ਵੀ ਆਪਣੀ ਸਹੇਲੀ ਦੇ ਭਰਾ ਨਾਲ ਸਰੀਰਕ ਸਬੰਧ ਬਣਾਉਂਦੀ ਹੈ ਤਾਂ ਉਸ ਦਾ ਕਾਰਨ ਉਸ ਦੀ ਕਾਮ ਭੁੱਖ ਨਹੀਂ ਸਗੋਂ ਉਸ ਅੰਦਰਲੀ ਮਾਨਸਿਕ ਕੁੰਠਾ ਜਾਂ ਗੰਢ ਹੀ ਹੈ ਜਿਹੜੀ ਗੀਤ ਵੱਲੋਂ ਉਸ ਨੂੰ ਛੁਟਿਆਉਣ ਕਾਰਨ ਪੈਦਾ ਹੋਈ ਹੈ। ਅਜਿਹਾ ਕਰਨ ਵੇਲੇ ਉਸ ਨੂੰ ਆਪਣੀ ਸਹੇਲੀ ਤੇ ਉਸ ਦਾ ਭਰਾ ਸੁੱਖ ਦੋਹੇਂ ਹੀ ਆਪਣੇ ਸਾਹਮਣੇ ਹਾਰਦੇ ਲੱਗਦੇ ਹਨ।

ਕਹਾਣੀ 'ਨੀਲੇ ਮੋਰਾਂ ਵਾਲੀ ਚਾਦਰ' ਕਿਸੇ ਔਰਤ ਵੱਲੋਂ ਆਪਣੇ ਪਹਿਲੇ ਤੇ ਪਾਕਿ-ਪਵਿੱਤਰ ਪਿਆਰ ਲਈ ਕੀਤੀ ਖਾਮੋਸ਼ ਕੁਰਬਾਨੀ ਦਾ ਬਿਰਤਾਂਤ ਸਿਰਜਦਿਆਂ ਮੁਹੱਬਤ ਨੂੰ ਜੀਵਨ ਦੇ ਸ਼ਕਤੀਸ਼ਾਲੀ ਜਜ਼ਬੇ ਵਜੋਂ ਉਭਾਰਦੀ ਹੈ। ਕਹਾਣੀ ਵਿਚਲਾ ਫੌਜੀ ਨੌਜਵਾਨ ਆਪਣੇ ਪਿੰਡ ਦੀ ਸਭ ਤੋਂ ਸੋਹਣੀ ਤੇ ਗਿੱਧੇ ਵਿਚ ਧਮਾਲਾਂ ਪਾਉਣ ਵਾਲੀ ਪਰਸਿੰਨੀ ਨੂੰ ਮਨ ਹੀ ਮਨ ਪਿਆਰ ਕਰਦਾ ਹੈ, ਪਰ ਪੇਂਡੂ ਸੰਕੋਚਵੇ ਮਾਹੌਲ ਕਾਰਨ ਆਪਣੇ ਪਿਆਰ ਦਾ ਇਜ਼ਹਾਰ ਨਹੀਂ ਕਰ ਸਕਦਾ। ਪਰਸਿੰਨੀ ਦੇ ਫੌਜੀ ਭਰਾ ਨਾਲ ਉਸ ਦੇ ਸਹੁਰੇ ਆਉਣ 'ਤੇ ਉਹ ਉਸ ਨੂੰ ਨੀਲੇ ਮੋਰਾਂ ਵਾਲੀ ਚਾਦਰ ਭੇਟ ਕਰ ਕੇ ਆਪਣੀ ਮੁਹੱਬਤ ਦਾ ਅਹਿਸਾਸ ਕਰਾਉਂਦਾ ਹੈ ਤਾਂ ਪਰਸਿੰਨੀ ਦੇ ਮਨ ਵਿਚਲੇ ਚਾਵਾਂ ਦੇ ਮੋਰ ਫਿਰ ਨੱਚ ਉਠਦੇ ਹਨ, ਜਿਸ ਦੇ ਪ੍ਰਤੀਕਰਮ ਵਜੋਂ ਉਹ ਸ਼ਰੀਕੇ ਦੇ ਇਕ ਵਿਆਹ ਵਿਚ ਨੱਚ ਨੱਚ ਕੇ ਧਮਾਲਾਂ ਪਾ ਦਿੰਦੀ ਹੈ। ਚਾਹੇ ਫੌਜੀ ਤੇ ਉਸ ਦੀ ਮੁਹੱਬਤ ਪਾਕਿ-ਪਵਿੱਤਰ ਹੈ ਪਰ ਇਹ ਉਸ ਦੇ ਗ੍ਰਹਿਸਥੀ ਜੀਵਨ ਵਿਚ ਇਕ ਦਰਾਰ ਪੈਦਾ ਕਰ ਦਿੰਦੀ ਹੈ। ਇਸ ਮੁਹੱਬਤੀ ਅਹਿਸਾਸ ਬਦਲੇ ਉਸ ਨੂੰ ਆਪਣੇ ਪਤੀ ਦੀ ਨਫ਼ਰਤ ਵੀ ਸਹਿਣੀ ਪੈਂਦੀ ਹੈ ਤੇ ਮਾਰ ਕੁੱਟ ਵੀ। ਇਹ ਪਹਿਲੇ ਪਿਆਰ ਦਾ ਅਹਿਸਾਸ ਉਸ ਦੇ ਪਤੀ ਤੇ ਪ੍ਰੇਮੀ ਦੋਹਾਂ ਦੀ ਮੌਤ ਤੋਂ ਬਾਅਦ ਵੀ ਉਸ ਅੰਦਰ ਧੜਕਦਾ ਰਹਿੰਦਾ ਹੈ ਤੇ ਨੀਲੇ ਮੋਰਾਂ ਵਾਲੀ ਚਾਦਰ ਇਸ ਅਹਿਸਾਸ ਦਾ ਪ੍ਰਤੀਕਾਤਮਕ ਪ੍ਰਗਟਾਵਾ ਬਣਦੀ ਹੈ।

ਕਹਾਣੀ 'ਗਰਦਿਸ਼' ਪਤੀ ਤੇ ਵਿਆਹੇ ਵਰ੍ਹੇ ਪੁੱਤਰ ਦੀ ਬੇਵਕਤੀ ਮੌਤ ਦਾ ਸੰਤਾਪ ਹੰਢਾ ਰਹੀ ਨਸੀਬ ਕੌਰ ਦੀ ਉਸ ਵੇਲੇ ਦੀ ਮਾਨਸਿਕ ਸਥਿਤੀ ਦਾ ਸਜੀਵ ਚਿਤਰਨ ਹੈ, ਜਦੋਂ ਸਰਕਾਰ ਵੱਲੋਂ ਕਰੋਨਾ ਕਾਲ ਦੌਰਾਨ ਉਸਦੇ ਨੌਜਵਾਨ ਪੋਤੇ ਉਦੇਨੂਰ ਨੂੰ ਵੀ ਸਰਕਾਰ ਵੱਲੋਂ ਏਕਾਂਤਵਾਸ ਭੇਜ ਦਿੱਤਾ ਜਾਂਦਾ ਹੈ। ਉਹ ਬੇਸਬਰੀ ਨਾਲ ਆਪਣੇ ਪੋਤੇ ਦੀ ਕਰੋਨਾ ਟੈਸਟ ਰਿਪੋਰਟ ਨੂੰ ਉਡੀਕ ਰਹੀ ਹੈ। ਘਰ ਦੇ ਨੌਕਰ ਲਾਲੂ ਦੇ ਭਰਾ ਦੇ ਪਰਿਵਾਰ ਦੀ ਪ੍ਰਦੇਸ਼ ਜਾਂਦਿਆਂ ਰੇਲਗੱਡੀ ਹੇਠ ਆ ਕੇ ਹੋਈ ਮੌਤ ਦੀ ਖਬਰ ਉਸਨੂੰ ਮਾਨਸਿਕ ਤੌਰ 'ਤੇ ਹੋਰ ਬੇਚੈਨ ਕਰਦੀ ਹੈ ਤੇ ਆਪਣੇ ਵੱਲੋਂ ਹੰਡਾਏ ਗਰਦਿਸ਼ ਦੇ ਦਿਨਾਂ ਦੀ ਯਾਦ ਇਸ ਬੇਚੈਨੀ ਨੂੰ ਚਰਮ ਸੀਮਾ 'ਤੇ ਪਹੁੰਚਾ ਦਿੰਦੀ ਹੈ। ਅੰਤ ਉਦੇਨੂਰ ਦੀ ਨੈਗਟਿਵ ਆਈ ਰਿਪੋਰਟ ਉਸ ਦੀ ਸਾਰੀ ਚਿੰਤਾ ਦੂਰ ਕਰ ਕੇ ਇਸ ਧਾਰਨਾ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ ਕਿ ਹਰ ਹਾਲ ਤੇ ਹਰ ਕਾਲ ਵਿਚ ਮਨੁੱਖੀ ਜ਼ਿੰਦਗੀ ਆਪਣੀ ਜਿਊਣ ਯੋਗਤਾ ਨੂੰ ਬਣਾਈ ਰੱਖਦੀ ਹੈ।

ਕਹਾਣੀ 'ਮਤ ਸ਼ਰਮਿੰਦਾ ਥੀਵਹੀ' ਵਿਸ਼ਵੀ ਯੁਗ ਦੇ ਮ੍ਰਿਗ ਤ੍ਰਿਸ਼ਨੀ ਗਲੈਮਰ ਵੱਲ ਦੌੜ ਰਹੀ ਜ਼ਿੰਦਗੀ ਨੂੰ ਨਸੀਹਤ ਕਰਦੀ ਹੈ ਕਿ ਇਹ ਦੌੜ ਉਸਨੂੰ ਸ਼ਰਮਿੰਦਗੀ ਦੇ ਜਾਨਲੇਵਾ ਮੁਕਾਮ ਤਕ ਵੀ ਲਿਜਾ ਸਕਦੀ ਹੈ। ਕਹਾਣੀ ਵਿਚਲਾ ਮਿਸਟਰ ਬਾਠ ਉਚੇ ਸਮਾਜਿਕ ਤੇ ਆਰਥਿਕ ਰੁਤਬੇ ਵਾਲਾ ਅਫਸਰ ਹੈ। ਅਫਸਰੀ ਠਾਠ ਦਾ ਨਸ਼ਾ ਉਸ ਨੂੰ ਘਰ ਤੋਂ ਬਾਹਰ ਦੂਸਰੀਆਂ ਔਰਤਾਂ ਨਾਲ ਸਬੰਧ ਰੱਖਣ ਲਈ ਪ੍ਰੇਰਿਤ ਕਰਦਾ ਹੈ ਤਾਂ ਹੋਟਲ ਦੇ ਇਕ ਕਮਰੇ ਵਿਚ ਉਸਦਾ ਮੇਲ ਆਪਣੀ ਹੀ ਧੀ ਨਾਲ ਹੋ ਜਾਂਦਾ ਹੈ, ਜੋ ਖੁਦ ਉਸ ਵਾਂਗ ਚਕਾਚੌਂਧ ਵਾਲੀ ਗਲੈਮਰੀ ਦੁਨੀਆ ਵਿਚ ਵਿਚਰ ਰਹੀ ਹੈ। ਅਜਿਹੇ ਸੰਵੇਦਨਾਤਮਕ ਪਲਾਂ ਵਿਚ ਪੈਦਾ ਹੋਇਆ ਸ਼ਰਮਿੰਦਗੀ ਦਾ ਅਹਿਸਾਸ ਨਾ ਕੇਵਲ ਉਸ ਦੇ ਐਕਸੀਡੈਂਟ ਦਾ ਕਾਰਨ ਬਣਦਾ ਹੈ, ਸਗੋਂ ਉਸ ਨੂੰ ਮੌਤ ਦੇ ਨੇੜੇ ਵੀ ਲੈ ਜਾਂਦਾ ਹੈ। ਕਹਾਣੀ ਦਾ ਵਿਸ਼ਾ ਤੇ ਇਸਦਾ ਨਿਭਾਅ ਭਾਵੇਂ ਸਮੇਂ ਦੇ ਸੱਚ ਨੂੰ ਪ੍ਰਤੀਬਿੰਬਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰੱਖਦੇ ਪਰ ਇਹ ਵਿਸ਼ਾ ਪਹਿਲਾਂ ਹੀ ਕਈ ਕਹਾਣੀਕਾਰਾਂ ਵੱਲੋਂ ਦੁਹਰਾਏ ਜਾਣ ਕਾਰਨ ਇਹ ਕਹਾਣੀ ਆਪਣਾ ਕੋਈ ਵੱਖਰਾ ਪ੍ਰਭਾਵ ਵੀ ਨਹੀਂ ਸਿਰਜਦੀ।

ਕਹਾਣੀ 'ਕੁਆਰ ਗੰਦਲ' ਉਨ੍ਹਾਂ ਲੋਕਾਂ ਦੀ ਮਾਨਸਿਕ ਪੀੜ ਦੀ ਸ਼ਿਦਤ ਬਿਆਨੀ ਕਰਦੀ ਹੈ ਜੋ ਆਪਣੀ ਲਿੰਗਕ ਅਪੂਰਨਤਾ ਕਾਰਨ ਸਮਾਜ ਤੋਂ ਅਲੱਗ ਰਹਿਣ ਲਈ ਮਜਬੂਰ ਹਨ। ਕਹਾਣੀ ਵਿਚਲੀ ਮੈਡੀਟੇਸ਼ਨ ਸ਼ਿਵਰ ਦੀ ਸੰਚਾਲਕਾ ਸੁਸ਼੍ਰੀ ਦੇਵੀ ਮੁਧਿਲਕਾ ਦੇਵੀ ਦਾ ਬਾਹਰੀ ਪ੍ਰਭਾਵ ਸ਼ਾਂਤ ਸਥਿਰ ਤੇ ਰੂਹਾਨੀ ਜੀਵਨ ਜਾਂਚ ਜਿਊਣ ਵਾਲੀ ਔਰਤ ਵਜੋਂ ਬਣਦਾ ਹੈ ਪਰ ਜਦੋਂ ਸ਼ਿਵਰ ਵਿਚ ਗਿਆ ਪੱਤਰਕਾਰ ਉਸਨੂੰ ਪਛਾਣ ਕੇ ਉਸਦੇ ਅਤੀਤ ਦੇ ਪੰਨੇ ਫਰੋਲਦਾ ਹੈ ਤਾਂ ਉਸਦੇ ਅਸ਼ਾਂਤ ਅਵਚੇਤਨ ਦੀਆਂ ਬਹੁਤ ਸਾਰੀਆਂ ਪਰਤਾਂ ਉੱਘੜਨ ਲੱਗਦੀਆਂ ਹਨ। ਇਕ ਸੇਵਾ ਮੁਕਤ ਦੁਹਾਜੂ ਤੇ ਤਿੰਨ ਬੱਚਿਆਂ ਦੇ ਬਾਪ ਫੌਜੀ ਅਫਸਰ ਨਾਲ ਉਸਦਾ ਵਿਆਹ ਇਸ ਸ਼ਰਤ 'ਤੇ ਹੋ ਜਾਂਦਾ ਹੈ ਕਿ ਆਪਣੇ ਬੱਚਿਆਂ ਦੀ ਸੇਵਾ-ਸੰਭਾਲ ਬਦਲੇ ਉਹ ਉਸਦੇ ਅਪੂਰਨਤਾ ਦੇ ਭੇਦ ਨੂੰ ਜੱਗ ਜ਼ਾਹਿਰ ਨਹੀਂ ਕਰੇਗਾ ਪਰ ਜਦੋਂ ਉਸਦੇ ਆਪਣੇ ਹੀ ਮਤਰਏ ਪੁੱਤਰ ਵੱਲੋਂ ਆਪਣੇ ਦੋਸਤ ਨਾਲ ਮਿਲ ਕੇ ਉਸਦੇ ਸਰੀਰ ਨਾਲ ਜਬਰੀ ਖਿਲਵਾੜ ਕੀਤਾ ਜਾਂਦਾ ਹੈ ਤਾਂ ਉਸਨੂੰ ਆਤਮਘਾਤ ਹੀ ਇਸ ਸੰਤਾਪ ਤੋਂ ਛੁਟਕਾਰਾ ਪਾਉਣ ਦਾ ਇੱਕੋ-ਇਕ ਰਾਹ ਲੱਗਦਾ ਹੈ। ਨਦੀ ਵਿਚ ਛਾਲ ਮਾਰਨ ਉਪਰੰਤ ਗੋਤਾਖੋਰਾਂ ਵੱਲੋਂ ਬਚਾ ਲੈਣ ਅਤੇ ਇਸ ਸ਼ਿਵਰ ਦੀ ਸੰਚਾਲਕਾਂ ਬਣਨ ਤੋਂ ਬਾਅਦ ਭਾਵੇਂ ਉਹ ਮੈਡੀਟੇਸ਼ਨ ਰਾਹੀਂ ਹੋਰਨਾਂ ਦੇ ਹਿਰਦੇ ਸ਼ਾਂਤ ਕਰ ਰਹੀ ਹੈ ਪਰ ਉਸਦਾ ਅਤੀਤ ਅਜੇ ਵੀ ਕਿਸੇ ਆਪਣੇ ਦੇ ਹੱਥਾਂ ਦੀ ਛੋਹ ਮਿਲਣ 'ਤੇ ਜ਼ਾਰੋ-ਜ਼ਾਰ ਰੋਣ ਦੀ ਤਾਂਘ ਰੱਖਦਾ ਹੈ।

ਅਰਵਿੰਦਰ ਦੀ ਕਥਾ ਕਹਿਣ ਦੀ ਹੁਨਰੀ ਜਾਚ ਨੇ ਉਸ ਦੀਆਂ ਕਹਾਣੀਆਂ ਦੇ ਸਾਹਿਤਕ ਮਿਆਰ ਵਿਚ ਵਾਧਾ ਕਰ ਕੇ ਉਸਨੂੰ ਸਮਰੱਥ ਕਹਾਣੀਕਾਰ ਬਣਾ ਦਿੱਤਾ ਹੈ। ਕੁਝ ਕਹਾਣੀਆਂ ਵਿਚਲਾ ਸਮਾਜਿਕ ਯਥਾਰਥ ਸਮੇਂ ਦਾ ਪ੍ਰਤੀਨਿਧ ਯਥਾਰਥ ਨਾ ਹੋ ਕੇ ਵੀ ਅਣਕਿਆਸੇ ਤੇ ਗੈਰ ਕੁਦਰਤੀ ਯਥਾਰਥ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ। ਵਿਸ਼ੇਸ਼ ਪੇਸ਼ੇ, ਖੇਤਰ ਤੇ ਮਾਨਸਿਕਤਾ ਵਾਲੇ ਪਾਤਰਾਂ ਦੀ ਭਾਸ਼ਾ ਵੀ ਵੱਖਰੀ ਤੇ ਵਿਸ਼ੇਸ਼ ਹੀ ਹੁੰਦੀ ਹੈ, ਇਸ ਲਈ ਇਸ ਭਾਸ਼ਾ ਤੇ ਖੇਤਰ ਦੀ ਆਂਚਲਿਕਤਾ ਨੂੰ ਕਾਇਮ ਰੱਖਣਾ ਵੀ ਇਨ੍ਹਾਂ ਕਹਾਣੀਆਂ ਦੀ ਪ੍ਰਾਪਤੀ ਹੈ। ਉਸ ਦੀਆਂ ਕਹਾਣੀਆਂ ਆਪਣੇ ਸ਼ੁਰੂ ਤੋਂ ਹੀ ਇਕ ਰਹੱਸ ਦੀ ਸਿਰਜਣਾ ਸ਼ੁਰੂ ਕਰ ਦੇਂਦੀਆਂ ਹਨ ਤੇ ਇਸ ਰਹੱਸ ਤਕ ਅੱਪੜਨ ਲਈ ਪਾਠਕਾਂ ਨੂੰ ਆਪਣੇ ਨਾਲ-ਨਾਲ ਤੋਰ ਲੈਂਦੀਆਂ ਹਨ।

ਉਸ ਦੀਆਂ ਕਹਾਣੀਆਂ ਆਪਣੀ ਸਮਕਾਲੀ ਸਮਾਜਿਕ ਵਿਵਸਥਾ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਣ ਦੀ ਕੋਸ਼ਿਸ਼ ਕਰਦੀਆਂ ਹਨ ਤੇ ਇਸ ਦੇ ਨੰਗੇਜ਼ 'ਤੇ ਪਰਦਾ ਪਾਉਣ ਦੀ ਬਜਾਇ ਇਸ ਨੂੰ ਸਰਵਜਨਕ ਕਰਨ ਦਾ ਦਮ ਵੀ ਰੱਖਦੀਆਂ ਹਨ। ਨਵੀਂ ਕਹਾਣੀ ਨਵੇਂ ਸ਼ੈਲੀਗਤ ਤਜਰਬਿਆਂ ਦੀ ਮੰਗ ਕਰਦੀ ਹੈ ਤੇ ਅਰਵਿੰਦਰ ਧਾਲੀਵਾਲ ਨੇ ਵੀ ਇਸ ਮੰਗ ਅਨੁਸਾਰ ਕੁਝ ਸ਼ੈਲੀਗਤ ਤਜਰਬੇ ਕੀਤੇ ਹਨ। ਕਹਾਣੀਆਂ ਦੇ ਪਾਤਰਾਂ ਦਾ ਆਪਸੀ ਸੰਵਾਦ ਕਹਾਣੀ ਦੇ ਗਹਿਰੇ ਅਰਥਾਂ ਤਕ ਲੈ ਕੇ ਜਾਣ ਵਿਚ ਪਾਠਕਾਂ ਦੀ ਮਦਦ ਕਰਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਠ ਰਾਹੀਂ ਨਵੀਂ ਪੰਜਾਬੀ ਕਹਾਣੀ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਤੇ ਵਿਸ਼ੇਸ਼ ਝੁਕਾਵਾਂ ਨੂੰ ਭਲੀ-ਭਾਂਤ ਜਾਣਿਆ ਜਾ ਸਕਦਾ ਹੈ। ਮੈਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣਾ ਸਥਾਨ ਆਪ ਬਣਾਉਂਦੀ ਉਸ ਦੀ ਕਹਾਣੀ ਕਲਾ ਨੂੰ ਪ੍ਰਤੀਬਿੰਬਤ ਕਰਦੇ ਇਸ ਸੰਗ੍ਰਹਿ ਦਾ ਹਾਰਦਿਕ ਸਵਾਗਤ ਕਰਦਾ ਹਾਂ। 120 ਪੰਨਿਆਂ ਵਾਲੀ ਇਸ ਪੁਸਤਕ ਦਾ ਮੁੱਲ 200 ਰੁਪਏ ਹੈ ਤੇ ਇਸ ਨੂੰ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

# ਕੋਝੇ ਨਕਸ਼ਾਂ ਵਾਲੀ

ਜੁਲਫ਼ਾਂ ਵਿਚ ਹੱਥ ਫੇਰਦੇ-ਫੇਰਦੇ ਨੇ ਜਦ ਰਿਤਿਕ ਨੇ ਆਪਣਾ ਹੱਥ ਉਪਾਸਨਾ ਦੇ ਮੱਥੇ ਤੋਂ ਲਿਆ ਕੇ ਉਸ ਦੇ ਬੁੱਲਾਂ ਨਾਲ ਛੂਹਾ ਦਿੱਤਾ ਤਾਂ ਉਪਾਸਨਾ ਨੇ ਉਸ ਦੀ ਉਂਗਲ 'ਤੇ ਹਲਕੀ ਜਿਹੀ ਦੰਦੀ ਵੱਡਤੀ।

'ਉਹ ਬੱਲੇ ਬੜੀ ਤਿੱਖੀ ਆਂ ਤੂੰ ਤਾਂ ਹੱਥ ਕੱਟ ਦੇਣਾ ਸੀ।

''ਕਿਉਂ ਆਪਣੀ ਵਾਰੀ ਹੁਣ ਦੁੱਖ ਲੱਗਾ?

'ਤੇ ਹੋਰ ਲੱਗਣਾ ਨੀਂ ਸੀ ਜਾਨ ਕੱਢਣੀ ਆ ਮੇਰੀ?

''ਤੇ ਸਾਡੇ ਵਿਚ ਕਿਹੜਾ ਜਾਨ ਹੈ ਨਹੀਂ।

'ਤੇਰੀ ਗੱਲ ਹੋਰ ਆ ਤੂੰ ਤਾਂ ਮੈਨੂੰ ਸਵਰਗ ਦੀ ਮੇਨਿਕਾ ਲੱਗਦੀ ਆਂ।

''ਬਸ-ਬਸ ਚੁੱਪ ਕਰੋ ਐਥੇ ਜਿਹੜਾ ਵੀ ਆਉਂਦਾ ਆ ਕੋਈ ਨਾ ਕੋਈ ਨਵਾਂ ਨਾਮ ਹੀ ਰੱਖ ਦਿੰਦਾ ਆ।

'ਚੱਲ ਛੱਡ ਤੂੰ ਉਨ੍ਹਾਂ ਨੂੰ ਮੈਂ ਤਾਂ ਸੱਚੀਂ ਤੈਨੂੰ ਅੱਜ ਤੋਂ ਬਾਅਦ ਪਰੀ ਕਿਹਾ ਕਰੂੰ ਪਰੀ ਮੇਰੀ ਪਰੀ ਪਰੀ ਪਰੀ।

''ਹਾ-ਹਾ ਮੈਂ ਕਿਹੜੇ ਪਾਸਿ 'ਸਾਰੇ ਪਾਸਿ'' ਈ।

''ਬੱਸ ਵੀ ਕਰੋ ਹੁਣ ਚੁੱਪ ਰਹੋ।

'ਮੈਂ ਚੱਲ ਜਾਣਾ ਹੁਣ ਕੁਝ ਕੁ ਮਿੰਟਾਂ ਤਕ।

''ਠੀਕ ਹੈ ਮੁੜ ਕੇ ਕਦ ਆਉਣਾ?

'ਜਦੋਂ ਦਿਲ ਕੀਤਾ ਆ ਜਾਊਂ ਚੱਲ ਠੀਕ ਆ ਪਰੀ ਮੈਂ ਜਾਂਦਾ ਤੂੰ ਖਿਆਲ ਰੱਖੀਂ।

ਰਿਤਿਕ ਦੇ ਜਾਣ ਤੋਂ ਬਾਅਦ ਉਪਾਸਨਾ ਦੇ ਮਨ ਵਿਚ ਵਾਰ-ਵਾਰ ਉਸ ਦੇ ਵੱਲੋਂ ਕਿਹਾ ਨਾਮ 'ਪਰੀ-ਪਰੀ' ਵਜਦਾ ਰਿਹਾ ਫਿਰ ਉਹ ਸ਼ੀਸ਼ੇ ਅੱਗੇ ਖੜ੍ਹ ਕੇ ਵਾਲ਼ ਸਵਾਰਨ ਲੱਗੀ 'ਹਾਂ ਪਰੀ ਤਾਂ ਮੈਂ ਹੈਗੀ ਆਂ ਪਰ ਕੋਝੇ ਨਕਸ਼ਾਂ ਵਾਲੀ ਤੇ ਟੁੱਟੇ ਪਰਾਂ ਵਾਲੀ ਪਰੀ'।

-ਰੋਹਿਤ

# ਸ਼ਹੀਦ ਬਾਬਾ ਦੀਪ ਸਿੰਘ ਜੀ

ਜਨਮ ਦਿਨ 'ਤੇ ਵਿਸ਼ੇਸ਼

ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ, ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ-ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ-ਪਿੰਡ ਹੋਣ ਲੱਗੀ। ਜਦ ਬਾਬਾ ਦੀਪ ਸਿੰਘ ਨੇ ਇਸ ਬਾਰੇ ਸੁਣਿਆ ਤਾਂ ਉਹ ਵੀ ਮਾਤਾ-ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਉਸ ਸਮੇਂ ਉਨ੍ਹਾਂ ਦੀ ਉਮਰ 18



ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 91-94175-33060

ਸਾਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉਥੇ ਰਹਿ ਕੇ ਉਹ ਲੰਗਰ ਦੀ ਸੇਵਾ ਦੇ ਨਾਲ-ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਗੁਰਮੁਖੀ, ਅਰਬੀ ਤੇ ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾ ਕੇ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਨੇ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿਚ ਜੂਝਣ ਦੀ ਸਿੱਖਿਆ ਵੀ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿਚ ਉਹ ਸੂਝਵਾਨ ਵਿਦਵਾਨ ਤੇ ਸੂਰਬੀਰ ਯੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ, ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾ ਕੇ ਸਿੱਖਾਂ ਵਿਚ ਨਵਾਂ ਧਾਰਮਿਕ ਜੋਸ਼ ਭਰਦੇ ਤੇ ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰ ਕੇ ਲੋੜ ਸਮੇਂ ਮੈਦਾਨ-ਏ-ਜੰਗ 'ਚ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ 'ਚ ਸ਼ਾਮਲ ਕਰਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਭਾਈ ਸ਼ੇਰ ਸਿੰਘ ਨੂੰ ਪਹੂਵਿੰਡ ਭੇਜ ਕੇ ਬੁਲਾਇਆ ਗਿਆ ਸੀ। ਬਾਬਾ ਦੀਪ ਸਿੰਘ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮਾ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ, ਜੋ ਇਸ ਸਮੇਂ ਗੁਰਦੁਆਰਿਆਂ ਵਿਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਚਾਰ ਹੱਥ ਲਿਖਤ ਬੀੜਾਂ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤਕ ਦਾ ਸਮਾਂ ਲੱਗਾ। ਇਨ੍ਹਾਂ ਬੀੜਾਂ ਨੂੰ ਚਾਰਾਂ ਤਖ਼ਤਾਂ ਨੂੰ ਭੇਜਿਆ ਗਿਆ। ਬਾਬਾ ਦੀਪ ਸਿੰਘ ਅਰਬੀ ਤੇ ਫ਼ਾਰਸੀ ਦੇ ਵੀ ਵਿਦਵਾਨ ਸਨ। ਉਨ੍ਹਾਂ ਨੇ ਲਗਾਤਾਰ ਮਿਹਨਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਬੀ ਭਾਸ਼ਾ ਵਿਚ ਤਰਜ਼ਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ-ਕੱਲ੍ਹ ਬਗਦਾਦ ਯੂਨੀਵਰਸਿਟੀ ਵਿਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਨੂੰ ਜਿੱਤਣ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਕਰ ਲਿਆ, ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਤੀਕ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿਚ ਸ਼ਾਹੀ ਫੌਜਾਂ ਨੇ ਘੇਰ ਲਿਆ। ਉਨ੍ਹਾਂ ਦੇ ਕਈ ਸਾਥੀ ਉਨ੍ਹਾਂ ਦਾ ਸਾਥ ਛੱਡ ਗਏ। ਹਵੇਲੀ ਅੰਦਰ ਖਾਣ-ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਨ੍ਹਾਂ ਨੂੰ ਸਾਥੀਆਂ ਸਮੇਤ 7 ਦਸੰਬਰ, 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17ਵੀਂ ਸਦੀ ਵਿਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿਚ ਵੰਡਿਆ ਗਿਆ, ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿਚੋਂ ਇਕ ਮਿਸਲ ਸੀ ਸ਼ਹੀਦ ਮਿਸਲ। ਬਾਬਾ ਦੀਪ ਸਿੰਘ, ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁੱਟਿਆ ਤੇ ਇੱਥੋਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਨਾਲ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁੱਟਿਆ ਬਹੁਤ ਕੀਮਤੀ ਸਾਮਾਨ ਵਾਪਸ ਦਿਵਾਇਆ ਜਾਂਦਾ ਰਿਹਾ।



5 ਫਰਵਰੀ, 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਵਾਪਸ ਮੁੜਦਿਆਂ ਲਾਹੌਰ ਵੱਲ ਆਇਆ ਤਾਂ ਰਸਤੇ ਵਿਚ ਸਿੰਘਾਂ ਉਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ਼ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ, 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਮਾਲ ਖ਼ਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਵਿਖੇ ਪੁੱਜੀ ਤਾਂ ਉਨ੍ਹਾਂ ਦੇ ਦਿਲ 'ਤੇ ਅਸਹਿ ਸੱਟ ਵੱਜੀ। ਬਾਬਾ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰ ਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਅੰਦਰ ਦਾਖ਼ਲ ਹੋਇਆ। ਤਰਨ ਤਾਰਨ ਸਾਹਿਬ ਵਿਖੇ ਪਹੁੰਚ ਕੇ ਸਿੰਘਾਂ ਨੇ ਅਰਦਾਸ ਕੀਤੀ। ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ, ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਲਾਉਂਦੇ ਹੋਏ ਲਕੀਰ ਪਾਰ ਕਰ ਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ ਤੇ ਇਸ ਵਾਰ ਨੇ ਜਮਾਲ ਖਾਨ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਉਸ ਦੇ ਵਾਰ ਨਾਲ ਬਾਬਾ ਜੀ ਦੀ ਧੌਣ ਉੱਤੇ ਇੱਕ ਘਾਤਕ ਘਾਓ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਵੱਖ ਹੋ ਗਿਆ। ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ।

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆ ਗਿਆ ਤੇ ਉਹ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ 'ਚ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਇਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1.ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2.ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

**ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜ-ਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਵਿਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।**

# ਮੱਛੀਆਂ ਕੱਚ ਦੀਆਂ-ਬੇਬਾਕੀ ਦਾ ਬਿਰਤਾਂਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਨਿਰਮਲ ਜਸਵਾਲ ਸਥਾਪਤ ਕਹਾਣੀਕਾਰਾ ਹੈ, ਜਿਸ ਦਾ ਕਹਾਣੀ ਸੰਗ੍ਰਹਿ 'ਮੱਛੀਆਂ ਕੱਚ ਦੀਆਂ' ਮਰਦ ਤੇ ਔਰਤ ਦੇ ਰਿਸ਼ਤਿਆਂ ਦਾ ਤਾਣਾ-ਬਾਣਾ ਬੁਣਦੀਆਂ, ਇਸ ਦੀਆਂ ਅਸੀਮ ਤੇ ਅਦਿੱਖ ਤਹਿਆਂ ਫਰੋਲਦੀਆਂ ਹਨ। ਇਹ ਕਹਾਣੀਆਂ ਦਰਅਸਲ ਮਰਦ ਤੇ ਔਰਤ ਦੇ ਮਨ ਵਿਚ ਬੈਠੀਆਂ ਅਤ੍ਰਿਪਤ ਖਾਹਿਸ਼ਾਂ, ਸਰੀਰਕ ਲੋੜਾਂ ਅਤੇ ਮਨੋ-ਭਾਵਨਾਵਾਂ ਦਾ ਬਾਖ਼ੂਬੀ ਵਰਣਨ ਹੈ, ਜੋ ਕਈ ਵਾਰ ਅਸੀਂ ਖ਼ੁਦ ਤੋਂ ਵੀ ਲੁਕਾਉਂਦੇ ਹਾਂ ਪਰ ਲੋਕ ਦਿਖਾਵੇ ਲਈ ਭਰਪੂਰਤਾ ਦਾ ਭਰਮ ਪਾਲਦੇ ਹਾਂ।

ਇਨ੍ਹਾਂ ਕਹਾਣੀਆਂ 'ਚ ਮਰਦ ਦੇ ਮਨ ਵਿਚ ਔਰਤ ਨਾਲ ਅਤੇ ਔਰਤ ਦੇ ਮਨ ਵਿਚ ਮਰਦ ਨਾਲ ਖੁੱਲ੍ਹਦਿਲੀ ਮਾਣਨ, ਹਰ ਰੰਗ ਨੂੰ ਹੰਢਾਉਣ, ਅਪਨਾਉਣ ਅਤੇ ਇਸ 'ਚੋਂ ਆਪਣੀਆਂ ਲਾਲਸਾਵਾਂ ਨੂੰ ਪੂਰਨ ਕਰਨ ਦੀ ਤਮੰਨਾ ਦਿਖਾਈ ਦਿੰਦੀ ਹੈ। ਪੁਰਸ਼ ਕਈ ਵਾਰ ਪ੍ਰੇਮਿਕਾ ਵਿਚੋਂ ਉਸ ਸੁਖਨ ਦੀ ਤਲਾਸ਼ ਕਰਦਾ ਹੈ, ਜੋ ਉਸ ਦੀ ਪਤਨੀ ਉਸ ਨੂੰ ਨਹੀਂ ਦੇ ਸਕਦੀ। ਬਹੁਤੀ ਵਾਰ ਉਮਰ ਵਧਣ ਨਾਲ ਪਤਨੀ ਮਰਦ ਨੂੰ ਸਰੀਰਕ ਸਾਥ ਤੋਂ ਨਕਾਰਨਾ ਸ਼ੁਰੂ ਕਰ ਦਿੰਦੀ ਹੈ, ਜਿਸ ਕਾਰਨ ਰਿਸ਼ਤਿਆਂ ਦੀ ਖਿੱਚੋਤਾਣ ਪੈਦਾ ਹੁੰਦੀ ਅਤੇ ਉਹ ਕੋਲ ਰਹਿੰਦੇ ਵੀ ਕੋਹਾਂ ਦੂਰ ਹੁੰਦੇ ਨੇ। ਇਹ ਮਾਨਸਿਕ ਤੇ ਭਾਵਨਾਤਮਕ ਤਰੇੜਾਂ ਨਾਲ ਭਰਿਆ ਕਹਾਣੀ ਸੰਗ੍ਰਹਿ ਹੈ।

'ਕਾਕਟੇਲ' ਤੇ 'ਪਾਪ-ਬੋਧ' ਕਹਾਣੀਆਂ ਵਿਆਹ ਤੋਂ ਬਾਹਰੀ ਸਬੰਧਾਂ ਦੀ ਤਸਵੀਰ ਹਨ, ਜੋ ਅਜੋਕੇ ਸਮਾਜ ਵਿਚ ਪੈਰ ਪਸਾਰ ਰਹੇ ਹਨ। ਇਨ੍ਹਾਂ ਕਹਾਣੀਆਂ ਵਿਚ ਦਰਸਾਇਆ ਗਿਆ ਹੈ ਕਿ ਉਮਰ ਨਾਲ ਸਰੀਰਕ ਸਬੰਧਾਂ ਵਿਚ ਮੱਧਮ ਹੋਈ ਤਪਸ਼ ਨੂੰ ਗਰਮਾਉਣ ਅਤੇ ਸਰੀਰਕ ਨਿੱਘ ਦੀ ਭਾਲ ਵਿਚ ਮਰਦ-ਔਰਤ ਆਪਣੇ ਪ੍ਰੇਮੀ ਦੀ ਬੁੱਕਲ ਵਿਚ ਪਿਘਲਣਾ ਲੋਚਦੇ ਹਨ।

'ਕੰਡਿਆਲੀ' ਕਹਾਣੀ ਵਿਚ ਔਰਤ ਤਲਾਕਸ਼ੁਦਾ ਹੋ ਕੇ ਵੀ ਜਿਸਮ ਦੇ ਨਿੱਘ ਲਈ ਮਰਦ ਦੀ ਭਾਲ ਦਾ ਗਲਪੀਕਰਨ ਹੈ, ਜੋ ਇਹ ਸਪੱਸ਼ਟ ਕਰਦਾ ਹੈ ਕਿ ਸਰੀਰਕ ਸਬੰਧਾਂ ਦੀ ਲੋੜ ਮਰਦਾਂ ਅਤੇ ਔਰਤਾਂ ਵਿਚ ਇਕਸਾਰ ਹੁੰਦੀ ਹੈ। ਇਸ ਕਹਾਣੀ ਸੰਗ੍ਰਹਿ ਦਾ ਖ਼ੂਬਸੂਰਤ ਪੱਖ ਇਹ ਵੀ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਮਰਦ ਜਾਂ ਔਰਤ ਪ੍ਰਤੀ ਉਲਾਰੂਪਣ ਨਹੀਂ, ਸਗੋਂ ਦੋਹਾਂ ਧਿਰਾਂ ਦੀਆਂ ਮਾਨਸਿਕ ਅਤੇ ਜਿਸਮਾਨੀ ਲੋੜਾਂ ਨੂੰ ਸੰਤੁਲਿਤ ਰੂਪ ਵਿਚ ਉਭਾਰਿਆ ਗਿਆ ਹੈ। ਵਰਨਾ ਔਰਤ ਲੇਖਿਕਾਵਾਂ ਅਕਸਰ ਹੀ ਉਲਾਰੂ ਬਿਰਤੀ ਦਾ ਸ਼ਿਕਾਰ ਹੋ ਜਾਂਦੀਆ ਹਨ।

'ਜਸ਼ਨ' ਤੇ 'ਮਿਲਣ' ਕਹਾਣੀਆਂ ਮੌਜੂਦਾ ਸਮਾਜ ਵਿਚ ਜ਼ਿੰਦਗੀ ਨੂੰ ਆਪਣੇ ਰੰਗਾਂ ਵਿਚ ਜਿਊਣ, ਮੌਜ ਮਸਤੀ ਕਰਨ, ਔਰਤਾਂ ਦੇ ਮਰਦਾਂ ਵਾਂਗ ਜਾਮ ਟਕਰਾਉਣ, ਮਰਦ ਮਿੱਤਰਾਂ ਦੀ ਮਹਿਫ਼ਲ ਨੂੰ ਸਜਾਉਣ ਅਤੇ ਜ਼ਿੰਦਗੀ ਦੇ ਜਸ਼ਨ




ਮਨਾਉਣ ਦਾ ਵਰਣਨ ਹਨ। ਦਰਅਸਲ ਇਹ ਔਰਤ ਦੇ ਮਨ ਵਿਚ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਅਜ਼ਾਦਾਨਾ ਢੰਗ ਨਾਲ ਜਿਊਣ ਦੀ ਚਾਹਨਾ ਵਿਚ ਉੱਗੀ ਕਹਾਣੀ ਹੈ, ਜੋ ਹਰ ਔਰਤ ਅੰਦਰੋਂ-ਅੰਦਰੀ ਤਾਂਘਦੀ ਹੈ। ਇਨ੍ਹਾਂ ਵਿਚ ਇਕ ਹੋਰ ਪੱਖ ਵੀ ਉਜਾਗਰ ਹੁੰਦੈ ਕਿ ਕਿਵੇਂ ਸਥਾਪਤ ਲੇਖਕ ਆਪਣੀ ਜੁਗਾੜਬੰਦੀ ਨਾਲ ਨੌਜਵਾਨ ਔਰਤ ਲੇਖਿਕਾਵਾਂ ਨੂੰ ਆਪਣੇ ਚੁੰਗਲ ਵਿਚ ਫਸਾਉਂਦੇ ਹਨ ਅਤੇ ਔਰਤ ਲੇਖਿਕਾਵਾਂ ਵੀ ਨੌਜਵਾਨ ਮਰਦ ਲੇਖਕਾਂ 'ਤੇ ਅੱਖ ਰੱਖਦੀਆਂ ਹਨ। ਦੁਵੱਲੀ ਕਸ਼ਿਸ਼ ਹਰ ਕਹਾਣੀ ਵਿਚ ਹੀ ਰੂਪਮਾਨ ਹੁੰਦੀ ਹੈ।

'ਮਿੱਤਰ ਪਿਆਰੇ ਨੂੰ' ਟੁੱਟਦੇ ਰਿਸ਼ਤਿਆਂ ਦੀ ਚੀਸ ਹੈ, ਜੋ ਔਰਤ ਨੂੰ ਤਾਰ-ਤਾਰ ਕਰਦੀ, ਨਵੇਂ ਰਿਸ਼ਤਿਆਂ ਦੀ ਭਾਲ ਵਿਚ ਮਨ ਦੇ ਆਵਾਗੌਣ ਨੂੰ ਜੀਵਨ ਦੇ ਨਾਮ ਲਾਉਂਦੀ ਹੈ। ਉਹ ਪਿਆਰ ਲਈ ਤੜਫਦੀ ਹੈ ਅਤੇ ਇਸ ਨੂੰ ਪਾਉਣ ਲਈ ਹਰ ਹੀਲਾ ਵਰਤਦੀ ਹੈ, ਪਰ ਮਰਦ ਨਵੀਂ ਔਰਤ ਦੇ ਸਾਥ ਲਈ ਜਿਸਮਾਨੀ ਭਟਕਣ ਦਾ ਸ਼ਿਕਾਰ ਹੋਇਆ ਹੁੰਦਾ ਹੈ। 'ਮੱਛੀਆਂ' ਬੇਜੋੜ ਰਿਸ਼ਤਿਆਂ ਵਿਚੋਂ ਮਿਲੀ ਅਪੂਰਤੀ ਅਤੇ ਊਣੇਪਨ ਨੂੰ ਬਿਆਨਦੀ ਹੈ। ਦਰਅਸਲ ਇਸ ਕਹਾਣੀ 'ਤੇ ਹੀ ਇਸ ਕਹਾਣੀ ਸੰਗ੍ਰਹਿ ਦਾ ਨਾਮ ਹੈ ਕਿ ਰੰਗਦਾਰ ਘੜੇ ਵਿਚ ਪਾਈਆਂ ਇਹ ਔਰਤਾਂ ਕੱਚ ਦੀਆਂ ਮੱਛੀਆਂ ਹੀ ਹਨ, ਜਿਹੜੀਆਂ ਗੂੰਗੀਆਂ ਹੋ, ਆਪਣੀਆਂ ਮੂਕ ਭਾਵਨਾਵਾਂ, ਮਨੋਕਾਮਨਾਵਾਂ ਅਤੇ ਪਿਆਰ ਦੀ ਪਿਆਸ ਨੂੰ ਜ਼ੁਬਾਨ ਦੇਣ ਤੋਂ ਮੁਨਕਰ ਕਰ ਦਿੱਤੀਆਂ ਜਾਂਦੀਆਂ ਨੇ।

ਨਿਰਮਲ ਜਸਵਾਲ ਦੀਆਂ ਕਹਾਣੀਆਂ ਬੇਬਾਕੀ ਦਾ ਸਿਖਰ ਹਨ, ਜਿਨ੍ਹਾਂ ਤੋਂ ਅਜੋਕਾ ਸਮਾਜ ਮੂੰਹ ਮੋੜਨ ਦਾ ਨਾਟਕ ਕਰ ਰਿਹਾ ਹੈ, ਪਰ ਇਹ ਸਭ ਕੁਝ ਸਾਡੇ ਸਾਹਵੇਂ ਵਾਪਰ ਰਿਹਾ ਹੈ। ਇਹ ਕਹਾਣੀਆਂ ਬਦਲਦੇ ਸਮਾਜ, ਤਬਦੀਲ ਹੋ ਰਹੇ ਸਬੰਧਾਂ, ਮਨੁੱਖੀ ਬਿਰਤੀਆਂ ਵਿਚਲੇ ਤਰਲੀ ਬਦਲਾਅ ਅਤੇ ਉਮਰ ਨਾਲ ਸਰੀਰਕ ਖਿੱਚ ਤੇ ਜੱਫੀ ਦੇ ਨਿੱਘ ਲਈ ਪੈਦਾ ਹੋਈ ਲੋਚਾ ਦੀ ਤਰਜ਼ਮਾਨੀ ਹਨ। ਸਰੀਰਕ ਸਬੰਧਾਂ ਵਿਚਲੀ ਬੇਬਾਕੀ ਉਲਾਰ ਜਾਂ ਲੱਚਰ ਨਹੀਂ, ਸਗੋਂ ਸੱਚ ਹੈ। ਕਈ ਵਾਰ ਮਰਦ ਤੇ ਕਈ ਵਾਰ ਔਰਤ ਵਲੋਂ ਇਸ ਲੋਚਾ ਦੀ ਅਣਦੇਖੀ ਕਾਰਨ ਪੈਦਾ ਹੋਈਆਂ ਦਰਾੜਾਂ ਦਾ ਵਰਣਨ ਹੈ, ਜਿਸ ਨੂੰ ਅੱਖਰਾਂ 'ਚ ਪਰੋਅ ਕੇ ਸਮਾਜ ਨੂੰ ਸ਼ੀਸ਼ਾ ਦਿਖਾਉਣ ਦਾ ਕਾਰਜ ਨਿਰਮਲ ਜਸਵਾਲ ਨੇ ਆਪਣੇ ਕਹਾਣੀ ਸੰਗ੍ਰਹਿ ਰਾਹੀਂ ਕੀਤਾ ਹੈ। ਨਿਰਮਲ ਜਸਵਾਲ ਨੂੰ ਬੇਬਾਕ ਕਹਾਣੀਆਂ ਲਈ ਢੇਰ ਸਾਰੀਆਂ ਮੁਬਾਰਕਾਂ।

# ਪੁਸਤਕ 'ਸ਼ਬਦਾਂ ਦੇ ਖਿਡਾਰੀ' ਦਾ ਮੁੱਖੜਾ

ਪੰਜਾਬੀ ਖੇਡ ਸਾਹਿਤ




**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

'ਸ਼ਬਦਾਂ ਦੇ ਖਿਡਾਰੀ' ਕਿਤਾਬ ਵਿਚ ਵੰਨ-ਸੁਵੰਨੀਆਂ ਖੇਡ ਲਿਖਤਾਂ ਹਨ, ਜੋ ਖੇਡ ਸਾਹਿਤ ਦੀਆਂ ਬਾਤਾਂ ਕਹੀਆਂ ਜਾ ਸਕਦੀਆਂ ਹਨ। ਬਾਤਾਂ ਪਾਉਣ ਵਾਲੇ ਹਨ ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ, ਡਾ. ਹਰਿਭਜਨ ਸਿੰਘ, ਬਲਬੀਰ ਸਿੰਘ ਕੰਵਲ, ਸੂਬਾ ਸਿੰਘ, ਵਰਿਆਮ ਸਿੰਘ ਸੰਧੂ, ਪਾਸ਼, ਦਾਰਾ ਸਿੰਘ, ਪ੍ਰੋ. ਕਰਮ ਸਿੰਘ, ਸ਼ਮਸ਼ੇਰ ਸਿੰਘ ਸੰਧੂ, ਡਾ. ਜਸਪਾਲ ਸਿੰਘ ਤੇ ਦਰਜਨ ਕੁ ਹੋਰ ਖੇਡ ਲੇਖਕ। ਪੰਜਾਬੀ ਵਿਚ ਖੇਡਾਂ ਖਿਡਾਰੀਆਂ ਬਾਰੇ ਸਵਾ ਸੌ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਖੇਡ ਸਾਹਿਤ ਹੁਣ ਵੱਖਰੀ ਵਿਧਾ ਬਣ ਚੁੱਕੈ। ਇਸ ਬਾਰੇ ਖੋਜ ਨਿਬੰਧ ਤੇ ਖੋਜ ਪ੍ਰਬੰਧ ਲਿਖੇ ਜਾ ਰਹੇ ਹਨ। ਐੱਮ.ਫਿਲ ਤੇ ਪੀ.ਐੱਚਡੀ ਦੀਆਂ ਡਿਗਰੀਆਂ ਹੋ ਰਹੀਆਂ ਹਨ। ਪੰਜਾਬੀ ਖੇਡ ਅਦਬ ਵਿਚ ਨਾਮਵਰ ਖਿਡਾਰੀਆਂ ਦੀਆਂ ਜੀਵਨੀਆਂ, ਸਵੈ-ਜੀਵਨੀਆਂ, ਰੇਖਾ ਚਿੱਤਰ, ਕਹਾਣੀਆਂ, ਨਾਵਲ, ਇਤਿਹਾਸ, ਖੇਡ ਮੇਲੇ, ਖੇਡ ਮਸਲੇ, ਖੇਡ ਚਿੰਤਨ, ਖੇਡਾਂ ਦੀ ਜਾਣ-ਪਛਾਣ, ਖੇਡ ਕਵਿਤਾਵਾਂ, ਗੀਤ, ਸ਼ਿਅਰ, ਖੇਡ ਸਾਹਿਤ ਦੇ ਅਧਿਐਨ ਬਾਰੇ ਖੋਜ ਨਿਬੰਧ, ਖੋਜ ਪ੍ਰਬੰਧ ਤੇ ਅਲੋਪ ਹੋ ਰਹੀਆਂ ਦੇਸੀ ਖੇਡਾਂ ਅਤੇ ਪ੍ਰਚੱਲਿਤ ਪੱਛਮੀ ਖੇਡਾਂ ਬਾਰੇ ਬਹੁਪੱਖੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਛਪ ਚੁੱਕੀਆਂ ਹਨ।

ਬਲਵੰਤ ਗਾਰਗੀ ਪੰਜਾਬੀ ਦਾ ਅਫ਼ਲਾਤੂਨ ਲੇਖਕ ਸੀ। ਵਾਰਤਕਕਾਰ, ਰੇਖਾ ਚਿੱਤਰਕਾਰ, ਸਫ਼ਰਨਾਮੀਆ, ਨਾਟਕਕਾਰ, ਅਦਾਕਾਰ, ਨਾਵਲਕਾਰ, ਕਹਾਣੀਕਾਰ, ਪਟਕਥਾ ਲੇਖਕ, ਥੇਟਰੀਆ, ਗੱਲ ਕੀ ਨੌਂ ਰਤਨੀਆ ਸੀ। ਉਸ ਨੇ 1960ਵਿਆਂ 'ਚ ਖੇਡ ਕਹਾਣੀ 'ਸੌ ਮੀਲ ਦੌੜ' ਲਿਖੀ ਸੀ, ਜੋ ਦੇਸ਼ ਦੇ ਖੇਡ ਪ੍ਰਬੰਧ ਉਤੇ ਤਿੱਖੀ ਚੋਟ ਹੈ। ਜਸਵੰਤ ਸਿੰਘ ਕੰਵਲ ਸੌ ਸਾਲ ਤੋਂ ਵੱਧ ਜੀਵਿਆ ਤੇ ਸੌ ਤੋਂ ਵੱਧ ਪੁਸਤਕਾਂ ਲਿਖੀਆਂ। ਉਸ ਨੂੰ ਵਾਰਸ ਦੀ ਹੀਰ ਸੁਣਨ ਵਾਂਗ ਖੇਡਾਂ ਖਿਡਾਉਣ ਦਾ ਵੀ ਸ਼ੌਕ ਸੀ। ਉਹ ਵਾਲੀਬਾਲ ਖੇਡਿਆ, ਕਬੱਡੀ ਦੇ ਅੰਗ-ਸੰਗ ਰਿਹਾ ਤੇ ਢੁੱਡੀਕੇ ਤੋਂ ਸਾਊਥਾਲ ਤਕ ਕਬੱਡੀ ਮੈਚਾਂ ਦਾ ਰੈਫਰੀ ਬਣਿਆ। ਢੁੱਡੀਕੇ ਦੇ ਖੇਡ ਮੇਲੇ ਵਿਚ ਅਸੀਂ 'ਕੱਠੇ ਕੁਮੈਂਟਰੀ ਕਰਦੇ ਤੇ ਕਬੱਡੀ ਮੈਚ ਖਿਡਾਉਂਦੇ। 'ਖੇਡਾਂ ਦਾ ਵਣਜਾਰਾ' ਕੰਵਲ ਦੀ ਖੇਡ ਲਿਖਤ ਹੈ।

**ਡਾ. ਹਰਿਭਜਨ ਸਿੰਘ ਨੇ ਬਤੌਰ ਕਵੀ, ਆਲੋਚਕ, ਅਨੁਵਾਦਕ, ਅਧਿਆਪਕ, ਸੰਪਾਦਕ, ਗੋਸ਼ਟੀਕਾਰ, ਭਾਸ਼ਨਕਾਰ ਤੇ ਖੋਜਕਾਰ ਖ਼ੂਬ ਨਾਮਣਾ ਖੱਟਿਆ। ਉਹ ਆਪਣੇ ਲੱਛੇਦਾਰ ਭਾਸ਼ਣ ਨਾਲ ਸਰੋਤਿਆਂ 'ਤੇ ਟੂਣਾ ਕਰ ਦਿੰਦਾ ਤੇ ਆਪਣੇ ਹੀ ਵੇਗ ਵਿਚ ਵਹਾ ਲਿਜਾਂਦਾ। ਉਹ ਸ਼ਬਦਾਂ ਦਾ ਓਲੰਪੀਅਨ ਸੀ, ਜਿਸ ਨੇ ਉਲਟਾ ਮੈਨੂੰ 'ਸ਼ਬਦਾਂ ਦਾ ਓਲੰਪੀਅਨ' ਲਿਖ ਕੇ ਵਡਿਆਇਆ। ਬਲਬੀਰ ਸਿੰਘ ਕੰਵਲ ਖੋਜੀ ਲੇਖਕ ਹੈ। ਉਸ ਨੇ ਪਹਿਲਵਾਨਾਂ, ਕੌਡਿਆਲਾਂ, ਰਾਗੀਆਂ, ਰਬਾਬੀਆਂ, ਬਾਈਆਂ ਤੇ ਭਾਰਤੀ ਸੰਗੀਤ ਘਰਾਣਿਆਂ ਬਾਰੇ ਲਿਖ ਕੇ ਬੱਲੇ-ਬੱਲੇ ਕਰਾਈ। ਇੰਗਲੈਂਡ ਵਿਚ 'ਪੰਜਾਬ ਹੈਰੀਟੇਜ ਮਿਊਜ਼ੀਅਮ' ਬਣਾਇਆ ਹੈ, ਜਿਸ ਵਿਚ ਭਲਵਾਨੀ, ਸਾਜ਼ ਸੰਗੀਤ ਤੇ ਪੰਜਾਬੀ ਵਿਰਸੇ ਨਾਲ ਸਬੰਧਿਤ ਵਸਤਾਂ ਸੰਭਾਲ ਰੱਖੀਆਂ ਹਨ।** ਸੂਬਾ ਸਿੰਘ ਦੀ ਸ਼ੋਭਾ ਹਾਸ ਵਿਅੰਗ ਲੇਖਕ ਹੋਣ ਦੀ ਸੀ। ਉਹ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦਾ ਪ੍ਰੈੱਸ ਸਕੱਤਰ ਰਿਹਾ। ਉਹਦੀ ਕਿਤਾਬ 'ਅਲੋਪ ਹੋ ਰਹੇ ਚੇਟਕ' ਵਿਚ ਛਿੰਝਾਂ ਨਾਲ ਸਬੰਧਤ ਕਮਾਲ ਦਾ ਲੇਖ ਹੈ 'ਕਾਹਨੂੰ ਲੱਭਦੇ ਮੱਲ ਅਖਾੜਿਆਂ ਦੇ'।

ਵਰਿਆਮ ਸਿੰਘ ਸੰਧੂ ਲੰਮੀ ਕਹਾਣੀ ਦਾ ਕੌਮੀ ਚੈਂਪੀਅਨ ਹੈ। ਉਹਦੀ ਕਹਾਣੀ 'ਚੌਥੀ ਕੂਟ' ਭਾਰਤੀ ਭਾਸ਼ਾਵਾਂ 'ਚੋਂ ਚੋਟੀ ਦੀਆਂ ਬਾਰਾਂ ਕਹਾਣੀਆਂ ਦੇ ਅੰਗਰੇਜ਼ੀ ਸੰਗ੍ਰਹਿ 'ਮੈਮੋਰੇਬਲ ਸਟੋਰੀਜ਼ ਆਫ਼ ਇੰਡੀਆ: ਟੈੱਲ ਮੀ ਏ ਲੌਂਗ ਸਟੋਰੀ' ਵਿਚ ਪ੍ਰਕਾਸ਼ਿਤ ਕੀਤੀ ਗਈ, ਜਿਸ ਨੂੰ ਮਿਨੀ ਕ੍ਰਿਸ਼ਨਨ ਨੇ ਸੰਪਾਦਤ ਕੀਤਾ। ਉਸ ਨੇ ਪਹਿਲਵਾਨ ਕਰਤਾਰ ਸਿੰਘ ਦੀ ਜੀਵਨੀ 'ਕੁਸ਼ਤੀ ਦਾ ਧਰੂ ਤਾਰਾ' ਲਿਖ ਕੇ ਪੰਜਾਬੀ ਖੇਡ ਸਾਹਿਤ ਨੂੰ ਰੰਗ ਭਾਗ ਲਾਏ। ਅਵਤਾਰ ਸਿੰਘ ਸੰਧੂ ਉਰਫ਼ ਪਾਸ਼ ਨੂੰ ਕੌਣ ਨਹੀਂ ਜਾਣਦਾ? ਉਸ ਨੇ ਵਾਰਤਕ ਦੀ ਇੱਕੋ ਕਿਤਾਬ ਲਿਖੀ ਤੇ ਉਹ ਵੀ ਮਿਲਖਾ ਸਿੰਘ ਬਾਰੇ। 'ਫਲਾਇੰਗ ਸਿੱਖ ਮਿਲਖਾ ਸਿੰਘ' ਦੀ ਆਤਮ ਕਥਾ ਲਿਖਣ ਵਾਲਾ ਅਸਲ ਵਿਚ ਪਾਸ਼ ਸੀ। ਉਦੋਂ ਅੰਗਰੇਜ਼ੀ ਦੇ ਇੱਕ ਅਖ਼ਬਾਰ ਵਿਚ ਰੀਵਿਊ ਛਪਿਆ ਸੀ: ਪਾਸ਼ ਦੀ ਪ੍ਰੋਜ਼ ਦੇ ਪਰਾਂ ਉੱਤੇ ਉਡਦਾ ਮਿਲਖਾ ਸਿੰਘ!




ਪਹਿਲਵਾਨ ਦਾਰਾ ਸਿੰਘ ਦੀ 'ਆਤਮ ਕਥਾ' ਖੇਡ ਸਾਹਿਤ ਦੀ ਸ਼ਾਨ ਹੈ। ਉਹ ਫਰੀ ਸਟਾਈਲ ਕੁਸ਼ਤੀਆਂ ਦਾ ਰੁਸਤਮ-ਏ-ਹਿੰਦ, ਕਾਮਨਵੈੱਲਥ ਚੈਂਪੀਅਨ ਤੇ ਰੁਸਤਮ-ਏ-ਜ਼ਮਾਂ ਸੀ। ਫਿਲਮਾਂ ਵਿਚ ਕਦੇ ਸੈਮਸਨ, ਕਦੇ ਹਰਕੂਲੀਸ, ਜੱਗਾ ਡਾਕੂ, ਭੀਮ ਸੈਨ, ਧਿਆਨੂੰ ਭਗਤ, ਸੂਰਮਾ ਸਿੰਘ, ਸਰਪੰਚ, ਕਦੇ ਲੰਬੜ ਤੇ ਕਦੇ ਹਨੂੰਮਾਨ ਬਣਦਾ ਰਿਹਾ। ਉਸ ਨੇ 500 ਕੁਸ਼ਤੀਆਂ ਲੜੀਆਂ ਤੇ 144 ਫਿਲਮਾਂ ਵਿਚ ਕੰਮ ਕੀਤਾ। ਜੰਮਣ ਵੇਲੇ ਕੱਖਪਤੀ ਸੀ, ਮਰਨ ਵੇਲੇ ਕਰੋੜਪਤੀ। ਪੂਰਨ ਸਿੰਘ ਪਾਂਧੀ ਗੁਰਮਤਿ ਦਾ ਵਿਦਵਾਨ ਲੇਖਕ ਹੈ। 88 ਸਾਲ ਦੀ ਉਮਰੇ ਉਹਦੀ ਚਾਹਤ ਛਿਪੇ ਰਹਿਣ ਤੇ ਛਿਪ ਟੁਰ ਜਾਣ ਦੀ ਹੈ ਪਰ ਪ੍ਰਸ਼ੰਸਕ ਉਹਨੂੰ ਛਿਪਣ ਨਹੀਂ ਦਿੰਦੇ। ਉਸ ਨੇ ਦਰਜਨ ਤੋਂ ਵੱਧ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚ ਇੱਕ ਲੇਖ 'ਨੱਚਣ ਕੁੱਦਣ ਮਨ ਕਾ ਚਾਓ' ਵੀ ਹੈ। ਪ੍ਰਿੰ. ਬਲਕਾਰ ਸਿੰਘ ਬਾਜਵਾ ਪੰਜਾਬੀ ਖੇਡ ਸਾਹਿਤ ਦਾ ਸ਼ਿੰਗਾਰ ਹੈ। ਉਸ ਨੇ 'ਹਾਕੀ ਸਿਤਾਰੇ ਸੁਧਾਰ ਦੇ' ਕੌਫ਼ੀ ਟੇਬਲ ਬੁੱਕ ਪ੍ਰਕਾਸ਼ਿਤ ਕਰਵਾਈ, ਜਿਸ ਦੇ ਡੇਢ ਸੌ ਮੋਮੀ ਸਫ਼ਿਆਂ ਉੱਤੇ ਸੌ ਤੋਂ ਵੱਧ ਯਾਦਗਾਰੀ ਤਸਵੀਰਾਂ ਛਪੀਆਂ ਹਨ। ਪਹਿਲਵਾਨ ਪ੍ਰੋ. ਕਰਮ ਸਿੰਘ ਕਵੀ ਤੇ ਲੇਖਕ ਹੋਣ ਦੇ ਨਾਲ ਨਾਲ ਕੁਸ਼ਤੀ ਦਾ ਨੈਸ਼ਨਲ ਚੈਂਪੀਅਨ ਵੀ ਸੀ। ਉਸ ਨੇ ਪਹਿਲਵਾਨੀ ਤੇ ਪ੍ਰੋਫ਼ੈਸਰੀ ਦੋਹਾਂ 'ਚ ਨਾਮਣਾ ਖੱਟਿਆ। 916 ਪੰਨਿਆਂ ਦਾ ਮਹਾਂ ਕਾਵਿ 'ਸੋਹਣੀ' ਲਿਖ ਕੇ ਪੁਸਤਕ 'ਮੱਲਾਂ ਦੀਆਂ ਗੱਲਾਂ' ਲਿਖੀ ਜੋ ਖੇਡ ਸਾਹਿਤ ਦਾ ਮਾਣ ਹੈ।

'ਜੱਗ ਦਾ ਜੋਗੀ' ਏਸ਼ੀਆ ਦੇ ਚੈਂਪੀਅਨ ਜੋਗਿੰਦਰ ਸਿੰਘ ਜੋਗੀ ਦੀ ਸਵੈ-ਜੀਵਨੀ ਹੈ। ਉਸ ਨੇ 1962, 66 ਤੇ 70 ਦੀਆਂ ਏਸ਼ਿਆਈ ਖੇਡਾਂ ਵਿਚ ਗੋਲ਼ਾ ਸੁੱਟਣ 'ਚੋਂ ਇੱਕ ਬਰਾਂਜ਼ ਤੇ ਦੋ ਗੋਲਡ ਮੈਡਲ ਜਿੱਤੇ। **ਇੱਕ ਸਮਾਂ ਸੀ ਜਦੋਂ ਕੁਸ਼ਤੀ ਅਖਾੜਿਆਂ 'ਚ ਦਾਰਾ-ਦਾਰਾ ਹੁੰਦੀ ਸੀ ਤੇ ਹਾਕੀ ਦੇ ਮੈਦਾਨਾਂ ਵਿਚ ਬਲਬੀਰ-ਬਲਬੀਰ। ਫਿਰ ਸਮਾਂ ਆਇਆ ਜਦੋਂ ਗਾਇਕੀ ਦੇ ਅਖਾੜਿਆਂ ਵਿਚ ਸ਼ਮਸ਼ੇਰ-ਸ਼ਮਸ਼ੇਰ ਹੋਣ ਲੱਗੀ। ਕਦੇ ਦੁਪੱਟਾ ਸੱਤ ਰੰਗ ਦਾ ਲਹਿਰਾਇਆ, ਕਦੇ ਪੇਕੇ ਹੁੰਦੇ ਮਾਵਾਂ ਨਾਲ ਨੇ ਰੁਆਇਆ ਤੇ ਕਦੇ ਮੁਖੜਾ ਦੇਖਣ ਨੇ ਭਰਮਾਇਆ। ਕੁੱਝ ਗੀਤ ਨਾਚ ਨੱਚਦੇ ਰਹੇ: 'ਸੰਮੀ ਮੇਰੀ ਵਾਰ ਮੈਂ ਵਾਰੀ ਮੇਰੀ ਸੰਮੀਏ, ਟਹਿਕਦੇ ਨੇ ਜਿਵੇਂ ਚੰਨ ਤਾਰੇ ਮੇਰੀ ਸੰਮੀਏ, ਏਦਾਂ ਤੇਰੀ ਚੁੰਨੀ ਦੇ ਸਿਤਾਰੇ ਮੇਰੀ ਸੰਮੀਏ, ਸੰਧੂ ਤੇਰੇ ਉਤੋਂ ਬਲਿਹਾਰੇ ਮੇਰੀ ਸੰਮੀਏ, ਸੰਮੀ ਮੇਰੀ ਵਾਰ।' ਉਸ ਨੇ ਖੇਡ ਕਹਾਣੀ 'ਚੈਂਪੀਅਨ' ਲਿਖੀ।**

ਬਲਿਹਾਰ ਸਿੰਘ ਰੰਧਾਵਾ ਨੇ ਕਾਵਿ-ਨਾਟਕ, ਗੀਤ-ਸੰਗ੍ਰਹਿ, ਕਾਵਿ-ਸੰਗ੍ਰਹਿ ਤੇ ਮਹਾਂ-ਕਾਵਿ ਲਿਖਣ ਨਾਲ 'ਕਬੱਡੀ ਦੇ ਅੰਗ ਸੰਗ' ਅਤੇ 'ਖੇਡ ਮੇਲਿਆਂ ਦੇ ਅੰਗ ਸੰਗ' ਖੇਡ ਪੁਸਤਕਾਂ ਲਿਖੀਆਂ। ਗੁਰਮੇਲ ਮਡਾਹੜ ਕਵੀ, ਕਹਾਣੀਕਾਰ, ਨਾਵਲਕਾਰ, ਸ਼ਬਦ ਚਿੱਤਰਕਾਰ, ਸਫ਼ਰਨਾਮੀਆ, ਅਨੁਵਾਦਕ, ਸੰਪਾਦਕ, ਸਾਹਿਤ ਸਭੀਆ, ਸਮਾਜ ਸੇਵੀ ਅਤੇ ਪੰਜਾਬ ਪੱਧਰ ਦਾ ਮੁੱਕੇਬਾਜ਼ ਸੀ। ਉਹ ਜਾਂਦਾ-ਜਾਂਦਾ ਪੁਸਤਕ 'ਸੰਸਾਰ ਦੀਆਂ ਪ੍ਰਸਿੱਧ ਖੇਡ ਕਹਾਣੀਆਂ' ਨਾਲ ਪੰਜਾਬੀ ਖੇਡ ਸਾਹਿਤ ਵਿਚ ਸੀਰ ਪਾ ਗਿਆ।

ਡਾ. ਜਸਪਾਲ ਸਿੰਘ ਸਰੀਰਕ ਸਿੱਖਿਆ ਤੇ ਖੇਡਾਂ ਦਾ ਖੋਜੀ ਲੇਖਕ ਹੈ। ਉਹ ਖਿਡਾਰੀ, ਸਰੀਰਕ ਸਿੱਖਿਆ ਦਾ ਪ੍ਰੋਫ਼ੈਸਰ, ਟੀਮਾਂ ਦਾ ਕੈਪਟਨ, ਕੋਚ, ਚੋਣਕਾਰ, ਮੈਨੇਜਰ, ਰਿਸਰਚ ਸਕਾਲਰ, ਖੇਡ ਪ੍ਰਮੋਟਰ ਤੇ ਖੇਡ ਪੱਤਰਕਾਰ ਰਿਹਾ। ਉਸ ਦੇ 30 ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਦੋ ਖੇਡ ਪੁਸਤਕਾਂ 'ਖੇਡ-ਚਿੰਤਨ' ਤੇ 'ਖੇਡਾਂ ਦੇ ਅੰਗ ਸੰਗ' ਲਿਖੀਆਂ। ਉਹ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਦਾ ਪ੍ਰਿੰਸੀਪਲ ਹੈ। ਲਾਭ ਸਿੰਘ ਸੰਧੂ ਪੱਤਰਕਾਰ ਵੀ ਹੈ ਤੇ ਖੋਜਕਾਰ ਵੀ। ਉਸ ਦੀ ਵਧੇਰੇ ਮਸ਼ਹੂਰੀ 'ਖੁੰਢ ਚਰਚਾ' ਕਾਲਮ ਲਿਖਣ ਨਾਲ ਹੋਈ। ਖੇਡਾਂ ਖਿਡਾਰੀਆਂ ਸਬੰਧੀ ਉਸ ਦੀਆਂ ਪੰਜ ਪੁਸਤਕਾਂ 'ਗੁਆਚੇ ਹੀਰੇ', 'ਕਬੱਡੀ ਜਗਤ ਦੇ ਗੁਆਚੇ ਹੀਰੇ', 'ਗੱਭਰੂ ਪੁੱਤ ਪੰਜਾਬ ਦੇ', 'ਚੰਨ ਮਾਹੀ ਦੀਆਂ ਬਾਤਾਂ' ਤੇ ਖੇਡ ਬੋਲੀਆਂ 'ਲੱਖੀ ਜੰਗਲ ਦਾ ਵਿਰਸਾ' ਛਪੀਆਂ।

ਦਾਰੇ ਪਹਿਲਵਾਨ ਦੋ ਹੋਏ। ਇੱਕ ਦਾ ਨਾਂ ਦਾਰਾ ਸਿੰਘ ਹੀ ਸੀ, ਦੂਜੇ ਦਾ ਦੀਦਾਰ ਸਿੰਘ। ਦਾਰਾ, ਦੀਦਾਰ ਤੋਂ ਦਸ ਸਾਲ ਵੱਡਾ ਸੀ। ਦਾਰੇ ਦੁਲਚੀਪੁਰੀਏ ਦੀ ਗੁੱਡੀ ਚੜ੍ਹੀ ਤਾਂ ਦੀਦਾਰ ਧਰਮੂਚੱਕੀਏ ਨੂੰ ਵੀ ਦਾਰਾ ਕਿਹਾ ਜਾਣ ਲੱਗਾ। ਵੱਡੇ ਦਾਰੇ ਬਾਰੇ ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਵਲ ਲਿਖਿਆ। ਗੁਰਦਿਆਲ ਬੱਲ ਪੇਸ਼ੇ ਵਜੋਂ 'ਪੰਜਾਬੀ ਟ੍ਰਿਬਿਊਨ' ਦਾ ਸਬ-ਐਡੀਟਰ ਸੀ, ਸ਼ੌਕ ਵਜੋਂ ਫੁੱਟਬਾਲ ਦਾ ਆਸ਼ਕ। ਫੁੱਟਬਾਲ ਦੇ ਵਿਸ਼ਵ ਕੱਪਾਂ ਸਮੇਂ ਉਹ ਮੈਚਾਂ ਦੀਆਂ ਲੰਮੀਆਂ 'ਸਟੋਰੀਆਂ' ਲਿਖਦਾ ਹੈ। ਉਹ ਫੁੱਟਬਾਲ ਦੀਆਂ ਕਿੱਕਾਂ, ਹੈਡਰਾਂ ਤੇ ਪਾਸਾਂ ਦੀਆਂ ਗੱਲਾਂ ਸ਼ਾਇਰੀ ਕਰਨ ਵਾਂਗ ਕਰਦਾ ਹੈ। ਹਵਾਲਾ ਦਿੰਦਾ ਹੈ, "ਵੀਹਵੀਂ ਸਦੀ ਦੇ ਉੱਘੇ ਅਮਰੀਕਨ ਕਥਾਕਾਰ ਅਰਨੈਸਟ ਹੈਮਿੰਗਵੇ ਨੇ ਕਿਧਰੇ ਕਿਹਾ ਸੀ, ਖਿਡਾਰੀ ਹੱਡ ਮਾਸ ਦੀਆਂ ਕਵਿਤਾਵਾਂ ਹੁੰਦੇ ਹਨ!"

ਨਵਦੀਪ ਸਿੰਘ ਗਿੱਲ ਪੰਜਾਬੀ ਖੇਡ ਪੱਤਰਕਾਰੀ ਦਾ ਹੀਰਾ ਹੈ। ਉਸ ਨੇ ਦੋਹਾ ਦੀਆਂ ਏਸ਼ਿਆਈ ਖੇਡਾਂ ਤੇ ਨਵੀਂ ਦਿੱਲੀ ਦੀਆਂ ਕਾਮਨਵੈੱਲਥ ਖੇਡਾਂ ਤੋਂ ਲੈ ਕੇ ਬੀਜਿੰਗ ਦੀਆਂ ਓਲੰਪਿਕ ਖੇਡਾਂ ਤਕ ਦੀ ਕਵਰੇਜ ਕੀਤੀ। ਉਹਦੀਆਂ ਖੇਡ ਪੁਸਤਕਾਂ 'ਖੇਡ ਅੰਬਰ ਦੇ ਤਾਰੇ', 'ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ', 'ਅੱਖੀਂ ਵੇਖੀਆਂ ਓਲੰਪਿਕ ਖੇਡਾਂ' ਤੇ 'ਉੱਡਣਾ ਬਾਜ਼ ਗੁਰਬਚਨ ਸਿੰਘ ਰੰਧਾਵਾ' ਹਨ। ਪਰਮਵੀਰ ਸਿੰਘ ਬਾਠ ਮੀਡੀਏ ਦੀ ਬੁਲੰਦ ਆਵਾਜ਼ ਹੈ। ਉਹਦੀ ਬੋਲ ਬਾਣੀ ਵਗਦੀ 'ਵਾ ਤੇ ਵਹਿੰਦੇ ਵਹਿਣ ਵਾਂਗ ਹੈ। ਉਸ ਨੇ 'ਗੱਲਾਂ ਖੇਡ ਮੈਦਾਨ ਦੀਆਂ' ਪੁਸਤਕ ਛਪਵਾ ਕੇ ਪਹਿਲੀ ਵੱਡੀ ਛਾਲ ਮਾਰੀ। ਸੰਤੋਖ ਸਿੰਘ ਮੰਡੇਰ ਓਲੰਪਿਕ ਖੇਡਾਂ ਦਾ ਫੋਟੋਗਰਾਫਰ ਹੈ। ਵਿਸਲ, ਮਾਈਕ ਤੇ ਕਲਮ ਦਾ ਕਾਮਾ। ਉਸ ਨੇ ਲੰਡਨ ਵਿਖੇ ਹੋਈਆਂ ਓਲੰਪਿਕ ਖੇਡਾਂ-2012 ਦੀਆਂ ਖ਼ੁਦ ਖਿੱਚੀਆਂ ਤਸਵੀਰਾਂ ਨਾਲ ਸਜਾਈ ਵੱਡ-ਆਕਾਰੀ ਕੌਫ਼ੀ ਟੇਬਲ ਬੁੱਕ ਛਪਵਾਈ ਹੈ।

ਮੇਰੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਖੇਡ ਖਿਡਾਰੀਆਂ ਨਾਲ ਸਬੰਧਿਤ ਹਨ। ਇਸ ਪੁਸਤਕ ਦਾ ਨਾਂ ਵੀ ਉਨ੍ਹਾਂ ਨਾਲ ਮਿਲਦਾ- ਜੁਲਦਾ 'ਸ਼ਬਦਾਂ ਦੇ ਖਿਡਾਰੀ' ਰੱਖ ਦਿੱਤਾ ਹੈ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਵਾਲਿਆਂ ਨੇ ਪ੍ਰਕਾਸ਼ਿਤ ਕੀਤੀ ਹੈ। 'ਪੰਜਾਬੀ ਖੇਡ ਸਾਹਿਤ' ਦਾ ਇਹ ਪਹਿਲਾ ਭਾਗ ਹੈ। ਉਮੀਦ ਹੈ ਇਸ ਦੇ ਅਗਲੇ ਭਾਗ ਵੀ ਛੇਤੀ ਪ੍ਰਕਾਸ਼ਿਤ ਹੋਣਗੇ।

## ਚੋਣਾਂ ਨੂੰ ਸਮਰਪਿਤ

### ਚੋਣਾਂ ਦਾ ਮੌਸਮ

ਨੇਤਾਵਾਂ ਨੂੰ ਪਈ ਹੈ ਕਾਹਲੀ,
ਕਾਵਾਂ ਰੌਲੀ ਪਈ ਹੈ ਬਾਹਲੀ
ਰੋਜ਼ ਨਵੀਂ ਹੈ ਪਾਰਟੀ ਬਣਦੀ,
ਆਪੋ 'ਚ ਖਹਿਬਾਜ਼ੀ ਤਣਦੀ।

ਕਲਾਬਾਜ਼ ਕਈ ਪਲਟੀ ਮਾਰੂ,
ਗੱਲੀਂ-ਬਾਤੀਂ ਹੁਣ ਸਭਦਾ ਸਾਰੂ
ਦੇਖ ਕੇ ਖ਼ਬਰ ਨਹੀਂ ਹੈ ਅੱਛੀ,
ਟਿਕਟ ਲਈ ਹੁੰਦੇ ਤਰਲੋਮੱਛੀ।

ਜਲਦੀ ਜਲਦੀ ਬਦਲਦੇ ਰੰਗ,
ਦੇਖ ਤਮਾਸ਼ਾ ਲੋਕ ਰਹੇ ਦੰਗ
ਝਟ ਪੱਗ ਨਾਲ ਪੱਗ ਵਟਾਈ,
ਭੁੱਲ ਕੇ ਪਿੱਛਾ ਬਣੇ ਗੁਰ ਭਾਈ।

ਨਾ ਹੈ ਕਿਸੇ ਦੇ ਸਕੇ ਸਕੀਰੀ,
ਮੌਕਾਪ੍ਰਸਤ ਮਤਲਬੀ ਪੰਜੀਰੀ,
ਜੰਮਦੇ ਜਿਉਂ ਬਰਸਾਤੀ ਖੁੰਬਾਂ,
ਵਿਕਦੇ ਵਾਂਗਰ ਨਕਲੀ ਟੁੰਬਾਂ।

ਨਿਕਲਦੇ ਇੰਝ ਬਰਸਾਤੀ ਡੱਡੂ,
ਪਰ ਵੋਟਰ ਵੱਟ ਕੱਢ ਕੇ ਛੱਡੂ
ਫਿਰਕੇ ਮਜ਼੍ਹਬਾਂ ਦੇ ਵੈਰ ਪੁਆਏ,
ਝੋਲੀ ਅੱਡ ਕੇ ਮੰਗਣ ਖੈਰ ਆਏ।

ਪਹਿਲੇ ਜ਼ਰਾ ਖੋਟਾ ਖਰਾ ਪਛਾਣੋ,
ਵੋਟਾਂ ਵੇਚ ਕੇ ਕਿਤੇ ਦੁੱਖ ਨਾ ਮਾਣੋ।
ਖਬਰਦਾਰ! ਬਣ ਰਹਿਓ ਸੁਚੇਤ,
ਦੇਖਿਓ! ਵਾੜ ਨਾ ਖਾ ਜਾਏ ਖੇਤ।

*–ਸੇਵਾ ਸਿੰਘ ਨੂਰਪੁਰੀ*

---

### ਵੋਟਾਂ ਆਈਆਂ

ਵੀਰੋ, ਆ ਗਈਆਂ ਵੋਟਾਂ ਨੇੜੇ,
ਲੀਡਰ ਮਾਰਨਗੇ ਵੇਖਿਓ ਗੇੜੇ।
ਲੱਭੇ ਨਹੀਂ ਜੋ ਪੂਰੇ ਦਸ ਸਾਲ,
ਕਰਦੇ ਫਿਰਨਗੇ ਤੁਹਾਡੀ ਭਾਲ।

ਆਪਣੀ ਨਾਕਾਮੀ ਛੁਪਾਉਣਗੇ,
ਹੋਰਾਂ ਉਪਰ ਦੋਸ਼ ਲਗਾਉਣਗੇ।
ਬਰੇਨ ਲੋਕਾਂ ਦਾ ਕਰਨਗੇ ਵਾਸ਼,
ਸੱਥਾਂ ਵਿਚ ਆ ਖੇਡਣਗੇ ਤਾਸ਼।

ਕਹਿਣਗੇ ਸਾਨੂੰ ਪਾ ਦਿਓ ਵੋਟ,
ਕਿਸੇ ਵਸਤੂ ਦੀ ਨਾ ਰਹੂ ਤੋਟ।
ਪੰਜਾਬ ਦੀ ਬਦਲਾਂਗੇ ਤਕਦੀਰ,
ਹਨੇਰੇ ਵਿਚ ਖੂਬ ਛੱਡਣਗੇ ਤੀਰ।

ਸਾਡੇ ਉਪਰ ਨਹੀਂ ਕੋਈ ਦਾਗ,
ਖਾ ਕੇ ਜਾਣਗੇ ਸਭ ਝੋਨਾ ਸਾਗ।
ਲਾਲਚ ਦੇਣਗੇ ਸ਼ਰਾਬ ਤੇ ਭੁੱਕੀ,
ਵੋਟ ਲਈ ਫਿਰਨਗੇ ਨੋਟ ਚੁੱਕੀ।

ਇਨ੍ਹਾਂ ਦੇ ਝਾਂਸੇ 'ਚ ਨਾ ਆਉਣਾ,
ਸੋਚ ਸਮਝ ਕੇ ਹੀ ਵੋਟ ਪਾਉਣਾ।
ਆਪਣੀ ਜ਼ਮੀਰ ਨਾ ਦੇਣਾ ਵੇਚ,
ਪਿੱਛੇ ਰਹਿ ਜੂ ਸਾਡਾ ਪਰਦੇਸ਼।

ਵੋਟ ਉਸਨੂੰ ਜੋ ਹੋਵੇ ਇਮਾਨਦਾਰ,
ਤਾਂਹੀ ਚੰਗੀ ਬਣੂੰ ਸੂਬਾ ਸਰਕਾਰ।
'ਚਮਨ' ਫਿਰ ਮਸਲੇ ਹੋਣਗੇ ਹੱਲ,
ਪੰਜਾਬ ਵਧੂੰਗਾ ਤਰੱਕੀ ਵੱਲ।

***–ਚਮਨਦੀਪ ਸ਼ਰਮਾ***
***ਫੋਨ: 95010-33005***

---



### ਮੇਰੇ ਦੇਸ਼ ਦੇ ਵੋਟਰ ਤੇ ਉਮੀਦਵਾਰ

ਮੇਰੇ ਦੇਸ਼ ਦੇ ਵੋਟਰਾਂ
ਅਤੇ ਉਮੀਦਵਾਰਾਂ ਦਾ,
ਹਾਲ ਹੱਦ ਨਾਲੋਂ ਵੱਧ ਹੈ
ਮਾੜਾ ਹੋਇਆ।
ਇੱਕ ਸਮੇਂ ਇੱਕ ਨੂੰ ਵਿਕਣ ਵਾਲੀ
ਵੇਸਵਾ ਨੂੰ ਆਖੇ ਮਾੜਾ,
ਇੱਕੋ ਸਮੇਂ ਤਿੰਨ ਥਾਂ ਵਿਕਿਆ ਹੋਇਆ।

ਉਹ ਉਮੀਦਵਾਰ ਖਰੀਦ ਕੇ
ਵੋਟਰਾਂ ਨੂੰ ਵੇਚ ਦਿੰਦਾ,
ਜਿਹੜਾ ਆਪ ਵੀ ਹੁੰਦੈ
ਪੈਸੇ ਲਈ ਖੜ੍ਹਾ ਹੋਇਆ।
ਉਮੀਦਵਾਰਾਂ ਨੂੰ ਵਿਕਾਊ ਤੇ
ਠੱਗ ਕਹਿਣ ਵਾਲਾ,
ਵੋਟਰ ਠੱਗਦਾ ਸਾਰਿਆਂ ਨੂੰ
ਕਈ ਥਾਂ ਜੋ ਵਿਕਿਆ ਹੋਇਆ।

ਉਹ ਉਮੀਦਵਾਰ ਵੀ ਕਹੇ
ਨਸ਼ਾ ਬੰਦ ਕਰਵਾ ਦਿਆਂਗੇ,
ਜਿਹੜਾ ਵੰਡ ਕੇ ਨਸ਼ੇ ਮਸਾਂ ਜਿੱਤ ਹੋਇਆ।
ਉਹ ਵੋਟਰ ਵੀ ਕਹੇ ਨਸ਼ਾ ਬੰਦ ਕਰਵਾਓ,
ਜਿਸ ਨੇ ਦੋਹਾਂ ਉਮੀਦਵਾਰਾਂ ਤੋਂ
ਨਸ਼ਾ ਲਿਆ ਹੋਇਆ।

ਦੂਜੀਆਂ ਪਾਰਟੀਆਂ ਨੂੰ
ਉਹ ਵੀ ਕਹਿਣ ਮਾੜਾ,
ਦੂਜਿਆਂ ਦਾ ਕੱਢਿਆ ਉਮੀਦਵਾਰ
ਜਿਨ੍ਹਾਂ ਖੜ੍ਹਾ ਕਰਿਆ।
ਸਾਰੇ ਦੂਜਿਆਂ ਨੂੰ ਠੱਗ ਤੇ
ਆਪਣੇ ਆਪ ਨੂੰ ਕਹਿਣ ਸੱਚੇ,
ਅਸਲ ਵਿਚ ਠੱਗ ਹੈ ਠੱਗ ਨਾਲ
ਰਲਿਆ ਹੋਇਆ।
ਸਾਰੇ ਕਹਿੰਦੇ ਧਰਮ/ਜਾਤ
ਦੇ ਨਾਮ 'ਤੇ ਸਿਆਸਤ ਮਾੜੀ,
ਪਰ ਜਿੱਤਦਾ ਹੈ ਧਰਮ/ਜਾਤ ਦੇ
ਨਾਮ 'ਤੇ ਖੜ੍ਹਾ ਹੋਇਆ।

ਮਨੁੱਖਤਾ ਲਈ ਚੰਗਾ ਹੋਣ ਦੀ ਉਮੀਦ
ਹਰ ਵਾਰ ਹਾਰ ਜਾਂਦੀ,
ਉਮੀਦਵਾਰ ਜਿੱਤ ਜਾਂਦਾ ਹੈ
ਕੁਰਸੀ ਲਈ ਖੜ੍ਹਾ ਹੋਇਆ।
ਉਮੀਦਵਾਰਾਂ ਤੋਂ ਉਹ ਵੀ
ਚੰਗੇ ਦੀਆਂ ਕਰਨ ਆਸਾਂ,
ਵੋਟ ਪਾਉਣ ਲਈ ਜਿਨ੍ਹਾਂ ਨੇ
ਨਸ਼ੇ ਦੇ ਨਾਲ ਪੈਸਾ ਵੀ ਲਿਆ ਹੋਇਆ।
ਚੰਗਾ ਆਪ ਬਣਜਾ
ਬਹਾਦਰਪੁਰ ਦੇ ਹਰਲਾਜ ਸਿੰਘਾ,
ਹੋਰਾਂ ਦੇ ਔਗੁਣ ਵੇਖਣ ਦਾ
ਦੱਸ ਤੈਂ ਕੀ ਹੈ ਠੇਕਾ ਲਿਆ ਹੋਇਆ।
ਵੋਟਾਂ ਸਮੇਂ ਲਿਖਿਆ ਇਹ ਚੰਗਾ ਲੱਗੂ
ਤੇਰੇ ਨਾਲ ਦਿਆਂ ਨੂੰ,
ਬੁਰਾ ਲੱਗੂਗਾ ਜਿਨ੍ਹਾਂ ਦੇ
ਉਲਟ ਇਹ ਗਿਆ ਹੋਇਆ।

***–ਹਰਲਾਜ ਸਿੰਘ ਬਹਾਦਰਪੁਰ***
***ਫੋਨ: 94170-23911***

ਕਹਾਣੀ

# ਜਿਊਂਦੀਆਂ ਅੱਖਾਂ ਦੀ ਦਾਸਤਾਨ

***ਐਤਕੀਂ ਪੰਜਾਬੀ ਵਿਚ ਸਰਵੋਤਮ ਰਚਨਾ ਲਈ ਸਾਲ 2021 ਦਾ ਸਾਹਿਤ ਅਕਾਦਮੀ ਪੁਰਸਕਾਰ ਖਾਲਿਦ ਹੁਸੈਨ ਨੂੰ ਉਸ ਦੇ ਕਹਾਣੀ ਸੰਗ੍ਰਹਿ 'ਸੂਲਾਂ ਦਾ ਸਾਲਣੁ' ਲਈ ਮਿਲਿਆ ਹੈ। ਜੰਮੂ ਕਸ਼ਮੀਰ ਦਾ ਵਸਨੀਕ ਖਾਲਿਦ ਹੁਸੈਨ ਪਿਛਲੀ ਅੱਧੀ ਸਦੀ ਤੋਂ ਪੰਜਾਬੀ ਸਾਹਿਤ ਸਿਰਜਣਾ ਵਿਚ ਯੋਗਦਾਨ ਪਾਉਂਦਾ ਆ ਰਿਹਾ ਹੈ। ਫੈਂਟਸੀ ਵੰਨਗੀ ਵਾਲੀ ਉਸ ਦੀ ਕਹਾਣੀ 'ਜਿਊਂਦੀਆਂ ਅੱਖਾਂ ਦੀ ਦਾਸਤਾਨ' ਪੀੜ-ਪੀੜ ਹੋਏ ਕਸ਼ਮੀਰ ਦਾ ਹਾਲ ਬਿਆਨ ਕਰਦੀ ਹੈ।***




ਖਾਲਿਦ ਹੁਸੈਨ

ਮੇਰੇ ਬੋਝਿਆਂ ਵਿਚ ਕਈ ਅੱਖਾਂ ਦੇ ਜੋੜੇ ਪਏ ਨੇ, ਜਿਹੜੇ ਮੇਰੇ ਅੰਤਰ ਮਨ ਨੂੰ ਝਰੂੰਡਦੇ ਰਹਿੰਦੇ ਨੇ। ਮੇਰੇ ਦਿਲ ਤੇ ਦਿਮਾਗ ਨੂੰ ਚੋਭਾਂ ਮਾਰਦੇ ਰਹਿੰਦੇ ਨੇ। ਇਹ ਸੱਜੇ ਬੋਝੇ ਵਿਚ ਪਈਆਂ ਅੱਖਾਂ ਦਾ ਜੋੜਾ ਰਾਜਨਾਥ ਰਾਜ਼ਦਾਨ ਦਾ ਹੈ ਜਿਹੜਾ ਮੇਰਾ ਗੂੜ੍ਹਾ ਯਾਰ ਸੀ ਤੇ ਜਿਸ ਨੂੰ ਸੰਨ 47 ਵਿਚ ਕਬਾਇਲੀਆਂ ਨੇ ਬੰਦੂਕ ਦੀਆਂ ਗੋਲੀਆਂ ਨਾਲ ਛਲਣੀ ਕਰ ਛੱਡਿਆ ਸੀ। ਇੱਕ ਗੋਲੀ ਉਸ ਦੇ ਸਿਰ ਨੂੰ ਦੋ-ਫਾੜ ਕਰ ਗਈ ਸੀ। ਉਹ ਤਾਂ ਮਰ ਗਿਆ ਸੀ ਪਰ ਉਸ ਦੀਆਂ ਅੱਖਾਂ ਜ਼ਿੰਦਾ ਸਨ ਤੇ ਮੈਨੂੰ ਘੂਰ ਰਹੀਆਂ ਸਨ। ਮੈਨੂੰ ਬੜਾ ਡਰ ਲੱਗਾ ਸੀ... ਆਪਣੇ ਆਪ ਕੋਲੋਂ ਤੇ ਕਬਾਇਲੀਆਂ ਦੀ ਦਹਿਸ਼ਤਗਰਦੀ ਕੋਲੋਂ... ਪਰ ਮੈਂ ਕੁਝ ਨਹੀਂ ਸਾਂ ਕਰ ਸਕਿਆ। ਭਲਾ ਚੌਥੀ ਜਮਾਤ ਵਿਚ ਪੜ੍ਹਨ ਵਾਲਾ ਬਾਲਕ ਕਰ ਵੀ ਕੀ ਸਕਦਾ ਸੀ? ਮੈਂ ਆਪਣੇ ਜਮਾਤੀ ਰਾਜਨਾਥ ਦੀਆਂ ਅੱਖਾਂ ਨੂੰ ਡੇਲਿਆਂ ਵਿਚੋਂ ਕੱਢ ਕੇ ਆਪਣੇ ਬੋਝੇ ਵਿਚ ਪਾ ਲਿਆ ਤਾਂ ਜੋ ਯਾਰ ਦੇ ਪਿਆਰ ਦੀ ਨਿਸ਼ਾਨੀ ਨੂੰ ਸਾਂਭ ਕੇ ਰੱਖ ਲਵਾਂ। ਅੱਖੋਂ ਵੇਖੇ ਇਸ ਕਾਂਡ ਕਾਰਨ ਚੋਖੇ ਚਿਰ ਤੀਕਰ ਹਜ਼ਾਰਾਂ ਬਿੱਛੂ ਮੇਰੇ ਸਰੀਰ ਨੂੰ ਡੰਗ ਮਾਰਦੇ ਰਹੇ ਸਨ ਤੇ ਮੈਂ ਪੀੜ ਨਾਲ ਕੁਰਲਾਣ ਲੱਗ ਪੈਂਦਾ ਸਾਂ।

ਰਾਜਨਾਥ ਨੂੰ ਮਾਰਨ ਦੀ ਘਟਨਾ ਅੱਜਰ ਵਿਚ ਹੋਈ ਸੀ ਜਿਹੜਾ ਬਾਂਡੀਪੁਰ ਦੇ ਲਾਗੇ ਵਸਦਾ ਰਸਦਾ ਪਿੰਡ ਸੀ। ਇਸ ਘਟਨਾ ਦਾ ਮੁਜਰਮ ਅਹਿਮਦ ਸ਼ੇਖ ਸੀ ਜਿਸ ਦੀ ਜ਼ਮੀਨ ਦਾ ਝਗੜਾ ਸਮਸਾਰ ਚੰਦ ਰਾਜ਼ਦਾਨ ਨਾਲ ਸੀ। ਅਹਿਮਦ ਸ਼ੇਖ ਦੀ ਜ਼ਮੀਨ ਸਮਸਾਰ ਚੰਦ ਦੇ ਖੇਤਾਂ ਨਾਲ ਮਿਲਦੀ ਸੀ। ਸਮਸਾਰ ਚੰਦ ਅਹਿਮਦ ਸ਼ੇਖ ਦੀ ਜ਼ਮੀਨ ਹੜੱਪ ਕਰਨਾ ਚਾਹੁੰਦਾ ਸੀ। ਉਹ ਪਿੰਡ ਦਾ ਸ਼ਾਹੂਕਾਰ ਸੀ ਤੇ ਪਿੰਡ ਵਾਸੀਆਂ ਨੂੰ ਸੂਦ 'ਤੇ ਪੈਸੇ ਦਿੰਦਾ ਸੀ। ਅਹਿਮਦ ਸ਼ੇਖ ਨੇ ਵੀ ਉਸ ਕੋਲੋਂ ਸੂਦੀ ਪੈਸੇ ਲੈ ਕੇ ਆਪਣੀ ਕੁੜੀ ਦਾ ਵਿਆਹ ਕਰਵਾਇਆ ਸੀ ਅਤੇ ਸਮਸਾਰ ਚੰਦ ਰਾਜ਼ਦਾਨ ਅੱਗੇ ਆਪਣੀ ਜ਼ਮੀਨ ਬੰਦੇ ਰੱਖੀ ਸੀ। ਅਹਿਮਦ ਸ਼ੇਖ ਕੋਲ ਨਾ ਤਾਂ ਅਸਲ ਰਕਮ ਦੇਣ ਦੀ ਗੁੰਜਾਇਸ਼ ਸੀ ਅਤੇ ਨਾ ਹੀ ਸੂਦ ਦੇ ਪੈਸੇ ਜਿਸ ਕਰਕੇ ਸਮਸਾਰ ਪੰਡਿਤ ਉਸ ਦੀ ਜ਼ਮੀਨ 'ਤੇ ਜ਼ਬਰਦਸਤੀ ਹਲ ਚਲਾ ਰਿਹਾ ਸੀ। ਬੱਸ ਇਹ ਝਗੜਾ ਸਮਸਾਰ ਚੰਦ ਤੇ ਉਹਦੇ ਪੁੱਤਰ ਅਤੇ ਮੇਰੇ ਯਾਰ ਰਾਜਨਾਥ ਦੀ ਹੱਤਿਆ ਦਾ ਕਾਰਨ ਬਣਿਆ। ਸਮਸਾਰ ਚੰਦ ਦੀ ਮੁਖਬਰੀ ਅਹਿਮਦ ਸ਼ੇਖ ਨੇ ਹੀ ਕੀਤੀ ਸੀ। ਕਬਾਇਲੀਆਂ ਸ਼ਾਹੂਕਾਰ ਤੇ ਉਸ ਦੇ ਪਰਿਵਾਰ ਨੂੰ ਮਾਰ ਦਿੱਤਾ ਸੀ। ਸਾਰੇ ਪਿੰਡ ਵਾਸੀ ਸਮਸਾਰ ਚੰਦ ਦੇ ਦੇਣਦਾਰ ਸਨ ਤੇ ਉਸ ਕੋਲੋਂ ਦੁਖੀ ਵੀ ਰਹਿੰਦੇ ਸਨ ਪਰ ਇਸ ਘਟਨਾ ਲਈ ਉਹ ਅਹਿਮਦ ਸ਼ੇਖ ਨੂੰ ਕਸੂਰਵਾਰ ਸਮਝਦੇ ਸਨ ਤੇ ਉਹਨੂੰ ਲਾਅਨਤਾਂ ਤੇ ਮਲਾਮਤਾਂ ਕਰ ਰਹੇ ਸਨ। ਉਨ੍ਹਾਂ ਸਾਰਿਆਂ ਨੇ ਅਹਿਮਦ ਸ਼ੇਖ ਦਾ ਹੁੱਕਾ-ਪਾਣੀ ਬੰਦ ਕਰ ਦਿੱਤਾ ਸੀ ਤੇ ਉਸ ਨਾਲ ਸਾਰੇ ਸਮਾਜੀ ਰਿਸ਼ਤੇ ਖਤਮ ਕਰ ਦਿੱਤੇ ਸਨ ਜਿਸ ਕਰਕੇ ਅਹਿਮਦ ਸ਼ੇਖ ਆਪਣੇ ਟੱਬਰ ਸਮੇਤ ਸਰਹੱਦ ਪਾਰ ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਵਿਚ ਜਾ ਵਸਿਆ ਸੀ ਤੇ ਮੁੜ ਕਦੀ ਵੀ ਵਾਪਿਸ ਨਹੀਂ ਆਇਆ।

ਮੈਂ ਬਾਰਾਮੂਲ੍ਹਾ ਦੇ ਸੇਂਟ ਜੋਜ਼ਫ ਸਕੂਲ ਤੋਂ ਦਸਵੀਂ ਪਾਸ ਕੀਤੀ ਤੇ ਫਿਰ ਸ੍ਰੀ ਪ੍ਰਤਾਪ ਸਿੰਘ ਕਾਲਜ, ਸ੍ਰੀਨਗਰ ਵਿਚ ਦਾਖਲਾ ਲਿਆ ਤੇ ਉਥੋਂ ਬੀ.ਏ. ਪਾਸ ਕਰਨ ਮਗਰੋਂ ਅਲੀਗੜ੍ਹ ਮੁਸਲਿਮ ਯੂਨਿਵਰਸਿਟੀ ਵਿਚ ਕਾਨੂੰਨ ਦੀ ਪੜ੍ਹਾਈ ਕਰਨ ਲਈ ਚਲਾ ਗਿਆ। ਮੈਂ ਬੜਾ ਪੜ੍ਹਾਕੂ ਸਾਂ ਤੇ ਮੈਨੂੰ ਪੜ੍ਹਨ ਲਿਖਣ ਦਾ ਸ਼ੌਕ ਸੀ। ਇਸ ਸ਼ੌਕ ਨੇ ਹੀ ਮੇਰੇ ਅੰਦਰ ਸ਼ਾਇਰੀ ਦੀ ਜਾਗ ਲਾਈ ਤੇ ਮੈਂ ਸ਼ੇਅਰ ਕਹਿਣ ਲੱਗਾ। ਛੇਤੀ ਹੀ ਮੇਰਾ ਨਾਂ ਕਸ਼ਮੀਰ ਦੇ ਸਾਹਿਤਕ ਖੇਤਰ ਵਿਚ ਜਾਣਿਆ-ਪਛਾਣਿਆ ਜਾਣ ਲੱਗਾ। ਮੇਰੇ ਅੱਬਾ ਜੀ ਵੀ ਸ਼ਾਇਰੀ ਕਰਦੇ ਸਨ ਅਤੇ ਉਰਦੂ ਦੇ ਕਸ਼ਮੀਰੀ ਭਾਸ਼ਾ ਦੇ ਕੌਮੀ ਸਤਰ ਦੇ ਸ਼ਾਇਰ ਸਨ। ਸ਼ਾਇਰੀ ਦੀ ਗੁੜ੍ਹਤੀ ਮੈਨੂੰ ਮੇਰੇ ਅੱਬਾ ਜੀ ਕੋਲੋਂ ਹੀ ਮਿਲੀ ਸੀ। ਇਹ ਸ਼ਾਇਦ ਤੁਖਮ-ਤਾਸੀਰ ਦਾ ਵੀ ਅਸਰ ਸੀ ਕਿ ਮੈਂ ਸ਼ਾਇਰ ਬਣ ਗਿਆ। ਮੈਂ ਆਪਣੇ ਬਲਬੂਤੇ ਰੇਡੀਓ ਕਸ਼ਮੀਰ ਵਿਚ ਪ੍ਰੋਗਰਾਮ ਪ੍ਰੋਡਿਊਸਰ ਦੀ ਨੌਕਰੀ ਹਾਸਿਲ ਕੀਤੀ ਤੇ ਆਪਣੀ ਜ਼ਿੰਮੇਵਾਰੀ ਨੂੰ ਖੂਬ ਨਿਭਾਇਆ ਤੇ ਮਹਿਕਮੇ ਵਿਚ ਨਾਮ ਕਮਾਇਆ। ਮੈਂ ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਆਕਾਸ਼ਵਾਣੀ ਤੇ ਮਗਰੋਂ ਦੂਰਦਰਸ਼ਨ ਦੇ ਡਾਇਰੈਕਟਰ ਵਜੋਂ ਕੰਮ ਕਰਦਾ ਰਿਹਾ ਤੇ ਅਖੀਰ ਡਿਪਟੀ ਡਾਇਰੈਕਟਰ ਜਨਰਲ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ। ਇਸ ਸਾਰੀ ਅਦਬੀ ਤੇ ਸਰਕਾਰੀ ਆਵਾਰਾਗਰਦੀ ਵਿਚ ਮੈਂ ਆਪਣੇ ਯਾਰ ਰਾਜਨਾਥ ਨੂੰ ਕਦੇ ਵੀ ਨਾ ਭੁੱਲਿਆ।

ਸਰਕਾਰੀ ਕੰਮਕਾਜ ਤਾਂ ਹਰ ਕੋਈ ਕਰਦਾ ਹੈ ਪਰ ਜਦ ਵੀ ਕਿਸੇ ਕਸ਼ਮੀਰੀ ਪੰਡਿਤ ਦੀ ਮਿਸਲ ਮੇਰੇ ਕੋਲ ਆਉਂਦੀ ਤਾਂ ਰਾਜਨਾਥ ਦੀ ਤਸਵੀਰ ਮੇਰੇ ਸਾਹਮਣੇ ਆ ਜਾਂਦੀ ਤੇ ਉਸ ਦੀਆਂ ਰੱਤ ਲਿਬੜੀਆਂ ਅੱਖਾਂ ਫਾਈਲ ਨੂੰ ਮਨਜ਼ੂਰ ਕਰਨ ਲਈ ਮੇਰੀ ਕਲਮ ਬਣ ਜਾਂਦੀਆਂ। ਮੈਂ ਇਹ ਗੱਲ ਬੜੇ ਵਿਸ਼ਵਾਸ ਤੇ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਕਦੇ ਵੀ ਕਿਸੇ ਕਸ਼ਮੀਰੀ ਪੰਡਿਤ ਦੀ ਫਾਈਲ ਨਹੀਂ ਰੋਕੀ। ਕਦੇ ਕੋਈ ਉਨ੍ਹਾਂ ਦਾ ਕੰਮ ਨਹੀਂ ਰੋਕਿਆ। ਹਮੇਸ਼ਾ ਉਨ੍ਹਾਂ ਦੀ ਦਾਦ ਫਰਿਆਦ ਸੁਣੀ ਤੇ ਉਨ੍ਹਾਂ ਦੇ ਕੰਮ ਕਰਦਾ ਅਤੇ ਕਰਵਾਂਦਾ ਰਿਹਾ ਕਿਉਂ ਜੇ ਮੈਂ ਉਨ੍ਹਾਂ ਦਾ ਖੂਨ ਸਾਂ ਤੇ ਉਹ ਮੇਰਾ ਖੂਨ ਸਨ। ਹਰ ਕਸ਼ਮੀਰੀ ਪੰਡਿਤ ਦੇ ਰੂਪ ਵਿਚ ਮੈਨੂੰ ਆਪਣਾ ਯਾਰ ਰਾਜਨਾਥ ਹੀ ਲੱਭਦਾ ਜਿਸ ਦੀ ਮੌਤ ਲਈ ਖੌਰੇ ਕਿਉਂ ਮੈਂ ਆਪਣੇ ਆਪ ਨੂੰ ਜ਼ਿੰਮੇਦਾਰ ਸਮਝਦਾ ਸਾਂ।



ਮੇਰੇ ਦੂਜੇ ਬੋਝੇ ਵਿਚ ਜਿਹੜੀਆਂ ਦੋ ਅੱਖਾਂ ਪਈਆਂ ਨੇ, ਉਹ ਮੇਰੇ ਗੂੜ੍ਹੇ ਯਾਰ ਤੇ ਹਮਪਿਆਲਾ ਤੇ ਹਮਨਿਵਾਲਾ ਲੱਸਾ ਕੌਲ ਦੀਆਂ ਨੇ ਜਿਹੜਾ ਆਕਾਸ਼ਬਾਣੀ ਸ੍ਰੀਨਗਰ ਦਾ ਡਾਇਰੈਕਟਰ ਸੀ। ਅਸੀਂ ਦੋਵੇਂ 'ਕੱਠੇ ਬਹਿ ਕੇ ਦਾਰੂ ਪੀਂਦੇ ਤੇ ਕਸ਼ਮੀਰ ਦੀ ਰਾਜਨੀਤੀ 'ਤੇ ਗੱਲਾਂ ਕਰਦੇ ਤੇ ਸੋਚਦੇ ਰਹਿੰਦੇ ਬਈ ਭਾਰਤ ਸਰਕਾਰ ਕੋਲੋਂ 47 ਮਗਰੋਂ ਕਿਹੜੀਆਂ-ਕਿਹੜੀਆਂ ਗਲਤੀਆਂ ਹੋਈਆਂ। ਉਹ ਲੋਕਾਂ ਦਾ ਦਿਲ ਕਿਉਂ ਨਾ ਜਿੱਤ ਸਕੀ, ਤੇ ਇਨ੍ਹਾਂ ਗਲਤੀਆਂ ਦੇ ਸੁਧਾਰ ਲਈ ਸਰਕਾਰ ਨੂੰ ਕਿਹੜੇ-ਕਿਹੜੇ ਉਪਾਅ ਕਰਨੇ ਚਾਹੀਦੇ ਨੇ। ਮੈਂ ਉਦੋਂ ਦੂਰਦਰਸ਼ਨ, ਸ੍ਰੀਨਗਰ ਦਾ ਡਾਇਰੈਕਟਰ ਸਾਂ। ਅਸੀਂ ਦੋਵੇਂ ਕਸ਼ਮੀਰੀ ਗੱਭਰੂਆਂ ਨੂੰ ਅਤਿਵਾਦ ਦੇ ਚੁੰਗਲ ਤੋਂ ਬਾਹਰ ਕੱਢਣ ਲਈ ਨਵੇਂ-ਨਵੇਂ ਪ੍ਰੋਗਰਾਮ ਬਣਾਨ ਤੇ ਰੇਡੀਓ ਕਸ਼ਮੀਰ ਤੋਂ ਨਸ਼ਰ ਕਰਨ ਅਤੇ ਦੂਰਦਰਸ਼ਨ ਤੋਂ ਪੇਸ਼ ਕਰਨ ਦੇ ਉਪਰਾਲੇ ਕਰਦੇ ਰਹਿੰਦੇ। ਲੱਸਾ ਕੌਲ ਕਸ਼ਮੀਰ ਅਤੇ ਕਸ਼ਮੀਰੀਅਤ ਦਾ ਚਾਨਣ ਮੁਨਾਰਾ ਸੀ। ਉਹਦੀ ਯਾਰੀ ਦੋਸਤੀ ਤੇ ਨਿੱਘੇ ਸੰਬੰਧ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਨਾਲ ਸਨ। ਉਹ ਰੱਜ ਕੇ ਸੁਹਣਾ ਸੀ। ਹਸਮੁਖ ਸੀ ਤੇ ਮਹਿਫਿਲਾਂ ਦੀ ਜਿੰਦ-ਜਾਨ। ਉਹਦੇ ਸੰਬੰਧ ਕਸ਼ਮੀਰ ਦੀ ਅਫਸਰਸ਼ਾਹੀ ਨਾਲ ਵੀ ਬੜੇ ਨਿੱਘੇ ਸਨ... ਪਰ ਉਸ ਨੂੰ ਖਾੜਕੂਆਂ ਨੇ ਭਾਰਤੀ ਏਜੰਟ ਹੋਣ ਦੇ ਇਲਜ਼ਾਮ ਵਿਚ ਮਾਰ ਦਿੱਤਾ ਸੀ। ਉਸ ਦੀਆਂ ਅੱਖਾਂ ਹਮੇਸ਼ਾ ਮੈਥੋਂ ਪੁੱਛਦੀਆਂ ਨੇ ਕਿ ਉਸ ਦਾ ਕਸੂਰ ਕੀ ਸੀ। ਮੈਂ ਕੀ ਦੱਸਾਂ ਕਿ ਮਿੱਤਰਾ, ਇਸ ਧਰਤੀ 'ਤੇ ਬਹੁਤੇ ਲੋਕ ਬੇਕਸੂਰੇ ਹੀ ਮਰਦੇ ਨੇ। ਮੈਨੂੰ ਆਪਣੇ ਆਪ ਉੱਤੇ ਗੁੱਸਾ ਆਉਂਦਾ। ਮੈਂ ਕ੍ਰੋਧ ਦੀ ਅੱਗ ਵਿਚ ਸੜਦਾ ਰਹਿੰਦਾ... ਤੇ ਨਮੋਸ਼ੀ ਨਾਲ ਆਪਣੀਆਂ ਅੱਖਾਂ ਮੀਟ ਲੈਂਦਾ।

ਮੁਹੰਮਦ ਆਜ਼ਮ ਸਾਗਰ ਪੁਣਛ ਵਿਚ ਪਹਾੜੀ ਹੋਸਟਲ ਦਾ ਵਾਰਡਨ ਸੀ। ਉਸ ਦਾ ਪੁੱਤਰ ਨਿਸ਼ਾਤ ਆਜ਼ਮ ਐਗਰੀਕਲਚਰ ਯੂਨੀਵਰਸਿਟੀ ਲਖਨਊ ਤੋਂ ਐਮ.ਐਸ.ਸੀ. ਐਗਰੀਕਲਚਰ ਦੀ ਡਿਗਰੀ ਲੈ ਕੇ ਘਰ ਅੱਪੜਿਆ ਸੀ। ਇੱਕ ਦਿਨ ਸਾਗਰ ਸਾਹਿਬ ਨੇ ਉਸ ਨੂੰ ਆਪਣੇ ਪਿੰਡ ਨੱਕਾ ਮਜਾੜੀ ਘੱਲਿਆ ਤਾਂ ਜੇ ਉਹ ਫਸਲ ਦੀ ਕਟਾਈ ਕਰਾ ਸਕੇ। ਰਾਤੀਂ ਉਹ ਆਪਣੇ ਪਿੰਡ ਵਾਲੇ ਮਕਾਨ ਵਿਚ ਸੁੱਤਾ ਪਿਆ ਸੀ ਕਿ ਫੌਜੀ, ਖਾੜਕੂਆਂ ਦਾ ਪਿੱਛਾ ਕਰਦੇ ਹੋਏ ਸਾਗਰ ਸਾਹਿਬ ਦੇ ਮਕਾਨ ਅੰਦਰ ਵੜ ਗਏ। ਉਥੇ ਫੌਜੀਆਂ ਨੇ ਨਿਸ਼ਾਤ ਨੂੰ ਇਕੱਲਿਆਂ ਵੇਖਿਆ ਤਾਂ ਉਸ ਨੂੰ ਸੁੱਤਿਆਂ ਫੜ ਲਿਆ। ਨਿਸ਼ਾਤ ਨੇ ਲੱਖ ਸਮਝਾਇਆ, ਸਬੂਤ ਦਿੱਤੇ ਕਿ ਉਹ ਖਾੜਕੂ ਨਹੀਂ ਹੈ ਅਤੇ ਐਗਰੀਕਲਚਰ ਯੂਨੀਵਰਸਿਟੀ ਤੋਂ ਪੜ੍ਹਾਈ ਪੂਰੀ ਕਰ ਕੇ ਕੁਝ ਦਿਨ ਪਹਿਲਾਂ ਹੀ ਪੁਣਛ ਅੱਪੜਿਆ ਹੈ ਪਰ ਫੌਜੀਆਂ ਨੇ ਉਹਦੀ ਕੋਈ ਗੱਲ ਨਾ ਮੰਨੀ ਤੇ ਉਸ ਨੂੰ ਉਗਰਵਾਦੀ ਬਣਾ ਕੇ ਬੜੀ ਬੇਦਰਦੀ ਨਾਲ ਮਾਰ ਦਿੱਤਾ। ਪਿੰਡ ਵਿਚ ਹਾਹਾਕਾਰ ਮਚ ਗਿਆ। ਫੌਜੀਆਂ ਦੇ ਖਿਲਾਫ ਧਰਨੇ ਅਤੇ ਜਲੂਸ ਕੱਢੇ ਗਏ। ਫੌਜੀ ਆਪਣੀ ਗੱਲ 'ਤੇ ਅੜੇ ਹੋਏ ਸਨ ਕਿ ਉਨ੍ਹਾਂ ਨੇ ਉਗਰਵਾਦੀ ਨੂੰ ਮਾਰਿਆ ਹੈ। ਇਹ ਖਬਰ ਮੈਂ ਆਪਣੇ ਚੈਨਲ ਤੋਂ ਵੀ ਚਲਾਈ ਜਿਸ ਦਾ ਨਿਸ਼ਾਤ ਨੂੰ ਡਾਢਾ ਦੁੱਖ ਸੀ। ਸਰਕਾਰ ਨੇ ਲੋਕਾਂ ਨੂੰ ਸ਼ਾਂਤ ਕਰਨ ਲਈ ਇੱਕ ਇਨਕੁਆਇਰੀ ਕਮੇਟੀ ਬਿਠਾਈ ਜਿਸ ਦੀ ਰਿਪੋਰਟ ਕਦੇ ਵੀ ਨਹੀਂ ਆਈ। ਨਿਸ਼ਾਤ ਦੇ ਜਨਾਜ਼ੇ ਵਿਚ ਸਾਰਾ ਪੁਣਛ ਸ਼ਾਮਿਲ ਹੋਇਆ। ਸਾਗਰ ਸਾਹਿਬ ਮੇਰੇ ਚੰਗੇ ਦੋਸਤ ਸਨ। ਇਸ ਲਈ ਨਿਸ਼ਾਤ ਦੇ ਜਨਾਜ਼ੇ ਵਿਚ ਰਲਤ ਕਰਨ ਲਈ ਮੈਂ ਉਚੇਚੇ ਤੌਰ 'ਤੇ ਕਸ਼ਮੀਰੋਂ ਆਇਆ ਸਾਂ। ਜਦ ਨਿਸ਼ਾਤ ਨੂੰ ਕਬਰ ਵਿਚ ਦਫਨਾਣ ਲੱਗੇ ਤਾਂ ਉਸ ਦੀਆਂ ਅੱਖਾਂ ਕਫਨ 'ਚੋਂ ਬਾਹਰ ਨਿੱਕਲ ਕੇ ਮੇਰੇ ਕੋਲ ਆ ਗਈਆਂ। ਉਹ ਮੈਨੂੰ ਘੂਰਨ ਲੱਗੀਆਂ ਤੇ ਕਹਿਣ ਲੱਗੀਆਂ ਕਿ ਤੂੰ ਆਪਣੇ ਚੈਨਲ ਤੋਂ ਉਸ ਦੀ ਝੂਠੀ ਖਬਰ ਕਿੰਝ ਚਲਾਈ? ਨਿਸ਼ਾਤ ਦੀਆਂ ਅੱਖਾਂ ਦਾ ਕ੍ਰੋਧ ਮੈਂ ਨਹੀਂ ਝੱਲ ਸਕਿਆ। ਮੈਂ ਉਸ ਦੀਆਂ ਅੱਖਾਂ ਨੂੰ ਆਪਣੇ ਕੋਟ ਦੇ ਉੱਪਰਲੇ ਬੋਝੇ ਵਿਚ ਰੱਖ ਦਿੱਤਾ ਤੇ ਸ਼ਾਂਤ ਹੋ ਗਿਆ ਪਰ ਨਿਸ਼ਾਤ ਦੀ ਮੌਤ ਦੀ ਪੀੜਾ ਮੈਨੂੰ ਟੁੰਬਦੀ ਰਹਿੰਦੀ ਹੈ।

ਮੇਰੇ ਕੋਟ ਦੇ ਅੰਦਰਲੇ ਜੇਬ੍ਹੇ ਵਿਚ ਪਈਆਂ ਦੋ ਅੱਖਾਂ ਗੁਲਾਮ ਹੁਸੈਨ ਦੀਆਂ ਨੇ ਜਿਹੜਾ ਤੋਤਾ ਗਲੀ ਦਾ ਰਹਿਣ ਵਾਲਾ ਸੀ ਅਤੇ ਫੌਜ ਦਾ ਖਬਰੀ ਸੀ। ਉਹ ਭਾਰਤ ਦਾ ਸੱਚਾ ਸਪੂਤ ਸੀ ਤੇ ਉਗਰਵਾਦੀਆਂ ਦਾ ਸਖਤ ਵਿਰੋਧੀ। ਇਹੋ ਕਾਰਨ ਸੀ ਕਿ ਉਹ ਵੇਲੇ-ਕੁਵੇਲੇ ਫੌਜੀਆਂ ਨੂੰ ਉਗਰਵਾਦੀਆਂ ਦੇ ਠਿਕਾਣੇ 'ਤੇ ਹੋਣ ਵਾਲੀਆਂ ਕਾਰਵਾਈਆਂ ਦੀਆਂ ਖਬਰਾਂ ਦੇਂਦਾ ਰਹਿੰਦਾ ਸੀ। ਹੌਲੀ-ਹੌਲੀ ਖਾੜਕੂਆਂ ਨੂੰ ਪਤਾ ਚੱਲ ਗਿਆ ਕਿ ਗੁਲਾਮ ਹੁਸੈਨ ਫੌਜੀਆਂ ਦਾ ਖਬਰੀ ਹੈ। ਉਹਨੂੰ ਕਈ ਵਾਰ ਖਾੜਕੂਆਂ ਨੇ ਖਬਰਦਾਰ ਕੀਤਾ ਅਤੇ ਧਮਕੀ ਵੀ ਦਿੱਤੀ ਕਿ ਉਹ ਆਪਣੀਆਂ ਕਰਤੂਤਾਂ ਤੋਂ ਬਾਜ ਆ ਜਾਏ, ਨਹੀਂ ਤਾਂ ਉਸ ਦਾ ਸਾਰਾ ਟੱਬਰ ਮਾਰ ਦਿੱਤਾ ਜਾਏਗਾ ਪਰ ਗੁਲਾਮ ਹੁਸੈਨ ਅਤਿਵਾਦੀਆਂ ਦੀਆਂ ਧਮਕੀਆਂ ਦੀ ਪਰਵਾਹ ਨਹੀਂ ਸੀ ਕਰਦਾ ਤੇ ਆਪਣਾ ਕੰਮ ਕਰੀ ਜਾ ਰਿਹਾ ਸੀ। ਅਖੀਰ ਇੱਕ ਰਾਤੀਂ ਉਗਰਵਾਦੀਆਂ ਨੇ ਉਹਦੇ ਘਰ ਉੱਤੇ ਹੱਲਾ ਬੋਲ ਦਿੱਤਾ ਤੇ ਗੁਲਾਮ ਹੁਸੈਨ ਸਮੇਤ ਘਰ ਦੇ ਸਾਰੇ ਜੀਅ ਗੋਲੀਆਂ ਨਾਲ ਭੁੰਨ ਛੱਡੇ। ਕਿਸੇ ਵੀ ਉਨ੍ਹਾਂ ਦੀ ਸ਼ਹੀਦੀ ਦਾ ਸੋਗ ਨਹੀਂ ਮਨਾਇਆ, ਨਾ ਭਾਰਤ ਮਾਤਾ ਦੇ ਸਪੂਤਾਂ ਨੇ, ਨਾ ਹੀ ਰਿਸ਼ਤੇਦਾਰਾਂ ਨੇ; ਜਿਵੇਂ ਇਨਸਾਨ ਨਹੀਂ, ਕੁੱਤੇ ਮਰੇ ਹੋਣ। ਗੁਲਾਮ ਹੁਸੈਨ ਦੀਆਂ ਅੱਖਾਂ ਇਹ ਸਲੂਕ ਦੇਖ ਕੇ ਬੜੀਆਂ ਤੜਫੀਆਂ ਤੇ ਮੈਨੂੰ ਵੇਖ ਕੇ ਗਿਲਾ ਕਰਨ ਲੱਗੀਆਂ ਕਿ ਦੇਸ਼ ਭਗਤੀ ਦਾ ਸਿਲਾ ਇੰਝ ਹੀ ਮਿਲਦਾ ਹੁੰਦਾ ਹੈ? ਮੈਂ ਕੀ ਕਹਿੰਦਾ? ਸਰਕਾਰੀ ਬੇਰੁਖੀ ਦੇ ਇਸ ਤਰ੍ਹਾਂ ਦੇ ਕਈ ਤਮਾਸ਼ੇ ਮੈਂ ਕਈ ਵਾਰੀ ਆਪ ਵੇਖੇ ਸਨ। ਇਸ ਲਈ ਮੈਂ ਗੁਲਾਮ ਹੁਸੈਨ ਦੀਆਂ ਅੱਖਾਂ ਸਾਂਭ ਕੇ ਕੋਟ ਦੇ ਅੰਦਰਲੇ ਬੋਝੇ ਵਿਚ ਪਾ ਦਿੱਤੀਆਂ।

ਹਰਨੀ ਪਿੰਡ ਵਿਚ ਵੀ ਚਾਰ ਬੇਗੁਨਾਹ ਤੇ ਮਾਸੂਮ ਹਿੰਦੂਆਂ ਦਾ ਕਤਲ ਦਿਨ-ਦਿਹਾੜੇ ਖਾੜਕੂਆਂ ਨੇ ਕੀਤਾ ਸੀ ਤੇ ਲੋਕਾਂ ਵਿਚ ਇਸ ਘਟਨਾ ਬਾਰੇ ਡਾਢਾ ਰੋਸ ਸੀ। ਮੈਂਹਡਰ, ਪੁਣਛ, ਸੁਰਨਕੋਟ ਤੇ ਰਾਜੌਰੀ ਤੋਂ ਲੋਕੀਂ ਇਸ ਦੁਖਦਾਈ ਘਟਨਾ ਦਾ ਸੁਣ ਕੇ ਹਰਨੀ ਪਹੁੰਚੇ ਸਨ। ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਹੋ ਰਹੀ ਸੀ। ਪੁਤਲੇ ਸਾੜੇ ਜਾ ਰਹੇ ਸਨ। ਮੈਂ ਇਸ ਸਾਰੀ ਘਟਨਾ ਦੀ ਅੱਖੋਂ ਵੇਖੀ ਸਚਾਈ ਨੂੰ ਦਰਸਾਣ ਲਈ ਆਪੂੰ ਹਰਨੀ ਗਿਆ ਸਾਂ। ਲੋਕਾਂ ਕੋਲੋਂ ਪਤਾ ਚੱਲਿਆ ਕਿ ਦੋ ਦਿਨ ਪਹਿਲਾਂ ਬਲਨੋਈ ਵਿਚ ਰੱਖੀ ਗਈ ਫੌਜੀ ਬਟਾਲੀਅਨ ਦੇ ਕੁਝ ਸਿਪਾਹੀ ਰਾਤੀਂ ਖਾ-ਪੀ ਕੇ, ਸਰਹੱਦ ਟੱਪ ਕੇ, ਦੂਜੇ ਪਾਸੇ ਕਿਸੇ ਵਿਆਹ ਵਾਲੇ ਘਰ ਸੁੱਤੇ ਬੰਦਿਆਂ ਦਾ ਸਿਰ ਵੱਢ ਕੇ ਲੈ ਆਏ ਸਨ ਜਿਸ ਦਾ ਬਦਲਾ ਖਾੜਕੂਆਂ ਨੇ ਹਰਨੀ ਵਿਚ ਰਹਿੰਦੇ ਮਾਸੂਮ ਬੰਦਿਆਂ ਨੂੰ ਕਤਲ ਕਰ ਕੇ ਲਿਆ ਸੀ। ਉਸ ਘਰ ਦਾ ਬਜ਼ੁਰਗ ਕ੍ਰਿਸ਼ਨ ਲਾਲ ਮਰਦੇ-ਮਰਦੇ ਆਪਣੀਆਂ ਅੱਖਾਂ ਮੇਰੇ ਹਵਾਲੇ ਕਰ ਗਿਆ ਤੇ ਕਹਿ ਗਿਆ ਕਿ ਕਦ ਤੀਕਰ ਅਸੀਂ ਆਪਸ ਵਿਚ ਵੈਰ ਪਾਲਦੇ ਰਹਾਂਗੇ ਤੇ ਇੱਕ ਦੂਜੇ ਦੇ ਸਿਰ ਵੱਢਦੇ ਰਵ੍ਹਾਂਗੇ। ਕੀ ਅਸੀਂ ਇੱਕ ਦੂਜੇ ਨੂੰ ਸੁੱਖ ਸੁਨੇਹੇ ਨਹੀਂ ਦੇ ਸਕਦੇ? ਮੈਂ ਕ੍ਰਿਸ਼ਨ ਲਾਲ ਦੀਆਂ ਅੱਖਾਂ ਕੋਟ ਦੇ ਅੰਦਰਲੇ ਦੂਜੇ ਬੋਝੇ ਵਿਚ ਸਾਂਭ ਰੱਖੀਆਂ ਤਾਂ ਜੇ ਜਦ ਕਦੇ ਸਰਹੱਦ ਪਾਰ ਦੀਆਂ ਦੁੱਖ ਜਰਦੀਆਂ ਅੱਖਾਂ ਲੱਭਣ ਤਾਂ ਮੈਂ ਕ੍ਰਿਸ਼ਨ ਲਾਲ ਦੀਆਂ ਅੱਖਾਂ ਨਾਲ ਉਨ੍ਹਾਂ ਦੀਆਂ ਪੀੜਾਂ ਸਾਂਝੀਆਂ ਕਰ ਸਕਾਂ।

ਮੇਰੇ ਕੋਟ ਦੇ ਨਿੱਕੇ ਵੱਡੇ ਬੋਝਿਆਂ ਵਿਚ ਹੋਰ ਵੀ ਕਈ ਅੱਖਾਂ ਪਈਆਂ ਨੇ ਜਿਵੇਂ ਚੱਠੀ ਸਿੰਘਪੁਰਾ ਵਿਚ ਸਿੱਖ ਸ਼ਹੀਦਾਂ ਦੀਆਂ ਅੱਖਾਂ ਜਾਂ ਫਿਰ ਪਥਰੀਬਲ ਦੇ ਮਾਸੂਮ ਸ਼ਹੀਦਾਂ ਦੀਆਂ ਅੱਖਾਂ ਜਿਨ੍ਹਾਂ ਨੂੰ ਫੌਜੀਆਂ ਨੇ ਉਗਰਵਾਦੀ ਬਣਾ ਕੇ ਕਤਲ ਕਰ ਦਿੱਤਾ ਸੀ ਪਰ ਜਦ ਲੋਕਾਂ ਨੇ ਇਸ ਘਟਨਾ ਦੇ ਖਿਲਾਫ ਖੜਕੇ ਨਾਲ ਅੰਦੋਲਨ ਸ਼ੁਰੂ ਕੀਤਾ ਅਤੇ ਇਹ ਸਾਬਿਤ ਕਰ ਦਿੱਤਾ ਕਿ ਸ਼ਹੀਦ ਹੋਣ ਵਾਲੇ ਬੰਦਿਆਂ ਦਾ ਉਗਰਵਾਦ ਨਾਲ ਕੋਈ ਸੰਬੰਧ ਨਹੀਂ ਸੀ ਅਤੇ ਉਹ ਬੇਗੁਨਾਹ ਸਨ ਤਾਂ ਵੇਲੇ ਦੀ ਸਰਕਾਰ ਨੇ ਸੱਚ ਜਾਨਣ ਲਈ ਕਮਿਸ਼ਨ ਬਣਾਇਆ। ਮਰਨ ਵਾਲਿਆਂ ਦੀਆਂ ਲਾਸ਼ਾਂ ਕਬਰਾਂ ਵਿਚੋਂ ਕੱਢੀਆਂ ਗਈਆਂ ਤੇ ਡੀ.ਐਨ.ਏ. ਟੈਸਟ ਕਰਾਇਆ ਗਿਆ ਤਾਂ ਕਿਧਰੇ ਜਾ ਕੇ ਸਰਕਾਰ ਨੂੰ ਲੋਕਾਂ ਦੀ ਸਚਾਈ ਦਾ ਯਕੀਨ ਹੋਇਆ। ਕਸੂਰਵਾਰ ਫੌਜੀਆਂ ਦੇ ਖਿਲਾਫ ਫੌਜੀ ਅਦਾਲਤ ਵਿਚ ਕੇਸ ਚਲਾਇਆ ਗਿਆ ਪਰ ਕਿਸੇ ਨੂੰ ਵੀ ਸਜ਼ਾ ਨਹੀਂ ਹੋਈ ਜਦਕਿ ਚੱਠੀ ਸਿੰਘਪੁਰਾ ਦੇ ਸ਼ਹੀਦਾਂ ਬਾਰੇ ਤਾਂ ਕੋਈ ਇਨਕੁਆਇਰੀ ਕਮਿਸ਼ਨ ਵੀ ਨਹੀਂ ਬਣਾਇਆ ਗਿਆ। ਸਾਡੇ ਅਦਾਲਤੀ ਨਿਜ਼ਾਮ ਦੇ ਵਤੀਰੇ ਨੂੰ ਵੇਖ ਕੇ ਇਨ੍ਹਾਂ ਅੱਖਾਂ ਵਿਚੋਂ ਲਹੂ ਡੁੱਲ੍ਹ ਰਿਹਾ ਸੀ। ਮੈਂ ਲਹੂ ਨੂੰ ਸਾਫ ਕੀਤਾ ਅਤੇ ਸਾਰੀਆਂ ਅੱਖਾਂ ਨੂੰ ਦਿਲਾਸਾ ਦੇਣ ਲਈ ਆਪਣੇ ਕੋਲ ਰੱਖ ਲਿਆ ਪਰ ਇਹ ਅੱਖਾਂ ਮੈਥੋਂ ਪੁੱਛਦੀਆਂ ਨੇ ਕਿ ਸਾਡੇ ਦੇਸ਼ ਵਿਚ ਇਸ ਤਰ੍ਹਾਂ ਦੀ ਤਾਨਾਸ਼ਾਹੀ ਕਦ ਤੀਕਰ ਚੱਲੇਗੀ? ਸੱਚ ਦੀ ਤੱਕੜੀ ਕਦੋਂ ਤੀਕਰ ਉੱਚੀ ਨੀਵੀਂ ਰਵ੍ਹੇਗੀ? ਇਹ ਕਦ ਬਰਾਬਰ ਤੋਲੇਗੀ?...

ਪਰ ਮੈਂ ਕੀ ਦੱਸਾਂ, ਮੈਂ ਤਾਂ ਚੌਥੀ ਜਮਾਤ ਤੋਂ ਅੱਜ ਤੋੜੀ ਵੇਖ ਰਿਹਾ ਹਾਂ ਕਿ ਸਾਡੇ ਇੱਥੇ ਮੱਝਾਂ ਵੀ ਕਾਲੀਆਂ ਤੇ ਭੇਡਾਂ ਵੀ ਕਾਲੀਆਂ ਨੇ। ਜਨੂਨੀ ਧਰਮ ਅਤੇ ਸਿਆਸਤ ਦੇ ਕਾਰੋਬਾਰ ਅਤੇ ਹੱਦ ਤੋਂ ਵੱਧ ਪ੍ਰਚਾਰ ਨੇ ਇਨਸਾਨੀ ਰੂਹ, ਦਿਲ ਅਤੇ ਦਿਮਾਗ ਨੂੰ ਬਿਮਾਰ ਕਰ ਦਿੱਤਾ ਹੈ ਜਿਸ ਦਾ ਇਲਾਜ ਹੁਣ ਧਾਰਮਿਕ ਗ੍ਰੰਥ ਵੀ ਨਹੀਂ ਕਰ ਸਕਦੇ। ਆਮ ਲੋਕੀ ਨਹੀਂ ਸਮਝੇ। ਉਹ ਕੂੜ ਸ਼ਬਦਾਂ ਦੇ ਜਾਲ ਵਿਚ ਫਸੇ ਹੋਏ ਨੇ। ਉਨ੍ਹਾਂ ਨੂੰ ਕੌਣ ਸਮਝਾਏ ਕਿ ਚੂਹਾ ਸੱਪ ਨੂੰ ਕਿੰਝ ਨਿਗਲ ਸਕਦਾ ਹੈ? ਕੀੜੀਆਂ ਪਹਾੜ ਨੂੰ ਕਿੰਝ ਉਖਾੜ ਸਕਦੀਆਂ ਨੇ? ਹਿਰਨ ਬਘਿਆੜ ਦਾ ਸ਼ਿਕਾਰ ਕਿੰਝ ਕਰ ਸਕਦਾ ਹੈ? ਮੈਂ ਵੇਖਦਾ ਹਾਂ ਕਿ ਸੁਕਰਾਤ, ਮਨਸੂਰ ਤੇ ਸਰਮਦ ਜਿਹੇ ਦੋਸਤਾਂ ਦੇ ਦਿਲ ਵੀ ਮਰ ਚੁੱਕੇ ਨੇ ਤੇ ਦੁਨੀਆ ਵੀ ਮਰ ਚੁੱਕੀ ਹੈ। ਉਨ੍ਹਾਂ ਦੇ ਲਿਖੇ ਅੱਖਰਾਂ ਦਾ ਕੋਈ ਗਾਹਕ ਨਹੀਂ। ਲੱਲ ਮਾਂ, ਨੁੰਦ ਰਿਸ਼ੀ, ਵਾਰਿਸ, ਹਾਸ਼ਮ ਤੇ ਬੁੱਲ੍ਹੇ, ਸਭ ਝੱਲੇ ਬਣ ਗਏ ਨੇ।

ਇਸ ਲਈ ਮੈਂ ਫੈਸਲਾ ਕਰ ਲਿਆ ਕਿ ਇਨ੍ਹਾਂ ਅੱਖਾਂ ਨੂੰ ਇਸ ਅਜ਼ਾਬ ਦੇ ਤੇਜ਼ਾਬ ਵਿਚ ਹੋਰ ਨਹੀਂ ਸੜਨ ਦਿਆਂਗਾ। ਮੈਂ ਇੱਕ ਵੱਡੀ ਕਬਰ ਖੋਦੀ ਤੇ ਕੋਟ ਦੇ ਬੋਝਿਆਂ ਵਿਚੋਂ ਸਾਰੀਆਂ ਅੱਖਾਂ ਕੱਢ ਕੇ ਕਬਰ ਵਿਚ ਦਫਨਾ ਦਿੱਤੀਆਂ ਤੇ ਘਰ ਪਰਤ ਆਇਆ। ਘਰ ਆਉਂਦਿਆਂ ਹੀ ਮੈਂ ਆਪਣੇ ਜ਼ਮੀਰ ਦੇ ਬਖੀਏ ਉਧੇੜ ਸੁੱਟੇ। ਦਿਲ ਤੇ ਦਿਮਾਗ ਵਿਚ ਮੇਖਾਂ ਗੱਡ ਦਿੱਤੀਆਂ ਤੇ ਆਪਣੀਆਂ ਅੱਖਾਂ ਬੰਦ ਕਰ ਕੇ ਸੌਣ ਦਾ ਯਤਨ ਕਰਨ ਲੱਗਾ।

ਸਵੇਰੇ ਜਦ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਦਫਨ ਕੀਤੀਆਂ ਹੋਈਆਂ ਸਾਰੀਆਂ ਅੱਖਾਂ ਮੇਰੇ ਕਮਰੇ ਦੀਆਂ ਦੀਵਾਰਾਂ ਤੋਂ ਮੈਨੂੰ ਘੂਰ-ਘੂਰ ਕੇ ਦੇਖ ਰਹੀਆਂ ਸਨ ਤੇ ਆਪਣੇ ਜ਼ਿੰਦਾ ਹੋਣ ਦਾ ਸਬੂਤ ਦੇ ਰਹੀਆਂ ਸਨ।

# ਦੇਸੀ ਏਅਰਲਾਈਨਾਂ ਸਾਨੂੰ ਕਦੇ ਵੀ ਵਫ਼ਾ ਨਹੀਂ ਕਰਨਗੀਆਂ

## ਪ੍ਰਵਾਸੀਆਂ ਨੂੰ ਉਹ ਸਿਰਫ਼ ਮੁੰਨਣ ਵਾਲ਼ੀਆਂ ਭੇਡਾਂ ਹੀ ਸਮਝਦੇ ਨੇ

ਭਾਰਤ, ਆਪਣੀ ਮਾਂ-ਮਿੱਟੀ ਨਾਲ਼ ਬੇਹੱਦ ਮੋਹ ਸਾਨੂੰ ਪੰਜਾਬ ਧੂਹ ਕੇ ਲੈ ਜਾਂਦਾ ਹੈ। ਪਰ ਜਿੰਨੇ ਚਾਅ ਅਤੇ ਉਤਸ਼ਾਹ ਨਾਲ ਜਾਂਦੇ ਹਾਂ, ਉਸ ਤੋਂ ਕਿਤੇ ਜ਼ਿਆਦਾ ਨਿਰਾਸ਼ਾ ਲੱਦ ਕੇ ਲੈ ਆਉਂਦੇ ਹਾਂ। ਦਿੱਲੀ ਮਹਾਂ-ਨਗਰੀ ਦੇ ਏਅਰਪੋਰਟ ਉਪਰ ਕੰਮ ਕਰਦੇ ਏਅਰਲਾਈਨਾਂ ਦੇ ਕਰਮਚਾਰੀਆਂ ਦੀ ਲਾਪ੍ਰਵਾਹੀ, ਸ਼ੈਤਾਨੀਆਂ, ਦੁਰਵਿਹਾਰ ਅਤੇ ਗਿੱਦੜਮਾਰੀਆਂ ਅਸੀਂ ਲੰਮੇ ਸਮੇਂ ਤੱਕ ਭੁਲਾ ਨਹੀਂ ਸਕਦੇ ਅਤੇ ਯਾਦ ਕਰ-ਕਰ ਦੁਖੀ ਹੁੰਦੇ ਰਹਿੰਦੇ ਹਾਂ। ਬਿਨਾ ਕਸੂਰ ਤੁਹਾਡਾ ਹੋਇਆ ਨੁਕਸਾਨ ਤੁਹਾਨੂੰ ਰੜਕਦਾ ਰਹਿੰਦਾ ਹੈ ਅਤੇ ਤੁਸੀਂ ਮੱਕੜ ਜਾਲ ਵਾਂਗ ਇੱਕੋ ਸੁਆਲ ਵਿਚ ਉਲ਼ਝ ਕੇ ਰਹਿ ਜਾਂਦੇ ਹੋ, 'ਯਾਰ ਸਾਡਾ ਕਸੂਰ ਕੀ ਸੀ...?'

ਕੋਰੋਨਾ ਦੇ ਕਹਿਰ ਕਾਰਨ ਚਾਹੇ ਮੀਡੀਆ

**ਸ਼ਿਵਚਰਨ ਜੱਗੀ ਕੁੱਸਾ**
jaggikussa@yahoo.de

ਪ੍ਰਦੇਸੀਆਂ ਨੂੰ ਘੱਟੋ-ਘੱਟ ਇੱਕ ਸਾਲ ਹੋਰ ਘਰਾਂ ਵਿਚ ਟਿਕ ਕੇ ਬੈਠਣ ਦੀ ਸਲਾਹ ਦੇ ਰਿਹਾ ਸੀ। ਪਰ ਪੰਜਾਬ ਦਾ ਮੋਹ ਬੰਦੇ ਨੂੰ ਕਿੱਥੇ ਟਿਕਣ ਦਿੰਦੈ..? ਤਿੰਨ ਹਫ਼ਤੇ ਦੀਆਂ ਛੁੱਟੀਆਂ ਸਨ, ਸੋਚਿਆ ਇੱਥੇ ਤਿੰਨ ਹਫ਼ਤੇ ਰਹਿ ਕੇ ਕੀ ਕੜਛ ਮਾਂਜਾਂਗੇ, ਪੰਜਾਬ ਦਾ ਗੇੜਾ ਕੱਢ ਕੇ ਆਉਂਦੇ ਹਾਂ। ਦਿੱਲੀ ਵਸਦੇ ਮੇਰੇ ਪੁਲੀਸ ਅਫ਼ਸਰ ਮਿੱਤਰ ਜਸਬੀਰ ਜਲਾਲਾਬਾਦੀ ਤੋਂ ਕੋਰੋਨਾ ਬਾਰੇ ਕਨਸੋਅ ਲਈ। ਕਹਿੰਦੇ, 'ਦੁਨੀਆਂ ਤੁਰੀ ਫਿਰਦੀ ਐ ਬਾਈ ਜੀ, ਡਰਦੇ ਕਾਹਤੋਂ ਐਂ...ਆ ਜੋ ਜੱਫ਼ੀਆਂ ਪਾਈਏ ਤੇ ਪੈੱਗ-ਸ਼ੈੱਗ ਲਾਈਏ...!' ਅਜਿਹੀਆਂ ਹੱਲਾਸ਼ੇਰੀਆਂ ਸੁਣ ਕੇ ਮੈਂ ਵੀ ਸ਼ੇਰ ਬਣ ਗਿਆ। ਵਿਸਤਾਰਾ ਏਅਰਲਾਈਨ ਦੀ ਟਿਕਟ ਬੁੱਕ ਕਰ ਲਈ। ਦੁਨੀਆਂ ਤਾਂ ਰੂਸ, ਉਜ਼ਬੇਕ ਵਰਗੀਆਂ ਏਅਰਲਾਈਨਾਂ ਨੂੰ ਭੰਡਦੀ ਨਹੀਂ ਸੀ ਥੱਕਦੀ, ਪਰ ਮੇਰੇ ਨਿੱਜੀ ਤਜ਼ਰਬੇ ਮੁਤਾਬਿਕ Vistara Air (ਵਿਸਤਾਰਾ ਏਅਰ) ਦੁਨੀਆਂ ਦੀ ਸਭ ਤੋਂ ਨਖਿੱਧ ਏਅਰਲਾਈਨ ਹੈ, ਜਿਸ ਦੇ ਦਿੱਲੀ ਏਅਰਪੋਰਟ ਸਟਾਫ਼ ਦੇ ਰੁੱਖੇ ਵਤੀਰੇ ਦਾ ਸੁਆਦ ਸਿਰਫ਼ ਮੈਂ ਹੀ ਨਹੀਂ, ਹੋਰ ਹਜ਼ਾਰਾਂ ਲੋਕਾਂ ਨੇ ਚੱਖਿਆ ਹੋਵੇਗਾ। ਇੱਕ ਵਾਰ ਮੈਂ ਏਅਰ ਇੰਡੀਆ ਦੀਆਂ 'ਭਦਰਕਾਰੀਆਂ' ਉਪਰ ਵੀ 'ਇਹ-ਰੰਡੀ-ਆ' ਨਾਂ ਦਾ ਲੇਖ ਲਿਖਿਆ ਸੀ।

ਮੇਰਾ ਬੇਟਾ ਕਬੀਰ ਮੈਨੂੰ ਲੰਡਨ ਹੀਥਰੋ ਏਅਰਪੋਰਟ ਛੱਡ ਗਿਆ ਅਤੇ ਮੇਰੇ ਸਾਮਾਨ ਜਮ੍ਹਾਂ ਕਰਵਾ ਕੇ ਪਰਤ ਆਇਆ। ਸਹੀ ਸਮੇਂ ਫ਼ਲਾਈਟ ਦਿੱਲੀ ਜਾ ਉੱਤਰੀ। ਏਅਰਪੋਰਟ ਉਪਰ ਕੋਈ ਬਹੁਤੀ ਭੀੜ ਨਹੀਂ ਸੀ। ਸਾਰੀ ਕਾਰਵਾਈ ਉਪਰੰਤ ਮੈਂ ਪੌਣੇ ਕੁ ਬਾਰ੍ਹਾਂ ਵਜੇ ਬਾਹਰ ਆ ਗਿਆ। ਆਪਣੀ ਧਰਤੀ 'ਤੇ ਪਹੁੰਚ ਕੇ ਏਅਰਪੋਰਟ ਉਪਰ ਉਤਰਨ ਸਾਰ ਹੀ ਵਿਲੱਖਣ ਜਿਹਾ ਅਹਿਸਾਸ ਹੁੰਦਾ ਹੈ।

ਦਸ ਕੁ ਦਿਨ ਕੰਮਾਂ-ਧੰਦਿਆਂ ਵਿਚ ਲੰਘ ਗਏ। 15 ਦਸੰਬਰ 2020 ਨੂੰ ਮੇਰੇ ਵੱਡੇ ਭੈਣ ਜੀ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦੇ ਚੜ੍ਹਾਈ ਕਰ ਗਏ। ਅੰਨ੍ਹਾਂ ਖਰਚਾ ਅਤੇ ਤਕੜੇ-ਤਕੜੇ ਹਸਪਤਾਲਾਂ ਦਾ ਇਲਾਜ ਵੀ ਉਨ੍ਹਾਂ ਨੂੰ ਬਚਾ ਨਾ ਸਕਿਆ। ਪੂਰੇ ਹੋਣ ਤੋਂ ਪਹਿਲਾਂ ਮੈਂ ਨੌਂ ਦਿਨ ਭੈਣ ਜੀ ਦੇ ਸਿਰ੍ਹਾਣੇ ਬੈਠਾ ਰਿਹਾ। ਪਰ ਦੁਖੀ ਹੋਣ ਅਤੇ ਉਨ੍ਹਾਂ ਨੂੰ ਫ਼ੋਕਾ ਦਿਲਾਸਾ ਦੇਣ ਤੋਂ ਇਲਾਵਾ ਮੇਰੇ ਹੱਥ ਵੱਸ ਕੁਛ ਵੀ ਨਹੀਂ ਸੀ। ਪਰ ਅਫ਼ਸੋਸ, ਜਿਸ ਦਿਨ ਭੈਣ ਨੇ ਸਰੀਰ ਛੱਡਿਆ, ਉਸ ਤੋਂ ਪੰਜ ਦਿਨ ਪਹਿਲਾਂ ਮੈਂ ਲੰਡਨ ਪਹੁੰਚ ਚੁੱਕਿਆ ਸੀ। ਪਰ ਫਿਰ ਵੀ ਆਤਮਿਕ ਤਸੱਲੀ ਹੈ ਕਿ ਘੱਟੋ-ਘੱਟ ਨੌਂ ਕੁ ਦਿਨ ਤਾਂ ਮੈਂ ਭੈਣ ਦੀ ਸੇਵਾ ਕਰ ਸਕਿਆ। ਖ਼ੈਰ, ਮੇਰੀ ਵਾਪਸੀ ਫ਼ਲਾਈਟ 23 ਨਵੰਬਰ 2021 ਦੀ ਸੀ। ਦੋ ਦਿਨ ਪਹਿਲਾਂ ਕੋਰੋਨਾ ਟੈਸਟ ਕਰਵਾ ਲਿਆ ਅਤੇ ਏਅਰਪੋਰਟ ਉਪਰ ਜਾ ਕੇ ਵੀ ਟੈਸਟ ਕਰਵਾਇਆ। ਰਿਜ਼ਲਟ ਦੋਵਾਂ ਟੈਸਟਾਂ ਦਾ 'ਨੈਗੇਟਿਵ' ਹੀ ਆਇਆ।

23 ਨਵੰਬਰ ਨੂੰ ਮੇਰੀ ਫ਼ਲਾਈਟ ਬਾਅਦ ਦੁਪਿਹਰ ਦੋ ਵੱਜ ਕੇ ਤੀਹ ਮਿੰਟ 'ਤੇ ਸੀ। ਬਾਈ ਡਾਕਟਰ ਇੰਦਰ ਮੈਨੂੰ ਚੜ੍ਹਾਉਣ ਆਇਆ ਸੀ। ਸਵੇਰੇ ਦਸ ਵਜੇ ਏਅਰਪੋਰਟ ਅੰਦਰ ਦਾਖ਼ਲ ਹੋ ਗਿਆ। ਅੱਗੇ ਬੜੀ ਲੰਬੀ ਲਾਈਨ ਸੀ। ਇੱਕ ਪੈਂਹਟ ਕੁ ਸਾਲ ਦਾ ਅਧਗੰਜਾ, ਗਿੱਠਾ ਜਿਹਾ ਕਰਮਚਾਰੀ ਅਤੇ ਇੱਕ ਪੱਚੀ ਕੁ ਸਾਲ ਦਾ ਮੁੰਡਾ ਯਾਤਰੀਆਂ ਦੇ ਕਾਗਜ਼ ਚੈੱਕ ਕਰ ਰਹੇ ਸਨ। ਅਧਗੰਜੇ ਕਰਮਚਾਰੀ ਨੇ ਚਾਰ-ਪੰਜ ਪੰਜਾਬੀ ਮੁੰਡੇ ਇੱਕ ਪਾਸੇ ਖੜ੍ਹਾਏ ਹੋਏ ਸਨ। ਉਨ੍ਹਾਂ ਦੇ ਕੋਲ਼ ਖੜ੍ਹਨ ਲਈ ਉਸ ਨੇ ਮੈਨੂੰ ਵੀ ਇਸ਼ਾਰਾ ਕਰ ਦਿੱਤਾ। ਜਦ ਅਸੀਂ ਅੱਧਾ ਕੁ ਘੰਟਾ ਖੜ੍ਹੇ ਰਹੇ ਤਾਂ ਮੈਂ ਉਨ੍ਹਾਂ ਮੁੰਡਿਆਂ ਨੂੰ ਪੁੱਛਿਆ, 'ਤੁਸੀਂ ਅੱਗੇ ਕਿਉਂ ਨੀ ਤੁਰਦੇ ਸ਼ੇਰੋ...?' ਤਾਂ ਇੱਕ ਪੱਗ ਵਾਲਾ ਮੁੰਡਾ ਬੋਲਿਆ, 'ਅਸੀਂ ਪਹਿਲੀ ਵਾਰ ਇੰਗਲੈਂਡ ਚੱਲੇ ਆਂ ਜੀ, ਇੰਗਲੈਂਡ ਦੀ ਅੰਬੈਸੀ ਨੇ ਸਾਨੂੰ ਵੀਜ਼ਾ ਦਿੱਤੈ, ਤੇ ਇਹ ਵਿਸਤਾਰਾ ਏਅਰਲਾਈਨ ਵਾਲੇ ਕਹਿੰਦੇ ਤੁਹਾਡਾ ਵੀਜ਼ਾ ਸਹੀ ਨਹੀਂ ਲੱਗਦਾ। ਇਨ੍ਹਾਂ ਨੇ ਤਸਦੀਕ ਕਰਨ ਲਈ ਅੰਬੈਸੀ ਨੂੰ ਫ਼ੈਕਸ ਭੇਜੀ ਐ, ਪਰ ਅਜੇ ਤੱਕ ਕੋਈ ਉੱਤਰ ਨੀ ਆਇਆ...!'

'ਥੋਡੇ ਸਾਰਿਆਂ ਦੇ ਤਾਂ ਵੀਜ਼ੇ ਫ਼ਰਜ਼ੀ ਨਹੀਂ ਹੋ ਸਕਦੇ...?' ਮੈਂ ਵੀ ਦੁਬਿਧਾ ਵਿਚ ਪਿਆ ਖੜ੍ਹਾ ਸੀ।

'ਅੰਨ੍ਹੀ ਨੂੰ ਬੋਲ਼ਾ ਘੜੀਸਦੈ ਅੰਕਲ ਜੀ, ਕਿਹੜਾ ਕੋਈ ਸੁਣਦੈ...?' ਇੱਕ ਹੋਰ ਅੱਕਿਆ ਹੋਇਆ ਬੋਲਿਆ।

'ਮੈਨੂੰ ਲੱਗਦੈ ਇਹ ਮੇਰੇ ਅਰਗਿਆਂ ਨੂੰ ਪਾਸੇ ਕਰ ਕੇ, ਪੈਸੇ ਲੈ ਕੇ ਦੂਜਿਆਂ ਨੂੰ ਚੜ੍ਹਾਉਂਦੇ ਹੋਣਗੇ...!' ਦੂਜਾ ਮੁੰਡਾ ਬੋਲਿਆ।

ਮੈਂ ਉਸ ਅੱਧਗੰਜੇ ਕਰਮਚਾਰੀ ਕੋਲ਼ ਗਿਆ।

'ਇਨ੍ਹਾਂ ਦੇ ਤਾਂ ਤੁਸੀਂ ਵੀਜ਼ੇ ਫ਼ਰਜ਼ੀ ਦੱਸਦੇ ਓਂ, ਪਰ ਮੈਨੂੰ ਐਥੇ ਕਾਸ ਨੂੰ ਖੜ੍ਹਾਇਐ...? ਮੇਰੇ ਕੋਲ਼ ਤਾਂ ਵਿਦੇਸ਼ੀ ਪਾਸਪੋਰਟ ਐ...!' ਜਦ ਮੈਂ ਉਸ ਕਰਮਚਾਰੀ ਨੂੰ ਕਰੜਾ ਜਿਹਾ ਹੋ ਕੇ ਕਿਹਾ ਤਾਂ ਉਸ ਨੇ ਬੈਲਟ ਜਿਹੀ ਲਾਹ ਕੇ ਮੈਨੂੰ ਲਾਈਨ ਵਿਚ ਵੜਦੇ ਕਰ ਦਿੱਤਾ। ਮੇਰੇ ਹੱਥ ਵਿਚ ਪਾਸਪੋਰਟ ਸਮੇਤ ਸਾਰੇ ਲੋੜੀਂਦੇ ਕਾਗਜ਼ ਫੜੇ ਹੋਏ ਸਨ। ਤਿੰਨ ਕਾਊਂਟਰ ਚੱਲ ਰਹੇ ਸਨ। ਅੱਧਗੰਜਾ ਤਾਂ ਲੋਕਾਂ ਦੇ ਪੇਪਰਾਂ ਵਿਚ ਨਿਓਂਚਾਂ ਹੀ ਕੱਢ ਰਿਹਾ ਸੀ, ਜਦ ਕਿ ਲਵਾ ਜਿਹਾ ਮੁੰਡਾ ਯਾਤਰੀਆਂ ਦੇ ਕਾਗਜ਼ ਪੱਤਰ ਨਿਰਖ ਰਿਹਾ ਸੀ। ਜਿਸ ਦੇ ਪੇਪਰਾਂ ਵਿਚ ਘਾਟ ਹੁੰਦੀ, ਉਸ ਨੂੰ ਬੈਲਟ ਖੋਲ੍ਹ ਕੇ ਲਾਈਨ ਤੋਂ ਬਾਹਰ ਕਰ ਦਿੱਤਾ ਜਾਂਦਾ। ਮੇਰੇ ਮਗਰ ਇੱਕ ਅੱਸੀ ਕੁ ਸਾਲ ਦੀ ਬੇਬੇ ਆ ਖੜ੍ਹੀ।

'ਤੂੰ ਵੀ ਇੰਗਲੈਂਡ ਜਾਣੈਂ ਪੁੱਤ..?' ਉਸ ਮਾਤਾ ਨੇ ਮੈਨੂੰ ਪੇਂਡੂ ਲਹਿਜੇ ਵਾਲੀ ਅਪਣੱਤ ਨਾਲ਼ ਪੁੱਛਿਆ।

'ਹਾਂ ਬੇਬੇ, ਜਾਣਾ ਤਾਂ ਇੰਗਲੈਂਡ ਈ ਐ, ਜੇ ਜਾਣ ਦੇਣਗੇ...!' ਮੈਂ ਗੱਲ ਹਾਸੇ ਵਿਚ ਪਾ ਲਈ।

ਜਦ ਮੇਰੀ ਵਾਰੀ ਆਈ ਤਾਂ ਮੈਂ ਪਾਸਪੋਰਟ ਸਮੇਤ ਸਾਰੇ ਕਾਗਜ਼ ਉਸ ਦੇ ਹਵਾਲੇ ਕਰ ਦਿੱਤੇ।

'ਪੈਸੈਂਜਰ ਲੋਕੇਟਰ ਫ਼ਾਰਮ ਕਹਾਂ ਹੈ...?' ਉਸ ਨੇ ਕੋਚਰ ਨਜ਼ਰ ਨਾਲ ਸਾਰੇ ਕਾਗਜ਼ ਦੇਖ ਕੇ ਮੈਨੂੰ ਸੁਆਲ ਕੀਤਾ।

-'ਉਹਦੇ ਬਾਰੇ ਤਾਂ ਮੈਨੂੰ ਪਤਾ ਹੀ ਨੀ ਸੀ ਯਾਰ...!'

'ਪੈਸੈਂਜਰ ਲੋਕੇਟਰ ਫ਼ਾਰਮ ਲਾਓ...!' ਉਸ ਨੇ ਬੈਲਟ ਖੋਲ੍ਹ ਕੇ ਮੈਨੂੰ ਲਾਈਨ ਤੋਂ ਬਾਹਰ ਕਰ ਦਿੱਤਾ। ਬਿਰਧ ਮਾਤਾ ਵੀ ਮੇਰੇ ਮਗਰ ਹੀ ਤੁਰੀ ਆ ਰਹੀ ਸੀ।

'ਬੇਬੇ, ਤੁਸੀਂ ਤਾਂ ਕਾਗਜ਼ ਪੱਤਰ ਚੈੱਕ ਕਰਵਾ ਲੋ...!' ਮੈਂ ਮਾਤਾ ਨੂੰ ਵਾਪਸ ਭੇਜਿਆ ਅਤੇ ਆਪ ਆਪਣੇ ਬੇਟੇ ਨੂੰ ਫ਼ੋਨ ਕਰਨ ਲੱਗ ਪਿਆ। ਲੰਡਨ ਵਿਚ ਸਵੇਰ ਦੇ ਛੇ ਵਜੇ ਹੋਏ ਸਨ।

'ਯਾਰ ਕਬੀਰ, ਮੇਰਾ ਪੈਸੈਂਜਰ ਲੋਕੇਟਰ ਫ਼ਾਰਮ ਬਣਾ ਕੇ ਭੇਜ, ਜੇ ਮੈਂ ਫ਼ੋਨ 'ਤੇ ਕਰਨ ਲੱਗਿਆ ਤਾਂ ਮੈਨੂੰ ਐਥੇ ਈ ਦਿਨ ਛਿਪ-ਜੂ...!'

'ਮੈਂ ਹੁਣੇ ਬਣਾ ਕੇ ਥੋਨੂੰ ਈਮੇਲ ਕਰਦੈਂ, ਡੈਡ...!' ਕਹਿ ਕੇ ਕਬੀਰ ਆਪਣੇ ਕੰਮ ਲੱਗ ਗਿਆ ਅਤੇ ਮੈਂ ਇੱਕ ਪਾਸੇ ਬੈਠ ਕੇ ਉਡੀਕ ਕਰਨ ਲੱਗ ਪਿਆ। ਉਥੇ ਪੈਸੈਂਜਰ ਲੋਕੇਟਰ ਫ਼ਾਰਮ (**Passenger Locator Form**) ਵਾਲਾ ਮੈਂ ਇਕੱਲਾ ਹੀ ਨਹੀਂ, ਹੋਰ ਵੀ ਬਹੁਤ ਸਨ। ਮੁੰਡੇ ਅਜੇ ਵੀ ਅੰਬੈਸੀ ਦੀ ਫ਼ੈਕਸ ਉਡੀਕਦੇ ਥੱਕ ਗਏ ਸਨ। ਮੈਂ ਵਾਈ-ਫ਼ਾਈ ਨਾਲ ਕੁਨੈਕਟ ਕਰ ਕੇ ਈਮੇਲ ਚੈੱਕ ਕਰਨ ਲੱਗ ਪਿਆ। ਅਜੇ ਕਬੀਰ ਦੀ ਕੋਈ ਈਮੇਲ ਨਹੀਂ ਆਈ ਸੀ। ਜਦ ਮੈਂ ਫ਼ੋਨ ਜੇਬ 'ਚ ਪਾ ਕੇ ਉਪਰ ਦੇਖਿਆ ਤਾਂ ਓਹੀ ਪੰਜਾਬਣ ਬੇਬੇ ਮੇਰੇ ਕੋਲ ਖੜ੍ਹੀ ਸੀ।

'ਕਰਵਾ'ਤਾ ਸਮਾਨ ਜਮ੍ਹਾਂ, ਬੇਬੇ...?' ਮੈਂ ਪੁੱਛਿਆ।

'ਵੇ ਪੁੱਤ ਮੈਨੂੰ ਤਾਂ ਇਨ੍ਹਾਂ ਦੀ ਬਾਤ ਨੀ ਸਮਝ ਆਉਂਦੀ, ਔਹਨੂੰ ਪੁੱਛ ਮੁੰਡੇ ਨੂੰ, ਕੀ ਕਹਿੰਦੈ...?'

ਮੈਂ ਉਠ ਕੇ ਬੇਬੇ ਨਾਲ਼ ਤੁਰ ਪਿਆ। ਬੇਬੇ ਨੂੰ ਕਰਮਚਾਰੀ ਦੀ ਗੂੜ੍ਹ ਹਿੰਦੀ ਸਮਝ ਨਹੀਂ ਆਉਂਦੀ ਸੀ, ਤੇ ਉਨ੍ਹਾਂ ਨੂੰ ਬੇਬੇ ਦੀ ਠੇਠ ਪੰਜਾਬੀ।

'ਇਸ ਮਾਤਾ ਕੀ ਕਿਆ ਪ੍ਰਾਬਲਮ ਹੈ...?' ਮੈਂ ਪੱਚੀ ਕੁ ਸਾਲ ਦੇ ਕਰਮਚਾਰੀ ਨੂੰ ਪੁੱਛਿਆ।

'ਮਾਤਾ ਕਾ ਵੀਜ਼ਾ ਵੈਰੀਫ਼ਿਕੇਸ਼ਨ ਕੇ ਲਿਏ ਗਯਾ ਹੈ, ਜਬ ਆਏਗਾ, ਫ਼ਲਾਈਟ ਹੋ ਜਾਏਗੀ...!' ਉਹ ਬੜੇ ਅਰਾਮ ਨਾਲ਼ ਬੋਲਿਆ।



'ਮਾਤਾ ਇਸ ਉਮਰ ਮੇਂ ਜਾਅਲੀ ਵੀਜ਼ਾ ਲੇਕਰ ਜਾਏਗੀ..? ਕਯਾ ਬਾਤ ਕਰ ਰਹੇ ਹੈਂ ਆਪ...? ਕੁਛ ਤੋ ਸੋਚੋ..!'

'ਹਮਾਰੀ ਮਜਬੂਰੀ ਹੈ...!' ਕਹਿ ਕੇ ਉਹ ਪੂੰਝਾ ਜਿਹਾ ਛੁਡਾ ਕੇ ਭੱਜ ਗਿਆ। ਭੇਡੂ ਵਾਂਗ ਉਸ ਦੇ ਛੱਤਰੇ ਹਿਲਦੇ ਜਾ ਰਹੇ ਸਨ।

-'ਇੱਕ ਅੱਖ ਤੋਂ ਤਾਂ ਪੁੱਤ ਮੈਨੂੰ ਜਮਾਂ ਨੀ ਦੀਂਹਦਾ, ਤੇ ਦੂਜੀ ਤੋਂ ਵੀ ਮੈਨੂੰ ਘੱਟ ਈ ਦਿਸਦੈ...!' ਬੇਬੇ ਨੇ ਦੁੱਖ ਦੱਸਿਆ।

'ਬੇਬੇ ਕੀ ਕਰਨ ਚੱਲੇ ਓਂ...?'

'ਮੇਰੇ ਦੋਹਤੇ ਦਾ ਵਿਆਹ ਐ ਪੁੱਤ, ਦੋਹਤੇ ਦੇ ਵਿਆਹ 'ਤੇ ਚੱਲੀ ਆਂ...!'

ਮੇਰੇ ਫ਼ੋਨ ਦੀ 'ਟਿੰਗ' ਨੇ ਮੇਰੀ ਸੁਰਤੀ ਤੋੜੀ। ਕਬੀਰ ਦੀ ਈਮੇਲ ਸੀ। ਮੇਰਾ ਲੋਕੇਟਰ ਫ਼ਾਰਮ ਬਣ ਕੇ ਆ ਗਿਆ ਸੀ।

'ਬੇਬੇ ਮੈਨੂੰ ਆਪਣਾ ਸਮਾਨ ਜਮ੍ਹਾਂ ਕਰਵਾ ਲੈਣ ਦੇ, ਫ਼ੇਰ ਥੋਡਾ ਹੱਲ ਵੀ ਕਰਦੇ ਆਂ...!' ਮੈਂ ਸਮਾਨ ਵਾਲੀ ਟਰਾਲੀ ਕਾਊਂਟਰ ਵੱਲ ਨੂੰ ਕਰ ਲਈ। ਜਦ ਮੈਂ ਕਾਊਂਟਰ ਕੋਲ਼ ਗਿਆ ਤਾਂ ਇੱਕ ਤੀਹ-ਬੱਤੀ ਕੁ ਸਾਲ ਦੀ ਕੁੜੀ ਕਿਸੇ ਨਾਲ ਫ਼ੋਨ 'ਤੇ ਗੱਲ ਕਰਦੀ, ਰੋਈ ਜਾ ਰਹੀ ਸੀ।

'ਕਿਆ ਹੂਆ...? ਆਪ ਰੋ ਕਿਉਂ ਰਹੀ ਹੋ...?' ਮੈਂ ਉਸ ਨੂੰ ਪੁੱਛਿਆ ਤਾਂ ਉਸ ਨੇ ਕਾਊਂਟਰ ਵੱਲ ਹੱਥ ਕਰ ਦਿੱਤਾ। ਮੈਂ ਕਾਊਂਟਰ ਕੋਲ ਜਾ ਕੇ ਅਟੈਚੀ ਬੈਲਟ ਉਪਰ ਰੱਖਣਾ ਚਾਹਿਆ ਤਾਂ ਕੁੜੀ ਦੋ ਟੁੱਕ ਬੋਲੀ, 'ਕਾਊਂਟਰ ਬੰਦ ਹੋ ਚੁੱਕਾ ਹੈ, ਸਰ...!'

'ਅਰ੍ਹੇ ਫ਼ਲਾਈਟ ਜਾਨੇ ਮੇਂ ਤੋ ਅਭੀ ਡੇਢ੍ਹ ਘੰਟਾ ਬਾਕੀ ਹੈ...!' ਮੈਂ ਘੜੀ ਵੱਲ ਇਸ਼ਾਰਾ ਕੀਤਾ।

'ਸੌਰੀ ਸਰ...!' ਉਹ ਕਾਊਂਟਰ ਤੋਂ ਉਠ ਕੇ ਦੁੜਕੀ ਹੋ ਲਈ।

'ਅਰ੍ਹੇ ਮੈਂ ਤੋ ਪੈਸੇਂਜਰ ਲੋਕੇਟਰ ਫ਼ਾਰਮ ਕਰ ਕੇ ਉਧਰ ਖੜ੍ਹਾ ਥਾ, ਅਬ ਤੋ ਮੇਰੇ ਪਾਸ ਪੈਸੇਂਜਰ ਲੋਕੇਟਰ ਫ਼ਾਰਮ ਭੀ ਹੈ...!'

'ਕਾਊਂਟਰ ਬੰਦ ਹੋ ਚੁੱਕਾ ਹੈ, ਸਰ...!' ਇੱਕ ਹੋਰ ਦੇ ਚੱਪਣ ਵਰਗੇ ਬੁੱਲ੍ਹ ਹਿੱਲੇ।

'ਤੋ ਹਮਾਰੀ ਟਿਕਟ ਕਾ ਕਯਾ ਬਨੇਗਾ, ਭੱਈਆ...?' ਉਹ ਰੋਣ ਵਾਲੀ ਕੁੜੀ ਬੋਲੀ।

'ਕਸਟਮਰ ਸਰਵਿਸ ਕਾਊਂਟਰ ਪਰ ਜਾਈਏ...!' ਉਸ ਨੇ ਬੇਥ੍ਹਵੀ ਬਾਂਹ ਚੁੱਕ ਕੇ ਇਸ਼ਾਰਾ ਕੀਤਾ।

ਤਕਰੀਬਰ ਵੀਹ-ਬਾਈ ਜਾਣੇ ਜੱਥਾ ਬਣਾ ਕੇ ਉਧਰ ਨੂੰ ਤੁਰ ਪਏ। ਪਰ ਸਾਨੂੰ ਕਿਤੇ ਵੀ ਕਸਟਮਰ ਸਰਵਿਸ ਵਾਲਾ ਕਾਊਂਟਰ ਨਾ ਮਿਲਿਆ ਅਤੇ ਰੁਲ-ਖੁਲ ਕੇ ਓਸੇ ਕਾਊਂਟਰ ਕੋਲ ਫਿਰ ਆ ਗਏ। ਅੱਧਗੰਜਾ ਕਰਮਚਾਰੀ ਤਾਂ ਪੱਤੇ ਤੋੜ ਗਿਆ ਸੀ। ਇੱਕ ਪੱਚੀ ਕੁ ਸਾਲ ਦੀ ਕੁੜੀ ਵਿਗੜੀ ਸਥਿਤੀ ਸੰਭਾਲਣ ਲਈ ਕਾਊਂਟਰ ਕੋਲ ਆ ਖੜ੍ਹੀ। ਨਵੇਂ ਵੀਜ਼ੇ ਵਾਲੇ ਮੁੰਡੇ ਉਸ ਦੁਆਲੇ ਘੇਰਾ ਘੱਤੀ ਖੜ੍ਹੇ ਸਨ।

'ਜਦੋਂ ਅੰਬੈਸੀ ਨੇ ਸਾਨੂੰ ਵੀਜ਼ਾ ਦਿੱਤਾ ਹੈ, ਤੁਸੀਂ ਬਿਨਾ ਸਬੂਤ ਤੋਂ ਕਿਵੇਂ ਕਹਿ ਸਕਦੇ ਹੋ ਕਿ ਸਾਡੇ ਵੀਜ਼ੇ ਫ਼ਰਜ਼ੀ ਨੇ...?' ਇੱਕ ਮੁੰਡੇ ਨੇ ਸੁਆਲ ਪੁੱਛਿਆ ਤਾਂ ਕੁੜੀ ਨੂੰ ਕੋਈ ਉੱਤਰ ਨਾ ਔੜਿਆ। ਉਹ ਧੂੜ 'ਚ ਟੱਟੂ ਰਲਾਉਂਦੀ ਹੋਈ ਬੋਲੀ, 'ਮੁਝੇ ਤੋ ਆਪ ਕੇ ਕੇਸ ਕਾ ਪਤਾ ਨਹੀਂ, ਆਪ ਕਸਟਮਰ ਸਰਵਿਸ ਸੇ ਬਾਤ ਕੀਜੀਏ...?' ਉਸ ਨੇ ਇੱਕ ਨੰਬਰ ਦਿਖਾਉਂਦੀ ਹੋਈ ਨੇ ਸਲਾਹ ਦਿੱਤੀ, 'ਇਸ ਨੰਬਰ ਪਰ ਕਾਲ ਕੀਜੀਏ...!'

'ਹਮੇਂ ਯੇਹ ਬਤਾਈਏ ਕਿ ਹਮਾਰੀ ਟਿਕਟ ਆਪ ਨੇ ਖਰਾਬ ਕਰ ਦੀ, ਯਾਂ ਹਮੇਂ ਇਸੀ ਟਿਕਟ ਪਰ ਲੇ ਕਰ ਜਾਏਂਗੇ, ਕਿਉਂਕਿ ਕਸੂਰ ਤੋ ਹਮਾਰਾ ਕੋਈ ਭੀ ਨਹੀਂ..!'

'ਹਮ ਤੋ ਸਵੇਰੇ ਦਸ ਵਜੇ ਸੇ ਯਹਾਂ ਖੜ੍ਹੇ ਹੈਂ...!'

'ਕਰਜ਼ਾ ਚੱਕ ਕੇ ਟਿਕਟ ਖਰੀਦੀ ਸੀ, ਤੇ ਇਹ ਸਾਨੂੰ ਬੇਵਕੂਫ਼ ਬਣਾਈ ਜਾਂਦੇ ਆ...!' ਇੱਕ ਮੁੰਡੇ ਨੇ ਅੱਖਾਂ ਭਰ ਲਈਆਂ।

'ਪੁੱਤ ਮੇਰਾ ਕੀ ਬਣੂੰ...?' ਬੇਬੇ ਨੇ ਮੈਨੂੰ ਸੁਆਲ ਕੀਤਾ। ਬੇਬੇ 'ਤੇ ਮੈਨੂੰ ਅਥਾਹ ਤਰਸ ਆਇਆ।

'ਹਮਾਰੀ ਤੋ ਬਾਤ ਛੋੜੋ, ਇਸ ਬਿਰਧ ਮਾਤਾ ਕੋ ਤੋ ਜਾਨੇ ਦੋ...! ਕਯਾ ਆਪ ਸੋਚ ਸਕਤੇ ਹੈਂ ਕਿ ਇਸ ਉਮਰ ਮੇਂ ਯੇਹ ਕਿਸੀ ਫ਼ਰਜ਼ੀ ਵੀਜ਼ੇ ਪਰ ਇੰਗਲੈਂਡ ਜਾਏਗੀ...?' ਮੈਂ ਕੁੜੀ ਨੂੰ ਮਾਤਾ ਵੱਲ ਹੱਥ ਕਰ ਕੇ ਕਿਹਾ।

'ਸਰ, ਯੇਹ ਮੇਰਾ ਕਾਮ ਨਹੀਂ, ਕਸਟਮਰ ਸਰਵਿਸ ਸੇ ਬਾਤ ਕਰ ਲੇਨਾ...! ਨੰਬਰ ਆਪ ਨੇ ਨੋਟ ਕਰ ਹੀ ਲੀਆ..!' ਉਸ ਨੇ ਭੌਣ ਤੋਂ ਲਾਹ ਦਿੱਤੀ।

'ਪੁੱਤ ਹੁਣ ਕੀ ਕਹਿੰਦੀ ਆ...?' ਆਸ ਭਰੀਆਂ ਨਜ਼ਰਾਂ ਨਾਲ ਮਾਤਾ ਮੇਰੇ ਵੱਲ ਝਾਕ ਰਹੀ ਸੀ।

'ਬੇਬੇ ਇਹ ਫ਼ਲਾਈਟ ਤਾਂ ਸਮਝ ਲਓ, ਚਲੀ ਗਈ...!'

'ਚਲੀ ਗਈ...? ਪੁੱਤ ਮੈਨੂੰ ਤਾਂ ਮੁੰਡੇ ਸਵੇਰੇ ਦਸ ਵਜੇ ਲਾਹ ਕੇ ਪਿੰਡ ਨੂੰ ਮੁੜ'ਗੇ, ਹੁਣ ਮੇਰਾ ਵਾਲੀਵਾਰਸ ਕੌਣ ਆਂ..?' ਘਬਰਾਈ ਮਾਤਾ ਬੌਂਦਲ ਗਈ।

'ਪਿੰਡ ਨੂੰ ਮੁੜ ਗਏ...?'

'ਉਹ ਤਾਂ ਪੁੱਤ ਮੈਨੂੰ ਅੰਦਰ ਵਾੜ ਕੇ ਤੁਰ'ਗੇ ਸੀ...!'

'ਉਨ੍ਹਾਂ ਦਾ ਨੰਬਰ ਹੈ ਬੇਬੇ ਕੋਈ...?'

ਬੇਬੇ ਨੇ ਇੱਕ ਵੱਡੇ ਸਾਰੇ ਕਾਗਜ਼ ਉਪਰ ਵੱਡੇ-ਵੱਡੇ ਅੱਖਰਾਂ 'ਚ ਲਿਖਿਆ ਇੰਗਲੈਂਡ ਦਾ ਨੰਬਰ ਦਿਖਾਇਆ।

'ਇਹ ਤਾਂ ਬੇਬੇ ਬਾਹਰਲਾ ਨੰਬਰ ਐ, ਕੋਈ ਐਥੋਂ ਦਾ ਨੰਬਰ ਹੈਨ੍ਹੀ...?'

'ਮੈਨੂੰ ਤਾਂ ਆਹੀ ਲੰਬਰ ਦੇ ਕੇ ਗਏ ਸੀ, ਪੁੱਤ...!' ਮਾਤਾ ਦੀਆਂ ਬੁਝੀਆਂ ਅੱਖਾਂ ਫ਼ਿਕਰ ਵਿਚ ਡੁੱਬ ਗਈਆਂ।

'ਮਾਤਾ ਕੇ ਲੜਕੇ ਇਸ ਕੋ ਯਹਾਂ ਛੋੜ ਕਰ ਪੰਜਾਬ ਪਰਤ ਗਏ ਹੈਂ, ਆਪ ਇਸ ਮਾਤਾ ਕੀ ਕੋਈ ਮੱਦਦ ਨਹੀਂ ਕਰ ਸਕਤੇ..?' ਮੈਂ ਉਸ ਕੁੜੀ ਨੂੰ ਕਿਹਾ, 'ਆਪ ਕੀ ਕੋਈ ਔਰ ਫ਼ਲਾਈਟ ਨਹੀਂ ਜਾ ਰਹੀ..?'

'ਹਮ ਕੁਛ ਨਹੀਂ ਕਰ ਸਕਤੇ, ਸਰ...!' ਉਹ ਰਜਿਸਟਰ ਵਿਚ ਸਾਡੇ ਨਾਂ ਦਰਜ ਕਰ ਕੇ ਸਾਨੂੰ ਬਾਹਰ ਛੱਡ ਗਈ। ਮੈਂ ਮਾਤਾ ਤੋਂ ਨੰਬਰ ਫੜ ਕੇ ਇੰਗਲੈਂਡ ਦਾ ਨੰਬਰ ਮਿਲਾ ਲਿਆ ਅਤੇ ਮਾਤਾ ਨਾਲ ਗੱਲ ਕਰਵਾ ਦਿੱਤੀ। ਇੰਗਲੈਂਡ ਵਾਲਿਆਂ ਨੇ ਇੱਥੋਂ ਦੇ ਮੁੰਡਿਆਂ ਨਾਲ ਰਾਬਤਾ ਕੀਤਾ। ਚੰਗੇ ਭਾਗਾਂ ਨੂੰ ਮਾਤਾ ਦੇ ਵਾਰਸ ਮੁੰਡੇ ਅਜੇ ਦਿੱਲੀ ਦੇ ਕਿਸਾਨ ਮੋਰਚੇ ਵਾਲੀ ਜਗ੍ਹਾ 'ਤੇ ਮੌਜੂਦ ਸਨ, ਪਿੰਡ ਨਹੀਂ ਗਏ ਸਨ। ਇਸ ਲਈ ਉਨ੍ਹਾਂ ਨੇ ਸਾਨੂੰ ਇੱਕ ਘੰਟੇ ਦੇ ਅੰਦਰ-ਅੰਦਰ ਏਅਰਪੋਰਟ ਪਹੁੰਚਣ ਦਾ ਵਾਅਦਾ ਦਿੱਤਾ। ਮੈਂ ਅਤੇ ਦੂਜੇ ਮੁੰਡੇ ਉਨ੍ਹਾਂ ਦੀ ਉਡੀਕ ਵਿਚ ਬੈਠ ਗਏ ਕਿ ਮਾਤਾ ਉਦਾਸ ਹੋ ਕੇ ਦਿਲ ਨਾ ਛੱਡ ਜਾਵੇ। ਮੁੰਡੇ ਆਪਣਾ ਆਪਣਾ ਦੁੱਖ ਰੋ ਰਹੇ ਸਨ। ਪੰਜਾਹ ਹਜ਼ਾਰ ਦੀ ਇੱਕ ਪਾਸੇ ਦੀ ਟਿਕਟ ਬਗੈਰ ਕਿਸੇ ਕਸੂਰ ਤੋਂ ਘੱਟੇ ਪਾ ਦਿੱਤੀ ਗਈ ਸੀ।

ਮਾਤਾ ਨੂੰ ਉਸ ਦੇ ਵਾਰਸਾਂ ਨੂੰ ਸੌਂਪ ਕੇ ਮੈਂ ਟੈਕਸੀ ਫੜ ਕੇ ਦਿੱਲੀ ਡਾਕਟਰ ਬਾਈ ਕੋਲ ਆ ਗਿਆ।

ਆਥਣੇ ਚਾਰ ਕੇ ਵਜੇ ਮੈਂ ਵਿਸਤਾਰਾ ਏਅਰ ਦੇ ਕਸਟਮਰ ਸਰਵਿਸ ਨੂੰ ਫ਼ੋਨ ਕੀਤਾ। ਇੱਕ ਲੜਕੀ 'ਖ਼ੁਸ਼ੀ' ਨਾਲ਼ ਗੱਲ ਹੋਈ। ਉਸ ਨੂੰ ਜਦ ਸਾਰਾ ਕੁਛ ਮੈਂ ਵਿਸਥਾਰ ਨਾਲ ਦੱਸਿਆ ਤਾਂ ਉਹ ਬੜੇ ਮਿਜ਼ਾਜ ਨਾਲ ਆਖਣ ਲੱਗੀ, 'ਮੈਂ ਆਪ ਕੋ ਵੱਨ ਵੇਅ ਟਿਕਟ ਫ਼ਿਫ਼ਟੀ ਫ਼ੋਰ ਥਾਊਜ਼ੈਂਟ ਰੁਪੀਜ਼ ਕੀ ਦੇ ਸਕਤੀ ਹੂੰ, ਯੇਹ ਹਮਾਰੀ ਬੈਸਟ ਔਫ਼ਰ ਹੈ...!'

'ਆਪ ਹਮਾਰਾ ਕਸੂਰ ਤੋ ਬਤਾਈਏ ਕਿ ਹਮਾਰਾ ਦੋਸ਼ ਕਯਾ ਹੈ..? ਹਮ ਫ਼ਲਾਈਟ ਜਾਨੇ ਕੇ ਪਾਂਚ ਘੰਟੇ ਪਹਿਲੇ ਪਹੁੰਚੇ, ਪੈਸੇਂਜਰ ਲੋਕੇਟਰ ਫ਼ਾਰਮ ਮਾਂਗਾ, ਆਧੇ ਘੰਟੇ ਮੇਂ ਵੋਹ ਦੇ ਦੀਆ, ਹਮਾਰਾ ਕਸੂਰ ਤੋ ਬਤਾਈਏ ਕੀ ਹਮਾਰੀ ਟਿਕਟ ਆਪ ਨੇ ਕਿਉਂ ਖਰਾਬ ਕਰ ਦੀ ਔਰ ਅਬ ਹਮ ਨਈ ਟਿਕਟ ਲੇ ਕਰ ਕਿਉਂ ਜਾਏਂ...? ਹਮਾਰਾ ਦੋਸ਼ ਤੋ ਬਤਾਈਏ...?'

'ਆਪ ਐਸਾ ਕਰੀਏ, ਮੁਝੇ ਦੋ ਦਿਨ ਕਾ ਸਮਾਂ ਦੀਜੀਏ, ਮੈਂ ਆਪ ਕੋ ਕਾਲ ਕਰੂੰਗੀ...!'

'ਭੂਲ ਮੱਤ ਜਾਨਾ...!' ਹੌਲੀ-ਹੌਲੀ ਮੇਰੀ ਹਿੰਦੀ ਵੀ ਮੁੱਕ ਚੱਲੀ ਸੀ। ਖੁਰਚ-ਖੁਰਚ ਕੇ ਅੰਦਰੋਂ ਕੱਢੀ ਹਿੰਦੀ ਦਾ ਕੋਟਾ ਵੀ ਹੁਣ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਾਂਗ ਖਾਲੀ ਹੁੰਦਾ ਜਾ ਰਿਹਾ ਸੀ।

ਤੀਜੇ ਦਿਨ ਕਿਸੇ ਹੋਰ ਬੀਬੀ ਦਾ ਫ਼ੋਨ ਆ ਗਿਆ। ਉਸ ਨੇ ਤਾਂ ਸਿੱਧਾ ਹੀ ਝੱਗਾ ਚੁੱਕ ਦਿੱਤਾ ਕਿ ਜਿੱਥੋਂ ਤੁਸੀਂ ਟਿਕਟ ਖਰੀਦੀ ਸੀ, ਉਸ ਏਜੰਟ ਨਾਲ ਗੱਲ ਕਰੋ, ਸ਼ਾਇਦ ਉਹ ਤੁਹਾਨੂੰ 'ਰੀਫ਼ੰਡ' ਦੇ ਦੇਣ...?

'ਲੇਕਿਨ ਪੈਸੇ ਤੋ ਆਪ ਕੀ ਏਅਰਲਾਈਨ ਕੋ ਹੀ ਆਏ ਹੈਂ, ਏਜੰਸੀ ਕੋ ਤੋ ਸਿਰਫ਼ ਥੋੜਾ ਬਹੁਤਾ ਕਮਿਸ਼ਨ ਮਿਲਾ ਹੋਗਾ...?'

'ਸਰ, ਸਿਲਿਊਸ਼ਨ ਮੈਨੇ ਆਪ ਕੋ ਬਤਾ ਦੀਆ, ਕਰਨਾ ਨਾ ਕਰਨਾ ਆਪ ਕਾ ਕਾਮ ਹੈ...!' ਤੇ ਉਹ ਫ਼ੋਨ ਕੱਟ ਕੇ ਤਿੱਤਰ ਹੋ ਗਈ।

'ਫ਼ਤ ਲਓ ਪੁੱਛ...! ਇੱਕ ਤਾਂ ਜੁਆਕ ਦਰਵਾਜੇ 'ਚ ਹੱਥ ਦੇ ਲੈਂਦੈ, ਤੇ ਦੂਜਾ ਘਰ ਦੇ ਉਤੋਂ ਕੁੱਟਣ ਲੱਗ ਜਾਂਦੇ ਐ, ਬਈ ਸਾਲਿਆ ਹੱਥ ਦਿੱਤਾ ਕਿਉਂ...? ਦੂਹਰੀ ਮਾਰ..!' ਮੇਰੇ ਮਨ ਨੇ ਕਿਹਾ। ਹੁਣ ਮੈਂ ਵੀ ਦੂਹਰੀ ਮਾਰ ਦਾ ਸੰਤਾਪ ਝੱਲ ਰਿਹਾ ਸਾਂ। ਮੈਂ ਅਜੇ ਫ਼ੋਨ ਰੱਖਿਆ ਹੀ ਸੀ ਕਿ ਕਬੀਰ ਦਾ ਫ਼ੋਨ ਆ ਗਿਆ, 'ਡੈਡ, ਨਵੇਂ ਵਾਇਰਸ ਓਮੀਕਰੋਨ ਤੇ ਡੈਲਟਾ ਕਾਰਨ ਇੱਕ ਦਸੰਬਰ ਤੋਂ ਇਨ੍ਹਾਂ ਨੇ ਫ਼ਲਾਈਟਾਂ ਬੰਦ ਕਰ ਦੇਣੀਐਂ, ਮੈਂ ਤੁਹਾਨੂੰ ਵੰਨ ਵੇਅ ਟਿਕਟ ਵਾਇਆ ਡੁਬਈ ਭੇਜ ਰਿਹੈਂ, ਚੁੱਪ ਕਰ ਕੇ ਚੜ੍ਹ ਆਓ, ਕਿਤੇ ਦਿੱਲੀ ਹੀ ਨਾ ਫ਼ਸ ਕੇ ਰਹਿ ਜਿਓ...!'

'ਕਿੰਨੇ ਦੀ ਆਈ ਐ...?'

'ਛੇ ਸੌ ਪੌਂਡ ਦੀ...! ਤੁਸੀਂ ਇਹ ਚਿੰਤਾ ਨਾ ਕਰੋ ਤੇ ਬੱਸ ਚੜ੍ਹ ਆਓ...!' ਪੁੱਤ ਦੇ ਹੌਸਲੇ ਨੇ ਮੇਰਾ ਸੇਰ ਖ਼ੂਨ ਵਧਾ ਦਿੱਤਾ। ਪਰ ਰੰਨ ਗਈ ਨਾਲੇ ਕੰਨ ਪਾਟੇ, ਰਾਂਝੇ ਦੱਸ ਪਿਆਰ 'ਚੋਂ ਖੱਟਿਆ ਕੀ ਬਾਰੇ ਸੋਚ ਕੇ ਮੈਨੂੰ ਵਿਸਤਾਰਾ ਵਾਲਿਆਂ 'ਤੇ ਰਹਿ ਰਹਿ ਕੇ ਖਿਝ ਆ ਰਹੀ ਸੀ। ਜਿਨ੍ਹਾਂ ਨੇ ਬਿਨਾ ਗੱਲੋਂ ਮੇਰਾ ਹਫ਼ਤਾ ਬਰਬਾਦ ਕਰ ਦਿੱਤਾ ਅਤੇ ਜਿਹੜੇ ਕੋਰੋਨਾ ਦੇ ਟੈਸਟ ਹੋਣੇ ਸੀ, ਉਹ ਵੱਖਰੇ ਅਤੇ ਲੱਖ ਰੁਪਏ ਦਾ ਬਿਨਾ ਗੱਲੋਂ ਵਾਧੂ ਨੁਕਸਾਨ ਹੋ ਗਿਆ ਸੀ। ਅਗਲੇ ਦਿਨ ਕੋਰੋਨਾ ਦੇ ਦੋ ਟੈਸਟ ਕਰਵਾਏ ਅਤੇ 30 ਨਵੰਬਰ ਨੂੰ ਓਮਰਿਟਏਸ ਅਰਿਲਨਿਏ ਦੀ ਫ਼ਲਾਈਟ ਫੜ ਕੇ ਹੀਥਰੋ ਆ ਉਤਰਿਆ ਅਤੇ ਮੁੜ ਕੰਨਾਂ ਨੂੰ ਹੱਥ ਲਾਏ ਕਿ ਅੱਜ ਤੋਂ ਕਿਸੇ ਵੀ ਦੇਸੀ ਏਅਰਲਾਈਨ ਵਿਚ ਸਫ਼ਰ ਨਹੀਂ ਕਰੂੰਗਾ। ਜਿੰਨਾਂ 'ਨ੍ਹਾਤੀ ਓਨਾਂ ਈ ਪੁੰਨ!

# ਦੌਧਰ ਦਾ ਦੋਹਤਰਾ

***ਮੋਗੇ ਵੱਸਦੇ ਪੰਜਾਬੀ ਰਚਨਾਕਾਰ ਕੇ.ਐਲ. ਗਰਗ ਦੀਆਂ ਰਚਨਾਵਾਂ ਦਾ ਆਪਣਾ ਹੀ ਰੰਗ ਹੈ ਅਤੇ ਉਨ੍ਹਾਂ ਦੇ ਜੀਵਨ ਦਾ ਰੰਗ-ਢੰਗ ਵੀ ਬੜਾ ਦਿਲਚਸਪ ਹੈ। ਉਨ੍ਹਾਂ ਕਹਾਣੀਆਂ ਲਿਖੀਆਂ, ਨਾਵਲ ਜੋੜੇ, ਆਪਣੀਆਂ ਵਿਅੰਗ ਰਚਨਾਵਾਂ ਦੇ ਤਿੱਖੇ ਬਾਣ ਚਲਾਏ ਅਤੇ ਇਸ ਦੇ ਨਾਲ-ਨਾਲ ਅਨੁਵਾਦ ਦੇ ਖੇਤਰ ਵਿਚ ਵੀ ਭਰਵੀਂ ਹਾਜ਼ਰੀ ਲੁਆਈ ਹੈ। ਗਲਪਕਾਰ ਗੁਰਮੀਤ ਕੜਿਆਲਵੀ ਨੇ ਇਨ੍ਹਾਂ ਰੰਗਾਂ ਦੇ ਵੱਖ-ਵੱਖ ਪੱਖ ਆਪਣੇ ਇਸ ਰੇਖਾ ਚਿੱਤਰ 'ਚ ਬਾਖੂਬੀ ਉਘਾੜੇ ਹਨ, ਜਿਸ ਦੀ ਪਹਿਲੀ ਕਿਸ਼ਤ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ।***

**ਗੁਰਮੀਤ ਕੜਿਆਲਵੀ**

ਮੈਨੂੰ ਸਾਹਿਤ ਦੀ ਨਵੀਂ-ਨਵੀਂ ਮੱਸ ਲੱਗੀ ਹੈ। ਫੌਜੀ ਮਾਰਕਿਟ ਦੇ ਇਕ ਚੁਬਾਰੇ ਵਿਚ ਬਣੀ 'ਪਾਲ ਸਿੰਘ ਯਾਦਗਾਰੀ' ਲਾਇਬ੍ਰੇਰੀ ਪਹੁੰਚਦਾ ਹਾਂ। ਵਿਦਰੋਹੀ ਸੁਰ ਦਾ ਕਵੀ ਮਹਿੰਦਰ ਸਾਥੀ ਇੱਥੇ ਬਤੌਰ ਲਾਇਬ੍ਰੇਰੀਅਨ ਸੇਵਾ ਨਿਭਾਉਂਦਾ ਹੈ।

ਸਾਥੀ ਮੈਨੂੰ ਪੜ੍ਹਨ ਲਈ ਵਧੀਆ-ਵਧੀਆ ਕਿਤਾਬਾਂ ਦਿੰਦਾ ਹੈ। ਇਕ ਦਿਨ ਸਾਥੀ ਤੋਂ ਮੈਨੂੰ ਪਤਾ ਲੱਗਦਾ ਹੈ ਕਿ ਰੀਗਲ ਸਿਨਮੇ ਵਿਚ ਰੰਗਮੰਚ ਮੋਗਾ ਵੱਲੋਂ ਨਾਟਕ ਖੇਡੇ ਜਾਣੇ ਹਨ। ਸਾਥੀ ਨੇ ਵੀ ਇਸ ਵਿਚ ਕੋਈ ਕਿਰਦਾਰ ਨਿਭਾਉਣਾ ਹੈ। ਸਤਕਨਾਮੇ ਵਾਲਾ ਬਲਦੇਵ ਸਿੰਘ ਨਵਾਂ-ਨਵਾਂ ਕਲਕੱਤਿਓਂ ਆਇਆ ਹੈ। ਇੱਥੇ ਆ ਕੇ ਉਸ ਨੇ ਆਪਣੇ ਛੋਟੇ ਭਰਾ ਮਾਸਟਰ ਗੁਰਮੇਲ ਸਿੰਘ, ਪੁੱਤਾਂ, ਭਤੀਜਿਆਂ ਅਤੇ ਕਈ ਹੋਰ ਸ਼ੌਕੀ ਲੋਕਾਂ ਨਾਲ ਰਲ ਕੇ ਨਾਟਕ ਟੀਮ ਬਣਾ ਲਈ ਹੈ। ਮੈਂ ਨਾਟਕ ਵੇਖਣ ਲਈ ਰੀਗਲ ਥੀਏਟਰ ਪਹੁੰਚਦਾ ਹਾਂ।

ਰੀਗਲ ਥੀਏਟਰ ਹੁਣ ਬੰਦ ਪਿਆ ਹੈ। ਸੰਨ 1971 ਦੇ ਮੋਗਾ ਗੋਲੀ ਕਾਂਡ ਵਿਚ ਮਾਰੇ ਗਏ ਨੌਜੁਆਨਾਂ ਹਰਜੀਤ ਅਤੇ ਸਵਰਨ ਵਰਗਿਆਂ ਦੀ ਯਾਦ ਵਿਚ ਯਾਦਗਾਰ ਬਣ ਚੁੱਕਾ ਹੈ। ਹਰ ਸਾਲ ਅਕਤੂਬਰ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਇਨ੍ਹਾਂ ਨੌਜੁਆਨਾਂ ਦੀ ਯਾਦ ਮਨਾਈ ਜਾਂਦੀ ਹੈ, ਜਿੱਥੇ ਮੈਂ ਹਾਜ਼ਰੀ ਲਵਾਉਂਦਾ ਆ ਰਿਹਾ ਹਾਂ। ਥੀਏਟਰ ਵਿਚ ਚਾਰ ਕੁ ਹਿੰਦੀ-ਪੰਜਾਬੀ ਅਖਬਾਰ ਰੱਖ ਕੇ ਲੋਕ ਸੰਪਰਕ ਵਿਭਾਗ ਵਲੋਂ ਲਾਇਬ੍ਰੇਰੀ ਚਲਾਈ ਜਾ ਰਹੀ ਹੈ। ਵਿਚੇ ਹੀ ਇਕ ਚੁਬਾਰੇ ਵਿਚ ਲੋਕ ਸੰਪਰਕ ਵਿਭਾਗ ਦਾ ਦਫ਼ਤਰ ਹੈ। ਇਸੇ ਥੀਏਟਰ ਵਿਚ ਬਲਦੇਵ ਸਿੰਘ ਦੀ ਘਰੇਲੂ ਟੀਮ ਨਾਟਕ ਖੇਡ ਰਹੀ ਹੈ। ਪਹਿਲਾ ਨਾਟਕ 'ਚੂਹੇ' ਖੇਡਿਆ ਜਾ ਚੁੱਕਾ ਹੈ। ਨਾਟਕ ਦੇਖਣ ਵਾਲਿਆਂ ਦੀ ਕਾਫੀ ਭੀੜ ਹੈ। ਪਹਿਲੇ ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਦੂਜਾ ਨਾਟਕ ਖੇਡਣ ਵਿਚ ਅੰਤਰਾਲ ਹੈ। ਮੈਂ ਸਿਨਮੇ ਦੇ ਵਿਹੜੇ ਵਿਚ ਕਿਤਾਬਾਂ ਦੀ ਲਾਈ ਸਟਾਲ 'ਤੇ ਆ ਕੇ ਝਾਤੀ ਮਾਰਨ ਲੱਗਦਾ ਹਾਂ। ਕਿਰਪਾਲ ਕਜ਼ਾਕ ਦੀਆਂ ਕਹਾਣੀਆਂ ਦੀ ਪੁਸਤਕ ਦੇ ਵਰਕੇ ਉਥਲ-ਪੁਥਲ ਕਰਨ ਲੱਗਦਾ ਹਾਂ। ਉਦੋਂ ਹੀ ਗੋਰੇ ਨਿਛੋਹ ਰੰਗ ਅਤੇ ਨਿੱਕੇ-ਨਿੱਕੇ ਵਾਲਾਂ ਵਾਲਾ ਵਿਅਕਤੀ, ਜਿਸ ਦੇ ਮੱਥੇ ਉੱਤੋਂ ਕਾਫੀ ਵਾਲ ਝੜ ਚੁੱਕੇ ਹਨ, ਮੇਰੇ ਕੋਲ ਆ ਖੜ੍ਹਦਾ ਹੈ। ਵਾਲਾਂ ਵਿਚੋਂ ਕਿਤੇ-ਕਿਤੇ ਚਾਂਦੀ ਚਮਕਦੀ ਹੈ।

"ਬਹੁਤ ਵਧੀਆ ਕਹਾਣੀਆਂ ਨੇ। ਕਜ਼ਾਕ ਪੰਜਾਬੀ ਦਾ ਬੜਾ ਵਧੀਆ ਕਹਾਣੀਕਾਰ ਹੈ।" ਇਕ ਨਵੇਂ ਕਾਲਜੀਏਟ ਮੁੰਡੇ ਨੂੰ ਕਿਤਾਬਾਂ ਵੱਲ ਰੁਚਿਤ ਹੋਇਆ ਵੇਖ ਕੇ ਉਹ ਹੋਰ ਉਤਸ਼ਾਹਿਤ ਕਰਨ ਦੇ ਮਨਸ਼ੇ ਨਾਲ ਆਖਦਾ ਹੈ। ਉਹ ਮੈਨੂੰ ਸੁਖਬੀਰ ਦੇ ਪੇਪਰ ਬੈਕ ਨਾਵਲ 'ਪਾਣੀ ਤੇ ਪੁਲ' ਵੱਲ ਇਸ਼ਾਰਾ ਕਰਦਾ ਹੋਇਆ ਲੇਖਕ ਦੀ ਵਧੇਰੇ ਤਾਰੀਫ਼ ਕਰਦਾ ਹੈ। ਮੈਂ ਚੋਰ ਅੱਖੀਂ ਗਹੁ ਨਾਲ ਇਸ ਵਿਅਕਤੀ ਵੱਲ ਵੇਖਦਾ ਹਾਂ। ਨਾਗਮਣੀ ਦੇ ਪੰਨਿਆਂ 'ਤੇ ਇਮਰੋਜ਼ ਦਾ ਬਣਾਇਆ ਸਕੈੱਚ ਮੇਰੇ ਸਾਹਮਣੇ ਸਾਕਾਰ ਹੋ ਜਾਂਦਾ ਹੈ।

"ਤੁਸੀਂ ਕੇ.ਐਲ. ਗਰਗ ਸਾਹਿਬ ਜੀ ਹੋ?" ਮੈਂ ਬੜੀ ਆਜਜ਼ੀ ਨਾਲ ਕਿਸੇ ਸਕੂਲੀ ਵਿਦਿਆਰਥੀ ਵਾਂਗ ਪੁੱਛਦਾ ਹਾਂ।

"ਸਾਬ੍ਹ-ਸੂਬ੍ਹ ਤਾਂ ਕੋਈ ਨੀ.. .. .. ਬੱਸ ਗਰਗ ਹੀ ਹਾਂ। ਬਾਹਲੀ ਜਾਂਦੀ ਕੇ. ਐਲ. ਗਰਗ ਕਹਿਲੋ।"

"ਮੈਂ ਜੀ ਥੋਨੂੰ ਪੜ੍ਹਦਾ ਰਹਿਨੈ.. .. .. ਨਾਗਮਣੀ ਵਿਚ ਵੀ ਤੁਹਾਡੀਆਂ ਕਹਾਣੀਆਂ ਪੜ੍ਹੀਆਂ ਨੇ ਜੀ। ਆਰਸੀ ਵਿਚ ਵੀ ਪੜ੍ਹਿਆ। ਸਿਰਜਣਾ ਦਾ ਇਕ ਬਹੁਤ ਪੁਰਾਣਾ ਅੰਕ ਮੇਰੇ ਹੱਥੀਂ ਆਇਆ ਸੀ, ਸ਼ਾਇਦ 1974-75 ਦਾ ਹੋਊ ਜੀ, ਉਸ ਦੇ ਵਿਚੋਂ ਵੀ ਤੁਹਾਡੀ ਕਹਾਣੀ 'ਬਾਪੂ ਦੇ ਤਿੰਨ ਬਾਂਦਰ' ਛਪੀ ਐ। ਮੈਂ ਪੜ੍ਹੀ ਐ ਜੀ। ਤੁਸੀਂ ਤਾਂ ਜੀ ਬੜੇ ਵੱਡੇ ਲੇਖਕ.. .. .. ਮੈਨੂੰ ਤਾਂ ਜਾਂਦੀਦਾ ਯਕੀਨ ਜਿਆ ਨੀ ਆਉਂਦਾ ਬਈ ਐਡਾ ਵੱਡਾ ਲੇਖਕ ਮੇਰੇ ਮੂਹਰੇ ਖੜ੍ਹਾ ਐ ਜੀ.. .. ..।"

"ਵੱਡੇ-ਵੁੱਡੇ ਕਾਹਦੇ; ਬਸ ਐਵੇਂ ਮਾੜੀ-ਮੋਟੀ ਕਲਮ ਝਰੀਟ ਲਈਦੀ ਐ।" ਭੱਦਰ-ਪੁਰਸ਼ ਦਾ ਮਨਮੋਹਕ ਹਾਸਾ ਮੇਰੇ ਆਲੇ-ਦੁਆਲੇ ਖਿਲਰ ਜਾਂਦਾ ਹੈ।

ਇਹ ਸਾਹਿਤਕਾਰ ਕੇ.ਐਲ. ਗਰਗ ਨਾਲ ਮੇਰੀ ਪਹਿਲੀ ਮੁਲਾਕਾਤ ਹੈ। ਮੈਂ ਹੈਰਾਨ ਹੁੰਦਾ ਹਾਂ, ਇਹ ਤਾਂ ਆਮ ਬੰਦਿਆਂ ਵਰਗਾ ਹੀ ਹੈ। ਇਹਨੇ ਤਾਂ ਮੇਰੇ ਨਾਲ ਗੱਲਾਂ ਵੀ ਕਰ ਲਈਆਂ ਹਨ। ਮੇਰਾ ਜੀਅ ਕਰਦਾ ਹੈ ਉਸਦੇ ਗੋਰੇ ਨਿਛੋਹ ਹੱਥਾਂ ਨੂੰ ਛੂਹ ਕੇ ਵੇਖਾਂ।

"ਮੈਂ ਵੀ ਜੀ ਕਹਾਣੀ ਲਿਖ ਲੈਨਾ ਹੁੰਨੈ।" ਮੈਂ ਸੰਗਦਾ-ਸੰਗਦਾ ਆਖਦਾ ਹਾਂ। "ਇਹ ਤਾਂ ਬੜੀ ਵਧੀਆ ਗੱਲ ਐ.. .. .. .. ਕਵਿਤਾ-ਕੁਵਿਤਾ ਆਲੇ ਪਾਸੇ ਨਾ ਆਈਂ। ਕਵੀ ਤਾਂ ਬਥੇਰੇ ਤੁਰੇ ਫਿਰਦੇ। ਇੱਟ ਚੁੱਕੀਏ ਤਾਂ ਥੱਲਿਓਂ ਕਵੀ ਨਿਕਲ ਆਉਂਦਾ। ਹੁਣ ਤਾਂ ਇੱਟ ਚੁੱਕਣ ਦੀ ਵੀ ਲੋੜ ਨੀ, ਇੱਟ ਦੇ ਉੱਤੇ ਈ ਕਈ-ਕਈ ਕਵੀ ਬੈਠੇ ਐ। ਕਹਾਣੀ ਵਾਲਾ ਫੀਲਡ ਇਕ ਤਰ੍ਹਾਂ ਖਾਲੀ ਪਿਆ। ਵੱਡੇ-ਵੱਡੇ ਨਾਵਾਂ ਵਾਲੇ ਕਹਾਣੀਕਾਰਾਂ ਦੇ ਤਾਂ ਦਾਣੇ ਮੁੱਕਦੇ ਜਾਂਦੇ ਨੇ। ਐਵੇਂ ਉੱਘ ਦੀਆਂ ਪਤਾਲ ਮਾਰੀ ਜਾਂਦੇ। ਇਹ ਤਾਂ ਵਧੀਆ, ਨਵੇਂ-ਨਵੇਂ ਮੁੰਡੇ ਆਉਣ ਲੱਗੇ ਅੱਗੇ। ਕਿਧਰੇ ਭੇਜੀ ਕਹਾਣੀ ਕਿਸੇ ਅਖ਼ਬਾਰ ਰਿਸਾਲੇ ਨੂੰ?" ਗਰਗ ਮੈਨੂੰ ਪੁੱਛਦਾ ਹੈ। ਉਧਰ ਹਾਲ ਵਿਚ ਦੂਸਰਾ ਨਾਟਕ ਸ਼ੁਰੂ ਹੋ ਚੁੱਕਾ ਹੈ। ਹੁਣ ਮੇਰੀ ਰੁਚੀ ਨਾਟਕ ਵਿਚ ਨਹੀਂ ਕੇ.ਐਲ. ਗਰਗ ਵਿਚ ਹੈ।

"ਨਵਾਂ ਜ਼ਮਾਨਾ ਵਿਚ ਛਪੀ ਐ। ਇਕ ਕਹਾਣੀ 'ਇੱਜ਼ਤਾਂ ਵਾਲੇ' ਅਜੀਤ ਅਖ਼ਬਾਰ ਦੇ ਕਹਾਣੀ ਅੰਕ ਵਿਚ ਵੀ ਛਪ ਚੁੱਕੀ ਐ।"

"ਲੈ! ਫੇਰ ਤਾਂ ਤੂੰ ਪੂਰਾ ਲੇਖਕ ਬਣ ਗਿਆਂ।" ਗਰਗ ਮੇਰੇ ਵਿਚ ਰੁਚੀ ਦਿਖਾਉਂਦਾ ਹੈ। ਉਹ ਕੁਲਵੰਤ ਸਿੰਘ ਵਿਰਕ ਤੋਂ ਲੈ ਕੇ ਦਲਬੀਰ ਚੇਤਨ, ਬਲਦੇਵ ਸਿੰਘ, ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਜਸਬੀਰ ਭੁੱਲਰ, ਗੁਰਬਚਨ ਭੁੱਲਰ, ਅਣਖੀ ਵਰਗੇ ਦੇਸੀ ਅਤੇ ਮੈਕਸਿਮ ਗੋਰਕੀ, ਚੈਖਵ, ਮੋਪਾਂਸਾ, ਓ ਹੈਨਰੀ, ਸਮਰਸੈਟ ਮਾਮ ਜਿਹੇ ਵਿਦੇਸ਼ੀ ਲੇਖਕਾਂ ਦੇ ਨਾਂ ਤੇ ਉਨ੍ਹਾਂ ਦੀਆਂ ਸ਼ਾਹਕਾਰ ਕਹਾਣੀਆਂ ਬਾਰੇ ਦੱਸਦਿਆਂ, ਮੈਨੂੰ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੰਦਾ ਹੈ। ਗੱਲ ਕਰਦਿਆਂ ਉਹ ਸੱਜੇ ਹੱਥ ਨੂੰ ਘੁਮਾਉਂਦਾ ਹੈ। ਮੇਰਾ ਜੀਅ ਕਰਦਾ ਹੈ ਉਹ ਇੰਜ ਹੀ ਮੇਰੇ ਨਾਲ ਖੜ੍ਹਾ ਗੱਲਾਂ ਕਰਦਾ ਰਹੇ।

"ਜਦੋਂ ਕਦੇ ਵਿਹਲਾ ਹੁੰਨੈਂ ਆਜਿਆ ਕਰ।" ਗਰਗ ਆਪਣੇ ਘਰ ਅਤੇ ਸਕੂਲ ਦਾ ਪਤਾ ਦੱਸਦਿਆਂ ਮੈਨੂੰ ਕਦੇ-ਕਦੇ ਸਕੂਲ ਆਉਣ ਦਾ ਸੱਦਾ ਦਿੰਦਾ ਹੈ। ਉਨ੍ਹਾਂ ਦਿਨਾਂ ਵਿਚ ਮੇਰੇ ਕਰਨ ਗੋਚਰਾ ਤਾਂ ਕੋਈ ਕੰਮ ਹੀ ਨਹੀਂ ਸੀ। ਬਸ ਦੋ ਹੀ ਕੰਮ ਸਨ, ਲਾਇਬ੍ਰੇਰੀ ਜਾ ਕੇ ਅਖ਼ਬਾਰ-ਕਿਤਾਬਾਂ, ਰਸਾਲੇ ਪੜ੍ਹਨੇ ਤੇ ਮੁੰਡੀਹਰ ਨਾਲ ਰਲ ਕੇ ਮਟਰ-ਗਸ਼ਤੀ ਕਰਨੀ। ਇਕ ਦਿਨ ਮੈਂ ਗਰਗ ਦੇ ਆਰੀਆ ਸਮਾਜੀ ਸਕੂਲ ਵਿਚ ਜਾ ਵੱਜਦਾ ਹਾਂ। ਗਰਗ ਦਾ ਨਾਵਲ 'ਦਰਅਸਲ' ਅਤੇ ਕਹਾਣੀਆਂ ਦੀ ਕਿਤਾਬ 'ਵਾਟ ਸਿਕਸਟੀ ਨਾਈਨ' ਮਹਿੰਦਰ ਸਾਥੀ ਦੀ 'ਪਾਲ ਸਿੰਘ ਯਾਦਗਾਰੀ ਲਾਇਬ੍ਰੇਰੀ' ਵਿਚੋਂ ਲੈ ਕੇ ਪੜ੍ਹ ਲਏ ਹਨ। ਨਾਵਲ ਇਕ ਬਹੁਤ ਵੱਡੇ ਨਾਵਲਕਾਰ ਨਾਲ ਵਾਪਰੀ ਨਿੱਜੀ ਘਟਨਾ 'ਤੇ ਆਧਾਰਤ ਹੈ।


"ਗਰਗ ਸਾਹਿਬ ਜੀ ਤੁਹਾਨੂੰ ਇਹ ਨਾਵਲ ਛਪਵਾਉਣ ਤੋਂ ਰੋਕਿਆ ਨੀ ਸਾਡੇ ਇਸ ਵੱਡੇ ਨਾਵਲਕਾਰ ਨੇ?"

"ਆਇਆ ਸੀ ਮੇਰੇ ਕੋਲੇ। ਉਸਨੂੰ ਕਿੱਧਰੋਂ ਪਤਾ ਲੱਗ ਗਿਆ ਸੀ ਕਿ ਮੈਂ ਇਹ ਨਾਵਲ ਛਪਵਾ ਰਿਹਾਂ। ਮੈਨੂੰ ਨਾਵਲ ਨਾ ਛਪਵਾਉਣ ਲਈ ਕਹਿੰਦਾ ਰਿਹਾ ਪਰ ਉਦੋਂ ਜਨੂੰਨ ਸੀ, ਮੈਂ ਕਿੱਥੋਂ ਰੁਕਣਾ ਸੀ। ਮੈਂ ਸੋਚਦਾ ਸਾਂ ਕਿ ਲੇਖਕ ਦਾ ਐਹੋ ਜਿਹਾ ਦੂਹਰਾ ਕਿਰਦਾਰ ਨੀ ਹੋਣਾ ਚਾਹੀਦਾ।" ਗਰਗ ਆਪਣਾ ਸੱਜਾ ਹੱਥ ਜਾਣੇ-ਪਛਾਣੇ ਅੰਦਾਜ਼ ਵਿਚ ਹਿਲਾਉਂਦਾ ਹੈ।

"ਗੁਰਮੀਤ ਮੈਨੂੰ ਦੋਗਲੇ ਕਿਰਦਾਰ ਵਾਲੇ ਲੇਖਕਾਂ ਤੋਂ ਚਿੜ ਹੈ। ਪ੍ਰਚਾਰ ਕੁਝ ਕਰਦੇ, ਲਿਖਦੇ ਕੁਝ। ਦਰਅਸਲ ਸਾਡੇ ਲੇਖਕ, ਲੇਖਕ ਪਿੱਛੋਂ ਨੇ, ਜੱਟ, ਬਾਣੀਏ, ਤਰਖਾਣ, ਛੀਂਬੇ ਜਾਂ ਦਲਿਤ ਪਹਿਲਾਂ। ਰਚਨਾ ਅਤੇ ਰਚਨਾਕਾਰ ਦੀ ਇਕਸੁਰਤਾ ਹੋਣੀ ਜ਼ਰੂਰੀ ਐ।" ਗਰਗ ਨੌਵੀਂ ਜਮਾਤ ਦੇ ਚੈੱਕ ਕਰ ਰਹੇ ਪੇਪਰਾਂ 'ਤੇ ਸ਼ੇਬਾ ਵਲੈਟ ਕੇ ਪਾਸੇ ਰੱਖ ਦਿੰਦਾ ਹੈ।

"ਦਰਅਸਲ ਬੰਦੇ ਦੇ ਅੰਦਰੋਂ ਕੰਪਲੈਕਸ ਨੀ ਜਾਂਦੇ। ਜਾਤ ਦਾ, ਰੰਗ ਦਾ, ਘੱਟ ਪੜ੍ਹੇ ਹੋਣ ਦਾ, ਧਰਮ ਦਾ, ਆਰਥਿਕਤਾ ਦਾ, ਇਹ ਨੀਂ ਜਾਂਦੇ ਬੰਦੇ ਦੇ ਅੰਦਰੋਂ।" ਗਰਗ ਕਿਸੇ ਕਹਾਣੀ ਦਾ ਜ਼ਿਕਰ ਕਰਦਿਆਂ ਗੱਲ ਤੋਰਦਾ ਹੈ।

"ਜਾਤ ਸਦੀਆਂ ਤੋਂ ਬੰਦੇ ਦੇ ਅੰਦਰ ਵਸੀ ਪਈ ਐ। ਇਹ ਸਾਡੀ ਮਾਨਸਿਕਤਾ 'ਚ ਘੁਸੀ ਐ, ਇਸੇ ਕਰਕੇ ਅਖੌਤੀ ਵੱਡੀ ਜਾਤ ਦਾ ਹੀ ਨਹੀਂ,



ਛੋਟੀ ਜਾਤ ਦਾ ਵੀ ਕੰਪਲੈਕਸ ਹੁੰਦੈ ਬੰਦੇ ਅੰਦਰ। ਸਦੀਆਂ ਤੋਂ ਹਰ ਜਾਤ ਦਾ ਵੱਖਰਾ ਰਹਿਣ-ਸਹਿਣ ਐ। ਵੱਖੋ-ਵੱਖਰੀ ਭਾਸ਼ਾ, ਖਾਣ-ਪੀਣ ਐ। ਏਸੇ ਕਰਕੇ ਹਰ ਜਾਤ-ਬਰਾਦਰੀ ਦੇ ਬੰਦੇ ਦੇ ਸਰੀਰ ਵਿਚੋਂ ਅਜੀਬ ਤਰ੍ਹਾਂ ਦੀ ਗੰਧ ਆਉਣ ਲੱਗ ਜਾਂਦੀ ਐ।" ਗਰਗ ਦੀਆਂ ਗੱਲਾਂ ਕੌੜੀਆਂ ਪਰ ਸੱਚੀਆਂ ਹਨ। ਮੈਂ ਸੁੰਗੜ ਕੇ ਬੈਠ ਜਾਂਦਾ ਹਾਂ। ਮੈਨੂੰ ਆਪਣੇ ਆਪ ਤੋਂ ਅਜੀਬ ਜਿਹੀ ਗੰਧ ਆਉਣ ਲੱਗਦੀ ਹੈ।

"ਕੜਿਆਲਵੀ ਬੰਦੇ ਲਈ ਸਟਰੱਗਲ ਬੜੀ ਜ਼ਰੂਰੀ ਐ। ਆਹ ਆਪਣੇ ਸ਼ਹਿਰ ਦੇ ਈ ਕਈ ਲੇਖਕ ਦੇਖ ਲਾ, ਰਊਂ-ਰਊਂ ਕਰੀ ਜਾਂਦੇ ਰਹਿੰਦੇ। ਰੋਣਾ ਨੀ ਗਿਆ ਸਾਰੀ ਉਮਰ ਉਨ੍ਹਾਂ ਦਾ। ਦਰਅਸਲ ਬਹੁਤ ਸਾਰੇ ਬੰਦਿਆਂ ਦੀ ਤਾਂ ਗਰੀਬੀ ਆਪ ਸਹੇੜੀ ਵੀ ਐ। ਆਪਣਾ ਗੁਰਦਿਆਲ ਸਿੰਹੁ ਨਾਵਲਕਾਰ.. .. .. 'ਮੜੀ ਦਾ ਦੀਵਾ' ਵਾਲਾ ਕਿੱਥੋਂ ਚੱਲ ਕੇ ਕਿੱਥੇ ਆ ਗਿਆ। ਅੱਠ ਪਾਸ ਬੰਦਾ-ਪ੍ਰਾਇਮਰੀ ਮਾਸਟਰ। ਕਾਲਜ 'ਚ ਪੜ੍ਹਾਇਆ ਤੇ ਅਖੀਰ ਯੂਨੀਵਰਸਿਟੀ ਦਾ ਪ੍ਰੋਫੈਸਰ ਜਾ ਹੋਇਆ। ਮੇਰਾ ਬਾਪ ਧੂਰੀ ਕਸਬੇ ਵਿਚ ਬਰਫ਼ ਦੀਆਂ ਸਿਲਾਂ ਵੇਚਦਾ ਹੁੰਦਾ ਸੀ। ਛੋਟਾ ਹੁੰਦਾ ਮੈਂ ਵੀ ਕੰਮ ਕਰਾਉਂਦਾ ਸੀ ਨਾਲ। ਰੇਹੜੀ ਲਿਜਾ ਕੇ ਦੁਕਾਨਾਂ 'ਤੇ ਬਰਫ਼ ਦੀਆਂ ਸਿਲਾਂ ਵੇਚਣੀਆਂ। ਪੰਜ ਅਸੀਂ ਭਰਾ। ਸੁੱਖ ਨਾਲ ਵੱਡੀ ਟੱਬਰੀ। ਪਹਿਲਾਂ ਕੰਮ ਕਾਰ ਚੰਗਾ ਸੀ। ਬਾਪ ਮੇਹਨਤ ਵੀ ਬਥੇਰੀ ਕਰਦਾ ਸੀ, ਬਸ ਛੇਤੀ ਅਮੀਰ ਹੋਣ ਦੇ ਭੁੱਸ ਵਿਚ ਸੱਟਾ ਲਾਉਣ ਲੱਗ ਗਿਆ... ਸਾਰਾ ਕੁਝ ਈ ਉਜਾੜ ਸੁੱਟਿਆ। ਪਰਿਵਾਰ ਅਰਸ਼ ਤੋਂ ਫਰਸ਼ 'ਤੇ ਆ ਗਿਆ ਸੀ ਕੇਰਾਂ। ਬਾਪ ਤੋਂ ਸਾਰੀ ਉਮਰ ਘਰ ਨੀਂ ਬਣਿਆ। ਆਏਂ ਮਿਹਨਤ ਮਜ਼ਦੂਰੀ ਕਰਦਾ ਮੈਂ ਐਫ.ਐਸ.ਸੀ. ਕਰ ਕੇ ਬਿਜਲੀ ਬੋਰਡ ਵਿਚ ਕਲਰਕ ਲੱਗ ਗਿਆ। ਵਿਚੋਂ ਈ ਪ੍ਰਭਾਕਰ ਕਰਲੀ। ਅੱਗੇ ਪੜ੍ਹਨ ਵਾਸਤੇ ਤਲਵੰਡੀ ਭਾਈ ਬਦਲੀ ਕਰਵਾਲੀ। ਪ੍ਰਾਈਵੇਟ ਬੀ.ਏ. ਕੀਤੀ। ਲਸੋਈ ਸਕੂਲ ਵਿਚ ਮਾਸਟਰ ਦੀ ਅਸਾਮੀ ਨਿਕਲੀ। ਅਪਲਾਈ ਕਰ ਦਿੱਤਾ। ਨੌਕਰੀ ਵੀ ਮਿਲਗੀ। ਬੀ.ਐਡ ਨਾ ਹੋਣ ਕਰਕੇ ਸਾਲ ਬਾਅਦ ਸਕੂਲ ਵਾਲਿਆਂ ਕੱਢ ਦਿੱਤਾ। ਚਲੋ ਇਹ ਵੀ ਚੰਗਾ ਈ ਹੋਇਆ, ਨਹੀਂ ਸਾਰੀ ਉਮਰ ਕੱਚਾ ਈ ਤੁਰਿਆ ਫਿਰਦਾ। ਮੋਗਿਓਂ ਬੀ.ਐਡ. ਕਰਨ ਦੀ ਦੇਰ ਸੀ ਫਿਰੋਜ਼ਪੁਰ ਡੀ.ਸੀ. ਮਾਡਲ ਸਕੂਲ ਵਿਚ ਨੌਕਰੀ ਮਿਲਗੀ। ਜੇ ਭਲਾ ਮੈਂ ਓਥੇ ਈ ਖੜ੍ਹਾ ਰਹਿੰਦਾ, ਕੀ ਕਰ ਲੈਂਦਾ? ਧੂਰੀ ਕੋਈ ਕਰਿਆਨੇ ਦੀ ਦੁਕਾਨ ਕਰਦਾ ਹੁੰਦਾ ਬਾਣੀਆਂ ਆਂਗੂੰ। ਬਿਜਲੀ ਬੋਰਡ 'ਚ ਕਲਰਕ ਹੁੰਦਾ ਜਾਂ ਵੱਧ ਤੋਂ ਵੱਧ ਯੂ.ਡੀ.ਸੀ. ਰਿਟਾਇਰ ਹੋ ਜਾਂਦਾ।"

ਗਰਗ ਜਿਵੇਂ ਮੈਨੂੰ ਸੰਘਰਸ਼ ਲਈ ਤਿਆਰ ਕਰ ਰਿਹਾ ਸੀ। ਪਿੰਡ ਦੇ ਨਾਲ ਕਰਕੇ ਲੰਘਦੀ ਨਹਿਰ ਦੇ ਪੱਕੇ ਕਰਨ ਸਮੇਂ ਦਿਹਾੜੀ ਕਰਦਿਆਂ ਸਿਰ 'ਤੇ ਚੁੱਕੇ ਬੱਜਰੀ ਦੇ ਭਾਰੇ ਬੱਠਲਾਂ ਕਾਰਨ ਸਿਰ ਵਿਚ ਪਏ ਰੋੜ੍ਹੀਆਂ ਦੀ ਚਸਕ ਘੱਟ ਹੋ ਜਾਂਦੀ ਹੈ।

"ਧੂਰੀ ਤੋਂ ਤਲਵੰਡੀ-ਫਿਰੋਜ਼ਪੁਰ, ਫਿਰ ਮੋਗੇ ਕਿਵੇਂ ਆਗੇ?" ਮੈਂ ਸੁਆਲ ਬਣਦਾ ਹਾਂ।

"ਫਿਰੋਜ਼ਪੁਰ ਪ੍ਰਿੰਸੀਪਲ ਬੜਾ ਹੋਰ ਈ ਹਿਸਾਬ ਦਾ ਸੀ। ਛੇਤੀ ਕਿਸੇ ਦੇ ਪੈਰ ਨਹੀਂ ਸੀ ਲੱਗਣ ਦਿੰਦਾ। ਸਾਲ ਪੂਰਾ ਹੋਣ ਤੋਂ ਬਾਅਦ ਮੇਰੀ ਸਾਲਾਨਾ ਇੰਕਰੀਮੈਂਟ ਲੱਗਣੀ ਸੀ। ਇਕ ਦਿਨ ਮੈਨੂੰ ਦਫ਼ਤਰ ਵਿਚ ਬੁਲਾ ਲਿਆ। ਮੈਨੂੰ ਕਹਿੰਦਾ, 'ਜੇ ਤੇਰੀ ਪੰਦਰਾਂ ਰੁਪਏ ਇੰਕਰੀਮੈਂਟ ਲਾ ਦਿਆਂ ਕੀ ਕਰੇਂਗਾ?'" ਇੰਜ ਵਿਹਾਰ ਕਰੇ ਜਿਵੇਂ ਮੇਰੇ 'ਤੇ ਕੋਈ ਬਹੁਤ ਵੱਡਾ ਅਹਿਸਾਨ ਕਰ ਰਿਹਾ ਹੋਵੇ। ਕੋਈ ਵੱਡਾ ਪਰਉਪਕਾਰ। ਮੈਂ ਆਖਿਆ, "ਮੈਨੂੰ ਸਕੂਲ ਦੇ ਸਾਰੇ ਵਿਦਿਆਰਥੀ ਪਸੰਦ ਕਰਦੇ ਆ। ਮੈਂ ਪੂਰੀ ਮਿਹਨਤ ਨਾਲ ਪੜ੍ਹਾਉਣਾ ਵੀ ਆਂ। ਫੇਰ ਵੀ ਮੇਰਾ ਨਾਂ ਪਤਾ ਕੀ ਰੱਖਿਆ ਮੁੰਡਿਆਂ ਨੇ? ਪ੍ਰਿੰਸੀਪਲ ਮੇਰੇ ਮੂੰਹ ਵੱਲੀਂ ਵੇਖਣ ਲੱਗ ਪਿਆ। ਮੈਂ ਆਖਿਆ ਵਿਦਿਆਰਥੀਆਂ ਨੇ ਮੇਰਾ ਨਾਂ 'ਵੰਨ ਪੈਂਟ ਮਾਸਟਰ' ਰੱਖਿਆ ਹੋਇਆ। ਇਹ ਤਾਂ ਰੱਖਿਆ ਕਿਉਂਕਿ ਮੇਰੇ ਕੋਲ ਇਕੋ ਪੈਂਟ ਆ ਭੂਸਲੇ ਜਏ ਰੰਗ ਦੀ। ਉਸੇ ਨੂੰ ਵਾਰ-ਵਾਰ ਧੋ ਕੇ ਪਾ ਲੈਨਾ। ਜੇ ਤੁਸੀਂ ਮੇਰੀ ਇੰਕਰੀਮੈਂਟ ਲਾਤੀ, ਫੇਰ ਕੀ ਹੋਜੂ? ਵੱਧੋ-ਵੱਧ ਇਕ ਪੈਂਟ ਹੋਰ ਲੈ ਲੂੰ। ਫਿਰ ਹੋਰ ਸੁਣੋ, ਸਕੂਲ ਵਿਚ ਕੁਲ 54 ਪੀਰੀਅਡ ਹੁੰਦੇ ਆ, ਇਹਦੇ 'ਚੋਂ ਪੰਜਾਹ ਤਾਂ ਮੈਂ ਪਹਿਲਾਂ ਹੀ ਲਾ ਰਿਹਾ ਹਾਂ। ਬਾਕੀ ਪਿੱਛੇ ਕੀ ਰਹਿੰਦਾ? ਠਣ-ਠਣ ਗੋਪਾਲ! ਜੇ ਥੋਨੂੰ ਅਜੇ ਵੀ ਸਬਰ ਨੀਂ ਤਾਂ ਮੈਂ ਭਾਈ ਰਾਤ ਵੀ ਥੋਡੇ ਕੋਲ ਈ ਰਹਿ ਜਾਇਆ ਕਰੂੰ।" ਪ੍ਰਿੰਸੀਪਲ ਕੱਚਾ ਹੁੰਦਾ ਹੀ..ਹੀ ਕਰ ਕੇ ਖਸਿਆਣੀ ਜਿਹੀ ਹਾਸੀ ਹੱਸਣ ਲੱਗਾ। ਫੇਰ ਉਹਨੇ ਇੰਕਰੀਮੈਂਟ ਵੀ ਲਾਤੀ। ਉਨ੍ਹੀਂ ਦਿਨੀਂ ਮੈਂ ਕਮਿਊਨਿਸਟ ਪਾਰਟੀ ਜੁਆਇਨ ਕਰ ਲਈ ਸੀ। ਮੇਰੇ ਕੋਲ ਤਕੜੇ-ਤਕੜੇ ਕਾਮਰੇਡ ਆਉਣ ਲੱਗੇ-ਸਤਪਾਲ ਡਾਂਗ, ਅਵਤਾਰ ਸਿੰਘ ਮਲਹੋਤਰੇ ਵਰਗੇ। ਮੇਰਾ ਰੋਹਬਦਾਬ ਬਣ ਗਿਆ। ਉਦੋਂ ਦੇ ਕਾਮਰੇਡ ਅੱਜ ਆਲੇ ਕਾਮਰੇਡਾਂ ਵਰਗੇ ਨੀਂ ਸੀ ਹੁੰਦੇ। ਮੁਲਾਜ਼ਮਾਂ-ਮਜ਼ਦੂਰਾਂ ਦੇ ਧਰਨਿਆਂ ਵਿਚ ਸੈਂਕੜਿਆਂ-ਹਜ਼ਾਰਾਂ ਦੀ ਭੀੜ ਜੁੜ ਜਾਂਦੀ ਹੁੰਦੀ ਸੀ। ਮੇਰੇ ਆਲਾ ਪ੍ਰਿੰਸੀਪਲ ਦਾਬ੍ਹੂ ਹੋ ਗਿਆ। ਸੋਚਣ ਲੱਗਾ, ਐਵੇਂ ਕਿਉਂ ਪੰਗਾ ਲੈਣਾ ਇਹਦੇ ਨਾਲ। ਐਵੇਂ ਮੁਰਦਾਬਾਦ-ਜ਼ਿੰਦਾਬਾਦ ਕਰਵਾਊ। ਮੇਰੇ ਤੋਂ ਕੰਨ ਭੰਨਣ ਲੱਗ ਪਿਆ। ਸਗਮਾ ਮੇਰਾ ਹੇਜ ਵੀ ਕਰਨ ਲੱਗਾ ਸੀ। ਉਦੋਂ ਜਿਹੇ ਈ ਮੋਗੇ ਆਰੀਆ ਸਕੂਲ ਵਿਚ ਰੈਗੂਲਰ ਪੋਸਟ ਨਿਕਲੀ, ਮੈਂ ਇੱਥੇ 366 ਰੁਪਏ ਮਹੀਨਾ ਤਨਖਾਹ 'ਤੇ ਜੁਆਇਨ ਕਰ ਲਿਆ। ਕੜਿਆਲਵੀ ਇਹ ਮੋਗਾ ਵੀ ਬੜੀ ਚੀਜ਼ ਐ। ਮੋਗੇ ਨੇ ਦਿੱਤਾ ਵੀ ਬਹੁਤ ਕੁਝ ਆ।" ਗਰਗ ਚਾਹ ਦੇ ਗਿਲਾਸ ਵਿਚੋਂ ਆਖਰੀ ਘੁੱਟ ਭਰ ਕੇ ਗਿਲਾਸ ਕੁਰਸੀ ਦੀ ਟੰਗ ਕੋਲ ਰੱਖਦਾ ਹੈ।

"ਕੜਿਆਲਵੀ ਇਹ ਨੌਕਰੀ ਸਾਲੀ ਬੜੀ ਕੁੱਤੀ ਸ਼ੈਅ। ਨੌਕਰੀ ਦੌਰਾਨ ਹਰ ਰੋਜ਼ ਥੋਨੂੰ ਇਕ ਅੱਧ ਟੁੱਚੀਅਲ ਜਿਹਾ ਬੰਦਾ ਮਿਲ ਈ ਜਾਂਦਾ। ਇਹ ਬੰਦਾ ਕੋਈ ਨਾ ਕੋਈ ਬੇਸੁਆਦੀ ਜਈ ਗੱਲ ਕਰ ਕੇ ਥੋਡਾ ਮੂਡ ਅਪਸੈੱਟ ਕਰ ਕੇ ਤੁਰਦਾ ਬਣਦਾ। ਫਿਰ ਤੁਸੀਂ ਸੜਦੇ-ਕੁੜਦੇ ਰਹੋ ਸਾਰਾ ਦਿਨ। ਬੰਦੇ ਦੀ ਜ਼ਿੰਦਗੀ ਦਾ ਅੱਧਿਓਂ ਵੱਧ ਸਮਾਂ ਨੌਕਰੀ ਵਿਚ ਲੰਘਦਾ। ਐਸ ਹਿਸਾਬ ਨਾਲ ਟੁੱਚੀਅਲ ਜਿਹੇ ਬੰਦੇ ਤੁਹਾਡੀ ਅੱਧੀ ਜ਼ਿੰਦਗੀ ਭੰਗ ਦੇ ਭਾੜੇ ਗੁਆ ਦਿੰਦੇ। ਆਪਣੇ ਅਰਗੇ ਬੰਦਿਆਂ ਨਾਲ ਤਾਂ ਆਏਂ ਹੁੰਦਾ। ਇਹ ਟੁੱਚੀਅਲ ਬੰਦੇ ਪੈਰ ਈ ਨੀਂ ਲੱਗਣ ਦਿੰਦੇ ਛੇਤੀ। ਮਸੀਂ ਕਿਤੇ ਹੌਲੀ-ਹੌਲੀ ਜਾ ਕੇ ਪੈਰ ਲੱਗਦੇ।"

"ਗਰਗ ਸਾਹਿਬ ਤੁਸੀਂ ਤਾਂ ਵਧੀਆ ਪੈਰ ਲਾ ਲਏ।" ਗਰਗ ਦਾ ਕੋਈ ਕੁਲੀਗ ਆਖਦਾ ਹੈ।

"ਤੇਰੇ ਵਾਂਗੂੰ ਮੋਗੇ ਦੇ ਕਈ ਹੋਰ ਲੇਖਕ ਵੀ ਆਖਦੇ ਵਈ ਬਾਣੀਏ ਨੇ ਧੂਰੀ ਤੋਂ ਮੋਗੇ ਆ ਪੈਰ ਗੱਡ ਲਏ। ਇਨ੍ਹਾਂ ਭੜੂਆਂ ਨੂੰ ਪੁੱਛਣ ਵਾਲਾ ਹੋਏ ਵਈ ਪੈਰਾਂ ਨੂੰ ਮੈਂ ਕਿਹੜਾ ਸ਼ੈਲਰ ਲਾ ਲਿਆ। ਚਾਕਰੀ ਕੀਤੀ ਐ। ਧੂਰੀ ਨੀਂ ਫਿਰੋਜ਼ਪੁਰ ਕਰਲੀ .. .. .. ਉਥੇ ਨੀ ਮੋਗੇ ਆਗੇ। ਕਿਤੇ ਕਰਲੀ। ਕੀਤੀ ਤਾਂ ਚਾਕਰੀ ਈ ਐ।"

"ਗੁਰਦਿਆਲ ਸਿੰਘ ਅੱਠਵੀਂ ਤੋਂ ਤੁਰ ਕੇ ਪ੍ਰੋਫੈਸਰੀ ਤਕ ਚਲਿਆ ਗਿਆ। ਮੇਹਨਤੀ ਤਾਂ ਤੁਸੀਂ ਵੀ ਬਥੇਰੇ ਸੀਗੇ; ਫਿਰ ਤੁਸੀਂ ਕਲਰਕੀ ਤੋਂ ਚੱਲ ਕੇ ਮਾਸਟਰੀ 'ਤੇ ਹੀ ਅੜਗੇ। ਪ੍ਰੋਫੈਸਰੀ ਆਲਾ ਫਾਹੂ ਨੀ ਪਿਆ?"

"ਜਦੋਂ ਕੁਛ ਬਣਨ-ਬਣਾਉਣ ਦਾ ਟੈਮ ਸੀ, ਉਦੋਂ ਕਬੀਲਦਾਰੀ ਕਿਊਂਟਨ 'ਚ ਈ ਲੱਗਾ ਰਿਹਾ। ਛੋਟੇ ਭਰਾਵਾਂ ਦਾ ਪਾਲਣ-ਪੋਸ਼ਣ ਕੀਤਾ। ਵਿਆਹ ਕੀਤੇ, ਫੇਰ ਤੈਨੂੰ ਦੱਸਿਆ ਤਾਂ ਹੈ ਵਈ ਬੰਦੇ ਦੇ ਅੰਦਰੋਂ ਜਾਤ ਨੀ ਨਿਕਲਦੀ। ਮੇਰੇ 'ਤੇ ਵੀ ਐਵੇਂ ਬਾਣੀਆ ਪ੍ਰਵਿਰਤੀ ਭਾਰੂ ਹੋਗੀ। ਮੈਂ ਹਿੰਦੀ ਦੀ ਐਮ.ਏ. ਵੱਲੀਂ ਪੈ ਗਿਆ। ਪੰਜਾਬ 'ਚ ਹਿੰਦੀ ਲੈਕਚਰਾਰਾਂ ਦੀਆਂ ਪੋਸਟਾਂ ਹੈਨੀ ਸੀ। ਹਰਿਆਣੇ ਅੱਲੀਂ ਕਾਲਜ ਵਿਚ ਲੈਕਚਰਾਰੀ ਮਿਲਦੀ ਵੀ ਸੀ ਪਰ ਮੋਗਾ ਛੱਡ ਕੇ ਉਥੇ ਜਾਣ ਨੂੰ ਦਿਲ ਨਾ ਕੀਤਾ। ਫੇਰ ਅੰਗਰੇਜ਼ੀ ਦੀ ਐਮ.ਏ. ਕਰਲੀ; ਉਹਦੇ 'ਚੋਂ ਗੁਜ਼ਾਰੇ ਜੋਗੇ ਨੰਬਰ ਨੀ ਬਣੇ। ਉਦੋਂ ਕਿਤੇ ਪੰਜਾਬੀ ਦੀ ਐਮ.ਏ. ਕਰ ਲੈਂਦਾ, ਲੈਕਚਰਾਰੀ ਕੁੱਟ ਲੈਣੀ ਸੀ ਆਪਣੇ ਗੁਰਦਿਆਲ ਸਿਹੁੰ ਤੇ ਵਰਿਆਮ ਸੰਧੂ ਵਾਂਗੂੰ। ਬੱਸ ਰਾਸ਼ਟਰ ਭਾਸ਼ਾ ਦਾ ਮੋਹ ਈ ਮਾਰ ਗਿਆ।" ਕਾਲਜ ਲੈਕਚਰਾਰ ਨਾ ਬਣ ਸਕਣ ਦੀ ਪੀੜਾ ਗਰਗ ਦੇ ਚਿਹਰੇ ਤੋਂ ਹੁੰਦੀ-ਹੁੰਦੀ ਜ਼ੁਬਾਨ 'ਤੇ ਆ ਗਈ ਸੀ।

ਗਰਗ ਨਾਲ ਮੇਲ-ਜੋਲ ਵਧਣ ਲੱਗਾ ਹੈ। ਸਾਹਿਤ ਵਿਚਾਰ ਮੰਚ ਮੋਗਾ ਦਾ ਪ੍ਰਧਾਨ ਸਤਕਨਾਮੇ ਵਾਲਾ ਬਲਦੇਵ ਸਿੰਘ ਅਤੇ "ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤਕ ਰਾਤ ਬਾਕੀ ਹੈ" ਵਰਗੇ ਚਿਰ ਸਥਾਈ ਇਨਕਲਾਬੀ ਗੀਤਾਂ ਦਾ ਰਚੇਤਾ ਮਹਿੰਦਰ ਸਾਥੀ ਜਨਰਲ ਸਕੱਤਰ ਹੈ। ਸਾਹਿਤਕ ਸਮਾਗਮ ਰਚਾਉਂਦੇ ਰਹਿੰਦੇ ਹਨ। ਕਿਸੇ ਨਾਵਲ, ਕਹਾਣੀ ਸੰਗ੍ਰਹਿ ਜਾਂ ਕਵਿਤਾ ਦੀ ਪੁਸਤਕ 'ਤੇ ਗੋਸ਼ਟੀ ਹੁੰਦੀ ਹੀ ਰਹਿੰਦੀ ਹੈ। ਜਿੱਥੇ ਗਰਗ ਆਮ ਗੱਲਬਾਤ ਵਿਚ ਵਿਅੰਗ ਦੀਆਂ ਫੁੱਲਝੜੀਆਂ ਚਲਾਉਂਦਾ ਰਹਿੰਦਾ ਹੈ, ਉੱਥੇ ਗੋਸ਼ਟੀ ਦੌਰਾਨ ਵਿਸ਼ਵ ਪੱਧਰ ਦੇ ਨਾਵਲਾਂ, ਕਹਾਣੀਆਂ ਤੇ ਹੋਰ ਕਿਰਤਾਂ ਵਿਚੋਂ ਉਦਾਹਰਨਾਂ ਦਿੰਦਾ ਹੈ। ਮੇਰੇ ਦਿਲ ਵਿਚ ਉਸ ਦਾ ਸਤਿਕਾਰ ਅਤੇ ਪ੍ਰਭਾਵ ਹੋਰ ਵਧਦਾ ਹੈ। ਉਸ ਦੀ ਵਿਦਵਤਾ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ।

ਪਤਾ ਨਹੀਂ ਕਿਉਂ ਕਦੇ-ਕਦੇ ਮੈਨੂੰ ਮਹਿਸੂਸ ਹੁੰਦਾ ਸੀ ਜਿਵੇਂ ਬਲਦੇਵ ਅਤੇ ਗਰਗ ਵਿਚ ਰੂਸ-ਅਮਰੀਕਾ ਵਾਂਗੂੰ ਠੰਢੀ ਜੰਗ ਚੱਲ ਰਹੀ ਹੋਵੇ। ਦੋਵੇਂ ਇਕ ਦੂਜੇ ਦੇ ਖ਼ਿਲਾਫ਼ ਖੁੱਲ੍ਹ ਕੇ ਕੁਝ ਨਹੀਂ ਬੋਲਦੇ। ਕਿਸੇ ਸਮਾਗਮ ਵਿਚ ਤਾਂ ਉੱਕਾ ਹੀ ਨਹੀਂ। ਮੋਗੇ ਦੇ ਗੁਰੂ ਨਾਨਕ ਕਾਲਜ ਵਿਚ ਬਲਦੇਵ ਸਿੰਘ ਦੇ ਨਾਵਲ 'ਅੰਨਦਾਤਾ' ਬਾਰੇ ਗੋਸ਼ਟੀ ਹੁੰਦੀ ਹੈ। ਗਰਗ ਪ੍ਰਧਾਨਗੀ ਮੰਡਲ ਵਿਚ ਬਿਰਾਜਮਾਨ ਹੈ। ਉਹ ਨਾਵਲ ਦੀ ਭਰਵੀਂ ਤਾਰੀਫ਼ ਕਰਦਾ ਹੈ। ਨਾਵਲ ਨੂੰ ਪੰਜਾਬੀ ਕਿਸਾਨੀ ਨੂੰ ਸਫਲਤਾ ਸਹਿਤ ਚਿਤਰਨ ਵਾਲੀ ਵੱਡ ਆਕਾਰੀ ਕਿਰਤ ਆਖਦਾ ਹੈ। ਗਰਗ ਦੀ ਪਾਈ ਲੀਹ 'ਤੇ ਹੀ ਬਾਕੀ ਦੇ ਬਹੁਤੇ ਬੁਲਾਰੇ ਤੁਰ ਪੈਂਦੇ ਹਨ। ਮੁੱਖ ਮਹਿਮਾਨ ਡਾ: ਸਤਿੰਦਰ ਸਿੰਘ ਨੂਰ 'ਅੰਨਦਾਤਾ' ਨੂੰ ਪੰਜਾਬੀ ਦਾ 'ਗੋਦਾਨ' ਕਰਾਰ ਦੇ ਦਿੰਦੇ ਹਨ।

ਥੋੜ੍ਹੇ ਸਮੇਂ ਬਾਅਦ ਹੀ ਬਲਦੇਵ ਸਿੰਘ ਦਾ

***(ਬਾਕੀ ਅਗਲੇ ਸਫੇ 'ਤੇ)***

# ਮੋਬਾਈਲ ਦੀ ਲਤ ਜਾਂ ਬਿਮਾਰੀ ਦੀ ਸ਼ੁਰੂਆਤ ਕਿਵੇਂ ਪਛਾਣੀਏ?

ਮੋਬਾਈਲ ਫ਼ੋਨ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਬਣ ਚੁੱਕਿਆ ਹੈ। ਇਸ ਦੀ ਵਰਤੋਂ ਕਰਦਿਆਂ ਕਦੋਂ ਕੋਈ ਇਸ ਦਾ ਆਦੀ ਬਣ ਜਾਂਦਾ ਹੈ ਤੇ ਕਦੋਂ ਮਾਨਸਿਕ ਰੋਗੀ, ਇਸ ਬਾਰੇ ਪਤਾ ਹੀ ਨਹੀਂ ਲੱਗਦਾ। ਮੋਬਾਈਲ ਦੀ ਵਰਤੋਂ ਨਾਲ ਜੁੜੇ ਅਨੇਕ ਤਰ੍ਹਾਂ ਦੇ ਮਾਨਸਿਕ ਰੋਗ ਲੱਭੇ ਜਾ ਚੁੱਕੇ ਹਨ।

ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਮੋਬਾਈਲ ਦੀ ਲਤ ਤਾਂ ਨਹੀਂ ਲੱਗੀ? ਇਸ ਬਾਰੇ ਮਨੋਰੋਗ ਮਾਹਿਰਾਂ ਨੇ 11 ਨੁਕਤਿਆਂ ਬਾਰੇ ਦੱਸਿਆ ਹੈ, ਜੋ ਇਸ਼ਾਰਾ ਕਰਦੇ ਹਨ ਕਿ ਕਿਸੇ ਨੂੰ ਮੋਬਾਈਲ ਦੀ ਵਰਤੋਂ ਨਾਲ ਨੁਕਸਾਨ ਹੋਣਾ ਤਾਂ

**ਡਾ. ਹਰਸ਼ਿੰਦਰ ਕੌਰ, ਐਮ.ਡੀ,**
**0175-2216783**

ਸ਼ੁਰੂ ਨਹੀਂ ਹੋਇਆ। ਇਹ ਹਨ:

1.ਮੋਬਾਈਲ ਨੂੰ ਸਜਾਉਣ, ਉਸ ਦੀ ਸਾਫ਼-ਸਫ਼ਾਈ ਕਰਦੇ ਰਹਿਣ ਦੇ ਨਾਲ-ਨਾਲ ਲਗਾਤਾਰ ਫ਼ੋਨ ਕਵਰ ਬਦਲਣ ਆਦਿ ਨਾਲ ਕਿਤੇ ਤੁਸੀਂ ਮੋਬਾਈਲ ਦੀ ਕੀਮਤ ਜਿੰਨੇ ਖਰਚੇ ਉਤੇ ਤਾਂ ਨਹੀਂ ਪਹੁੰਚ ਚੁੱਕੇ?

2. ਕੀ ਮੋਬਾਈਲ ਵਿਚ 30 ਵੱਖੋ-ਵੱਖ ਐਪ ਡਾਊਨਲੋਡ ਕੀਤੇ ਜਾ ਚੁੱਕੇ ਹਨ?

3. ਕੀ ਮੋਬਾਈਲ ਵਿਚਲੇ ਟਵਿੱਟਰ, ਫੇਸਬੁੱਕ, ਵ੍ਹਟਸਐਪ ਵਿਚ ਰੁੱਝੇ ਆਪਣੇ ਜ਼ਰੂਰੀ ਕੰਮ ਦਾ ਵਕਤ ਜਾਂ ਦਵਾਈ ਦਾ ਸਮਾਂ ਤਾਂ ਨਹੀਂ ਖੁੰਝ ਰਿਹਾ? ਕੀ ਅਜਿਹੇ ਜ਼ਰੂਰੀ ਕੰਮਾਂ ਲਈ ਮੋਬਾਈਲ ਵਿਚ ਅਲਾਰਮ ਲਾਉਣਾ ਪੈਂਦਾ ਹੈ?

4. ਕੀ ਮੋਬਾਈਲ ਬਾਰੇ ਸੰਪੂਰਨ ਜਾਣਕਾਰੀ ਲੈਣ ਲਈ ਮੋਬਾਈਲ ਰਾਹੀਂ ਹੀ ਪਤਾ ਕਰਦੇ ਰਹਿੰਦੇ ਹੋ?

5. ਕੀ ਰੋਜ਼ ਦਾ ਮਿਲਿਆ ਡਾਟਾ ਪੂਰਾ ਵਰਤਿਆ ਜਾਂਦਾ ਹੈ ਤੇ ਹੋਰ ਦੀ ਲੋੜ ਮਹਿਸੂਸ ਹੁੰਦੀ ਹੈ?

6. ਕੀ ਟੈਕਸਟ ਮੈਸੇਜ ਤੁਹਾਡੇ ਦਿਨ ਦਾ ਇੱਕ ਚੌਥਾਈ ਸਮਾਂ ਖਾ ਰਹੇ ਹਨ?

7. ਕੀ ਤੁਹਾਡੇ ਫ਼ੋਨ ਦੀ ਬੈਟਰੀ ਪੂਰਾ ਦਿਨ ਚਲ ਜਾਂਦੀ ਹੈ? ਕਿਤੇ ਦੂਜੀ ਵਾਰ ਚਾਰਜ ਤਾਂ ਨਹੀਂ ਕਰਨਾ ਪੈਂਦਾ? ਕੀ ਕਿਸੇ ਥਾਂ ਪਹੁੰਚ ਕੇ ਸਭ ਤੋਂ ਪਹਿਲਾਂ ਚਾਰਜਰ ਲਾਉਣ ਲਈ ਥਾਂ ਤਾਂ ਨਹੀਂ ਲੱਭਣੀ ਪੈਂਦੀ?

8. ਕੀ ਫ਼ੋਨ ਹੱਥੋਂ ਡਿੱਗ ਜਾਣ ਉਤੇ ਦਿਲ ਦੀ ਧੜਕਨ ਇਕਦਮ ਰੁਕ ਗਈ ਜਾਪਦੀ ਹੈ? ਕੀ ਸਕਰੀਨ ਟੁੱਟ ਜਾਣ ਉੱਤੇ ਰਿਪੇਅਰ ਲਈ ਮੋਬਾਈਲ ਦੇਣ ਨਾਲ ਰਾਤ ਦੀ ਨੀਂਦਰ ਉਤੇ ਫ਼ਰਕ ਪੈਂਦਾ ਹੈ ਜਾਂ ਇੰਜ ਜਾਪਦਾ ਹੈ ਕਿ ਕੋਈ ਜ਼ਰੂਰੀ ਅੰਗ ਟੁੱਟ ਗਿਆ ਹੈ?

9. ਕੀ ਦੋਸਤਾਂ ਨਾਲ ਬੈਠਿਆਂ ਮੋਬਾਈਲ ਦੀਆਂ ਕਿਸਮਾਂ ਬਾਰੇ ਗੱਲਬਾਤ ਜਾਂ ਇੱਕ ਦੂਜੇ ਦੇ ਫ਼ੋਨ ਦੀ ਬਣਤਰ ਜਾਂ ਕਿਸਮ ਬਾਰੇ ਜ਼ਿਕਰ ਕੀਤਾ ਜਾਂਦਾ ਹੈ? ਨਵੇਂ ਐਪ ਬਾਰੇ ਵੀ ਜ਼ਿਕਰ ਚਲਦਾ ਹੈ?

10. ਜੇ ਕੰਮ ਉਤੇ ਜਾਂ ਘਰੋਂ ਬਾਹਰ ਖਾਣਾ ਖਾਣ ਜਾਣ ਲੱਗਿਆਂ ਫ਼ੋਨ ਘਰ ਰਹਿ ਜਾਵੇ ਤਾਂ ਉਸੇ ਵੇਲੇ ਕੰਮ ਛੱਡ ਕੇ ਵਾਪਸ ਫ਼ੋਨ ਲੈਣ ਜਾਣਾ ਪੈਂਦਾ ਹੈ? ਕੀ ਉਸ ਸਮੇਂ ਘਬਰਾਹਟ ਹੋਣ ਲੱਗ ਪੈਂਦੀ ਹੈ ਕਿ ਕੋਈ ਜ਼ਰੂਰੀ ਫ਼ੋਨ ਜਾਂ ਮੈਸੇਜ ਪੜ੍ਹਨਾ ਰਹਿ ਨਾ ਜਾਏ?

11. ਕੀ ਗੁਸਲਖਾਨੇ ਵਿਚ ਵੀ ਮੋਬਾਈਲ ਨੂੰ ਨਾਲ ਲੈ ਕੇ ਜਾਣਾ ਪੈਂਦਾ ਹੈ? ਕੀ ਸੁੱਤੇ ਉਠੇ ਸਭ ਤੋਂ ਪਹਿਲਾਂ ਮੋਬਾਈਲ ਫ਼ੋਨ ਚੁੱਕਣ ਨੂੰ ਮਨ ਉਕਸਾਉਂਦਾ ਹੈ?

ਜੇ ਉਪਰ ਦੱਸੇ 11 ਸਵਾਲਾਂ ਵਿਚੋਂ 8 ਦੇ ਜਵਾਬ ਹਾਂ ਵਿਚ ਹਨ ਤਾਂ ਇਸ ਦਾ ਮਤਲਬ ਹੈ ਕਿ ਮੋਬਾਈਲ ਦੀ ਲਤ ਲੱਗ ਚੁੱਕੀ ਹੈ। ਇਸ ਤਰ੍ਹਾਂ ਦੀ ਲਤ ਹੌਲੀ-ਹੌਲੀ ਕਈ ਕਿਸਮਾਂ ਦੇ ਮਾਨਸਿਕ ਰੋਗਾਂ ਦੇ ਬੀਜ ਬੋ ਦਿੰਦੀ ਹੈ।

ਇਹ ਮਾਨਸਿਕ ਰੋਗਾਂ ਦੇ ਬੀਜ ਹਨ:

1. ਵਧਦੀ ਚਿੰਤਾ
2. ਛੇਤੀ ਘਬਰਾਹਟ ਮਹਿਸੂਸ ਕਰਨੀ
3. ਤਣਾਓ ਮਹਿਸੂਸ ਹੋਣਾ
4. ਸਿਰ ਪੀੜ ਰਹਿਣ ਲੱਗ ਪੈਣੀ
5. ਇਕਦਮ ਭੜਕ ਜਾਣਾ
6. ਛੇਤੀ ਗੁੱਸਾ ਆਉਣਾ
7. ਦੂਜੇ ਵਿਰੁੱਧ ਭੱਦੀ ਸ਼ਬਦਾਵਲੀ ਵਰਤਣੀ
8. ਦੂਜੇ ਨੂੰ ਭੰਡ ਕੇ ਮਨ ਅੰਦਰ ਤਸੱਲੀ ਮਹਿਸੂਸ ਹੋਣੀ
9. ਪੱਠਿਆਂ ਵਿਚ ਪੀੜ ਰਹਿਣੀ
10. ਨਜ਼ਰ ਘਟਣੀ
11. ਅਜੀਬ ਆਵਾਜ਼ਾਂ ਸੁਣਾਈ ਦੇਣੀਆਂ
12. ਖ਼ੁਰਕ ਹੁੰਦੀ ਜਾਪਣੀ
13. ਨੀਂਦਰ ਪੂਰੀ ਨਾ ਆਉਣੀ
14. ਸ਼ਰਾਬ ਪੀਣੀ ਸ਼ੁਰੂ ਕਰ ਦੇਣੀ, ਸਿਗਰਟਨੋਸ਼ੀ

ਆਮ ਧਾਰਨਾ ਹੈ ਕਿ ਜੇ ਮੋਬਾਈਲ ਫ਼ੋਨ ਉਤੇ ਖੇਡਾਂ ਨਹੀਂ ਖੇਡੀਆਂ ਜਾ ਰਹੀਆਂ ਅਤੇ ਸਿਰਫ਼ ਕੰਮ ਲਈ ਵਰਤੇ ਜਾ ਰਹੇ ਹਨ ਤਾਂ ਇਹ ਬਿਮਾਰੀ ਨਹੀਂ ਮੰਨਣੀ ਚਾਹੀਦੀ। ਇਸ ਦੇ ਉਲਟ



ਮਨੋਵਿਗਿਆਨੀਆਂ ਨੇ ਲਤ ਲੱਗੀ ਮੰਨੀ ਹੈ, ਇੰਟਰਨੈਂਟ ਵਰਤੋਂ, ਕੈਮਰਾ, ਜੀ.ਪੀ.ਐਸ. ਰਾਹੀਂ ਰਸਤਾ ਲੱਭਣਾ, ਆਨਲਾਈਨ ਖਰੀਦੋ-ਫਰੋਖਤ, ਵੀਡੀਓ-ਕਾਲ, ਕੈਮ ਸਕੈਨਰ ਤੋਂ ਲੈ ਕੇ ਵੱਖੋ-ਵੱਖ ਖੇਡਾਂ ਸਮੇਤ ਜੇ ਲਗਾਤਾਰ ਮੋਬਾਈਲ ਦੀ ਵਰਤੋਂ ਹੋ ਰਹੀ ਹੈ ਤਾਂ ਇਹ ਲਤ ਹੀ ਮੰਨੀ ਜਾਵੇਗੀ ਕਿਉਂਕਿ ਪਰਿਵਾਰ ਲਈ ਸਮਾਂ, ਲਿਖਣ ਪੜ੍ਹਨ, ਘਰ ਦਾ ਕੰਮ, ਚਿੱਤਰਕਾਰੀ, ਦੋਸਤਾਂ ਨਾਲ ਘੁੰਮਣਾ ਆਦਿ ਸਭ ਕੁੱਝ ਮਨਫ਼ੀ ਹੋ ਜਾਂਦਾ ਹੈ।

ਮੋਬਾਈਲ ਤੋਂ ਬਗ਼ੈਰ ਮਹਿਸੂਸ ਹੁੰਦੀ ਘਬਰਾਹਟ, ਬਦੋਬਦੀ ਫ਼ੋਨ ਵਿਚੋਂ ਕੁੱਝ ਨਾ ਕੁੱਝ ਲੱਭਣਾ ਆਦਿ ਸਾਨੂੰ ਮਾਨਸਿਕ ਪੱਖੋਂ ਕਮਜ਼ੋਰ ਕਰਦਾ ਰਹਿੰਦਾ ਹੈ।

ਇਹ ਲਤ ਕਈ ਵਾਰ ਏਨੀ ਖ਼ਤਰਨਾਕ ਹੋ ਜਾਂਦੀ ਹੈ ਕਿ ਜਾਨ ਤਕ ਚਲੀ ਜਾਂਦੀ ਹੈ। ਮਿਸਾਲ ਵਜੋਂ, ਗੱਡੀ ਚਲਾਉਂਦਿਆਂ ਮੈਸੇਜ ਕਰਨੇ, ਲਟਕ ਕੇ ਫੋਟੋ ਖਿੱਚਣੀ ਆਦਿ। ਹੁਣ ''ਆਨਲਾਈਨ ਸੈਕਸ'' ਅਧੀਨ ਬਹੁਤ ਵੱਡੀ ਗਿਣਤੀ ਨੌਜਵਾਨ ਬੱਚੇ ਤੇ ਵਡੇਰੀ ਉਮਰ ਵਾਲੇ ਵੀ ਬਦੋਬਦੀ ਮੋਬਾਈਲ ਨਾਲ ਚਿਪਕਦੇ ਜਾ ਰਹੇ ਹਨ। ਬਿਲਕੁਲ ਇੰਜ ਹੀ ਮੋਬਾਈਲ ਉਤੇ ਖੇਡੀ ਜਾ ਰਹੀ ਜੂਏ ਦੀ ਖੇਡ ਨੇ ਵੀ ਲੱਖਾਂ ਲੋਕਾਂ ਨੂੰ ਲਗਾਤਾਰ ਫ਼ੋਨ ਨਾਲ ਚਿਪਕਾ ਛੱਡਿਆ ਹੈ। ਅਣਗਿਣਤ ਔਰਤਾਂ ਫ਼ੋਨ ਉੱਤੇ ਵਕਤੀ ਤੌਰ ਉੱਤੇ ਇਕਦਮ ਦਿਸਦੀ 'ਸੇਲ' ਸਦਕਾ ਲਗਾਤਾਰ ਫ਼ੋਨ ਚੈੱਕ ਕਰਦੀਆਂ ਰਹਿੰਦੀਆਂ ਹਨ। ਅਨੇਕ ਸੈਲਫ਼ੀਆਂ ਖਿੱਚ-ਖਿੱਚ ਕੇ ਲਗਾਤਾਰ ਇੰਟਰਨੈਟ ਉੱਤੇ ਚੜ੍ਹਾਉਣ ਦਾ ਮਾਨਸਿਕ ਰੋਗ ਪਾਲ ਲੈਂਦੇ ਹਨ।

ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਇੰਟਰਨੈਟ ਦੇ ਆਦੀ ਬੰਦੇ ਦੋਸਤਾਂ ਮਿੱਤਰਾਂ ਤੋਂ ਟੁੱਟ ਜਾਂਦੇ ਹਨ ਤੇ ਇਕੱਲੇਪਨ ਦਾ ਸ਼ਿਕਾਰ ਹੋਣ ਲੱਗ ਪੈਂਦੇ ਹਨ। ਇਸੇ ਲਈ ਇਨ੍ਹਾਂ ਵਿਚ ਵਧਿੰਦੀ ਕਲਾ ਅਤੇ ਖ਼ੁਦਕੁਸ਼ੀ ਦਾ ਰੁਝਾਨ ਕਾਫ਼ੀ ਵਧ ਜਾਂਦਾ ਹੈ।

ਮਨੋਵਿਗਿਆਨੀਆਂ ਨੇ ਹੁਣ ''ਮੋਬਾਈਲ ਫ਼ੋਨ ਐਡਿਕਸ਼ਨ ਕਰੇਵਿੰਗ ਸਕੇਲ'' ਤਿਆਰ ਕੀਤੀ ਹੈ, ਜਿਸ ਅਧੀਨ ਆਪਣੇ ਆਪ ਨੂੰ ਸਵਾਲ ਕਰ ਕੇ ਪਤਾ ਲਾਇਆ ਜਾ ਸਕਦਾ ਹੈ ਕਿ ਮੋਬਾਈਲ ਦੀ ਲਤ ਲੱਗ ਚੁੱਕੀ ਜਾਂ ਨਹੀਂ:

* ਕੀ ਮੈਂ ਮੋਬਾਈਲ ਤੋਂ ਬਗ਼ੈਰ ਇੱਕ ਦਿਨ ਲੰਘਾ ਸਕਦਾ ਹਾਂ?
* ਕੀ ਮੈਂ ਗੁਸਲਖਾਨੇ ਅੰਦਰ ਮੋਬਾਈਲ ਲਿਜਾਣਾ ਬੰਦ ਕਰ ਸਕਦਾ ਹਾਂ?
* ਕੀ ਮੈਂ ਰਾਤ ਸੌਣ ਵੇਲੇ ਵੀ ਮੋਬਾਈਲ ਕਮਰੇ ਅੰਦਰ ਹੀ ਰੱਖਦਾ ਹਾਂ?
* ਕੀ ਮੈਂ ਮੋਬਾਈਲ ਨਾਲੋਂ ਹੱਥ ਵਿਚ ਕਿਤਾਬ ਫੜ ਕੇ ਪੜ੍ਹਾਈ ਕਰ ਸਕਦਾ ਹਾਂ?
* ਕੀ ਮੈਂ ਹਫ਼ਤੇ ਲਈ ਟਵਿੱਟਰ, ਫੇਸਬੁੱਕ, ਵ੍ਹਟਸਐਪ ਬੰਦ ਕਰ ਸਕਦਾ ਹਾਂ?
* ਕੀ ਮੈਂ ਮੋਬਾਈਲ ਵਿਚ ਅਲਾਰਮ ਲਾਉਣ ਦੀ ਥਾਂ ਆਪ ਕੰਮ ਕਰਨ ਦਾ ਸਮਾਂ ਯਾਦ ਰੱਖ ਸਕਦਾ ਹਾਂ?
* ਕੀ ਮੈਂ ਘਰ ਦੇ ਕੰਮ ਕਰਦਿਆਂ, ਕਸਰਤ ਕਰਦਿਆਂ ਜਾਂ ਰੋਟੀ ਖਾਂਦਿਆਂ ਫ਼ੋਨ ਬੰਦ ਕਰ ਦਿੰਦਾ ਹਾਂ?
* ਕੀ ਮੈਂ ਕਿਸੇ ਜ਼ਰੂਰੀ ਮੀਟਿੰਗ ਦੌਰਾਨ ਜਾਂ ਦੋਸਤਾਂ ਨਾਲ ਹਾਸਾ ਠੱਠਾ ਕਰਦਿਆਂ ਵੀ ਫ਼ੋਨ ਬੰਦ ਨਹੀਂ ਕਰ ਸਕਦਾ? ਸਿਰਫ਼ ਆਵਾਜ਼ ਹੌਲੀ ਕਰ ਕੇ ਫ਼ੋਨ ਜ਼ਰੂਰ ਨਾਲ ਰੱਖਣਾ ਪੈਂਦਾ ਹੈ?

ਜੇ ਹੁਣ ਇਨ੍ਹਾਂ ਸਵਾਲਾਂ ਨੂੰ ਪੜ੍ਹ ਕੇ ਜਾਪਦਾ ਹੈ ਕਿ ਮੋਬਾਈਲ ਸਾਡੀ ਜ਼ਿੰਦਗੀ ਨੂੰ ਚੱਬਣ ਲੱਗ ਪਿਆ ਹੈ ਤੇ ਸਾਡੇ ਕੋਲੋਂ ਇਕ ਪਲ ਵੀ ਇਸ ਤੋਂ ਪਰ੍ਹਾਂ ਨਹੀਂ ਰਿਹਾ ਜਾਂਦਾ, ਤਾਂ ਹੁਣ ਸਮਾਂ ਹੈ ਮੋਬਾਈਲ ਵਰਤੋਂ ਸੀਮਤ ਕਰਨ ਦਾ। ਜੇ ਆਪਣੇ ਆਪ ਨੂੰ ਹੋਰ ਆਹਰੇ ਲਾ ਕੇ ਵੀ ਮੋਬਾਈਲ ਹਮੇਸ਼ਾ ਚਾਲੂ ਰੱਖ ਕੇ ਨਾਲ ਹੀ ਰੱਖਣਾ ਪੈਂਦਾ ਹੈ ਤਾਂ ਮਨੋਵਿਗਿਆਨਿਕ ਡਾਕਟਰ ਦੀ ਸਲਾਹ ਲੈ ਕੇ ਘੱਟੋ-ਘੱਟ ਕੁੱਝ ਘੰਟੇ ਰੋਜ਼ ਹਰ ਹਾਲ ਮੋਬਾਈਲ ਬੰਦ ਕਰਨਾ ਹੀ ਚਾਹੀਦਾ ਹੈ।

**ਸਾਰ:** ਮੋਬਾਈਲ ਫ਼ੋਨ ਤਣਾਓ ਦੇਣ ਦੇ ਨਾਲ-ਨਾਲ ਮਾਨਸਿਕ ਰੋਗੀ ਵੀ ਪੈਦਾ ਕਰਨ ਲੱਗ ਪਿਆ ਹੈ। ਵੇਲੇ ਸਿਰ ਇਸ ਦੀ ਵਰਤੋਂ ਘਟਾ ਲੈਣ ਨਾਲ ਅਨੇਕ ਰੋਗਾਂ ਤੋਂ ਬਚਾਅ ਹੋ ਸਕਦਾ ਹੈ ਤੇ ਲੰਮੀ ਜ਼ਿੰਦਗੀ ਭੋਗੀ ਜਾ ਸਕਦੀ ਹੈ।

---

***(ਪਿਛਲੇ ਸਫੇ ਦਾ ਬਾਕੀ)***

ਨਵਾਂ ਨਾਵਲ ਮਾਰਕਿਟ ਵਿਚ ਆ ਡਿੱਗਦਾ ਹੈ। ਸਬੱਬੀਂ ਗਰਗ ਮਿਲਦਾ ਹੈ।

''ਕੜਿਆਲਵੀ ਬਲਦੇਵ ਸਿੰਘ ਦਾ ਭਗਤ ਸਿੰਘ ਬਾਰੇ ਨਵਾਂ ਨਾਵਲ 'ਸਤਲੁਜ ਵਹਿੰਦਾ ਰਿਹਾ' ਪੜ੍ਹ ਲਿਆ?''

''ਹਾਂ .. .. .. ਪੜ੍ਹ ਲਿਆ।''

''ਕਿਵੇਂ ਲੱਗਾ? ਇੰਨਜੁਆਏ ਕੀਤਾ ਤੂੰ?'' ਮੈਂ ਚੁੱਪ ਰਹਿੰਦਾ ਹਾਂ ਕੋਈ ਜੁਆਬ ਨਹੀਂ ਦਿੰਦਾ। ਦਰਅਸਲ ਗਰਗ ਦੀ ਵਿਦਵਤਾ ਅੱਗੇ ਮੈਨੂੰ ਕੋਈ ਗੱਲ ਅਹੁੜਦੀ ਹੀ ਨਹੀਂ।

''ਗਰਾਮੈਟੇਕਲੀ ਨਾਵਲ ਬੜਾ ਕਮਜ਼ੋਰ ਐ। ਬਲਦੇਵ ਸਿੰਘ ਨਾਵਲ ਪਰੈਜ਼ੈਂਟ ਟੈਨਸ ਵਿਚ ਹੀ ਲਿਖੀ ਜਾ ਰਿਹਾ। ਭਗਤ ਸਿੰਘ ਗੱਡੀ ਵਿਚ ਜਾ ਰਿਹਾ। ਉਹ ਹੁਣ ਆਹ ਕਰ ਰਿਹਾ .. .. .. ਹੁਣ ਉਹ ਕਰ ਰਿਹਾ। ਹੁਣ ਪੜ੍ਹ ਰਿਹਾ.. .. .. ਹੁਣ ਸੋਚ ਰਿਹਾ। ਅਜੀਬ ਜਿਹਾ ਨੀਂ ਲੱਗਦਾ ਤੈਨੂੰ? ਇਤਿਹਾਸਕ ਨਾਵਲ, ਵਰਤਮਾਨ ਕਾਲ ਵਿਚ ਕਿਵੇਂ ਲਿਖਿਆ ਜਾਊ। ਲਿਖਿਆ ਜਾ ਸਕਦਾ?'' ਗਰਗ ਆਪਣੀ ਗੱਲ ਦਾ ਪ੍ਰਭਾਵ ਜਾਣਨ ਲਈ ਕੁਝ ਚਿਰ ਲਈ ਚੁੱਪ ਹੋ ਜਾਂਦਾ ਹੈ।

''ਅਸਲ ਵਿਚ ਬਲਦੇਵ ਸਿੰਘ ਨੂੰ ਯੱਭਲੀਆਂ ਮਾਰਨ ਦੀ ਆਦਤ ਨੀਂ ਜਾਂਦੀ। 'ਅੰਨਦਾਤਾ' ਵਿਚ ਭੂਪੀ ਅਤੇ ਪੀ.ਸੀ.ਓ. ਵਾਲੀਆਂ ਕੁੜੀਆਂ ਪਾ ਦਿੱਤੀਆਂ। ਧੱਕੇ ਨਾਲ ਈ। ਖਾਹ-ਮਖਾਹ। ਐਵੇਂ ਈ 'ਸਤਲੁਜ ਵਹਿੰਦਾ ਰਿਹਾ' ਵਿਚ ਸਿਪਾਹੀ ਵਾੜ ਦਿੱਤੇ। ਐਵੇਂ ਯੱਭਲੀਆਂ ਮਾਰਨ ਵਾਸਤੇ। ਬਲਦੇਵ ਚੰਗੇ-ਭਲੇ ਨਾਵਲ ਦਾ ਸੱਤਿਆਨਾਸ ਮਾਰ ਦਿੰਦਾ ਐ। ਕੀ ਲੋੜ ਸੀ ਏਹਦੀ?'' ਗਰਗ ਦਾ ਸੱਜਾ ਹੱਥ ਜਾਣੇ-ਪਛਾਣੇ ਅੰਦਾਜ਼ ਵਿਚ ਘੁੰਮਦਾ ਹੋਇਆ ਬੜੀ ਸਪਾਟ ਟਿੱਪਣੀ ਦਿੰਦਾ ਹੈ।

ਇਸ ਗੱਲ ਤੋਂ ਥੋੜ੍ਹੇ ਹੀ ਦਿਨਾਂ ਬਾਅਦ ਡੀ.ਐਮ. ਕਾਲਜ ਮੋਗੇ ਬਲਦੇਵ ਸਿੰਘ ਦੇ ਇਸੇ ਨਾਵਲ (ਸਤਲੁਜ ਵਹਿੰਦਾ ਰਿਹਾ) 'ਤੇ ਗੋਸ਼ਟੀ ਹੁੰਦੀ ਹੈ। ਮੰਚ-ਸੰਚਾਲਨ ਮੇਰੇ ਹੱਥ ਹੈ। ਝਿਜਕਦਿਆਂ-ਝਿਜਕਦਿਆਂ ਨਾਵਲ ਉਪਰ ਵਿਚਾਰ ਪ੍ਰਗਟਾਉਣ ਲਈ ਗਰਗ ਨੂੰ ਸੱਦਾ ਦਿੰਦਾ ਹਾਂ। ਸੋਚਦਾ ਹਾਂ ਕਿ ਗਰਗ ਆਉਂਦਿਆਂ ਨਾਵਲ ਅਤੇ ਇਸ ਦੇ ਲੇਖਕ ਦੀਆਂ ਧੱਜੀਆਂ ਉਡਾਉਣੀਆਂ ਸ਼ੁਰੂ ਕਰ ਦੇਵੇਗਾ। ਗਰਗ ਬੜੀ ਹੀ ਗੰਭੀਰ ਸੁਰ ਵਿਚ ਬੋਲਦਾ ਹੈ। ਥੋੜ੍ਹੇ ਦਿਨ ਪਹਿਲਾਂ ਮੇਰੇ ਕੋਲ ਨਾਵਲ ਦੀਆਂ ਧੱਜੀਆਂ ਉਡਾਉਣ ਵਾਲਾ ਗਰਗ ਅੱਜ ਨਾਵਲ ਅਤੇ ਨਾਵਲਕਾਰ ਦੇ ਹੱਕ ਵਿਚ ਬੋਲੀ ਜਾਂਦਾ ਹੈ।

''ਗਰਗ ਸਾਹਿਬ! ਅੱਜ ਤਾਂ ਤੁਸੀਂ ਕਮਾਲ ਹੀ ਕਰਤੀ। ਤੁਸੀਂ ਤਾਂ ਬਲਦੇਵ ਦੇ ਵਕੀਲ ਬਣੀ ਬੈਠੇ ਸੀ। ਨਾਵਲ 'ਚ ਥੋਨੂੰ ਕੋਈ ਨੁਕਸ ਈ ਨਹੀਂ ਥਿਆਇਆ। ਲੱਗਦਾ ਥੋਡੀ ਐਨਕ ਬਦਲਗੀ, ਸੁਰਜੀਤ ਬਰਾੜ ਵਰਗੇ ਆਲੋਚਕ ਨਾਲ। ਇਤਿਹਾਸਕ ਨਾਵਲ ਵਰਤਮਾਨ ਕਾਲ 'ਚ ਲਿਖਿਆ ਸਿਪਾਹੀ.. .. ਯੱਭਲੀਆਂ, ਫਿਲਮੀ ਟੱਚ।'' ਸਮਾਗਮ ਬਾਅਦ ਮੈਂ ਗਰਗ ਨੂੰ ਖਾਣੇ ਦੀ ਮੇਜ਼ 'ਤੇ ਘੇਰ ਲੈਂਦਾ ਹਾਂ।

''ਕੜਿਆਲਵੀ! ਯਾਰ ਪੰਜਾਬੀ ਯੂਨੀਵਰਸਿਟੀ ਵਾਲਾ ਵਿਦਵਾਨ ਪੁਰਸ਼ ਡਾ. ਜਸਵਿੰਦਰ ਸਿੰਘ ਸਮਾਗਮ ਦੀ ਪ੍ਰਧਾਨਗੀ ਕਰ ਰਿਹਾ ਸੀ। ਮੈਂ ਸੋਚਿਆ ਐਵੇਂ ਉਹਦੇ 'ਤੇ ਬੁਰਾ ਪ੍ਰਭਾਵ ਪਊ। ਉਹ ਕੀ ਸੋਚੂ ਬਈ ਮੋਗੇ ਵਾਲੇ ਇਕ ਦੂਜੇ ਦੇ ਈ ਪਰਖਚੇ ਉਡਾਈ ਜਾਂਦੇ। ਦੂਜੀ ਗੱਲ, ਹੁਣ ਕਿਸੇ ਦੇ ਖ਼ਿਲਾਫ਼ ਨੀਂ ਬੋਲਿਆ ਕਰਨਾ। ਹੁਣ ਦੇਖ ਲੇਖਕ ਲਿਖਦਾ.. .. ਜਿੰਨੀ ਮੇਹਨਤ ਉਹ ਕਰਦਾ ਉਹਦੇ ਹਿਸਾਬ ਨਾਲ ਉਸ ਨੂੰ ਮਿਲਦਾ-ਮਿਲਾਉਂਦਾ ਤਾਂ ਕੁਝ ਹੈ ਨਹੀਂ। ਇਹ ਕੋਈ ਘੱਟ ਬਹਾਦਰੀ ਵਾਲਾ ਕੰਮ? ਫਿਰ ਦੱਸੋ ਕਾਹਦੇ ਕਰਕੇ ਲੇਖਕ ਦੇ ਖ਼ਿਲਾਫ਼ ਬੋਲਣਾ। ਬਲਦੇਵ ਸਿੰਘ ਨੇ ਪੰਜ-ਸਾਢੇ ਪੰਜ ਸੌ ਸਫ਼ੇ ਦਾ ਨਾਵਲ ਲਿਖਿਆ.. .. .. ਐਥੇ ਕਿਸੇ 'ਤੋਂ ਚਾਰ ਸਫ਼ੇ ਨੀਂ ਲਿਖ ਹੁੰਦੇ। ਇਹ ਤਾਂ ਤਕੜੇ ਦਿਲ ਗੁਰਦੇ ਵਾਲੇ ਦਾ ਕੰਮ ਐ।'' ਗਰਗ ਆਖਦਾ ਹੈ।

ਇਹ ਗਰਗ ਦੇ ਬਦਲਦੇ ਦ੍ਰਿਸ਼ਟੀਕੋਣ ਦੀ ਨਿੱਕੀ ਜਿਹੀ ਝਲਕ ਹੈ। ਫਿਰ ਰੂਸ-ਅਮਰੀਕਾ ਦੀ ਠੰਢੀ ਜੰਗ ਵੀ ਤਾਂ ਖਤਮ ਹੋ ਚੁੱਕੀ। ਸ਼ਾਇਦ ਦੋਵਾਂ ਮਹਾਰਥੀ ਸ਼ਕਤੀਆਂ ਨੇ ਕੋਈ 'ਸੰਧੀ' ਹੀ ਕਰ ਲਈ ਹੋਵੇ। ਗਰਗ ਦੀ ਜਸਵੰਤ ਸਿੰਘ ਕੰਵਲ ਨਾਲ ਵਰ੍ਹਿਆਂ ਤੋਂ ਬੰਦ ਪਈ ਗੱਲਬਾਤ ਵੀ ਦੁਬਾਰਾ ਸ਼ੁਰੂ ਹੋਈ। ਉਹ ਪਿੰਡ ਢੁੱਡੀਕੇ, ਕੰਵਲ ਦੇ ਸਨਮਾਨ ਸਮਾਰੋਹ 'ਤੇ ਵੀ ਜਾ ਆਇਆ ਸੀ। ਜਿਹੜਾ ਗਰਗ,''ਕੰਵਲ ਐਵੇਂ ਭੱਜੀਏ.. .. ਭੱਈਏ ਆਖ ਕੇ ਰੌਲਾ ਪਾਈ ਜਾਂਦਾ। ਸਾਡੇ ਪੰਜਾਬੀ ਸਾਰੀ ਵਲੈਤ ਸਾਂਭੀ ਬੈਠੇ। ਕਨੇਡਾ ਤਾਂ ਔਧਿਓ-ਵੱਧ ਭਰ ਦਿੱਤਾ ਪੰਜਾਬੀਆਂ ਨੇ। ਕੰਵਲ ਉਨ੍ਹਾਂ ਦਾ ਵਿਰੋਧ ਕਿਉਂ ਨੀਂ ਕਰਦਾ?'' ਆਖਦਿਆਂ ਜਸਵੰਤ ਸਿੰਘ ਕੰਵਲ ਦਾ ਵਿਰੋਧ ਕਰਦਾ ਸੀ; ਕੰਵਲ ਦੇ ਹੱਕ ਵਿਚ ਬੋਲਣ ਲੱਗਾ। ਗੱਲ ਵਿਚੋਂ ਇਹ ਕਿ ਦੋਵਾਂ ਨੇ ਹੀ ਆਪਣੀ ਸੁਰ ਥੋੜ੍ਹੀ-ਥੋੜ੍ਹੀ ਬਦਲੀ ਸੀ। ਕੰਵਲ ਆਖਦਾ, ''ਜੇਕਰ ਯੂ.ਪੀ., ਬਿਹਾਰ ਤੋਂ ਆ ਕੇ ਪੰਜਾਬ ਵੱਸਣ ਵਾਲੇ, ਪੰਜਾਬੀ ਰਹਿਤਲ ਵਿਚ ਸ਼ਾਮਲ ਹੋ ਜਾਣ ਤਾਂ ਠੀਕ ਹੈ। ਫਿਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਕੋਈ ਖ਼ਤਰਾ ਨਹੀਂ।'' ਕੰਵਲ ਉਪਰ ਸਾਡੇ ਯੁੱਗ ਕਵੀ ਸੁਰਜੀਤ ਪਾਤਰ ਦੀ ਕਵਿਤਾ ''ਪਿੱਛੇ-ਪਿੱਛੇ ਰਿਜਕ ਦੇ ਚੱਲ ਆਇਆ ਨੰਦ ਕਿਸ਼ੋਰ'' ਅਸਰ ਕਰ ਗਈ ਸੀ। ਫਿਰ ਕੰਵਲ ਨੇ ਆਪਣੀ ਤੋਪ ਦੇ ਗੋਲੇ ਕੇਂਦਰੀ ਸਰਕਾਰਾਂ ਵੱਲ ਨੂੰ ਸਿੱਟਣੇ ਸ਼ੁਰੂ ਕਰ ਦਿੱਤੇ। ਉਹ ਆਖਦਾ ਕਿ ਸਮੇਂ-ਸਮੇਂ ਬਣਨ ਵਾਲੀਆਂ ਕੇਂਦਰ ਸਰਕਾਰਾਂ ਨੇ ਪੰਜਾਬੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਜੰਗੇ ਆਜ਼ਾਦੀ ਤੇ ਦੇਸ਼ ਵੰਡ ਵੇਲੇ ਵਾਅਦੇ ਕਰਨ ਦੇ ਬਾਵਜੂਦ ਕੌਮੀ ਨੇਤਾਵਾਂ ਨੇ ਪੰਜਾਬੀ ਕੌਮ ਨੂੰ ਉਸ ਦਾ ਬਣਦਾ ਹੱਕ ਨਹੀਂ ਦਿੱਤਾ। ਕੰਵਲ ਦੇ ਭਾਸ਼ਣਾਂ ਦੀ ਸੁਰ ਬਦਲਦਿਆਂ ਹੀ ਗਰਗ ਨੇ ਮੋੜਾ ਕੱਟਿਆ। ਹੁਣ ਉਹ, ''ਕੰਵਲ ਨੇ ਸਾਰੀ ਉਮਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਵਾਜ਼ ਬੁਲੰਦ ਕੀਤੀ ਹੈ, ਪੂਰੀ ਗੜਕੇ ਨਾਲ। ਬਿਨਾਂ ਕਿਸੇ ਡਰ ਭੁੱਕਰ ਤੋਂ। ਕਿਸੇ ਐਵਾਰਡ ਦੀ ਕੁੱਤੇ ਝਾਕ ਕੀਤੇ ਬਗ਼ੈਰ। ਕੰਵਲ ਪੰਜਾਬੀ ਦਾ ਸੈਮਸਨ ਹੈ।'' ਆਖਦਿਆਂ ਕੰਵਲ ਦੀ ਦਿਲ ਖੋਲ੍ਹ ਕੇ ਤਾਰੀਫ਼ ਕਰਨ ਲੱਗਾ ਸੀ।

ਬਲਦੇਵ ਸਿੰਘ ਅਤੇ ਕੇ.ਐਲ. ਗਰਗ ਦੋਵੇਂ ਸਾਹਿਤਕ ਮੁਹਾਜ਼ ਦੇ ਟਰੈਕ ਉਪਰ ਤੇਜ਼ ਦੌੜਨ ਵਾਲੇ ਖਿਡਾਰੀ ਹਨ। ਦੋਵੇਂ ਦੂਰ-ਦੂਰ ਦੇ ਸਮਾਗਮਾਂ 'ਤੇ ਜਾਂਦੇ। ਸਾਹਿਤਕ ਸਰਗਰਮੀਆਂ ਵਿਚ ਲਗਾਤਾਰ ਭਾਗ ਲੈ ਰਹੇ ਹਨ। ਕੇ.ਐਲ. ਗਰਗ, ਮੋਗੇ ਵਾਲੇ ਜਥੇ ਵਿਚ ਸ਼ਾਮਲ ਹੋ ਕੇ ਸਾਹਿਤਕ ਸਮਾਗਮਾਂ 'ਤੇ ਚਲਾ ਜਾਂਦਾ ਹੈ। ਬਲਦੇਵ ਸਿੰਘ ਦਾ ਇਹ ਜਥਾ ਨਾਵਲਕਾਰ ਕੇਵਲ ਕਾਲੋਟੀ ਦੇ ਸੱਦੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਰਵਾਈ ਜਾ ਰਹੀ ਨਾਵਲ ਵਰਕਸ਼ਾਪ ਵਿਚ ਸ਼ਿਰਕਤ ਕਰਨ ਲਈ ਟਾਂਡਾ ਉੜਮੁੜ ਜਾਂਦਾ ਹੈ। ਅਸੀਂ ਕੇਵਲ ਕਾਲੋਟੀ ਦੇ ਘਰ ਨੁਮਾ ਸਕੂਲ ਵਿਚ ਪਹੁੰਚਦੇ ਹਾਂ।

''ਇਹ ਵਰਕਸ਼ਾਪ ਕੀ ਹੋਈ। ਮੈਨੂੰ ਤਾਂ ਮਿਸਤਰੀਆਂ ਆਲੇ ਸੰਦ-ਵਲੇਵੇਂ ਜਿਹੇ ਦਿਖਾਈ ਦੇਈ ਜਾਂਦੇ। ਇਹ ਹੁਣ ਆਪਾਂ ਨੂੰ ਨਾਵਲ ਲਿਖਣਾ ਸਿਖਾਉਣਗੇ ਕਿ ਨਾਵਲ ਦੀ ਰਿਪੇਅਰ ਕਰਨੀ।'' ਗਰਗ ਹੱਸਦਾ ਹੈ।

''ਨਾਵਲ ਦੀਆਂ ਚੂਲਾਂ ਕੱਸਣ ਦੀ ਟਰੇਨਿੰਗ ਦੇਣਗੇ।'' ਬਰਾੜ ਸੋਧ ਕਰਦਾ ਹੈ।

''ਹਾਹੋ! ਤੇਰੇ ਅਰਗੇ ਆਲੋਚਕ ਤਾਂ ਹੀ ਬੁਲਾਏ ਆ।'' ਬਲਦੇਵ ਆਖਦਾ ਹੈ।

''ਬਲਦੇਵ ਆਹ ਭਲਾ ਕੀ ਨਾਂ ਹੋਇਆ-ਟਾਂਡਾ ਉੜਮੁੜ?''

''ਮੈਨੂੰ ਤਾਂ ਲੱਗਦਾ ਕਲੋਟੀ ਦੀ ਇਹ ਗੋਸ਼ਟੀ ਵੀ ਉੜਮੁੜ ਜਿਹੀ ਐ।'' ਬਲਦੇਵ ਜੁਆਬ ਦਿੰਦਾ ਹੈ।

''ਗੋਸ਼ਟੀ ਤਾਂ ਉੜਮੁੜ ਹੋਊਗੀ ਈ ਆ, ਮੈਨੂੰ ਤਾਂ ਆਹ ਬੀਬੀਆਂ ਵੀ ਉੜ-ਮੁੜ ਜਿਹੀਆਂ ਹੋਈਆਂ ਲੱਗਦੀਆਂ।'' ਨਾਵਲ ਵਰਕਸ਼ਾਪ ਵਿਚ ਹਾਜ਼ਰ ਇਕ ਝੋਲ ਮਾਰ ਕੇ ਤੁਰਦੀ ਸਾਹਿਤਕਾਰ ਬੀਬੀ ਵੱਲ ਇਸ਼ਾਰਾ ਕਰਦਿਆਂ ਗਰਗ ਆਖਦਾ ਹੈ। ਉਹ 'ਤ' ਨੂੰ ਵੱਖਰੇ ਹੀ ਅੰਦਾਜ਼ ਵਿਚ ਰੜਕਾਉਂਦਾ ਹੈ। ਗੱਲ ਬੀਬੀਆਂ ਤੋਂ ਹਟ ਕੇ ਗੋਸ਼ਟੀ ਵਿਚ ਸ਼ਾਮਲ ਬਾਕੀ ਨਾਵਲਕਾਰਾਂ ਬਾਰੇ ਵੀ ਤੁਰ ਪੈਂਦੀ ਹੈ।

''ਆਹ ਪ੍ਰਗਟ ਸਿੱਧੂ ਨੂੰ ਕੀ ਹੋ ਗਿਆ? ਜੁਆਕ ਜੰਮਣ ਵਾਲੀ ਜਨਾਨੀ ਵਾਂਗੂੰ ਲੱਤਾਂ ਜਿਹੀਆਂ ਚੌੜੀਆਂ ਕਰ-ਕਰ ਤੁਰਦਾ।''

''ਲੈ ਦੇਖੀਂ ਹੁਣ ਆਪਣੇ ਕੋਲ ਆਊ, ਆ ਕੇ ਇਨਕੁਆਰੀ ਕਰੂ, ਬਲਦੇਵ ਹਾਅ ਜਿਹੜੀ ਤੇਰੇ ਨਾਲ ਗੱਲ ਕਰਦੀ ਤੀ, ਭਲਾ ਕੌਣ ਤੀ? ਪਹਿਲਾਂ ਤਾਂ ਕਦੇ ਦੇਖੀ ਨੀਂ ਤੀ। ਇਹ ਬੀ ਕੁਛ ਲਿਖ ਦੀਓ?''

''ਜਸਬੀਰ ਭੁੱਲਰ ਵੀ ਖੜਕ ਜਿਆ ਗਿਆ। ਬੱਬਾ ਗੋਲੀਆਂ ਦਾ ਚੱਕੀ ਫਿਰਦਾ।''

''ਖੜਕਣਾ ਈ ਐ.. .. .. ਸਾਰੀ ਉਮਰ ਮਲਾਈ ਖਾਂਦਾ ਰਿਹਾ, ਕਿਤੇ ਤਾਂ ਆ ਕੇ ਨਿਕਲਣੀ ਈ ਸੀ।'' ਬਲਦੇਵ ਅਤੇ ਗਰਗ ਦੇ ਅੰਦਰੋਂ ਲਾਲਪਰੀ ਦਾ ਇਕ-ਇਕ ਹਾੜਾ ਬੋਲਦਾ ਹੈ। ਗੋਸ਼ਟੀ ਦੇ ਪਹਿਲੇ ਦਿਨ ਦੀ ਸਮਾਪਤੀ 'ਤੇ ਮੇਜ਼ਬਾਨ ਕੇਵਲ ਕਲੋਟੀ ਨੇ ਆਪਣੇ ਸਕੂਲ ਦੇ ਨਾਲ, ਗੁਆਂਢੀਆਂ ਦੀ ਬੈਠਕ ਵਿਚ ਸਾਡੇ ਸੌਣ ਦਾ ਪ੍ਰਬੰਧ ਕੀਤਾ ਸੀ। ਸਾਰੀ ਰਾਤ ਅਸੀਂ ਮੱਛਰ ਨਾਲ ਗਤਕਾ ਖੇਡਦੇ ਰਹੇ। ਨਿਰੰਜਣ ਮਸ਼ਾਲਚੀ, 'ਖੇਤੇ ਸੁੱਖ ਵਿਰਤੇ ਸੁੱਖ', ਵਰਗੇ ਨਾਵਲ ਲਿਖਣ ਵਾਲਾ ਨਾਵਲਕਾਰ ਅਵਤਾਰ ਬਲਿੰਗ ਅਤੇ ਬਠਿੰਡੇ ਵਾਲਾ ਗਜ਼ਲਗੋ ਸੁਰਿੰਦਰਪ੍ਰੀਤ ਘਣੀਆ ਵੀ ਸਾਡੇ ਵਾਲੇ ਕਮਰੇ ਵਿਚ ਆ ਪਏ ਹਨ। ਮੱਛਰ ਸੌਣ ਨਹੀਂ ਦਿੰਦਾ। ਬਲਦੇਵ ਅਤੇ ਗਰਗ ਸਾਰੀ ਰਾਤ 'ਰੌਲ' ਲਾਈ ਰੱਖਦੇ ਹਨ। ਉਨ੍ਹਾਂ ਦੇ ਚੁਟਕਲਿਆਂ ਵਿਚੋਂ ਤੱਤਾ-ਤੱਤਾ ਰਸ ਚੋਂਦਾ ਹੈ। ਬਲਿੰਗ ਤੇ ਘਣੀਆ ਹੱਸ-ਹੱਸ ਦੂਹਰੇ ਹੁੰਦੇ ਨੇ।

''ਮੈਨੂੰ ਅੱਜ ਪਤਾ ਲੱਗਾ, ਬਲਦੇਵ ਅਤੇ ਕੇ.ਐਲ. ਗਰਗ ਬੁੱਢੇ ਕਿਉਂ ਨੀ ਹੁੰਦੇ।'' ਬਲਿੰਗ ਆਖਦਾ ਹੈ।

''ਇਹ ਤਾਂ ਨਾਲਦਿਆਂ ਨੂੰ ਵੀ ਬੁੱਢਾ ਨਹੀਂ ਹੋਣ ਦਿੰਦੇ। ਆਹ ਸੁਰਜੀਤ ਬਰਾੜ ਤੇ ਕੜਿਆਲਵੀ 'ਤੇ ਵੀ ਅਸਰ ਹੋਈ ਜਾਂਦਾ।'' ਘਣੀਆ ਸਹੀ ਪਾਉਂਦਾ ਹੈ।

''ਟਾਂਡੇ ਵਾਲੀ ਇਹ ਗੋਸ਼ਟੀ ਇਤਿਹਾਸਕ ਹੈ।'' ਗੋਸ਼ਟੀ ਦੇ ਆਖਰੀ ਦਿਨ ਆਖਰੀ ਸੈਸ਼ਨ ਵਿਚ ਆਪਣੇ 45 ਮਿੰਟ ਲੰਬੇ ਪ੍ਰਵਚਨੀ ਭਾਸ਼ਣ ਵਿਚ ਮੇਜ਼ਬਾਨ ਕੇਵਲ ਕਲੋਟੀ ਐਲਾਨ ਕਰਦਾ ਹੈ:

''ਬਿਲਕੁਲ ਇਤਿਹਾਸਕ ਐ। ਮੈ ਤਾਂ ਨੀਂ ਭੁੱਲਦਾ ਸਾਰੀ ਉਮਰ। ਸੁੱਜੇ ਪਏ ਐ। ਐਦੂੰ ਤਾਂ .. .. ।'' ਪਿਛਲੀਆਂ ਕਤਾਰਾਂ ਵਿਚ ਬੈਠਦਿਆਂ ਗਰਗ ਨੇ ਆਪਣੇ ਪਿਛਲੇ ਪਾਸੇ ਹੱਥ ਮਾਰਦਿਆਂ ਟਿੱਪਣੀ ਕੀਤੀ ਤਾਂ ਘਣੀਏ ਸਮੇਤ ਸਾਡੇ ਸਾਰਿਆਂ ਦਾ ਹਾਸਾ ਛਣਕ ਪਿਆ।

''ਭੈਣ ਦੀ ਮਰਾਵੇ ਐਹੋ ਜੀ ਗੋਸ਼ਟੀ.. .. .. ਅੱਗੇ ਤੋਂ ਨੀਂ ਐਡੀ ਦੂਰ ਜਾਇਆ ਕਰਨਾ। ਹੁਣ ਨੀਂ ਸਫ਼ਰ ਹੁੰਦਾ।'' ਵਾਪਸੀ ਸਮੇਂ ਗੱਡੀ ਵਿਚ ਬੈਠਦਿਆਂ ਗਰਗ ਫੈਸਲਾ ਸੁਣਾਉਂਦਾ ਹੈ। ਉਸ ਦਾ ਇਹ ਫੈਸਲਾ ਬਹੁਤੇ ਦਿਨ ਚੱਲਦਾ ਨਹੀਂ। ਥੋੜ੍ਹੇ ਦਿਨਾਂ ਬਾਅਦ ਹੀ ਪੰਜਾਬੀ ਕਹਾਣੀਕਾਰ ਤਲਵਿੰਦਰ ਦਾ ਅੰਮ੍ਰਿਤਸਰ ਵਿਖੇ ਹੋ ਰਹੇ ਦੋ ਰੋਜ਼ਾ ਕਹਾਣੀ ਉਤਸਵ ਵਿਚ ਸ਼ਾਮਲ ਹੋਣ ਲਈ ਸੱਦਾ ਪਹੁੰਚਦਾ ਹੈ। ***(ਚਲਦਾ)***

# ਮਨੁੱਖਤਾ ਲਈ ਚਾਨਣ ਮੁਨਾਰਾ, ਸ੍ਰੀ ਚਿਨਮਇ

ਭਾਰਤ ਦੇ ਜੰਮਪਲ ਅਤੇ ਨਿਊਯਾਰਕ ਵਾਸੀ ਸ੍ਰੀ ਚਿਨਮਇ ਨਾਂ ਦੇ ਇੱਕ ਮਹਾਨ ਪੁਰਖ ਨੇ, ਅਕਤੂਬਰ, 2007 ਵਿਚ ਇਸ ਸੰਸਾਰ ਨੂੰ ਛੱਡ ਕੇ, ਮਹਾਂ-ਸਮਾਧੀ ਧਾਰਨ ਕੀਤੀ। ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਦੀ ਲੰਬੀ ਸੂਚੀ ਵਿਚ ਚੋਣਵੇਂ ਨਾਂ ਇਹ ਸਨ: ਰੂਸ ਦੇ ਸਾਬਕਾ ਰਾਸ਼ਟਰਪਤੀ ਮਿ. ਮਿਖਾਇਲ ਗੋਰਬਾਚੇਵ, ਦੱਖਣੀ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਮਿ. ਨੇਲਸਨ ਮੰਡੇਲਾ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਮਿ. ਬਿਲ ਕਲਿੰਟਨ, ਆਰਕਬਿਸ਼ਪ ਡੈਸਮੰਡ ਟੂਟੂ-ਨੋਬਲ ਪੁਰਸਕਾਰ ਵਿਜੇਤਾ ਅਤੇ ਮਨੁੱਖੀ ਹੱਕਾਂ ਦੇ ਰਾਖੇ ਮਿ. ਐਲ ਗੋਰ ਸਾਬਕਾ ਉਪ-ਰਾਸ਼ਟਰਪਤੀ, ਅਮਰੀਕਾ ਅਤੇ ਨੋਬਲ ਪੁਰਸਕਾਰ ਵਿਜੇਤਾ ਮਿ.

**ਇੰਜ. ਈਸ਼ਰ ਸਿੰਘ**
**ਫੋਨ: 647-640-2014**

ਜੋਹਨ ਕੈਰੀ, ਪੂਰਬ ਸਟੇਟ-ਸਕੱਤਰ ਅਮਰੀਕਾ ਸ੍ਰੀ ਰਵੀ ਸ਼ੰਕਰ ਪ੍ਰਸਿੱਧ ਸਿਤਾਰ-ਵਾਦਕ ਅਤੇ ਸੰਸਾਰ ਭਰ ਦੇ ਮੁੱਖ ਧਰਮਾਂ ਦੇ ਧਾਰਮਿਕ ਲੀਡਰਾਂ ਸਣੇ ਹੋਰ ਅਨੇਕਾਂ ਸੰਤ-ਮਹਾਂਪੁਰਖ ਅਮਰੀਕਾ ਅਤੇ ਸੰਸਾਰ ਪੱਧਰ ਦੇ ਅਨੇਕਾਂ ਕਲਾਕਾਰ, ਸੰਗੀਤਕਾਰ, ਵਿਦਵਾਨ, ਅਥਲੀਟ ਅਤੇ ਖਿਡਾਰੀ।


ਜੀਵਨ ਕਾਲ ਦੌਰਾਨ ਪੋਪ ਪਾਲ ਚੌਥੇ, ਪੋਪ ਜੋਹਨ ਪਾਲ ਦੂਜੇ, ਦਲਾਈ ਲਾਮਾ, ਰਾਜਕੁਮਾਰੀ ਡਾਇਨਾ, ਮਦਰ ਟੈਰੇਸਾ ਅਤੇ ਯੂ.ਥਾਂਤ (ਸਕੱਤਰ-ਜਨਰਲ, ਯੂ.ਐਨ) ਵਰਗੀਆਂ ਉੱਚ-ਹਸਤੀਆਂ ਉਨ੍ਹਾਂ ਦੇ ਪ੍ਰਸ਼ੰਸਕਾਂ ਵਿਚ ਸ਼ੁਮਾਰ ਸਨ।

ਕੁਦਰਤੀ ਗੱਲ ਹੈ ਕਿ ਆਪਾਂ ਉਨ੍ਹਾਂ ਦੀ ਜੀਵਨੀ ਬਾਰੇ ਜਾਣ ਕੇ ਖੁਸ਼ੀ ਅਤੇ ਉਤਸ਼ਾਹ ਮਹਿਸੂਸ ਕਰਾਂਗੇ। ਵੈਸੇ ਤਾਂ ਉਨ੍ਹਾਂ ਦੀ ਜੀਵਨੀ ਬਾਰੇ ਜਾਣਕਾਰੀ ਦੇ ਅਨੇਕ ਪੁਖਤਾ ਸਾਧਨ ਹਨ ਪਰ ਇਸ ਲੇਖ ਦਾ ਆਧਾਰ ਮੁੱਖ ਤੌਰ 'ਤੇ 'ਅਮਰੀਕਨ ਹਾਊਸ ਆਫ ਰਿਪਰੈਜ਼ੇਂਟੇਟਿਵਜ਼' (ਭਾਰਤ ਦੀ ਲੋਕ ਸਭਾ ਦੇ ਬਰਾਬਰ) ਵਿਚ ਪੇਸ਼ ਕੀਤਾ ਇੱਕ ਮਤਾ ਹੈ। ਇਤਫਾਕ ਦੀ ਗੱਲ ਹੈ ਕਿ ਇਹ ਮਤਾ ਉਨ੍ਹਾਂ ਦੇ ਮਹਾਂ-ਸਮਾਧੀ ਧਾਰਨ ਕਰਨ ਤੋਂ ਕਰੀਬ ਇੱਕ ਸਾਲ ਪਹਿਲਾਂ, ਨਿਊ ਯਾਰਕ ਦੇ ਮੈਂਬਰ ਮਿ. ਗੈਰੀ ਐਕਰਮੈਨ ਨੇ ਉਨ੍ਹਾਂ ਦੇ 75ਵੇਂ ਜਨਮ-ਦਿਨ 'ਤੇ ਪੇਸ਼ ਕੀਤਾ ਸੀ। ਵਿਸ਼ਵ-ਸ਼ਾਂਤੀ ਦੇ ਸੁਹਿਰਦ ਸਮਰਥਕ ਹੋਣ ਕਰਕੇ ਮਿ. ਐਕਰਮੈਨ ਖੁਦ ਵੀ ਸੰਸਾਰ ਪੱਧਰ ਦੀ ਸਤਿਕਾਰਤ ਹਸਤੀ ਹਨ ਅਤੇ 30 ਸਾਲ ਮੈਂਬਰ ਰਹਿਣ ਤੋਂ ਬਾਅਦ 2013 ਵਿਚ ਆਪਣੀ ਮਰਜ਼ੀ ਨਾਲ ਸੇਵਾ-ਮੁਕਤ ਹੋਏ ਹਨ। ਵਿਸ਼ਵ-ਸ਼ਾਂਤੀ ਲਈ ਕੀਤੇ ਉਪਰਾਲਿਆਂ ਕਰਕੇ ਇਨ੍ਹਾਂ (ਮਿ. ਐਕਰਮੈਨ) ਨੂੰ ਭਾਰਤ ਸਰਕਾਰ ਵਲੋਂ ਪਦਮ ਭੂਸ਼ਣ ਦਾ ਖਿਤਾਬ ਮਿਲ ਚੁੱਕਿਆ ਹੈ। ਪੇਸ਼ ਕੀਤੇ ਮਤੇ ਵਿਚ ਸ੍ਰੀ ਚਿਨਮਇ ਦੀਆਂ ਪ੍ਰਾਪਤੀਆਂ ਅਤੇ ਮਨੁੱਖਤਾ ਵਾਸਤੇ ਕੀਤੀਆਂ ਬਹੁ-ਪੱਖੀ ਸੇਵਾਵਾਂ ਦਾ ਜ਼ਿਕਰ ਕੀਤਾ ਗਿਆ ਸੀ। ਵਰਣਨਯੋਗ ਹੈ ਕਿ ਓਸੇ ਸਾਲ ਉਹ (ਸ੍ਰੀ ਚਿਨਮਇ) ਨੋਬਲ ਪੁਰਸਕਾਰ ਵਾਸਤੇ ਵੀ ਨਾਮਜ਼ਦ ਹੋਏ ਸਨ ਅਤੇ ਨਾਮਜ਼ਦਗੀ ਦੀ ਸਿਫਾਰਿਸ਼ ਆਰਕਬਿਸ਼ਪ ਡੈਸਮੰਡ ਟੂਟੂ ਨੇ ਕੀਤੀ ਸੀ ਅਤੇ ਤਾਈਦ ਸ੍ਰੀ ਗੋਰਬਾਚੇਵ ਨੇ।

ਸ੍ਰੀ ਚਿਨਮਇ ਕੁਮਾਰ ਘੋਸ਼ ਦਾ ਜਨਮ 1931 'ਚ ਬੰਗਾਲ ਵਿਚ ਹੋਇਆ। ਜਦ ਉਨ੍ਹਾਂ ਦੇ ਮਾਤਾ-ਪਿਤਾ ਇੱਕ-ਦੂਜੇ ਤੋਂ ਥੋੜ੍ਹੇ ਜਿਹੇ ਫਰਕ ਨਾਲ ਸੁਰਗ ਵਾਸ ਹੋਏ ਤਦ ਉਹ ਸਿਰਫ 11 ਸਾਲਾਂ ਦੇ ਸਨ। ਇਸ ਤੋਂ ਬਾਅਦ ਉਹ ਆਪਣੇ ਛੇ ਵੱਡੇ ਭੈਣਾਂ-ਭਰਾਵਾਂ ਨਾਲ ਅਰਬਿੰਦੂ ਆਸ਼ਰਮ ਪੁਡੂਚੇਰੀ ਵਿਚ ਚਲੇ ਗਏ। ਇੱਥੇ ਓਨ੍ਹਾਂ ਨੇ 22 ਸਾਲ ਹਿੰਦੂ ਧਰਮ-ਗ੍ਰੰਥਾਂ ਦੇ ਨਾਲ'ਨਾਲ, ਸਿੱਖ ਧਰਮ ਸਣੇ ਸੰਸਾਰ ਦੇ ਮੁੱਖ ਧਰਮਾਂ ਦਾ ਅਧਿਐਨ ਕੀਤਾ ਅਤੇ ਇਨ੍ਹਾਂ ਦੀਆਂ ਬੁਨਿਆਦੀ ਸਮਾਨਤਾਵਾਂ ਤੋਂ ਬਹੁਤ ਪ੍ਰਭਾਵਿਤ ਹੋਏ। ਨਾਲ ਹੀ ਉਹ ਇਨ੍ਹਾਂ (ਪੂਰਬੀ ਧਰਮਾਂ) ਦੀਆਂ ਸਿੱਖਿਆਵਾਂ ਦਾ ਪੱਛਮ ਦੀ ਕਰਮਸ਼ੀਲ ਅਤੇ ਪ੍ਰਗਤੀਸ਼ੀਲ ਸਭਿਅਤਾ ਨਾਲ ਸੁਮੇਲ ਕਰਨ ਦੇ ਧਾਰਨੀ ਵੀ ਬਣ ਗਏ। ਇੰਨਾ ਹੀ ਨਹੀਂ ਉਨ੍ਹਾਂ ਨੇ ਅਮਲੀ ਤੌਰ 'ਤੇ ਪੂਰੇ ਸਿਰੜ ਨਾਲ ਸਵੈ-ਸਾਧਨਾ ਕੀਤੀ ਅਤੇ ਆਸ਼ਰਮ ਦੀ ਹਰ ਛੋਟੀ-ਵੱਡੀ ਸੇਵਾ ਤਨ-ਮਨ ਨਾਲ ਨਿਭਾਈ। ਯੋਗਤਾ ਅਤੇ ਮਿਹਨਤ ਦੇ ਆਧਾਰ 'ਤੇ ਉਨ੍ਹਾਂ ਨੂੰ ਆਸ਼ਰਮ ਦੇ ਮੁਖੀ ਦੇ ਸਕੱਤਰ ਦੇ ਅਹਿਮ ਅਹੁਦੇ 'ਤੇ ਨਿਯੁਕਤ ਕੀਤਾ ਗਿਆ। ਇਸ ਔਖੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਨੇ ਉਨ੍ਹਾਂ ਦੀਆਂ ਬੰਗਾਲੀ ਰਚਨਾਵਾਂ ਦਾ ਅੰਗਰੇਜ਼ੀ 'ਚ ਅਨੁਵਾਦ ਕੀਤਾ। ਇਸ ਤਰ੍ਹਾਂ ਉਨ੍ਹਾਂ ਨੂੰ ਪ੍ਰਬੰਧਕੀ ਨਿਪੁੰਨਤਾ ਪ੍ਰਾਪਤ ਕਰਨ ਅਤੇ ਸਾਹਿਤਕ ਗਤੀਵਿਧੀਆਂ ਬਾਰੇ ਜਾਣਨ ਦਾ ਪੂਰਾ ਮੌਕਾ ਮਿਲਿਆ।

ਉਹ ਬਚਪਨ ਤੋਂ ਹੀ ਬਹੁਤ ਤੀਖਣ-ਬੁੱਧੀ ਅਤੇ ਸੁਡੌਲ ਸਰੀਰ ਵਾਲੇ ਸਨ; ਅੱਵਲ ਕਿਸਮ ਦੇ ਦੌੜਾਕ ਅਤੇ ਡੈਕਾਥਲਨ ਅਥਲੀਟ ਸਨ। ਹਰ ਤਰ੍ਹਾਂ ਦੀਆਂ ਖੇਡਾਂ ਵਿਚ ਹਿੱਸਾ ਲੈਂਦੇ ਸਨ ਅਤੇ ਲਗਾਤਾਰ 16 ਸਾਲ ਸਮੁੱਚੇ ਤੌਰ 'ਤੇ ਆਸ਼ਰਮ ਦੇ ਚੈਂਪੀਅਨ ਰਹੇ। ਪੁਡੂਚੇਰੀ ਵਿਚ ਪੜ੍ਹਾਈ ਵੇਲੇ ਉਨ੍ਹਾਂ ਵਲੋਂ ਬਣਾਏ ਖੇਡਾਂ ਦੇ ਰਿਕਾਰਡ ਅੱਜ ਵੀ ਕਾਇਮ ਹਨ। ਇਸ ਤਰ੍ਹਾਂ ਉਨ੍ਹਾਂ ਨੇ ਅਧਿਆਤਮਵਾਦ ਅਤੇ ਅਥਲੈਟਿਕਸ, ਦੋਹਾਂ ਖੇਤਰਾਂ ਵਿਚ ਬਹੁਤ ਮਿਹਨਤ ਕੀਤੀ। ਇਸ ਗੱਲ ਦਾ ਉਨ੍ਹਾਂ ਦੀ ਵਿਚਾਰਧਾਰਾ 'ਤੇ ਵਿਲੱਖਣ ਕਿਸਮ ਦਾ ਪ੍ਰਭਾਵ ਪਿਆ ਅਤੇ ਪੂਰੀ ਸੋਚ-ਵਿਚਾਰ ਤੋਂ ਬਾਅਦ ਉਨ੍ਹਾਂ ਨੇ ਜੀਵਨ ਦੇ ਦੋ ਮੰਤਵ ਬਣਾਏ:

ਸੰਸਾਰ ਪੱਧਰ 'ਤੇ ਪੂਰਬੀ ਅਤੇ ਪੱਛਮੀ ਧਰਮਾਂ ਦੀ ਏਕਤਾ ਅਤੇ ਸਾਂਝੀਵਾਲਤਾ ਅਤੇ ਇਨਸਾਨਾਂ ਦੀ ਆਪਸੀ ਬਰਾਬਰੀ ਅਤੇ ਏਕਤਾ ਵਾਸਤੇ ਭਰਪੂਰ ਕੋਸ਼ਿਸ਼ਾਂ ਕਰਨੀਆਂ। ਨਿਜੀ ਪੱਧਰ 'ਤੇ ਅਧਿਆਤਮਵਾਦ ਅਤੇ ਸਰੀਰਕ ਸਮਰੱਥਾ, ਦੋਹਾਂ ਦੇ ਪੂਰਨ ਵਿਕਾਸ ਅਤੇ ਸੁਮੇਲ ਵਾਸਤੇ




ਯਤਨਸ਼ੀਲ ਰਹਿਣਾ।

ਇਨ੍ਹਾਂ ਦੋਨਾਂ ਮੰਤਵਾਂ ਦੀ ਪ੍ਰਾਪਤੀ-ਹਿਤ ਉਹ 1964 ਵਿਚ ਅਮਰੀਕਾ ਦੇ ਮਹਾਨਗਰ ਨਿਊ ਯਾਰਕ ਆ ਗਏ। ਮੁਢਲੀ ਜੱਦੋ-ਜਹਿਦ ਤੋਂ ਬਾਅਦ ਉਨ੍ਹਾਂ ਨੇ 'ਸ੍ਰੀ ਚਿਨਮਇ ਕੇਂਦਰ' ਦੀ ਸਥਾਪਨਾ ਕੀਤੀ ਅਤੇ ਨਿਊਯਾਰਕ ਵਿਚ ਆਪਣਾ ਆਸ਼ਰਮ ਖੋਲ੍ਹਿਆ। ਉਹ ਵੇਦਾਂ ਸਣੇ ਅਧਿਆਤਮਵਾਦ ਦੇ ਗਿਆਤਾ, ਕਲਾਕਾਰ, ਕਵੀ ਅਤੇ ਸੰਗੀਤਕਾਰ ਹੋਣ ਦੇ ਨਾਲ-ਨਾਲ ਬਹੁਤ ਪ੍ਰਤਿਭਾਸ਼ਾਲੀ ਲੇਖਕ ਅਤੇ ਬੁਲਾਰੇ ਸਨ। ਉਨ੍ਹਾਂ ਨੇ ਅਮਰੀਕਾ ਦੇ ਪੰਜਾਹ ਰਾਜਾਂ ਦੀਆਂ 270 ਤੋਂ ਵੱਧ ਯੂਨੀਵਰਸਿਟੀਆਂ ਅਤੇ ਆਕਸਫੋਰਡ ਅਤੇ ਕੈਂਬਰਿਜ ਸਣੇ ਯੂ.ਕੇ., ਆਇਰਲੈਂਡ, ਫਰਾਂਸ ਅਤੇ ਸਵਿਟਜ਼ਰਲੈਂਡ ਦੀਆਂ 115 ਤੋਂ ਵੱਧ ਯੂਨੀਵਰਸਿਟੀਆਂ ਵਿਚ ਲੈਕਚਰ ਦਿੱਤੇ। ਇਨ੍ਹਾਂ ਲੈਕਚਰਾਂ ਦੇ ਆਧਾਰ 'ਤੇ 'ਪੂਰਬੀ ਦਿਲ ਅਤੇ ਪੱਛਮੀ ਮਨ ਦੀ ਏਕਤਾ' ਦੇ ਨਾਂ ਦਾ ਸੰਗ੍ਰਹਿ ਛਪਵਾਇਆ ਗਿਆ, ਜਿਸ ਰਾਹੀਂ ਉਨ੍ਹਾਂ ਨੇ ਨਵੀਂ ਪੀੜ੍ਹੀ ਨੂੰ ਮਨੁੱਖ ਦੀ ਅਸੀਮ ਆਤਮਿਕ ਪਹੁੰਚ ਅਤੇ ਅਣ-ਕਿਆਸੀ ਸਰੀਰਕ ਸਮਰੱਥਾ ਦਾ ਸੁਨੇਹਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਅਧਿਆਤਮਵਾਦ ਨੂੰ ਸਰਲ ਅਤੇ ਰੋਜ਼ਮਰਾ ਜੀਵਨ 'ਚ ਵਿਹਾਰਕ ਅਤੇ ਅਮਲ-ਯੋਗ ਬਣਾਇਆ। ਉਨ੍ਹਾਂ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਇਸ ਵਾਸਤੇ ਉਨ੍ਹਾਂ ਨੇ ਸਿਰਫ ਪ੍ਰਚਾਰ ਹੀ ਨਹੀਂ ਕੀਤਾ ਬਲਕਿ ਖ਼ੁਦ ਅਮਲੀ ਤੌਰ 'ਤੇ ਆਪਣੇ ਅਨੁਯਾਈਆਂ ਦੇ ਰੋਲ-ਮਾਡਲ ਬਣੇ।

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਸ੍ਰੀ ਚਿਨਮਇ ਦਾ ਕਥਨ ਹੈ ਕਿ ਉਹ ਇੱਕ ਮਹਾਨ ਸਤਿਗੁਰੂ ਸਨ ਅਤੇ ਉਨ੍ਹਾਂ ਦੀ ਸਰਵੋਤਮ ਅਧਿਆਤਮਕ ਪ੍ਰਾਪਤੀ ਦੀ ਕਥਾ ਬਹੁਤ ਦਿਲ-ਟੁੰਬਵੀਂ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਗੁਰੂ ਸਾਹਿਬ ਦੇ ਸੱਚੇ ਸੌਦੇ ਅਤੇ ਮੰਦੇ ਬੰਦਿਆਂ ਦੇ ਪਿੰਡ ਨੂੰ ਵਸਦੇ ਰਹਿਣ ਅਤੇ ਚੰਗਿਆਂ ਦੇ ਨੂੰ ਉੱਜੜ ਜਾਣ ਦੇ ਬਚਨਾਂ ਦਾ ਜ਼ਿਕਰ ਮਿਲਦਾ ਹੈ। ਉਹ ਗੁਰੂ ਸਾਹਿਬ ਦੇ ਬਚਨਾਂ ਦੀ ਰਮਜ਼ ਨੂੰ ਸਮਝਾਉਂਦੇ ਹਨ ਕਿ ਅਸੀਂ ਇਨ੍ਹਾਂ ਦੀ ਸਚਾਈ ਨੂੰ ਤਦ ਹੀ ਸਮਝ ਸਕਾਂਗੇ ਜਦ ਆਪਣੇ ਅੰਦਰ ਝਾਤੀ ਮਾਰਾਂਗੇ। ਉਨ੍ਹਾਂ ਦੀ ਸਿੱਖਿਆ ਹੈ ਕਿ ਮਨੁੱਖੀ ਕਾਇਆ-ਕਲਪ ਦੁਨਿਆਵੀ ਤਿਆਗ ਜਾਂ ਸੰਸਾਰ ਤੋਂ ਵਿਰਕਤ ਹੋ ਕੇ ਨਹੀਂ ਹੋ ਸਕਦਾ। ਇਹ ਸਹਿਜ ਅਵਸਥਾ ਅਤੇ ਭਰੋਸੇ ਰਾਹੀਂ ਇਸ ਸੰਸਾਰ 'ਚ ਵਿਚਰਦਿਆਂ ਸ਼ੁਭ ਅਤੇ ਨਿਸ਼ਕਾਮ ਕਰਮਾਂ ਦੀ ਪੂਰਤੀ ਨਾਲ ਹੋ ਸਕੇਗਾ। ਇਹ ਅਵਸਥਾ ਪਰਮਾਤਮਾ ਦੇ ਭਾਣੇ (ਵਿਲ ਔਫ ਗੌਡ) 'ਚ ਰਹਿਣਾ ਸਿੱਖ ਕੇ ਹੀ ਪ੍ਰਾਪਤ ਹੋ ਸਕਦੀ ਹੈ। ਅਸਲ 'ਚ ਅਧਿਆਤਮਵਾਦੀ ਉਹ ਹੈ, ਜਿਸ ਦੀ ਕਹਿਣੀ ਅਤੇ ਕਰਨੀ ਵਿਚ ਰੱਤੀ ਭਰ ਫਰਕ ਵੀ ਨਾ ਹੋਵੇ। ਪਰਮਾਤਮਾ ਨੂੰ ਮਿਲਣ ਦੀ ਸਹੀ ਥਾਂ ਸਾਡਾ ਮਨ ਹੈ ਅਤੇ ਉਸ ਦੀ ਸੇਵਾ ਮਨੁੱਖਤਾ ਦੀ ਸੇਵਾ ਰਾਹੀਂ ਹੀ ਹੋ ਸਕਦੀ ਹੈ। ਇਹ ਸਿੱਖਿਆਵਾਂ ਸਿੱਖ ਫਲਸਫੇ ਦੇ ਅਨੁਸਾਰ ਹਨ।

ਉਨ੍ਹਾਂ ਦੀ ਪ੍ਰਸਿੱਧੀ ਸੁਣ ਕੇ ਉਸ ਵਕਤ ਦੇ ਸਕੱਤਰ-ਜਨਰਲ ਯੂ.ਥਾਂਤ ਨੇ ਉਨ੍ਹਾਂ ਨੂੰ ਹਫਤੇ 'ਚ ਦੋ ਵਾਰ ਯੂ.ਐਨ ਦੇ ਡੈਲੀਗੇਟਾਂ, ਸਟਾਫ-ਮੈਂਬਰਾਂ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਧਰਮ-ਨਿਰਪੱਖ ਸ਼ਾਂਤੀ-ਸਾਧਨਾ ਬਾਰੇ ਲੈਕਚਰ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਨੇ 1970 ਤੋਂ ਆਪਣੇ ਮਹਾਂ-ਸਮਾਧੀ ਧਾਰਨ ਕਰਨ ਤੱਕ ਅਰਥਾਤ 37 ਸਾਲ ਨੇਮ ਨਾਲ ਇਸ ਦਾ ਆਯੋਜਨ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਯੂ.ਐਨ ਦਾ ਆਦਰਸ਼ ਵਿਸ਼ਵ-ਸ਼ਾਂਤੀ ਅਤੇ ਵਿਸ਼ਵ-ਭਾਈਚਾਰਾ ਹੈ ਅਤੇ ਇਸ ਦਾ ਮੰਤਵ ਸੰਸਾਰ ਇੱਕ ਪਰਿਵਾਰ ਅਤੇ ਸਰਬ-ਸਾਂਝੀਵਾਲਤਾ ਹੈ। ਉਹ ਕਿਹਾ ਕਰਦੇ ਸਨ ਕਿ ਸ਼ਾਂਤੀ ਦਾ ਮਤਲਬ ਇਕੱਲਾ ਜੰਗਾਂ-ਯੁੱਧਾਂ ਦੀ ਅਣਹੋਂਦ ਨਹੀਂ, ਸਗੋਂ ਇਸ ਤੋਂ ਕਿਤੇ ਵੱਧ ਇੱਕਸੁਰਤਾ, ਪ੍ਰੇਮ, ਸਬਰ-ਸੰਤੋਖ ਅਤੇ ਅਨੇਕਤਾ ਵਿਚ ਏਕਤਾ ਦਾ ਸੁਮੇਲ ਹੈ।

ਉਨ੍ਹਾਂ ਨੂੰ 1993 'ਚ ਸ਼ਿਕਾਗੋ ਵਿਚ ਹੋਈ ਦੂਜੀ 'ਵਿਸ਼ਵ-ਧਰਮ ਪਾਰਲੀਮੈਂਟ' ਦੇ ਉਦਘਾਟਨ ਦੇ ਆਰੰਭ ਤੋਂ ਪਹਿਲਾਂ ਦੀ 'ਮੌਨ-ਪ੍ਰਾਰਥਨਾ' ਕਰਨ ਦਾ ਮਾਣ ਦਿੱਤਾ ਗਿਆ ਅਤੇ 2004 ਦੀ ਬਾਰਸੀਲੋਨਾ ਪਾਰਲੀਮੈਂਟ 'ਚ ਫਿਰ ਉਨ੍ਹਾਂ ਨੂੰ ਇਹ ਮਾਣ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ 'ਪਾਰਲੀਮੈਂਟ' ਸੰਸਾਰ ਦੇ ਧਾਰਮਿਕ ਅਤੇ ਅਧਿਆਤਮਕ ਲੀਡਰਾਂ ਦਾ ਸਭ ਤੋਂ ਵੱਡਾ 'ਇਕੱਠ' ਹੈ, ਜੋ ਪਹਿਲੀ ਵਾਰ 1893 ਵਿਚ ਸ਼ਿਕਾਗੋ ਵਿਚ ਹੋਇਆ ਸੀ। ਇਸ ਪਹਿਲੀ ਪਾਰਲੀਮੈਂਟ ਵਿਚ ਮਹਾਨ ਸਵਾਮੀ ਵਿਵੇਕਾਨੰਦ ਜੀ ਨੇ ਹਿੰਦੂ ਧਰਮ ਦੀ ਨੁਮਾਇੰਦਗੀ ਕੀਤੀ ਸੀ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਸੀ। ਹੁਣ ਤਕ ਇਸ ਦੇ ਸਿਰਫ ਅੱਠ 'ਇਕੱਠ' ਹੋਏ ਹਨ ਅਤੇ ਆਖਰੀ 2021 ਵਿਚ 'ਵਰਚੂਅਲ' ਹੋਇਆ ਸੀ।

ਉਨ੍ਹਾਂ ਨੇ 'ਯੂ.ਥਾਂਤ ਸ਼ਾਂਤੀ ਪੁਰਸਕਾਰ' ਸਥਾਪਿਤ ਕੀਤਾ, ਜੋ ਅਧਿਆਤਮਵਾਦ ਦੇ ਉੱਚ-ਆਦਰਸ਼ਾਂ ਅਨੁਸਾਰ ਵਿਸ਼ਵ-ਸ਼ਾਂਤੀ ਵਾਸਤੇ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਨ ਵਾਲੀ ਹਸਤੀ ਨੂੰ ਦਿੱਤਾ ਜਾਂਦਾ ਹੈ। ਇਸ ਨੂੰ ਸਵੀਕਾਰ ਕਰ ਚੁੱਕੀਆਂ ਹਸਤੀਆਂ ਵਿਚ ਪੋਪ ਜੋਹਨ ਪਾਲ ਦੂਜੇ, ਮਿਖਾਇਲ ਗੋਰਬਾਚੇਵ, ਨੈਲਸਨ ਮੰਡੇਲਾ, ਮਦਰ ਟੈਰੇਸਾ, ਦਲਾਈ ਲਾਮਾ, ਡੈਸਮੰਡ ਟੂਟੂ ਅਤੇ ਯੂ.ਐਨ ਦੇ ਸਾਰੇ ਸਾਬਕਾ ਸਕੱਤਰ-ਜਨਰਲ ਸ਼ਾਮਲ ਹਨ। ਆਪਣੇ ਸਫਰ ਦੇ ਸਮੇਂ ਦੌਰਾਨ ਉਹ ਚਿੱਤਰ ਬਣਾਉਂਦੇ ਜਾਂ ਕਵਿਤਾਵਾਂ ਲਿਖਦੇ ਰਹਿੰਦੇ ਸਨ ਖਾਸ ਕਰਕੇ ਉੱਡ ਰਹੇ ਆਜ਼ਾਦ ਪੰਛੀਆਂ ਦੇ। ਇਸ ਤਰ੍ਹਾਂ ਉਨ੍ਹਾਂ ਨੇ ਛੋਟੇ-ਵੱਡੇ ਲੱਖਾਂ ਚਿੱਤਰ ਬਣਾਏ। ਉਨ੍ਹਾਂ ਵਲੋਂ ਬਣਾਏ ਚਿੱਤਰ ਸੰਸਾਰ ਪ੍ਰਸਿੱਧ ਵਿਕਟੋਰੀਆ ਅਤੇ ਐਲਬਰਟ ਨੁਮਾਇਸ਼, ਯੂ.ਐਨ. ਦੇ ਮੁੱਖ ਦਫਤਰ, ਪੈਰਿਸ, ਓਟਾਵਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਕਰੇਨ ਦੇ ਨੁਮਾਇਸ਼-ਘਰਾਂ ਵਿਚ ਲੱਗੇ ਹੋਏ ਹਨ। ਉਨ੍ਹਾਂ ਨੇ ਬਚਪਨ ਵਿਚ ਹੀ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਸਨ। ਗੀਤਕਾਰ ਵਜੋਂ ਉਨ੍ਹਾਂ ਨੇ ਬੰਗਾਲੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਫ੍ਰਾਂਸੀਸੀ ਵਿੱਚ 23,000 ਗੀਤ ਲਿਖੇ। ਸੰਗੀਤਕਾਰ ਵਜੋਂ ਉਨ੍ਹਾਂ ਨੇ ਸੈਂਕੜੇ ਜਗ੍ਹਾ 'ਤੇ ਪ੍ਰੋਗਰਾਮ ਦਿੱਤੇ। ਸੰਗੀਤਕਾਰ ਹੋਣ ਦੇ ਨਾਤੇ ਉਹ ਪੱਛਮੀ ਸੰਗੀਤਕਾਰਾਂ ਨੂੰ ਨਸ਼ੇ ਅਤੇ ਸ਼ਰਾਬ ਰਹਿਤ ਅਤੇ ਨੈਤਿਕ ਕਦਰਾਂ-ਕੀਮਤਾਂ ਵਾਲਾ ਜੀਵਨ ਗ੍ਰਹਿਣ ਕਰਨ 'ਤੇ ਜ਼ੋਰ ਦਿੰਦੇ ਸਨ।

ਉਹ ਕਈ ਪ੍ਰਕਾਰ ਦੀਆਂ ਖੇਡਾਂ ਵਿਚ ਨਿਪੁੰਨ, ਸਰੀਰਕ ਪੱਖੋਂ ਬਹੁਤ ਤਕੜੇ, ਪ੍ਰਸਿੱਧ ਅਥਲੀਟ, 'ਵੇਟ-ਲਿਫਟਰ' ਅਤੇ ਲੰਬੀ-ਦੂਰੀ ਦੇ ਦੌੜਾਕ ਸਨ। ਉਨ੍ਹਾਂ ਨੇ 22 ਮੈਰਾਥਨਾਂ ਅਤੇ ਪੰਜ ਅਲਟਰਾ-ਮੈਰਾਥਨਾਂ ਪੂਰੀਆਂ ਕੀਤੀਆਂ। ਵੱਡੀ ਉਮਰ 'ਚ ਗੋਡੇ ਦੀ ਸੱਟ ਤੋਂ ਬਾਅਦ ਉਨ੍ਹਾਂ ਨੇ ਦੌੜਾਂ ਦੀ ਬਜਾਇ ਭਾਰ ਚੁੱਕਣ ਦੀ ਕਸਰਤ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਅਨੇਕਾਂ ਕਿਸਮ ਦੀਆਂ ਸਰੀਰਕ ਗਤੀਵਿਧੀਆਂ, ਦੌੜਾਂ, ਮਹਾਂ-ਦੌੜਾਂ ਅਤੇ ਹੋਰ ਖੇਡ-ਮੁਕਾਬਲਿਆਂ ਦੀ ਸਥਾਪਨਾ ਕੀਤੀ।

ਉਨ੍ਹਾਂ ਵਲੋਂ 1987 ਵਿਚ ਸ਼ੁਰੂ ਕੀਤੀ ਗਈ ਵਿਸ਼ਵ-ਵਿਆਪੀ 'ਰਿਲੇਅ' ਸ਼ਾਂਤੀ-ਦੌੜ ਅੱਜ ਤਕ ਜਾਰੀ ਹੈ, ਜੋ ਹੁਣ ਤਕ 155 ਦੇਸ਼ਾਂ ਵਿਚੋਂ ਲੰਘ ਚੁੱਕੀ ਹੈ ਅਤੇ ਜਿਸ ਵਿਚ 70 ਲੱਖ ਲੋਕ ਭਾਗ ਲੈ ਚੁੱਕੇ ਹਨ। ਅੱਜ ਕੱਲ੍ਹ (6 ਦਸੰਬਰ ਤੋਂ) ਇਹ ਪੁਰਤਗਾਲ ਵਿਚ ਦੌੜਦੀ ਜਾ ਰਹੀ ਹੈ। ਕਈ ਮਹਾ-ਦੌੜਾਂ ('ਅਲਟਰਾ-ਮੈਰਾਥਨਜ਼') ਅਤੇ ਬਹੁ-ਦਿਵਸੀ ('ਮਲਟੀ-ਡੇਅ') ਦੌੜਾਂ ਦੀ ਨੀਂਹ ਰੱਖੀ। ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਅਤੇ ਸਭ ਤੋਂ ਵਿਲੱਖਣ 1997 ਵਿਚ ਸ਼ੁਰੂ ਕੀਤੀ ਗਈ 'ਸ੍ਰੀ ਚਿਨਮਇ ਸਵੈ-ਸਾਧਨਾ ਮਹਾ-ਦੌੜ' ਹੈ। ਨਿਊ ਯਾਰਕ ਟਾਈਮਜ਼ ਵਲੋਂ 'ਮਹਾ-ਦੌੜਾਂ ਦੀ ਐਵਰੈਸਟ' ਗਰਦਾਨੀ ਗਈ ਇਹ ਦੌੜ ਦੁਨੀਆ ਦੀ ਸਭ ਤੋਂ ਲੰਬੀ, ਪ੍ਰਮਾਣਿਤ ਅਤੇ ਔਖੀ ਮਹਾ-ਦੌੜ ਹੈ। 5,000 ਕਿਲੋਮੀਟਰ (3,100 ਮੀਲ) ਦੀ ਇਹ ਸਾਲਾਨਾ ਮਹਾ-ਦੌੜ ਹਰ ਸਾਲ ਸਤੰਬਰ-ਅਕਤੂਬਰ ਵਿਚ ਅਮਰੀਕਾ ਦੇ ਨਿਊ ਯਾਰਕ ਵਿਚ ਦੌੜੀ ਜਾਂਦੀ ਹੈ। ਪਿਛਲੇ ਸਾਲ ਸਤੰਬਰ ਵਿਚ ਇਸ ਦੀ 25ਵੀਂ ਬਰਸੀ ਸੀ।

ਮੰਨਿਆ ਜਾਂਦਾ ਹੈ ਕਿ 2003 ਵਿਚ ਰਾਈਟ-ਭਰਾਵਾਂ (ਹਵਾਈ ਜਹਾਜ਼ਾਂ ਦੇ ਆਵਿਸ਼ਕਾਰੀ) ਦੇ ਸ਼ਤਾਬਦੀ ਸਮਾਰੋਹ 'ਤੇ ਉਨ੍ਹਾਂ ਨੇ 123 ਪਾਇਲਟਾਂ ਨੂੰ ਇਕੱਠੇ ਚੁੱਕਣ ਦਾ ਅਨੂਠਾ ਕਾਰਨਾਮਾ ਕੀਤਾ।

1977 'ਚ 'ਸ੍ਰੀ ਚਿਨਮਇ ਮੈਰਾਥਨ ਟੀਮ' ਦੀ ਸਥਾਪਨਾ ਕੀਤੀ ਗਈ, ਜਿਹੜੀ ਅੱਜ ਤਕ ਸਾਰੇ ਸੰਸਾਰ ਵਿਚ ਦੌੜਾਂ, ਤੈਰਾਕੀ ਅਤੇ ਸਾਈਕਲ-ਰੇਸਾਂ ਕਰਵਾਉਂਦੀ ਹੈ। ਇਸ ਟੀਮ ਦੇ ਮੈਂਬਰ ਪਹਾੜਾਂ ਦੀ ਚੜ੍ਹਾਈ, ਲੰਬੀਆਂ ਸਾਈਕਲ-ਰੇਸਾਂ, ਇੰਗਲਿਸ਼ ਚੈਨਲ ਪਾਰ ਕਰਨਾ ਆਦਿ ਕਰਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ 'ਸਵੈ-ਸਾਧਨਾ ਹੀ ਸੱਚੇ ਅਨੰਦ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਹੈ। ਇਸ ਵਾਸਤੇ ਲੰਬੀ ਦੂਰੀ ਦੀਆਂ ਦੌੜਾਂ ਸਾਧਕਾਂ ਦੀ ਬਹੁਤ ਸਹਾਇਤਾ ਕਰਦੀਆਂ ਹਨ ਭਾਵੇਂ ਇਸ ਵਿਚ ਉਨ੍ਹਾਂ ਨੂੰ ਕਿੰਨੀਆਂ ਵੀ ਔਕੜਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਅੰਤ ਨੂੰ ਜਦੋਂ ਦੌੜ ਸਮਾਪਤ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਸ ਮਹਾਨ ਪ੍ਰਾਪਤੀ ਦਾ ਅਨੁਭਵ ਹੁੰਦਾ ਹੈ'। ਸ੍ਰੀ ਚਿਨਮੋਇ ਦਾ ਭਰੋਸਾ ਸੀ ਕਿ ਖੇਡਾਂ ਸੰਸਾਰ ਵਿਚ ਇੱਕ-ਸੁਰਤਾ ਦਾ ਸਫਲ ਸਾਧਨ ਹਨ। ਉਹ 'ਤੰਦਰੁਸਤ ਸਰੀਰ ਅੰਦਰ ਤੰਦਰੁਸਤ ਮਨ' ਦੇ ਆਦਰਸ਼ ਦੇ ਹਾਮੀ ਸਨ।

ਉਹ ਇੱਕ ਐਸੇ ਸ਼ਾਂਤੀ-ਦੂਤ ਬਣੇ, ਜਿਨ੍ਹਾਂ ਨੇ ਸਮੇਂ ਦੀ ਲੋੜ ਅਨੁਸਾਰ ਪੂਰਬੀ ਅਧਿਆਤਮਵਾਦ ਅਤੇ ਪੱਛਮੀ ਜੋਸ਼ ਅਤੇ ਉਤਸ਼ਾਹ ਦਾ ਸੰਤੁਲਿਤ ਸੁਮੇਲ ਬਣਾਇਆ। ਮਿ. ਗੈਰੀ ਐਕਰਮੈਨ ਅਨੁਸਾਰ, 'ਸ੍ਰੀ ਚਿਨਮਇ ਨੇ ਆਪਣੀ ਜਨਮ-ਭੂਮੀ ਭਾਰਤ ਦੀਆਂ ਅਧਿਆਤਮਕ ਰਹੁ-ਰੀਤਾਂ ਅਤੇ ਅਮਰੀਕਨ ਉੱਦਮ ਅਤੇ ਜੋਸ਼ ਦੇ ਸਹੀ ਸੁਮੇਲ ਰਾਹੀਂ ਮਨੁੱਖਤਾ ਦੀ ਭਰਪੂਰ ਸੇਵਾ ਕੀਤੀ ਹੈ'। ਇਸ ਮੰਤਵ ਨਾਲ ਉਨ੍ਹਾਂ ਨੇ ਸਾਧਨਾ-ਕੇਂਦਰ ਖੋਲ੍ਹੇ ਅਤੇ ਅੱਜ ਅਮਰੀਕਾ ਸਣੇ ਸੰਸਾਰ ਦੇ 70 ਦੇਸ਼ਾਂ ਵਿਚ ਇਸ ਤਰ੍ਹਾਂ ਦੇ ਕੇਂਦਰ ਕੰਮ ਕਰ ਰਹੇ ਹਨ। ਅਧਿਆਤਮਵਾਦ ਦੇ ਇਤਿਹਾਸ ਵਿਚ ਇਹ ਇੱਕ ਵਿਲੱਖਣ ਉਦਾਹਰਨ ਹੈ ਕਿ ਅਧਿਆਤਮਿਕ ਗੁਰੂ ਮੰਨੇ ਜਾਣ ਦੇ ਨਾਲ-ਨਾਲ ਉਹ ਪ੍ਰਸਿੱਧ ਅਥਲੀਟ ਸਨ। ਚੋਟੀ ਦੇ ਇਸ ਮਹਾਨ ਪੁਰਖ ਦੀ ਜੀਵਨੀ ਅਤੇ ਸਿੱਖਿਆਵਾਂ ਤੋਂ ਉਤਸ਼ਾਹ ਲੈ ਕੇ ਆਪੋ-ਆਪਣੇ ਜੀਵਨ ਦਾ ਸਮੁੱਚਾ ਅਤੇ ਸੰਤੁਲਿਤ ਵਿਕਾਸ ਕਰਨਾ ਸਭ ਦਾ ਫਰਜ਼ ਹੈ।

# ਵਿਦੇਸ਼ ਭੇਜਣ ਵਾਲੇ ਜੁਗਾੜੀ ਲੋਕਾਂ ਦੀ ਕਹਾਣੀ 'ਝੱਲੇ ਪੈ ਗਏ ਪੱਲੇ'

ਗੁਰਮੀਤ ਸਾਜਨ ਪੰਜਾਬੀ ਸਿਨਮੇ ਦਾ ਨਾਮਵਰ ਅਦਾਕਾਰ ਹੈ, ਜਿਸ ਨੇ ਦਰਜਨਾਂ ਪੰਜਾਬੀ ਫਿਲਮਾਂ ਤੇ ਅਣਗਿਣਤ ਛੋਟੀਆਂ ਫਿਲਮਾਂ ਤੇ ਨਾਟਕਾਂ ਵਿਚ ਆਪਣੀ ਅਦਾਕਾਰੀ ਦੇ ਰੰਗ ਵਿਖਾਏ ਹਨ। ਉਹ ਅਦਾਕਾਰੀ ਦੇ ਨਾਲ-ਨਾਲ ਵਧੀਆ ਲੇਖਕ ਤੇ ਨਿਰਦੇਸ਼ਕ ਵੀ ਹੈ। ਟੈਲੀ ਫਿਲਮਾਂ ਦੇ ਦੌਰ ਵਿਚ ਉਹ ਆਪਣੇ ਸਹਿਯੋਗੀ ਮਨਜੀਤ ਟੋਨੀ ਨਾਲ ਸਰਗਰਮ ਰਿਹਾ। ਇਸੇ ਜੋੜੀ ਨੇ ਜਦ ਪੰਜਾਬੀ ਫਿਲਮਾਂ ਦੇ ਨਿਰਮਾਣ ਵੱਲ ਕਦਮ ਵਧਾਇਆ ਤਾਂ ਨਵੀਆਂ ਪੈੜਾਂ ਪਾਉਂਦੇ ਅੱਗੇ ਵਧਣ ਲੱਗੇ।

ਪੰਜਾਬੀ ਸਿਨਮੇ ਨੂੰ 'ਕੁੜਮਾਈਆਂ' ਅਤੇ 'ਤੂੰ ਮੇਰਾ ਕੀ ਲੱਗਦਾ' ਫਿਲਮਾਂ ਦੇਣ ਵਾਲੀ ਇਹ ਜੋੜੀ ਮਨਜੀਤ ਟੋਨੀ ਤੇ ਗੁਰਮੀਤ ਸਾਜਨ ਇਨ੍ਹੀਂ ਦਿਨੀਂ ਆਪਣੀ ਨਵੀਂ ਪੰਜਾਬੀ ਫਿਲਮ 'ਝੱਲੇ ਪੈ ਗਏ ਪੱਲੇ' ਲੈ ਕੇ ਆ ਰਹੇ ਹਨ। ਚਾਰ ਫਰਵਰੀ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਵਿਚ ਗੁਰਮੀਤ ਸਾਜਨ, ਗੁਰਚੇਤ ਚਿੱਤਰਕਾਰ, ਮੰਨਤ, ਦਿਲਾਵਰ ਸਿੱਧੂ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਗੁਰਪ੍ਰੀਤ ਤੋਤੀ, ਪਰਮਿੰਦਰ ਕੌਰ ਗਿੱਲ, ਭੋਲਾ ਲਾਇਲਪੁਰੀਆ, ਮੇਘਾ ਸ਼ਰਮਾ, ਸਤਿੰਦਰ ਕੌਰ, ਪਰਮਜੀਤ ਭਕਨਾ, ਮੰਜੂ ਮਾਹਲ, ਕੁਲਦੀਪ ਨਿਆਮੀਆਂ, ਚਮਕੌਰ ਬੰਦੇਮਾਰ, ਨੀਟਾ ਤੰਬੜਭਾਨ, ਜੱਸੀ ਦਿਓਲ, ਅਮਰਜੀਤ ਸੇਖੋਂ, ਲਛਮਨ ਭਾਣਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।



ਮਨਜੀਤ ਟੋਨੀ ਨੇ ਦੱਸਿਆ ਕਿ ਇਹ ਫਿਲਮ ਐਨ.ਆਰ.ਆਈ. ਕੁੜੀਆਂ ਦੇ ਵਿਆਹ ਚੱਕਰ ਵਿਚ ਪੈ ਕੇ ਵਿਦੇਸ਼ ਭੇਜਣ ਦੀਆਂ ਸਕੀਮਾਂ ਲਾਉਣ ਵਾਲੇ ਲੋਕਾਂ ਦਾ ਕੌੜਾ ਸੱਚ ਪੇਸ਼ ਕਰਦੀ ਕਾਮੇਡੀ ਤੇ ਮਨੋਰੰਜਨ ਭਰਪੂਰ ਕਹਾਣੀ ਹੈ, ਜੋ ਉਸ ਦੀਆਂ ਪਹਿਲੀਆਂ ਫਿਲਮਾਂ ਵਾਂਗ ਸਮਾਜਿਕ ਮੁੱਦਿਆਂ 'ਤੇ ਆਧਾਰਤ ਕਾਮੇਡੀ ਤੇ ਮਨੋਰੰਜਨ ਭਰਪੂਰ ਪਰਿਵਾਰਕ ਫਿਲਮ ਹੋਵੇਗੀ। ਗੋਇਲ ਮਿਊਜ਼ਿਕ ਵਲੋਂ ਚਾਰ ਫਰਵਰੀ ਨੂੰ ਰਿਲੀਜ਼ ਕੀਤੀ ਜਾ ਰਹੀ ਇਸ ਫਿਲਮ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਗੁਰਮੀਤ ਸਾਜਨ ਤੇ ਮਨਜੀਤ ਟੋਨੀ ਨੇ ਲਿਖੇ ਹਨ। ਫਿਲਮ ਦੇ ਗੀਤ ਕਰਮਜੀਤ ਅਨਮੋਲ ਤੇ ਗੋਲਡ ਟੋਨੀ ਨੇ ਗਾਏ ਹਨ।

*-ਸੁਰਜੀਤ ਜੱਸਲ*
*ਫੋਨ: 98146-07737*

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# ਰੂਸੀ ਫਿਲਮਾਂ ਨੇ ਜਾਦੂ ਧੂੜਿਆ...

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਅਸੀਂ ਪਾਠਕਾਂ ਨਾਲ ਉਸ ਦੀ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

ਲੰਡਨ ਵਿਚ ਸ਼ੁਰੂ ਦੇ ਚਾਰ-ਪੰਜ ਮਹੀਨੇ ਰੌਣਕਾਂ ਈ ਰੌਣਕਾਂ ਵੇਖੀਆਂ। ਸਰਦੀਆਂ ਵਿਚ ਹਿਟਲਰ ਪੋਲੈਂਡ ਨੂੰ ਦਰੜ ਕੇ ਬਹਿ ਗਿਆ ਸੀ। ਫੇਰ ਅਗਲੀ ਬਹਾਰ ਸਗੋਂ ਹੁਨਾਲੇ ਤੀਕਰ ਉਸ ਨੇ ਹੋਰ ਕੋਈ ਕਦਮ ਨਾ ਚੁੱਕਿਆ। ਸਾਰਾ ਇੰਗਲੈਂਡ ਇਸ ਧੋਖੇ ਦਾ ਸ਼ਿਕਾਰ ਹੋਇਆ ਜਾਪਦਾ ਸੀ ਕਿ ਹਿਟਲਰ ਨੂੰ ਜੋ ਚਾਹੀਦਾ ਸੀ, ਉਹਨੇ ਲੈ ਲਿਆ ਸੀ, ਹੁਣ ਤਾਂ ਲੜਾਈ ਸਿਰਫ ਨਾਂ ਦੀ ਹੈ। ਲੋਕੀਂ ਚੈਨ ਦੇ ਚਿੜੇ ਉਡਾ ਰਹੇ ਸਨ। ਚੈਂਬਰਲੇਨ-ਸਰਕਾਰ ਸੁਸਰੀ ਦੀ ਨੀਂਦਰ ਸੁੱਤੀ ਪਈ ਸੀ। ਇਤਨਾ ਧਨ-ਐਸ਼ਵਰਜ, ਇਤਨਾ ਹਾਸਾ-ਖੇੜਾ, ਇਤਨਾ ਰੱਜਿਆ-ਪੁੱਜਿਆ ਜੀਵਨ ਮੈਂ ਸੁਫਨਿਆਂ ਵਿਚ ਵੀ ਕਦੇ ਨਹੀਂ ਸੀ ਵੇਖਿਆ। ਵਧੀਆ ਜਿਊਣਾ, ਸੰਸਾਰਕ ਸੁੱਖਾਂ ਦਾ ਨਿਝੱਕ, ਬੇਰੋਕ, ਅਤੇ ਭਰਪੂਰ ਮਜ਼ਾ ਲੁਟਣਾ - ਇਹੋ ਹਰ ਕਿਸੇ ਦਾ ਜੀਵਨ ਮਨੋਰਥ ਜਾਪਦਾ ਸੀ। ਸੇਵਾਗਰਾਮ ਅਤੇ ਸ਼ਾਂਤੀ ਨਿਕੇਤਨ ਵਿਚ ਰਹਿ ਕੇ ਇਤਨਾ ਜ਼ਰੂਰ ਸਮਝ ਗਿਆ ਸਾਂ ਕਿ ਇਸ ਸਾਰੇ ਧਨ-ਐਸ਼ਵਰਜ ਨੂੰ ਸਾਡੇ ਦੇਸ਼ ਦੀ ਹੀ ਰੱਤ ਚੂਸ ਕੇ ਸਿੰਜਿਆ ਗਿਆ ਹੈ ਪਰ ਮਨ ਦੇ ਸੁਚੇਤ ਸੰਸਕਾਰਾਂ ਨਾਲੋਂ ਅਚੇਤ ਸੰਸਕਾਰ ਜ਼ਿਆਦਾ ਪਰਬਲ ਹੁੰਦੇ ਹਨ। ਹਿੰਦੋਸਤਾਨ ਵਿਚ ਸੁਨਹਿਰੀ ਵਾਲਾਂ ਵਾਲੀਆਂ ਅਪਸਰਾਵਾਂ ਦੂਰੋਂ-ਦੂਰੋਂ ਦਿਸਦੀਆਂ ਸਨ, ਇਥੇ ਭਾਵੇਂ ਝੁੱਟੀ ਮਾਰ ਕੇ ਜਿਤਨੀਆਂ ਬੋਚ ਲਓ। ਉਥੇ ਜੀਵਨ ਤੰਗੀਆਂ, ਚਿੰਤਾਵਾਂ, ਦੁਬਿਧਾਵਾਂ, ਥੁੜ੍ਹਾਂ, ਕੁਰਖਤਗੀਆਂ, ਖਿੱਚਾਂ ਤੇ ਕਲਹਿ ਨਾਲ ਭਰਿਆ ਪਿਆ ਸੀ, ਏਥੇ ਬਹੁਲਤਾਵਾਂ, ਬੇਪਰਵਾਹੀਆਂ, ਖੁੱਲ੍ਹਾਂ ਅਤੇ ਸਹੂਲਤਾਂ ਦਾ ਅੰਤ ਨਹੀਂ ਸੀ। ਵਗਦੀ ਗੰਗਾ ਵਿਚ ਨਹਾਣ ਨੂੰ ਕਿਸ ਦਾ ਜੀ ਨਹੀਂ ਲਲਚਾ ਪੈਂਦਾ!

ਏਥੇ ਮੇਰੇ ਲਈ ਉਤਮ ਦਰਜੇ ਦੀ ਕਲਾ ਨਾਲ ਵਾਕਫੀਅਤ ਹਾਸਲ ਕਰਨ ਦੇ ਵੀ ਚੰਗੇ ਮੌਕੇ ਸਨ, ਇਹ ਮੈਂ ਭੁੱਲ ਹੀ ਗਿਆ। ਮੈਂ ਨਾਟਕ ਵੇਖ ਸਕਦਾ ਸਾਂ, ਸ਼ਾਹਕਾਰ ਸੰਗੀਤ ਸੁਣ ਸਕਦਾ ਸਾਂ, ਚਿਤਰਸ਼ਾਲਾਵਾਂ ਦਾ ਅਧਿਐਨ ਕਰ ਸਕਦਾ ਸਾਂ ਪਰ ਇਹਨਾਂ ਲਈ ਮੈਨੂੰ ਵਿਹਲ ਨਹੀਂ ਸੀ। ਰੰਗ-ਰਲੀਆਂ ਮਨਾਣ ਵਿਚ ਮੇਰੀ ਤਨਖਾਹ ਦਾ ਇਤਨਾ ਵੱਡਾ ਹਿਸਾ ਖਰਚ ਹੋ ਜਾਂਦਾ ਸੀ ਕਿ ਸਿਨੇਮਾ ਅਤੇ ਨਾਚ-ਗਾਣੇ ਦੇ ਨਗਨ 'ਰਿਵਯੂ' ਵਰਗੇ ਸਸਤੇ ਤਮਾਸ਼ੇ ਵੇਖ ਕੇ ਹੀ ਮੈਂ ਸੰਤੁਸ਼ਟ ਹੋ ਜਾਂਦਾ ਸਾਂ।

ਤੇ ਫੇਰ ਅਕਸਮਾਤ ਅਸਮਾਨਾਂ ਤੋਂ ਹਿਟਲਰ ਦਾ ਕਹਿਰ ਟੁੱਟ ਪਿਆ। ਵੇਖਦਿਆਂ-ਵੇਖਦਿਆਂ ਸਭ ਖੁਸ਼ਹਾਲੀਆਂ ਨਸ਼ਟ-ਭ੍ਰਸ਼ਟ ਹੋਣ ਲਗ ਪਈਆਂ। ਜਵਾਨ ਉਮਰ ਵਿਚ ਓਸ ਤਬਾਹੀ ਦੇ ਤਾਂਡਵ ਦਾ ਵੀ ਆਪਣਾ ਨਸ਼ਾ ਸੀ ਪਰ ਜਦੋਂ ਮੌਤ ਨੇੜਿਓਂ ਆ ਕੇ ਮੁੜ-ਮੁੜ ਅੱਖਾਂ ਵਿਚ ਘੂਰਨ ਲੱਗਦੀ ਤਾਂ ਡਰ ਵੀ ਲੱਗਣ ਲੱਗ ਪੈਂਦਾ। ਡਰ ਮੌਤ ਦਾ ਇਤਨਾ ਨਹੀਂ ਸੀ, ਜਿਤਨਾ ਪਰਦੇਸ ਵਿਚ ਮਰਨ ਦਾ, ਬੇਮਤਲਬ ਮਰਨ ਦਾ। ਉਸ ਲੜਾਈ ਨਾਲ ਮੇਰਾ ਲਗਾਅ ਨਹੀਂ ਸੀ, ਨਾ ਮੇਰੇ ਦੇਸ ਦਾ। ਇਹ ਗੱਲ ਅੰਦਰ ਖਹੁ ਜਿਹੀ ਪੈਦਾ ਕੀਤੀ ਰੱਖਦੀ ਸੀ।








*ਖੱਬਿਓਂ: 1936 ਵਿਚ ਬਣੀ ਰੂਸੀ ਫਿਲਮ 'ਸਰਕਸ' ਦਾ ਪੋਸਟਰ ਅਤੇ ਫਿਲਮ ਦੀ ਨਾਇਕਾ ਤੇ ਨਾਇਕ ਲਿਊਬੋਵ ਓਰਲੋਵਾ ਅਤੇ ਸਰਗੇਈ ਸਤੋਲਿਆਰੋਵ।*

ਹੁਣ ਸਿਨੇਮਾ ਜਾਣ ਦਾ ਮਤਲਬ ਕੇਵਲ ਤਫਰੀਹ ਨਹੀਂ ਸੀ ਰਿਹਾ, ਮਨ ਦੀ ਚਿੰਤਾ ਅਤੇ ਘਬਰਾਹਟ ਤੋਂ ਕੁਝ ਚਿਰ ਲਈ ਨਿਜਾਤ ਲੈਣਾ ਵੀ ਲੋੜੀਂਦਾ ਸੀ। ਜਿਤਨਾ ਚਿਰ ਸਿਨੇਮਾ ਦੇ ਅੰਦਰ ਬੈਠਾ ਰਹਿੰਦਾ, ਮਨ-ਪਰਚਾਵਾ ਬਣਿਆ ਰਹਿੰਦਾ ਪਰ ਬਾਹਰ ਆ ਕੇ ਫੇਰ ਅਸਲੀਅਤ ਦੂਣੇ ਧਮਾਕੇ ਨਾਲ ਹਮਲਾ ਬੋਲ ਦੇਂਦੀ। ਕੋਈ ਵੇਲਾ ਸੀ ਜਦੋਂ ਫਿਲਮ ਵਿਚ ਵੇਖੇ ਪਰਛਾਵਿਆਂ ਦਾ ਅਸਰ ਕਿਤਨਾ-ਕਿਤਨਾ ਚਿਰ ਨਸ਼ਿਆਉਂਦਾ ਰਹਿੰਦਾ ਸੀ। ਹੁਣ ਬਾਹਰ ਆਉਂਦਿਆਂ ਸਾਰ ਉਹ ਪਰਛਾਵੇਂ ਬੇਮਤਲਬ ਅਤੇ ਫਿੱਕੇ ਮਹਿਸੂਸ ਹੋਣ ਲੱਗ ਪੈਂਦੇ। ਇੰਜ ਜਾਪਦਾ ਸੀ ਜਿਵੇਂ ਉਹ ਸਾਰਾ ਵਕਤ ਮੈਨੂੰ ਬੁੱਧੂ ਬਣਾਉਂਦੇ ਰਹੇ ਹੋਣ। ਕਦੇ ਫਿਲਮਾਂ ਨੂੰ ਮੈਂ ਇਤਨੀ ਵਡੀ ਅਹਿਮੀਅਤ ਦਿਤੀ ਹੋਈ ਸੀ, ਹੁਣ ਮੈਨੂੰ ਸਾਫ ਦਿਸ ਪਿਆ ਕਿ ਉਹ ਜੀਵਨ ਦੀਆਂ ਖਹੁਰੀਆਂ ਹਕੀਕਤਾਂ ਤੋਂ ਵਕਤੀ ਜਿਹਾ ਛੁਟਕਾਰਾ ਲੈਣ ਦਾ ਸਾਧਨ ਮਾਤਰ ਹੁੰਦੀਆਂ ਹਨ; ਸ਼ਰਾਬ, ਸਿਗਰਟ ਜਾਂ ਔਰਤਬਾਜ਼ੀ ਵਾਂਗ ਨਸ਼ਾ ਜਿਹਾ। ਕਦੇ ਫਿਲਮਾਂ ਮੇਰੀ ਨਜ਼ਰ ਵਿਚ ਆਰਟ ਸਨ, ਹੁਣ ਉਹ ਉਸ ਪੱਧਰ ਤੋਂ ਬਹੁਤ ਨੀਵੀਆਂ ਡਿੱਗ ਪਈਆਂ।

ਫੇਰ ਕੁਝ ਚਿਰ ਮਗਰੋਂ ਐਸਾ ਹਾਦਸਾ ਹੋਇਆ ਜਿਸ ਨੇ ਫੇਰ ਮੈਨੂੰ ਆਪਣੀ ਰਾਏ ਤਬਦੀਲ ਕਰਨ ਲਈ ਮਜਬੂਰ ਕਰ ਦਿਤਾ। ਰੂਸ ਹੁਣ ਲੜਾਈ ਵਿਚ ਆ ਗਿਆ ਸੀ, ਅੰਗਰੇਜ਼ਾਂ ਦਾ ਸਾਥੀ ਤੇ ਇਤਹਾਦੀ ਬਣ ਚੁੱਕਾ ਸੀ। ਟਾਟਨਹੈਮ ਕੋਰਟ ਰੋਡ ਦੇ ਇਕ ਸਿਨੇਮਾ ਵਿਚ ਰੂਸੀ ਫਿਲਮਾਂ ਵਿਖਾਈਆਂ ਜਾਣ ਲੱਗ ਪਈਆਂ।

ਪਹਿਲੀ ਫਿਲਮ ਜੋ ਮੈਂ ਵੇਖੀ ਉਸ ਦਾ ਨਾਂ ਸੀ 'ਸਰਕਸ'। ਇਸ ਦੀ ਕਹਾਣੀ ਮੈਨੂੰ ਹੁਣ ਤਕ ਨਹੀਂ ਭੁੱਲੀ। ਅਮਰੀਕਾ ਤੋਂ ਇਕ ਸਰਕਸ ਮਾਸਕੋ ਆਉਂਦਾ ਹੈ ਜਿਸ ਦੀ ਖੇਡ ਲੋਕਾਂ ਵਿਚ ਅਤਿਅੰਤ ਮਕਬੂਲ ਹੋ ਜਾਂਦੀ ਹੈ। ਸਭ ਤੋਂ ਵਧ ਅਚੰਭੇ ਵਾਲੀ ਅਤੇ ਖਤਰਨਾਕ ਖੇਡ ਹੈ ਕੁੜੀ ਨੂੰ ਤੋਪ ਦੇ ਮੂੰਹ ਵਿਚ ਭਰ ਕੇ ਪਿਛੋਂ ਬਰੂਦ ਦਾ ਪਲੀਤਾ ਲਗਾ ਕੇ ਉਡਾ ਦੇਣਾ। ਕੁੜੀ ਉੱਡਦੀ-ਉੱਡਦੀ ਸਰਕਸ ਦੇ ਤੰਬੂ ਦੀ ਛੱਤ ਨਾਲ ਜਾ ਲਗਦੀ ਹੈ ਤੇ ਫੇਰ ਹੇਠਾਂ ਜਾਲ ਵਿਚ ਝੋਪ ਲਈ ਜਾਂਦੀ ਹੈ। ਬੜੀ ਖੂਬਸੂਰਤ ਸੀ ਉਹ ਕੁੜੀ। ਰੂਸੀ ਨੌਜਵਾਨ ਜੋ ਆਪ ਸਰਕਸ ਦਾ ਕਲਾਬਾਜ਼ ਸੀ, ਉਸ ਵਲ ਖਿੱਚਿਆ ਗਿਆ। ਉਹ ਉਹਨੂੰ ਮਿਲਣ ਦੀ ਹਰ ਸੰਭਵ ਕੋਸ਼ਸ਼ ਕਰਦਾ ਪਰ ਕੁੜੀ ਹਮੇਸ਼ਾ ਟਾਲ ਜਾਂਦੀ। ਉਹ ਕਦੇ ਆਪਣੇ ਕਮਰੇ ਵਿਚੋਂ ਬਾਹਰ ਈ ਨਹੀਂ ਸੀ ਨਿਕਲਦੀ। ਰੂਸੀ ਮੁੰਡਾ ਸਖਤ ਹੈਰਾਨ ਸੀ ਕਿ ਕਿਉਂ ਉਹ ਕੁੜੀ ਇਤਨੀ ਸ਼ਰਮਾਕਲ ਅਤੇ ਡਰੂ ਹੈ। ਇਕ ਦਿਨ ਉਹ ਚਲਾਕੀ ਨਾਲ ਚੋਰੀ ਉਹਦੇ ਕਮਰੇ ਵਿਚ ਜਾ ਵੜਿਆ। ਕੀ ਵੇਖਦਾ ਹੈ, ਉਹ ਕਾਲੇ ਸਿਆਹ ਨੀਗਰੋ ਬੱਚੇ ਨੂੰ ਛਾਤੀ ਨਾਲ ਲਾ ਕੇ ਦੁੱਧ ਪਿਆ ਰਹੀ ਹੈ। ਉਹ ਹੱਕਾ ਬੱਕਾ ਰਹਿ ਗਿਆ। ਪਹਿਲਾਂ ਤਾਂ ਕੁੜੀ ਨੇ ਉਸ ਨੂੰ ਡਾਂਟਿਆ-ਫਟਕਾਰਿਆ, ਫੇਰ ਫੁਟ-ਫੁਟ ਕੇ ਰੋਣ ਲੱਗ ਪਈ। ਉਸ ਰੂਸੀ ਮੁੰਡੇ ਵੱਲ ਉਹ ਆਪ ਵੀ ਖਿੱਚ ਮਹਿਸੂਸ ਕਰ ਰਹੀ ਸੀ, ਏਸੇ ਕਰਕੇ ਉਸ ਤੋਂ ਲੁਕਣ ਦੀ ਕੋਸ਼ਸ਼ ਕਰਦੀ ਸੀ। ਉਹਦਾ ਮਨ ਆਤਮ-ਗਲਾਨੀ ਦਾ ਸ਼ਿਕਾਰ ਸੀ। ਪਿੱਛੇ ਅਮਰੀਕਾ ਵਿਚ ਉਸ ਦਾ ਨੀਗਰੋ ਮੁੰਡੇ ਨਾਲ ਪਿਆਰ ਹੋਇਆ ਸੀ। ਦੋਵੇਂ ਬੜਾ ਲੁਕ-ਛਿਪ ਕੇ ਮਿਲਦੇ ਸਨ ਪਰ ਹਜ਼ਾਰ ਇਹਤਿਆਤ ਕਰਦਿਆਂ ਵੀ ਕੁੜੀ ਨੂੰ ਗਰਭ ਠਹਿਰ ਗਿਆ। ਭੈਭੀਤ ਹੋ ਕੇ ਉਹ ਘਰੋਂ ਨੱਠ ਗਈ। ਉਹ ਜਾਣਦੀ ਸੀ ਕਿ ਜੇ ਕਿਸੇ ਨੂੰ ਪਤਾ ਚੱਲ ਗਿਆ ਤਾਂ ਲੋਕੀਂ ਭਾਵੇਂ ਉਸ ਦੀ ਜਾਨ ਬਖਸ਼ ਦੇਣ ਪਰ ਉਸ ਦੇ ਨੀਗਰੋ ਪ੍ਰੇਮੀ ਨੂੰ ਜ਼ਰੂਰ ਜਾਨੋਂ ਮਾਰ ਛਡਣਗੇ।

ਔਖੇ ਵੇਲੇ ਇਕ ਚਲਾਕ ਆਦਮੀ ਉਸ ਦਾ ਸਹਾਇਕ ਬਣਦਾ ਹੈ ਅਤੇ ਝੂਠੇ ਸਬਜ਼ਬਾਗ ਵਿਖਾ ਕੇ ਉਸ ਨੂੰ ਇਕ ਸਰਕਸ ਦੇ ਮਾਲਕ ਅੱਗੇ ਵੇਚ ਛੱਡਦਾ ਹੈ। ਉਹ ਜ਼ਾਲਮ ਮਾਲਕ ਪਰਿਸਥਿਤੀ ਦਾ ਖੂਬ ਲਾਭ ਉਠਾਉਂਦਾ ਹੈ। ਉਹ ਉਸ ਦੁਖੀ ਕੁੜੀ ਅਤੇ ਉਸ ਦੇ ਕਾਲੇ ਕਲੂਟ ਬੱਚੇ ਨੂੰ ਸ਼ਰਨ ਤਾਂ ਅਵੱਸ਼ ਦੇਂਦਾ ਹੈ ਪਰ ਪੂਰੀ ਤਰ੍ਹਾਂ ਆਪਣਾ ਗੁਲਾਮ ਬਣਾ ਕੇ। ਉਹ ਹਰ ਵਕਤ ਉਸ ਨੂੰ ਡਰਾਉਂਦਾ ਰਹਿੰਦਾ ਹੈ ਕਿ ਜੇ ਉਸ ਨੇ ਜ਼ਰਾ ਵੀ ਬਾਹਰ ਦੀ ਦੁਨੀਆ ਵਿਚ ਕਦਮ ਧਰਿਆ ਤਾਂ ਉਹ ਉਸ ਦਾ ਰਾਜ਼ ਫਾਸ਼ ਕਰ ਦੇਵੇਗਾ, ਤੇ ਲੋਕੀਂ ਉਸ ਨੂੰ 'ਲਿੰਚ' ਕਰ ਦੇਣਗੇ। ਇਸੇ ਡਰਾਵੇ ਮਾਰਿਆਂ ਉਹ ਆਪਣੇ ਕਮਰੇ ਵਿਚੋਂ ਬਾਹਰ ਨਹੀਂ ਸੀ ਨਿਕਲਦੀ। ਏਸੇ ਕਰਕੇ ਉਹ ਉਸ ਰੂਸੀ ਨੌਜਵਾਨ ਦੀਆਂ ਪੇਸ਼ਕਦਮੀਆਂ ਤੋ ਡਰਦੀ ਸੀ।

ਰੂਸੀ ਨੌਜਵਾਨ ਉਸ ਦੀ ਕਰੁਣ ਕਹਾਣੀ ਸੁਣ ਕੇ ਜ਼ੋਰ ਦਾ ਹੱਸ ਪੈਂਦਾ ਹੈ। ਉਹ ਉਸ ਨੂੰ ਦੱਸਦਾ ਹੈ ਕਿ ਇਨਕਲਾਬੀ ਸੋਵੀਅਤ ਦੇਸ਼ ਵਿਚ ਕਾਲੇ-ਗੋਰੇ, ਜ਼ਾਤ-ਪਾਤ, ਉਚ-ਨੀਚ ਅਤੇ ਧਰਮ-ਮਜ਼ਹਬ ਦੇ ਸਭ ਵਿਤਕਰੇ ਸਦਾ ਲਈ ਖਤਮ ਹੋ ਚੁੱਕੇ ਹਨ, ਸਭ ਇਨਸਾਨ ਮੁਕੰਮਲ ਤੌਰ ਤੇ ਬਰਾਬਰ ਹਨ। ਉਹਨੂੰ ਏਥੇ ਕਿਸੇ ਕਿਸਮ ਦਾ ਡਰ ਨਹੀਂ।

ਕੁੜੀ ਨੂੰ ਯਕੀਨ ਨਹੀਂ ਆਉਂਦਾ ਕਿ ਕੋਈ ਗੋਰੀ ਕੌਮ ਕਦੇ ਕਾਲੀ ਨਸਲ ਦੇ ਲੋਕਾਂ ਨੂੰ ਬਰਾਬਰੀ ਦਾ ਦਰਜਾ ਦੇ ਸਕਦੀ ਹੈ। ਝਕ-ਝਕ ਅਤੇ ਲੁਕ-ਲੁਕ ਕੇ ਉਹ ਮੁੰਡੇ ਨਾਲ ਮਾਲਕ ਤੋਂ ਚੋਰੀ ਮਾਸਕੋ ਸ਼ਹਿਰ ਵਿਚ ਫਿਰਦੀ-ਤੁਰਦੀ ਹੈ। ਉਹਨੂੰ ਗਿਆਨ ਹੁੰਦਾ ਹੈ ਕਿ ਮੁੰਡਾ ਦਰਅਸਲ ਸੱਚ ਕਹਿ ਰਿਹਾ ਸੀ। ਉਹ ਉਸ ਦੇ ਮਾਂ-ਬਾਪ ਨੂੰ ਮਿਲਦੀ ਹੈ ਜਿਨ੍ਹਾਂ ਨੂੰ ਪਹਿਲਾਂ ਤੋਂ ਪਤਾ ਹੈ ਕਿ ਉਹ ਕਾਲੇ ਬੱਚੇ ਦੀ ਮਾਂ ਹੈ। ਉਹਨਾਂ ਤੋਂ ਵੀ ਉਸ ਨੂੰ ਅਤੇ ਉਸ ਦੇ ਬੱਚੇ ਨੂੰ ਰਜਵਾਂ ਪਿਆਰ ਤੇ ਮਾਣ ਮਿਲਦਾ ਹੈ। ਹੌਲੀ-ਹੌਲੀ ਕੁੜੀ ਵਿਚ ਹਿੰਮਤ ਆ ਜਾਂਦੀ ਹੈ। ਕੁਝ ਦਿਨਾਂ ਅੰਦਰ ਹੀ ਦੋਵਾਂ ਦੀ ਦੋਸਤੀ ਪ੍ਰੇਮ ਵਿਚ ਬਦਲ ਜਾਂਦੀ ਹ, ਅਤੇ ਉਹ ਨਿਧੜਕ ਸਰਕਸ ਦੇ ਮਾਲਕ ਕੋਲ ਜਾ ਕੇ ਆਪਣੇ ਸ਼ਾਦੀ ਕਰਨ ਦੇ ਫੈਸਲੇ ਦਾ ਐਲਾਨ ਕਰ ਦੇਂਦੇ ਹਨ ਜਿਸ ਦਾ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਉਹ ਕੋਈ ਵਿਰੋਧ ਨਹੀਂ ਕਰ ਸਕਦਾ।

ਅਮਰੀਕਨ ਸਰਕਸ ਚਲੀ ਜਾਂਦੀ ਹੈ। ਕੁੜੀ-ਮੁੰਡਾ ਦੋਵੇਂ ਹੁਣ ਇਕ ਰੂਸੀ ਸਰਕਸ ਵਿਚ ਕੰਮ ਕਰਨ ਲਗ ਜਾਂਦੇ ਹਨ; ਤੇ ਫਿਲਮ ਦੇ ਅਖੀਰ ਵਿਚ ਵਿਖਾਇਆ ਜਾਂਦਾ ਹੈ ਕਿ ਕਿਵੇਂ ਉਸ ਕੁੜੀ ਦਾ ਨੀਗਰੋ ਬਾਲ ਨਾ ਕੇਵਲ ਸਰਕਸ ਦੇ ਸਾਥੀਆਂ ਦਾ ਸਗੋਂ ਸਾਰੇ ਮਾਸਕੋ, ਸਾਰੇ ਰੂਸ, ਸਾਰੇ ਸੋਵੀਅਤ ਯੂਨੀਅਨ ਦੀਆਂ ਕੌਮਾਂ - ਉਜ਼ਬੇਕ, ਤਾਜਿਕ, ਤੁਰਕਮਾਨੀ, ਮੰਗੋਲੀ, ਆਰਮੀਨੀ ਆਦਿ ਦੀਆਂ ਅੱਖਾਂ ਦਾ ਤਾਰਾ ਬਣ ਜਾਂਦਾ ਹੈ। ਇਹ ਅਖੀਰਲਾ ਸੀਨ ਇਤਨੇ ਕਮਾਲ ਦੇ ਅੰਦਾਜ਼ ਨਾਲ ਵਿਖਾਇਆ ਗਿਆ ਸੀ ਕਿ ਮੇਰੇ ਲੂੰ-ਕੰਡੇ ਖੜ੍ਹੇ ਹੋ ਗਏ।



*ਰੂਸੀ ਫਿਲਮ 'ਸਰਕਸ' ਦਾ ਇਕ ਦ੍ਰਿਸ਼।*

ਇਸ ਫਿਲਮ ਦਾ ਮੇਰੇ ਉਪਰ ਕਿਤਨਾ ਡੂੰਘਾ ਪ੍ਰਭਾਵ ਪਿਆ ਕਿ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਜਦੋਂ ਬਾਹਰ ਨਿਕਲਿਆ ਤਾਂ ਹਵਾਈ ਹਮਲੇ ਦਾ ਸਾਇਰਨ ਵੱਜ ਚੁੱਕਿਆ ਸੀ। ਘੁੱਪ ਹਨੇਰੇ ਵਿਚ ਮੇਰੀਆਂ ਅੱਖਾਂ ਅਤੇ ਮੂੰਹ ਨੂੰ ਹਵਾ ਵਿਚ ਕੁਝ ਚੁੱਭਦਾ-ਚੁੱਭਦਾ ਮਹਿਸੂਸ ਹੋਇਆ। ਵਾਲਾਂ ਵਿਚ ਵੀ ਕੱਚ ਦੇ ਨਿੱਕੇ-ਨਿੱਕੇ ਟੁਕੜਿਆਂ ਭਰੀ ਮਿੱਟੀ ਡਿੱਗ ਰਹੀ ਸੀ। ਕਿਤੇ ਨੇੜੇ ਹੀ ਬੰਬ ਡਿੱਗਿਆ ਸੀ ਸ਼ਾਇਦ ਪਰ ਮੈਂ ਇਹਨਾਂ ਸਾਰੀਆਂ ਕੁਲਫਤਾਂ ਤੋਂ ਬੇਖਬਰ ਸਾਂ। ਮੇਰੇ ਅੰਦਰ ਅਜੀਬ ਅਹਿਸਾਸ ਠਾਠਾਂ ਮਾਰ ਰਿਹਾ ਸੀ। ਇਨਸਾਨ ਕਿਤਨਾ ਮਹਾਨ ਹੈ। ਜ਼ਿੰਦਗੀ ਕਿਤਨੀ ਮਹਾਨ ਹੈ ਤੇ ਕਿਤਨੀ ਜਿਊਣਯੋਗ ਹੈ, ਮੈਂ ਆਪਣੇ ਅੰਦਰ ਫੌਲਾਦ ਜਿਹਾ ਮਹਿਸੂਸ ਕਰ ਰਿਹਾ ਸਾਂ। ਮੇਰੇ ਸਾਰੇ ਡਰ-ਭੌ ਲਹਿ ਗਏ ਸਨ।

ਇਹ ਪ੍ਰਭਾਵ ਅਮਰੀਕਨ ਫਿਲਮਾਂ ਦੇ ਪ੍ਰਭਾਵ ਤੋਂ ਇਕਦਮ ਉਲਟ ਸੀ। ਅਮਰੀਕਨ ਫਿਲਮਾਂ ਇਨਸਾਨ ਨੂੰ ਘਟੀਆ, ਆਪਣੀਆਂ ਪਰਿਸਥਿਤੀਆਂ ਅਤੇ ਬਿਰਤੀਆਂ ਦਾ ਗੁਲਾਮ ਵਿਖਾਉਂਦੀਆ ਸਨ, ਤੇ ਉਸ ਦੀਆਂ ਅੰਦਰੂਨੀ ਤਾਕਤਾਂ ਦੇ ਨਹੀਂ, ਉਸ ਦੀਆਂ ਕਮਜ਼ੋਰੀਆਂ ਦੇ ਰਾਗ ਅਲਾਪਦੀਆਂ ਸਨ।

ਦੋ-ਤਿੰਨ ਦਿਨਾਂ ਪਿਛੋਂ ਇਸ ਫਿਲਮ ਨੂੰ ਦੁਬਾਰਾ ਵੇਖਣ ਦੀ ਮੇਰੀ ਇੱਛਾ ਹੋਈ। ਜਦੋਂ ਮੈਂ ਹਾਲ ਵਿਚ ਵੜਿਆ ਤਾਂ ਫਿਲਮ ਸ਼ੁਰੂ ਹੋ ਚੁੱਕੀ ਸੀ। ਮੈਂ ਨਹੀਂ ਵੇਖ ਸਕਿਆ ਕਿ ਮੇਰੇ ਆਲੇ-ਦੁਆਲੇ ਕੌਣ ਬੈਠੇ ਹੋਏ ਸਨ ਪਰ ਜਦੋਂ ਫਿਲਮ ਖਤਮ ਹੋਈ ਅਤੇ ਰੌਸ਼ਨੀਆਂ ਜਗੀਆਂ ਤਾਂ ਮੈਂ ਵੇਖਿਆ, ਫੌਜੀ ਵਰਦੀਆਂ ਪਾਈ ਅਮਰੀਕਨ ਨੀਗਰੋ ਸਿਪਾਹੀਆਂ ਨਾਲ ਹਾਲ ਖਚਾਖਚ ਭਰਿਆ ਹੋਇਆ ਸੀ। ਉਹਨਾਂ ਦੇ ਚਿਹਰਿਆਂ ਉਪਰ ਵੀ ਉਹੀ ਚਮਕ ਸੀ ਜੋ ਮੈਂ ਆਪਣੇ ਚਿਹਰੇ ਉਤੇ ਮਹਿਸੂਸ ਕਰ ਰਿਹਾ ਸਾਂ। ਉਹਨਾਂ ਨਾਲ ਵੀ ਆਪਣੇ ਦੇਸ ਵਿਚ ਉਸੇ ਕਿਸਮ ਦਾ ਸਲੂਕ ਹੁੰਦਾ ਸੀ ਜੋ ਕਾਲੇ ਆਦਮੀ ਦੀ ਹੈਸੀਅਤ ਵਿਚ ਮੈਂ ਸਹਿੰਦਾ ਆਇਆ ਸਾਂ।

ਉਹਨਾਂ ਅਮਰੀਕਨ ਨੀਗਰੋ ਸਿਪਾਹੀਆਂ ਦੀ ਭਾਰੀ ਸੰਖਿਆ ਨੇ ਮੈਨੂੰ ਵਿਸ਼ਵਾਸ ਦਿਵਾਇਆ ਕਿ ਜੇ ਇਹ ਰੂਸੀ ਫਿਲਮ 'ਪ੍ਰਾਪੇਗੰਡਾ' ਸੀ ਤਾਂ ਉਸ ਪ੍ਰਾਪੇਗੰਡੇ ਵਿਚ ਬੜੀ ਸਚਿਆਈ ਸੀ। ਮੈਨੂੰ ਉਦੋਂ ਅਹਿਸਾਸ ਹੋਇਆ ਕਿ ਪ੍ਰਾਪੇਗੰਡਾ ਝੂਠਾ ਵੀ ਹੋ ਸਕਦਾ ਹੈ ਤੇ ਸੱਚਾ ਵੀ। ਪ੍ਰਾਪੇਗੰਡਾ ਹਰ ਹਾਲਤ ਵਿਚ ਬੁਰੀ ਚੀਜ਼ ਨਹੀਂ, ਉਹ ਚੰਗੀ ਚੀਜ਼ ਵੀ ਹੋ ਸਕਦਾ ਹੈ। ਉਸ ਤੋਂ ਬਾਅਦ ਜਿਹੜੀ ਵੀ ਰੂਸੀ ਫਿਲਮ ਉਸ ਸਿਨੇਮਾ ਵਿਚ ਆਉਂਦੀ, ਮੈਂ ਉਸ ਨੂੰ ਜ਼ਰੂਰ ਵੇਖਣ ਜਾਂਦਾ ਕਿਉਂਕਿ ਉਹ ਮੈਨੂੰ ਘੱਟ ਤੋਂ ਘੱਟ ਕੁਝ ਦਿਨਾਂ ਲਈ ਡਰ ਤੋਂ ਨਿਜਾਤ ਦਿਵਾ ਦੇਂਦੀ ਸੀ। ਉਹ ਫਿਲਮਾਂ ਵੇਖ ਕੇ ਮੇਰਾ ਮਨੁੱਖਤਾ ਵਿਚ ਵਿਸ਼ਵਾਸ ਵਧਦਾ ਸੀ। ਮੈਂ ਬਲਵਾਨ ਹੋ ਜਾਂਦਾ ਸਾਂ। 'ਅਲੈਗਜ਼ਾਂਡਰ ਨੈਵਸਕੀ', 'ਬੈਟਲਸ਼ਿਪ ਪੋਟਾਮਕਿਨ', 'ਬਾਲਟਿਕ ਡੈਪਯੂਟੀ', 'ਚੇਪਾਯੇਵ', 'ਸ਼ਾਰਜ਼', 'ਮਾਂ', 'ਗੋਰਕੀ ਦੀ ਜੀਵਨ ਕਥਾ', 'ਵਾਲਗਾ-ਵਾਲਗਾ' ਅਤੇ ਕਿਤਨੀਆਂ ਹੋਰ ਰੂਸੀ ਫਿਲਮਾਂ ਮੈਂ ਵੇਖੀਆਂ।

ਮੈਨੂੰ ਸੋਵੀਅਤ ਫਿਲਮ ਕਲਾ ਬਾਰੇ ਹੋਰ ਜਾਣਨ ਦੀ ਖਾਹਸ਼ ਪੈਦਾ ਹੋਈ। ਮੈਂ ਕਿਤਾਬਾਂ ਪੜ੍ਹੀਆਂ ਅਤੇ ਮੈਨੂੰ ਪਤਾ ਲੱਗਾ ਕਿ ਇਹ ਫਿਲਮਾਂ ਕੇਵਲ ਮੈਨੂੰ ਹੀ ਚੰਗੀਆਂ ਨਹੀਂ ਸਨ ਲੱਗੀਆਂ ਸਗੋਂ ਸੰਸਾਰ ਭਰ ਦੇ ਫਿਲਮਕਾਰਾਂ ਨੇ ਮੁਕਤ-ਕੰਠ ਨਾਲ ਉਹਨਾਂ ਦੀ ਪ੍ਰਸੰਸਾ ਕੀਤੀ ਸੀ ਅਤੇ ਉਹਨਾਂ ਨੂੰ ਫਿਲਮੀ ਇਤਿਹਾਸ ਵਿਚ ਸ਼ਾਹਕਾਰ ਫਿਲਮਾਂ ਦਾ ਦਰਜਾ ਦਿੱਤਾ ਸੀ। ਮੈਂ ਆਈਜ਼ਨਸਟਾਈਨ, ਪੁਦਾਵਕਿਨ ਆਦਿ ਦੇ ਨਾਵਾਂ ਤੋਂ ਵਾਕਫ ਹੋਇਆ। ਚਰਖਾਸੋਵ ਦੀ ਐਕਟਿੰਗ ਦਾ ਮੈਂ ਦਿਲੋਂ-ਮਨੋਂ ਸ਼ੈਦਾਈ ਹੋ ਗਿਆ। ਉਦੋਂ ਮੈਨੂੰ ਕਲਪਨਾ ਵੀ ਨਹੀਂ ਸੀ ਹੋ ਸਕਦੀ ਕਿ ਇਕ ਦਿਨ ਮੈਂ ਆਪ ਚਰਖਾਸੋਵ ਅਤੇ ਪੁਦਾਵਕਿਨ ਦੇ ਦੇਸ਼ ਜਾਵਾਂਗਾ ਤੇ ਜਿਵੇਂ ਮੈਂ ਉਹਨਾਂ ਦੀਆਂ ਫਿਲਮਾਂ ਵੇਖੀਆਂ ਹਨ, ਉਹ ਵੀ ਮੇਰੀ ਫਿਲਮ 'ਦੋ ਬੀਘਾ ਜ਼ਮੀਨ' ਵੇਖਣਗੇ ਤੇ ਉਤਨੀ ਹੀ ਤਾਰੀਫ ਕਰਨਗੇ ਅਤੇ ਉਹ ਵੀ ਹਿੰਦੁਸਤਾਨ ਆਉਣਗੇ ਤੇ ਅਸੀਂ ਇਕ-ਦੂਜੇ ਨੂੰ ਗਲਵਕੜੀ ਪਾ ਸਕਾਂਗੇ।

ਇਸ ਤਰ੍ਹਾਂ ਸੋਵੀਅਤ ਯੂਨੀਅਨ ਨਾਲ, ਮਾਰਕਸਵਾਦ ਤੇ ਲੈਨਿਨਵਾਦ ਨਾਲ, ਮੇਰੀ ਪਛਾਣ ਪਹਿਲਾਂ ਫਿਲਮਾਂ ਰਾਹੀਂ ਹੀ ਹੋਈ। ਮੈਂ ਉਸ ਦੇਸ਼ ਬਾਰੇ ਜਾਣਨ ਲਈ ਉਤਸੁਕ ਹੋ ਗਿਆ ਜਿਹੜਾ ਇਤਨੀਆਂ ਵਧੀਆ ਫਿਲਮਾਂ ਬਣਾਉਂਦਾ ਸੀ। ਅਮਰੀਕਨ ਫਿਲਮਾਂ ਬਾਰੇ ਮੇਰਾ ਤਲਿੱਸਮ ਉਤਰ ਗਿਆ। ਉਹ ਮੈਨੂੰ ਸੋਵੀਅਤ ਫਿਲਮਾਂ ਦੇ ਮੁਕਾਬਲੇ ਫਿੱਕੀਆਂ ਤੇ ਘਟੀਆ ਜਾਪਣ ਲਗ ਪਈਆਂ ਪਰ ਇਸ ਦਾ ਇਹ ਮਤਲਬ ਨਹੀਂ ਕਿ ਮੈਂ ਹੁਣ ਵੀ ਹਰ ਸੋਵੀਅਤ ਫਿਲਮ ਨੂੰ ਸ਼ਾਹਕਾਰ ਮੰਨਦਾ ਹਾਂ।

ਅਜੀਬ ਜਿਹੀ ਗੱਲ ਹੈ ਕਿ ਲੜਾਈ ਤੋਂ ਬਾਅਦ ਦੇ ਜ਼ਮਾਨੇ ਵਿਚ ਸੋਵੀਅਤ ਫਿਲਮਾਂ ਦਾ ਮਿਆਰ ਇਕਦਮ ਡਿੱਗ ਗਿਆ ਸੀ, ਅਤੇ ਇਸ ਗੱਲ ਨੂੰ ਰੂਸੀ ਵੀ ਮੰਨਦੇ ਹਨ। ਉਹ ਇਸ ਦਾ ਦੋਸ਼ ਸਟਾਲਿਨ ਦੀ ਧੱਕੇਸ਼ਾਹੀ ਨੂੰ ਦੇਂਦੇ ਹਨ। ਇਸ ਵਿਚ ਕਿਤਨਾ ਕੁ ਸੱਚ ਹੈ, ਉਹੋ ਜਾਣਨ; ਮੇਰਾ ਆਪਣਾ ਅਨੁਭਵ ਇਹ ਹੈ ਕਿ ਜਿਤਨਾ ਪ੍ਰਭਾਵ ਮੇਰੇ ਉਪਰ ਸੋਵੀਅਤ ਫਿਲਮਾਂ ਦਾ ਉਦੋਂ ਪਿਆ ਸੀ, ਉਹ ਅੱਜ ਕੱਲ੍ਹ ਦੀਆਂ ਸੋਵੀਅਤ ਫਿਲਮਾਂ ਦਾ ਨਹੀਂ ਪੈਂਦਾ ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਜਿਤਨੀਆਂ ਸੋਵੀਅਤ ਫਿਲਮਾਂ ਵੇਖਣ ਦਾ ਮੌਕਾ ਮੈਨੂੰ ਲੰਡਨ ਵਿਚ ਮਿਲਦਾ ਸੀ, ਉਹ ਅੱਜ ਕੱਲ੍ਹ ਹਿੰਦੋਸਤਾਨ ਵਿਚ ਨਹੀਂ ਮਿਲਦਾ। ਏਸ ਲਈ, ਹੋ ਸਕਦਾ ਹੈ ਕਿ ਮੇਰਾ ਅਨੁਮਾਨ ਗਲਤ ਵੀ ਹੋਵੇ। ***(ਚੱਲਦਾ)***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com